# ਰਿਸ਼ਤਿਆਂ ਦਾ ਕਤਲ

# ਡਾ : ਹਰੀਸ਼ ਮਲਹੋਤਰਾ ਦੀਆਂ ਛਪ ਚੁੱਕੀਆਂ ਕਿਤਾਬਾਂ

***ਪੰਜਾਬੀ***

• ਜਾਅਲੀ ਦੁਨੀਆਂ (1987) ਵਾਰਤਕ, ਦੀਪਕ ਪਬਲਿਕੇਸ਼ਨ ਜਲੰਧਰ, ਪੰਜਾਬ (ਈਸਟ ਮਿਡਲੈਂਡਜ਼ ਆਰਟਸ ਕਾਉਂਸਲ ਦੁਆਰਾ ਸਰਵੋਤਮ ਇਨਾਮ ਜੇਤੂ)

• ਵੱਖਰੀ ਨਸਲ (1991) ਵਾਰਤਕ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਪੰਜਾਬ (ਇਹ ਕਿਤਾਬ ਬਰਤਾਨੀਆਂ ਵਿਚ "ਏ ਲੇਵਲ" ਲਈ ਪੜ੍ਹਾਈ ਜਾਂਦੀ ਹੈ)

• ਮਸਲੇ ਪਰਵਾਸ ਦੇ (1994) ਵਾਰਤਕ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪੰਜਾਬ

• ਨੈਤਿਕਤਾ ਅਤੇ ਤਰਕਸ਼ੀਲਤਾ (1996) ਵਾਰਤਕ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, ਪੰਜਾਬ

• ਗੋਰੀ ਧਰਤੀ ਮੇਰੇ ਲੋਕ (1996) ਵਾਰਤਕ, ਲਿਟਰੇਚਰ ਹਾਊਸ, ਅੰਮ੍ਰਿਤਸਰ, ਪੰਜਾਬ

• ਬਰਤਾਨਵੀ ਤੇ ਭਾਰਤੀ ਸਮਾਜ (2000) ਵਾਰਤਕ, ਲਿਟਰੇਚਰ ਹਾਊਸ, ਅੰਮ੍ਰਿਤਸਰ, ਪੰਜਾਬ

• ਰਿਸ਼ਤਿਆਂ ਦਾ ਕਤਲ (2008) ਵਾਰਤਕ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਪੰਜਾਬ

***ਅੰਗਰੇਜ਼ੀ***

•The chapter, "Residential care for etunic minority children" in the book, " meeting the needs of etunic minority children". (1996) eds. Dr. Dwivedi, k., and verma, london : Jessica kingsley publishers.

• Racism in Britian (1997) chandigarh, punjab; Kafile parkashan.

• Racism in educatian. (2000) Peterborougn : proprint, england, UK.

• Dreamland (2002) : National Book shop. chandni chowk delhi, India.

***ਹਿੰਦੀ***

ਧਰਮ ਕੇ ਨਾਮ ਪਰ ਦਰਿੰਦਗੀ (2008) ਵਾਰਤਕ, ਤਰਕਭਾਰਤੀ ਪ੍ਰਕਾਸ਼ਨ, ਕੱਚਾ ਕਾਲਜ਼ ਰੋਡ ਬਰਨਾਲਾ, ਪੰਜਾਬ।

# ਰਿਸ਼ਤਿਆਂ ਦਾ ਕਤਲ

(ਅੱਖਰ ਅੱਖਰ ਸੱਚ, ਸੱਚੀਆਂ ਕਹਾਣੀਆਂ)

ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

**ਰਿਸ਼ਤਿਆਂ ਦਾ ਕਤਲ**

*(ਵਾਰਤਕ)*

***ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ***
24 FRIARY GARDENS
HANDSWORTHWOOD
BIRMINGHAM. B 21 8 ET.
ENGLAND U.K.
Mobile : 077630-13424

ਪਹਿਲੀ ਵਾਰ : ਜਨਵਰੀ 2009

© : ਲੇਖਕ ਦੇ ਹੱਕ ਰਾਖ਼ਵੇਂ ਹਨ।

ਟਾਈਟਲ : ਅਮਿੱਤ ਮਿੱਤਰ

**ਪ੍ਰਕਾਸ਼ਕ :**
***ਵਿਸ਼ਵਭਾਰਤੀ ਪ੍ਰਕਾਸ਼ਨ,***
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ
ਫੋਨ : 01679-233244 ਫੈਕਸ : 241744
e-mail : anu_bnl@yahoo.com
www.thepunjabi.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **ਪੇਪਰ ਬੈਕ** 70/-
**ਸਜਿਲਦ** 140/-

## ਸਮਰਪਤ

ਵਿਛੜ ਚੁੱਕੇ ਪਿਤਾ ਜੀ ਲਾਲਾ ਜਗਦੀਸ਼ ਪਾਲ
ਅਤੇ
ਵਿਛੜ ਚੁੱਕੇ ਮਾਤਾ ਜੀ ਸ਼੍ਰੀਮਤੀ ਸੱਤਿਆਵਤੀ
ਜਿਨ੍ਹਾਂ ਸੱਚ ਅਤੇ
ਹੱਕ ਵਾਰੇ ਲਿਖਣ ਦੀ ਮੈਨੂੰ ਗੁੜ੍ਹਤੀ ਦਿੱਤੀ

# 'ਰਿਸ਼ਤਿਆਂ ਦਾ ਕਤਲ' ਦਾ ਪਿਛੋਕੜ

ਸਾਲ 1984 ਤੋਂ 1988 ਤਕ, ਮੈਂ ਸੋਸ਼ਲ ਵਰਕਰ ਦੀ ਯੂਨੀਵਰਸਿਟੀ ਤੋਂ ਪੜ੍ਹਾਈ ਕਰਨ ਬਾਦ, ਕਈ ਕੇਸਾਂ ਨੂੰ ਨਿਪਟਾਇਆ। ਇਸ ਚਾਰ ਸਾਲ ਦੇ ਅਰਸੇ ਨੇ ਮੈਨੂੰ ਏਸ਼ੀਅਨ ਸਮਾਜ ਦੀਆਂ ਅੰਦਰੂਨੀ ਪਰਤਾਂ ਦੇਖਣ ਦਾ ਮੌਕਾ ਦਿੱਤਾ ਅਤੇ ਨਾਲ-ਨਾਲ ਈ ਇਹ ਵੀ ਅਹਿਸਾਸ ਕਰਵਾਇਆ ਕਿ ਅੰਦਰੋਂ ਲੋਕੀ ਕਿੰਨ੍ਹੇ ਦੁਖੀ ਹਨ। ਪੈਸੇ ਵੱਲੋਂ ਤਾਂ ਭਾਂਵੇ ਰੱਜ ਆ ਗਿਆ ਹੈ ਪਰ ਉਹਨਾਂ ਦਾ ਅੰਦਰ ਵਿਲਕਦਾ ਹੈ। ਇਹਨਾਂ ਪੱਖਾਂ ਬਾਰੇ ਆਮ ਲੋਕਾਈ ਨੂੰ ਪਤਾ ਨਹੀਂ ਲੱਗਦਾ ਕਿ ਸਰਕਾਰੀ ਅਦਾਰੇ ਕਿਵੇਂ ਵਿਤਕਰਾ ਕਰਦੇ ਹਨ ਅਤੇ ਕਈ ਵਾਰ ਭਲਾਈ ਕਰਨ ਲਈ ਲਾਏ ਅਫਸਰ ਵੀ ਇਸ ਰੇਤ ਵਿਚ ਕਿਵੇਂ ਧੱਸੇ ਜਾਂਦੇ ਹਨ। ਉਹਨਾਂ ਦੀ ਆਪਣੀ ਸਮਝ ਅਤੇ ਸਰਕਾਰੀ ਅਫਸਰੀ ਦੀ ਜ਼ਰੂਰਤ, ਉਹਨਾਂ ਨੂੰ ਇਕ ਮੋਹਰਾ ਬਣਾ ਕੇ ਰੱਖ ਦਿੰਦੀ ਹੈ। ਪਰ ਲੋਕ-ਹਿੱਤਾਂ ਨੂੰ ਪਰਨਾਏ ਅਤੇ ਕਣ ਵਾਲੇ ਬੰਦੇ ਕਦ ਹੜ੍ਹਾਂ, ਤੂਫਾਨਾਂ ਦੀ ਪਰਵਾਹ ਕਰਦੇ ਹਨ, ਉਹ ਕੰਖਾਂ ਕਾਨਾਂ ਵਾਂਗ ਰੁੜਦੇ ਜਾਂ ਉਡਦੇ ਨਹੀਂ, ਅੱਗੋਂ ਬੰਨ੍ਹ ਲਾਉਂਦੇ ਹਨ। ਮੇਰੀਆਂ ਕੋਮਲ ਭਾਵਨਾਵਾਂ ਨੂੰ ਕੁੱਝ ਦਿਲ-ਹਿਲਾਊ ਕੇਸਾਂ ਬੁਰੀ ਤਰ੍ਹਾਂ ਝੰਬਿਆ। ਇਸੇ ਕਰਕੇ ਮੈਂ 'ਵੱਖਰੀ ਨਸਲ' ਦੀ ਕਿਤਾਬ ਲਿਖੀ ਜੇਹਨੇ ਮੇਰਾ ਮਾਨਸਿਕ ਤਵਾਜ਼ਨ ਠੀਕ ਰੱਖਣ 'ਚ ਮੱਦਦ ਕੀਤੀ। ਪਰ ਕੁਝ ਕੇਸ ਐਹੋ ਜੇਹੇ ਸਨ ਜੇਹਨਾਂ ਮੈਨੂੰ ਸਾਲਾਂ ਬੱਧੀ ਉਚੇੜੀ ਰੱਖਿਆ ਜੋ ਦਿਨ ਰਾਤ ਮੇਰੇ ਤੇ ਹਾਵੀ ਰਹੇ। ਉਹਨਾਂ ਪਿਆਰੇ ਅਤੇ ਜਾਨ-ਵਾਰੂ ਰਿਸ਼ਤਿਆਂ ਦਾ ਜਦ ਮੈਂ ਕਤਲ ਹੁੰਦਾ ਦੇਖਿਆ ਤਾਂ ਮੇਰਾ ਮਨ ਕੁਰਲਾ ਉੱਠਿਆ। ਮੈਂ ਇਸ ਗੱਲ ਨੂੰ ਬਰਦਾਸ਼ਤ ਨਾਂ ਕਰ ਸਕਿਆ ਕਿ ਜਦ ਮਾਲੀ ਈ ਆਪਣੇ ਬਾਗ਼ ਨੂੰ ਉਜਾੜਨ ਲੱਗ ਪਵੇ ਤਾਂ ਮਾਸੂਮ ਕਲੀਆਂ ਕਿਥੇ ਸਿਰ ਲਕੋਣਗੀਆਂ। ਇਸ ਕੁੱੜਤਣ, ਦਰਦ, ਨਫਰਤ ਅਤੇ ਉਹਨਾਂ ਬੇਕਸੂਰ ਜਿੰਦਾਂ ਲਈ ਮੈਂ ਮਸੀਹਾ ਬਣਨ ਦੀ ਤਾਣ ਲਾ ਦਿੱਤੀ। ਭਾਵੇਂ ਮੇਰੇ ਹੱਥ ਕਈ ਤਰ੍ਹਾਂ ਨਾਲ ਕਾਨੂੰਨੀ ਵਲਗਣਾਂ ਨਾਲ ਬੱਝੇ ਹੋਏ ਸਨ ਪਰ ਮੈਂ ਤਹੱਈਆ ਕੀਤਾ ਹੋਇਆ ਸੀ ਕਿ ਇਹਨਾਂ ਬੇਕਸੂਰ ਸ਼ੋਸ਼ਣ ਹੋਏ ਬੱਚੇ ਬੱਚੀਆਂ ਦੀ ਮੈਂ ਇੱਕ ਕਰਤਾਰੀ ਆਵਾਜ਼ ਜ਼ਰੂਰ ਬਣਾਂਗਾ। ਇਹਨਾਂ ਦੀਆਂ ਮਾਨਸਿਕ ਅਤੇ ਸਰੀਰਕ ਪੀੜਾ ਨੂੰ ਮੈਂ ਆਮ ਲੋਕਾਈ ਨਾਲ ਸਾਂਝਿਆਂ ਕਰਨ ਦਾ ਯਤਨ ਕੀਤਾ ਹੈ। ਇਸ ਕਸਰਤ ਨਾਲ ਮੇਰੀ ਮਾਨਸਿਕ ਤਸੱਲੀ ਵੀ ਹੋਈ ਹੈ ਕਿ ਐਹੋ ਜੇਹਾ ਸਾਹਿਤ ਪੰਜਾਬੀ 'ਚ ਬਹੁਤ ਈ ਘੱਟ ਲਿਖਿਆ ਗਿਆ ਹੈ। ਨਾਲੇ ਮੇਰੀ ਧਾਰਨਾ ਹੈ ਕਿ ਮੈਂ ਉਸ ਸਾਹਿਤ ਨੂੰ ਲੋਕਾਂ ਸਾਹਮਣੇ ਪੇਸ਼ ਕਰਾਂ ਜੋ ਉਹਨਾਂ ਲੋਕਾਂ ਦੀ ਵਿਥਿਆ ਹੋਵੇ ਜੇਹਨਾਂ ਦਾ ਪੱਲੂ ਕੋਈ ਨਹੀਂ ਫੜਦਾ। ਜੇਕਰ ਮੇਰੀਆਂ ਤਮਾਮ ਲਿਖਤਾਂ ਉਹਨਾਂ ਨਿਤਾਣਿਆਂ ਦੇ ਦਰਦ ਦੀ ਨੁਮਾਇੰਦਗੀ ਨਹੀਂ ਕਰਦੀਆਂ ਤਾਂ ਮੈਨੂੰ ਇੱਕ ਲੇਖਕ ਕਹਾਉਣ ਦਾ ਕੋਈ ਹੱਕ ਨਹੀਂ।

***- ਡਾ : ਹਰੀਸ਼ ਮਲਹੋਤਰਾ ਬ੍ਰਮਿੰਘਮ***

*ਜੂਨ 2008* — *ਇੰਗਲੈਂਡ ਯੂ. ਕੇ.*

# ਮੇਰਾ ਦਰਦ

ਮੇਰੀਆਂ ਇਹ ਸੱਚੀਆਂ ਕਹਾਣੀਆਂ ਮੈਨੂੰ ਕਈ ਵਰ੍ਹਿਆਂ ਤੋਂ ਕੁਰੇਦਦੀਆਂ ਰਹੀਆ ਹਨ। ਮੇਰੀ ਮਾਨਸਿਕਤਾ ਨੂੰ ਇਹਨਾਂ ਦਿਲ-ਹਿਲਾਊ ਕਹਾਣੀਆਂ ਬੁਰੀ ਤਰ੍ਹਾਂ ਝੰਜੋੜੀ ਰੱਖਿਆ ਹੈ। ਇਹ ਅੱਖਰ-ਅੱਖਰ ਸੱਚ ਲਿਖਣ ਵੇਲੇ ਮੈਂ ਬਹੁਤ ਵਾਰ ਰੋਇਆ ਹਾਂ ਅਤੇ ਮੇਰੇ ਕੋਲੋਂ ਇੱਕ ਦਿਨ 'ਚ ਸਿਰਫ ਇੱਕ ਹੀ ਸਫਾ ਲਿਖ ਹੋਇਆ ਸੀ। ਇਹਨਾਂ ਲੂੰ-ਕੰਡੇ ਖੜ੍ਹੇ ਕਰਨ ਵਾਲੀਆਂ ਗਾਥਾਵਾਂ ਮੈਨੂੰ ਇਸ ਗੱਲ ਲਈ ਮਜ਼ਬੂਰ ਕੀਤਾ ਕਿ ਮੈਂ ਲਿਤਾੜੀਆਂ ਹੋਈਆਂ ਜਿੰਦਾਂ ਨੂੰ ਲੋਕਾਂ ਦੇ ਰੁਬਰੂ ਕਰਾਂ ਤਾਂ ਕਿ ਭਾਰਤੀ/ਪੰਜਾਬੀ ਸਮਾਜ ਦੀਆਂ ਲੁਕੀਆਂ ਪਰਤਾਂ ਨੂੰ ਦੇਖਿਆ ਜਾ ਸਕੇ। ਮੈਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਇਹਨਾਂ ਬੇਬਸ ਲੋਕਾਂ ਦੀ ਮੈਂ ਤਰਜ਼ਮਾਨੀ ਕਰਾਂ ਤੇ ਇਸ ਕੰਮ 'ਚ ਮੈਂ ਕਿੰਨ੍ਹਾਂ ਕੁ ਸਫ਼ਲ ਹੋਇਆ ਹਾਂ, ਇਹ ਗੱਲ ਮੈਂ ਪਾਠਕਾਂ/ਚਿੰਤਕਾਂ/ਲੇਖਕਾਂ ਅਤੇ ਅਲੋਚਕਾਂ 'ਤੇ ਛੱਡਦਾ ਹਾਂ।

*-ਡਾ : ਹਰੀਸ਼ ਮਲਹੋਤਰਾ ਬ੍ਰਮਿੰਘਮ*

*ਜਨਵਰੀ 2008*

24 FRIARY GARDENS
HANDSWORTHWOOD
BIRMINGHAM.
B 21 8 ET.
ENGLAND U.K.

# ਤਤਕਰਾ

1. ਰਿਸ਼ਤਿਆਂ ਦਾ ਕਤਲ
2. ਦਰਿੰਦਾ ਬਾਪ
3. ਪਾਪੀ ਅਤੇ ਜ਼ਾਲਮ ਬਾਪ
4. ਜਦ ਮਾਂ ਦੇ ਯਾਰ ਨੇ ਸਕੀ ਭਾਣਜੀ ਗੱਭਣ ਕਰ ਦਿੱਤੀ
5. ਸਾਲੀ ਦੀ ਕੁੜੀ ਨਾਲ ਵਿਆਹ
6. ਲਾਲਿਆਂ ਦੇ ਪ੍ਰਦੀਪ ਦਾ ਕਤਲ
7. ਘਰੋਂ ਬੇਘਰ ਹੋਈ ਗੁਰਮੀਤ
8. ਨੌਸਰਬਾਜ਼ ਕੰਜਰ
9. ਅਵੈੜ ਮਾਤਾ ਗੁਰਮੀਤੋ
10. ਦਿਵੀਆ
11. ਪ੍ਰੇਮ
12. ਪਿਆਰ ਦਾ ਕਤਲ
13. ਜਦ ਘਰ ਦੋ ਮੁੰਡੇ ਛੱਡ ਨੀਲਮ ਆਪਣੇ ਆਸ਼ਕ ਗੋਰੇ ਨਾਲ ਓਧਲ ਗਈ ਧੋਖੇਬਾਜ਼
14. ਜਦ ਕੁਲਿਹਣੇ ਪਰਿਵਾਰ ਨੇ ਸ਼ਰਨਜੀਤ ਦੀ ਜ਼ਿੰਦਗੀ ਬਰਬਾਦ ਕਰ ਦਿਤੀ ਬੱਚੇ ਖੋਹੇ ਜਾਣ ਤੇ ਬਲਜੀਤ ਪਾਗਲ ਹੋ ਗਈ
15. ਹਰਮੀਤ
16. ਸਿੰਮੀ ਉੱਜੜ ਗਈ
17. ਇਸ਼ਕ ਪਰੁੰਨੀ ਸੁਨੀਤਾ
18. ਦੱਲਾ
19. ਤੇ ਫਿਰ ਸੁਦੇਸ਼ ਦਾ ਉਜੜਿਆ ਘਰ ਵਸ ਗਿਆ
20. ਦੇਸੀ ਡਾਕਟਰਾਂ ਦੀ ਚੁਸਤੀ
21. ਜਾਅਲੀ ਜਾਲ
22. ਗੋਰੀ ਜਾਅਲੀ ਔਰਤ

# ਰਿਸ਼ਤਿਆਂ ਦਾ ਕਤਲ

ਸਰਬਜੀਤ ਦੀ ਕੇਸ ਫਾਈਲ ਦਿੰਦਿਆਂ ਮੇਰੇ ਸੁਪਰਵਾਈਜ਼ਰ ਕਿਹਾ, "ਇਹ ਪੰਜਾਬੀ ਲੜਕੀ ਦਾ ਕੇਸ ਆ। 15 ਸਾਲਾ ਸਰਬਜੀਤ ਨੇ ਦੋਸ਼ ਲਾਇਆ ਕਿ ਉਹਦਾ ਮਤਰਇਆ ਬਾਪ ਉਹਦੇ ਨਾਲ ਪਿਛਲੇ ਇੱਕ ਸਾਲ ਤੋਂ ਬਦਮਾਸ਼ੀਆਂ ਕਰਦਾ ਆ ਰਿਹੈ ਅਤੇ ਉਹਦੀ ਹਵਸ ਹਰ ਰੋਜ਼ ਵਧਦੀ ਜਾਂਦੀ ਆ। ਇਸ ਕੇਸ ਦੀ ਸਰਬਜੀਤ ਦੇ ਸਕੂਲ ਵਾਲਿਆਂ ਆਪਾਂ ਨੂੰ ਇਤਲਾਹ ਦਿੱਤੀ ਆ। ਜਿਵੇਂ ਤੈਨੂੰ ਪਤਾ ਈ ਆ, ਇਹ ਬਹੁਤ ਜ਼ਰੂਰੀ ਕੰਮ ਆ ਅਤੇ ਇਹਦੇ ਤੇ ਕੰਮ ਅੱਜ ਈ ਸ਼ੁਰੂ ਕਰਦੇ। ਸਰਬਜੀਤ ਦੇ ਮਾਂ ਬਾਪ ਨੂੰ ਸਕੂਲ ਵਾਲਿਆਂ ਅਜੇ ਕੁੱਝ ਨਹੀਂ ਦੱਸਿਆ।"

ਮੈਂ ਕੇਸ ਲੈਣ ਤੋਂ ਬਾਦ ਸਕੂਲ ਨਾਲ ਸੰਪਰਕ ਕੀਤਾ ਅਤੇ ਜਾ ਸਕੂਲ ਟੀਚਰ ਨੂੰ ਮਿਲਿਆ। ਸਕੂਲ ਟੀਚਰ ਨੇ ਦੱਸਿਆ, "ਸਰਬਜੀਤ ਪਿਛਲੇ ਸਾਲ ਤੋਂ ਕੁੱਝ ਜ਼ਿਆਦਾ ਈ ਘੁੱਟੀ ਵੱਟੀ ਰਹਿਣ ਲੱਗ ਪਈ ਆ। ਮੈਂ ਇਕ ਦੋ ਵਾਰ ਇਹਦੇ ਨਾਲ ਗੱਲਬਾਤ ਵੀ ਕੀਤੀ ਸੀ ਪਰ ਇਹਨੇ ਇਹ ਕਹਿ ਗੱਲ ਟਾਲ ਦਿੱਤੀ ਕਿ ਉਹ ਠੀਕ ਨਹੀਂ, ਘਰ ਜਾ ਕੇ ਉਹਨੂੰ ਘਰ ਦਾ ਕਾਫੀ ਕੰਮ ਕਰਨਾ ਪੈਂਦਾ।" ਪਰ ਪਿਛਲੇ ਕੁੱਝ ਮਹੀਨਿਆਂ ਤੋਂ ਸਰਬਜੀਤ ਸਕੂਲ ਤੋਂ ਮਿਲਿਆ ਹੋਮ ਵਰਕ ਵੀ ਨਹੀਂ ਸੀ ਕਰਕੇ ਲਿਆ ਰਹੀ। ਉਹਨੂੰ ਪੁੱਛਣ ਤੇ ਉਹ ਕੋਈ ਨਾਂ ਕੋਈ ਬਹਾਨਾ ਬਣਾ ਗੱਲ ਅਗਾਂਹ ਤੋਰ ਦਿੰਦੀ। ਪਰ ਅੱਜ ਸਵੇਰੇ ਤਾਂ ਉਹ ਆਪ ਈ ਮੇਰੇ ਕਮਰੇ 'ਚ ਮੈਨੂੰ ਮਿਲਣ ਆ ਗਈ ਅਤੇ ਕਹਿਣ ਲੱਗੀ, "ਮੈਨੂੰ ਮੇਰਾ ਮਤਰਇਆ ਬਾਪ ਪਿਛਲੇ ਇਕ ਸਾਲ ਤੋਂ ਰੇਪ ਕਰਦਾ ਆ ਰਿਹਾ ਅਤੇ ਮੇਰੇ ਤੋਂ ਹੁਣ ਇਹ ਬਰਦਾਸ਼ਤ ਨਹੀਂ ਹੋ ਰਿਹੈ। ਇਸੇ ਕਰਕੇ ਮੈਂ ਤੁਹਾਡੇ ਦਫਤਰ ਨਾਲ ਸੰਪਰਕ ਕੀਤਾ ਸੀ। ਪੁਲੀਸ ਨੂੰ ਮੈਂ ਅਜੇ ਦੱਸਿਆ ਨਹੀਂ।" ਮੈਂ ਸਕੂਲ ਟੀਚਰ ਨੂੰ ਬੇਨਤੀ ਕੀਤੀ ਕਿ ਉਹ ਸਰਬਜੀਤ ਨੂੰ ਮੈਨੂੰ ਮਿਲਣ ਵਾਸਤੇ ਭੇਜ ਦੇਵੇ।

ਹੁਣ ਸਰਬਜੀਤ ਨਾਲ ਮੈਂ ਇਕ ਕਮਰੇ ਵਿਚ ਗੱਲਬਾਤ ਕਰਨ ਲਈ ਬੈਠ ਗਿਆ। ਸਰਬਜੀਤ ਦੇਖਣ ਨੂੰ ਭੋਲੀ ਭਾਲੀ ਸੀ। ਉਹ ਇੱਕ ਘਰੇਲੂ ਕਿਸਮ ਦੀ ਲੜਕੀ ਸੀ। ਉਹਦਾ ਉਦਾਸ ਚੇਹਰਾ ਬੇਬਸੀ ਜ਼ਾਹਿਰ ਕਰ ਰਿਹਾ ਸੀ। ਉਹਦੀ ਮਾਸੂਮੀਅਤ ਮੈਨੂੰ ਦੱਸ ਰਹੀ ਸੀ ਕਿ ਇਸ ਬੱਚੀ ਨਾਲ ਧੱਕਾ ਹੋ ਰਿਹੈ। ਮੈਂ ਸਰਬਜੀਤ ਨੂੰ ਆਪਣੇ ਬਾਰੇ ਅਤੇ ਮਿਲਣ ਬਾਰੇ ਦੱਸਿਆ। ਇਸ ਤੋਂ ਬਾਦ ਮੈਂ ਸਰਬਜੀਤ ਨੂੰ ਕਿਹਾ, "ਬੇਟਾ, ਮੈਨੂੰ ਸਭ ਸੱਚ ਦੱਸ ਕਿ ਤੇਰੇ ਨਾਲ ਕੀ ਹੁੰਦਾ ਰਿਹੈ? ਤੇਰੇ ਸੱਚ ਦੱਸਣ ਤੇ ਈ ਮੈਂ ਤੇਰੀ ਮੱਦਦ ਕਰ ਸਕਦਾਂ।" ਸਰਬਜੀਤ ਨੇ ਦੱਸਣਾ ਸ਼ੁਰੂ ਕੀਤਾ, "ਮੇਰਾ ਮਤਰਇਆ ਬਾਪ ਇੰਡਿਆ ਤੋਂ ਦੋ ਕੁ ਸਾਲ ਹੋਏ ਆਇਆ ਸੀ। ਪਹਿਲਾਂ ਤਾਂ ਠੀਕ-ਠਾਕ ਸੀ। ਪਰ ਹੁਣ ਇੱਥੇ ਪੱਕਾ ਹੋ ਗਿਆ ਅਤੇ ਇੱਕ ਫੈਕਟਰੀ ਵਿਚ ਕੰਮ ਕਰਦਾ। ਉਹਦਾ ਸ਼ਿਫਟ

ਵਰਕ ਆ। ਜਿਸ ਦਿਨ ਉਹਦੀ ਸਵੇਰੇ ਛੇ ਵਜੇ ਤੋਂ ਦੁਪਹਿਰੇ ਦੋ ਵਜੇ ਤਕ ਸ਼ਿਫਟ ਹੁੰਦੀ ਆ ਉਸ ਹਫਤੇ ਈ ਉਹ ਮੇਰੇ ਨਾਲ ਬਦਮਾਸ਼ੀਆਂ ਕਰਦੈ। ਮੇਰੀ ਮੰਮ ਵੀ ਕੰਮ ਕਰਦੀ ਆ ਅਤੇ ਇਸੇ ਕਰਕੇ ਘਰ ਵਿਚ ਸਕੂਲੋਂ ਬਾਦ ਮੈਂ ਅਤੇ ਮੇਰਾ ਮਤਰਇਆ ਬਾਪ ਈ ਹੁੰਦੈ ਆ।" ਮੈਂ ਪੁੱਛਿਆ, "ਕਿ ਇਹ ਗੱਲ ਤੂੰ ਆਪਣੀ ਮੰਮ ਨੂੰ ਦੱਸੀ ਆ?"। "ਨਹੀਂ, ਮੈਂ ਮੰਮ ਨੂੰ ਇਸ ਬਾਰੇ ਕੁੱਝ ਨਹੀਂ ਦੱਸਿਆ।" "ਕਿਉਂ?" ਮੈਂ ਸੁਆਲ ਕੀਤਾ। "ਮੇਰੀ ਮੰਮ ਨੇ ਪਹਿਲਾਂ ਈ ਬਥੇਰਾ ਦੁੱਖ ਭੋਗਿਆ। ਮੇਰਾ ਅਸਲੀ ਡੈਡ ਮੰਮ ਨੂੰ ਕੁੱਟਦਾ ਮਾਰਦਾ ਰਹਿੰਦਾ ਸੀ। ਸ਼ਰਾਬ ਬਹੁਤ ਪੀਂਦਾ ਸੀ। ਮੈਂ ਉਦੋਂ ਹੈ ਤਾਂ ਛੋਟੀ ਈ ਸੀ ਪਰ ਮੈਨੂੰ ਚੇਤਾ ਮੇਰੀ ਮੰਮ ਸਦਾ ਰੋਂਦੀ ਈ ਰਹਿੰਦੀ ਸੀ। ਮੇਰੀ ਮੰਮ ਨੇ ਇਸੇ ਕਰਕੇ ਤਲਾਕ ਲੈ ਲਿਆ ਸੀ। ਉਹਦੇ ਤੋਂ ਰੋਜ਼ ਦੀ ਕੁੱਟਮਾਰ ਨਹੀਂ ਸੀ ਸਹਾਰ ਹੁੰਦੀ। ਇੱਕ ਦੋ ਵਾਰ ਤਾਂ ਮੈਨੂੰ ਵੀ ਮੇਰੇ ਡੈਡ ਨੇ ਮਾਰਿਆ ਸੀ। ਤਲਾਕ ਤੋਂ ਬਾਦ ਡੈਡ ਨੂੰ ਕੈਂਸਰ ਹੋ ਗਿਆ ਅਤੇ ਉਹ ਮਰ ਗਿਆ। ਮੇਰੀ ਮੰਮ ਨੇ ਬਹੁਤ ਦੁੱਖ ਝੱਲਿਆ। ਮੈਂ ਮੰਮ ਨੂੰ ਹੋਰ ਦੁੱਖੀ ਨਹੀਂ ਕਰਨਾ ਚਾਹੁੰਦੀ।" "ਪਰ ਬੇਟਾ ਤੂੰ ਵੀ ਤਾਂ ਹੁਣ ਦੁੱਖ ਝੱਲ ਰਹੀ ਆਂ। ਜੇਕਰ ਇਹ ਗੱਲ ਤੂੰ ਆਪਣੀ ਮੰਮ ਨੂੰ ਨਹੀਂ ਦੱਸੇਂਗੀ ਤਾਂ ਹੋਰ ਤੇਰਾ ਕੌਣ ਆ?" ਮੇਰੀ ਇਸ ਗੱਲ ਦਾ ਉਹਨੇ ਕੋਈ ਜੁਆਬ ਨਾਂ ਦਿੱਤਾ ਅਤੇ ਨੀਵੀਂ ਪਾ ਕੇ ਡੁਸਕਣ ਲੱਗ ਪਈ। ਮੈਂ ਕੁੱਝ ਮਿੰਟ ਚੁੱਪ ਰਿਹਾ ਅਤੇ ਉਹਨੂੰ ਅੱਖਾਂ ਪੂੰਝਣ ਲਈ ਟਿਸ਼ੂ ਦਿੱਤੇ। ਜਦ ਸਰਬਜੀਤ ਥੋੜ੍ਹਾ ਜਿਹਾ ਸੰਭਲੀ ਤਾਂ ਮੈਂ ਕਿਹਾ, "ਤੈਨੂੰ ਪਤਾ ਇਹ ਬਹੁਤ ਗੰਭੀਰ ਦੋਸ਼ ਆ। ਇਸ ਕੇਸ ਵਿਚ ਪੁਲੀਸ ਵੀ ਇਨਕੁਆਰੀ ਕਰੇਗੀ ਅਤੇ ਤੇਰਾ ਡੈਡ ਜੇਲ੍ਹ ਜਾ ਸਕਦਾ। ਤੇਰੀ ਮੰਮ ਨੂੰ ਵੀ ਸਾਰਾ ਕੁੱਝ ਦੱਸਣਾ ਪਵੇਗਾ।" "ਹੁਣ ਤੁਸੀਂ ਦੱਸੋ ਮੈਂ ਕੀ ਕਰਾਂ? ਕੀ ਮੈਂ ਆਪਣੇ ਡੈਡ ਦੀਆਂ ਬਦਮਾਸ਼ੀਆਂ ਸਹਾਰਦੀ ਰਹਾਂ?" "ਬਿਲਕੁਲ ਨਹੀਂ। ਮੈਂ ਤਾਂ ਬੇਟਾ ਇਹ ਗੱਲ ਕਰ ਰਿਹਾ ਹਾਂ ਕਿ ਜਦ ਪੁਲੀਸ ਨਾਲ ਸਾਰੀ ਇਨਕੁਆਰੀ ਹੋਣੀ ਆ ਤਾਂ ਆਪਣੇ ਬਿਆਨਾਂ ਤੇ ਕਾਇਮ ਰਹੀਂ। ਤੂੰ ਕਿਤੇ ਕਿਸੇ ਦਬਾਅ ਹੇਠ ਆ ਕੇ ਬਿਆਨ ਬਦਲ ਨਾਂ ਲਵੀਂ।" "ਨਹੀਂ –ਇਹ ਕਿਵੇਂ ਹੋ ਸਕਦੈ? ਮੈਂ ਉਸ ਘਰ ਵਿਚ ਡੈਡ ਨਾਲ ਨਹੀਂ ਰਹਿ ਸਕਦੀ।" "ਠੀਕ ਆ। ਮੈਂ ਅੱਜ ਈ ਪੁਲੀਸ ਅਤੇ ਤੇਰੇ ਡੈਡ ਨੂੰ ਮਿਲ ਕੇ ਉਹਦੀ ਪੁੱਛ ਗਿੱਛ ਕਰਾਂਗਾ। ਤੇਰੀ ਮੰਮ ਨੂੰ ਵੀ ਮਿਲ ਕੇ ਸਭ ਕੁੱਝ ਦੱਸ ਦੇਵਾਂਗਾ। ਜੇਕਰ ਤੂੰ ਚਾਹੁੰਦੀ ਆਂ ਤਾਂ ਮੈਂ ਤੇਰਾ ਕਿਤੇ ਹੋਰ ਰਹਿਣ ਦਾ ਪ੍ਰਬੰਧ ਕਰ ਸਕਦਾਂ।" "ਮੈਂ ਆਪਣੀ ਮੰਮ ਨੂੰ ਤਾਂ ਮਿਲਣਾ ਚਾਹੁੰਦੀ ਆਂ ਪਰ ਜੇਕਰ ਡੈਡ ਉਸ ਘਰ 'ਚ ਰਹਿੰਦਾ ਤਾਂ ਮੈਂ ਘਰ ਨਹੀਂ ਰਹਿਣਾ ਚਾਹੁੰਦੀ। ਨਾਲੇ ਮੈਨੂੰ ਇੱਕ ਹੋਰ ਡਰ ਵੀ ਆ ਕਿ ਜੇਕਰ ਮੈਂ ਘਰ ਰਹੀ ਤਾਂ ਸਾਡੇ ਰਿਸ਼ਤੇਦਾਰਾਂ ਅਤੇ ਮੇਰੀ ਮੰਮ ਨੇ ਮੇਰੇ ਤੇ ਪ੍ਰੈਸ਼ਰ ਪਾਈ ਜਾਣਾ।" ਮੈਂ ਕਿਹਾ, "ਸਰਬਜੀਤ ਤੂੰ ਫਿਕਰ ਨਾਂ ਕਰ। ਮੈਂ ਤੇਰਾ ਕਿਤੇ ਹੋਰ ਰਹਿਣ ਦਾ ਪ੍ਰਬੰਧ ਅੱਜ ਈ ਕਰ ਦਿੰਦਾਂ ਅਤੇ ਸਕੂਲ ਤੋਂ ਬਾਦ ਤੈਨੂੰ ਇੱਕ ਫੋਸਟਰ ਪੈਰੇਂਟਸ ਕੋਲ ਲੈ ਜਾਵਾਂਗਾ। ਤੇਰੀ ਮੰਮ ਤੋਂ ਮੈਂ ਤੇਰੇ ਕੱਪੜੇ ਅਤੇ ਬਾਕੀ ਸਮਾਨ ਲੈ ਆਵਾਂਗਾ।

ਦਫਤਰ ਆ ਕੇ ਮੈਂ ਫੋਸਟਰ ਪੈਰੇਂਟਸ ਦਾ ਪ੍ਰਬੰਧ ਕਰ ਲਿਆ ਅਤੇ ਪੁਲੀਸ ਨਾਲ ਸੰਪਰਕ ਕਰਕੇ ਸਾਰੇ ਕੇਸ ਬਾਰੇ ਦੱਸ ਦਿਤਾ। ਪੁਲੀਸ ਵਾਲਿਆਂ ਮੈਨੂੰ ਪੁਲੀਸ ਸਟੇਸ਼ਨ ਮਿਲਣ ਦਾ ਸਮਾਂ ਦੇ ਦਿੱਤਾ ਅਤੇ ਕਿਹਾ ਕਿ, "ਉਹ ਮਿਸਟਰ ਸਿੰਘ ਨੂੰ ਉਦੋਂ ਤਕ ਫੜ ਕੇ ਪੁਲੀਸ ਸਟੇਸ਼ਨ ਲੈ ਆਉਣਗੇ। ਮੈਂ ਸਰਬਜੀਤ ਦੇ ਘਰ ਜਾ ਕੇ ਉਹਦੀ ਮੰਮ ਨੂੰ ਮਿਲਿਆ ਅਤੇ ਸਾਰੀ ਗੱਲ ਦੱਸੀ। ਉਹ ਸੁਣ ਕੇ ਸੁੰਨ ਹੋ ਗਈ। ਕੁੱਝ ਦੇਰ

ਉਹ ਕੁੱਝ ਨਾ ਬੋਲ ਸਕੀ ਅਤੇ ਫਿਰ ਪੁੱਛਿਆ, "ਸਰਬਜੀਤ ਕਿੱਥੇ ਆ?" ਮੈਂ ਕਿਹਾ, "ਸਰਬਜੀਤ ਅਜੇ ਤਾਂ ਸਕੂਲੇ ਆ। ਪਰ ਉਹ ਘਰ ਨਹੀਂ ਆਉਣਾ ਚਾਹੁੰਦੀ। ਇਸੇ ਕਰਕੇ ਮੈਂ ਉਹਦਾ ਕਿਤੇ ਹੋਰ ਰਹਿਣ ਦਾ ਪ੍ਰਬੰਧ ਕਰ ਦਿੱਤਾ ਆ ਅਤੇ ਮੈਨੂੰ ਉਹਦੇ ਸਾਰੇ ਕੱਪੜੇ ਅਤੇ ਹੋਰ ਚੀਜ਼ਾਂ ਵੀ ਦੇ ਦਿਉ।" "ਕੱਪੜੇ ਤੇ ਹੋਰ ਸਮਾਨ ਤਾਂ ਤੁਸੀਂ ਲੈ ਜਾਓ ਪਰ ਮੈਂ ਸਰਬਜੀਤ ਨੂੰ ਇਕ ਵਾਰ ਮਿਲ ਸਕਦੀ ਆਂ?" "ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਪਰ ਮੈਂ ਸਰਬਜੀਤ ਨੂੰ ਪੁੱਛ ਕੇ ਹੀ ਦੱਸ ਸਕਦਾਂ ਕਿ ਉਹ ਤੁਹਾਨੂੰ ਮਿਲਣਾ ਚਾਹੁੰਦੀ ਆ ਜਾ ਨਹੀਂ। ਨਾਲੇ ਮੈਂ ਤੁਹਾਨੂੰ ਇਹ ਵੀ ਦੱਸ ਦੇਵਾਂ ਕਿ ਮੈਂ ਪੁਲੀਸ ਨੂੰ ਇਸ ਬਾਰੇ ਦੱਸ ਦਿੱਤਾ ਆ ਅਤੇ ਉਹ ਸਰਬਜੀਤ ਦੇ ਡੈਡੀ ਦੀ ਪੁਲੀਸ ਸਟੇਸ਼ਨ ਪੁੱਛ ਗਿੱਛ ਕਰਨਗੇ।" ਸਰਬਜੀਤ ਦੀ ਮਾਂ ਇਹ ਸਭ ਸੁਣ ਰੋਣ ਲੱਗ ਪਈ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਉਹਨੂੰ ਕਿਵੇਂ ਦਿਲਾਸਾ ਦੇਵਾਂ। ਮੈਂ ਚੁੱਪ ਚਾਪ ਬੈਠਾ ਰਿਹਾ। ਕੁੱਝ ਦੇਰ ਬਾਦ ਉਹ ਥੋੜ੍ਹਾ ਸੰਭਲੀ ਅਤੇ ਬੋਲੀ, "ਭਾਅ ਜੀ, ਮੈਨੂੰ ਇਹ ਵੀ ਦਿਨ ਦੇਖਣੇ ਪੈਣੇਂ ਸੀ। ਪਹਿਲਾਂ ਸਾਰੀ ਉਮਰ ਆਪਣੇ ਪਹਿਲੇ ਆਦਮੀ ਤੋਂ ਦੁਖੀ ਰਹੀ। ਇੱਕ ਦਿਨ ਵੀ ਸੁੱਖ ਦਾ ਨਾ ਦੇਖ ਸਕੀ। ਰੋਜ਼ ਮਾਰ ਕੁਟਾਈ ਹੁੰਦੀ ਰਹੀ। ਮੈਂ ਤਾਂ ਦੁਵਾਰਾ ਵਿਆਹ ਲਈ ਮੰਨਦੀ ਈ ਨਹੀਂ ਸੀ। ਇਹ ਤਾਂ ਮੇਰੀ ਮੰਮ ਨੇ ਮੇਰੇ ਤੇ ਪ੍ਰੈਸ਼ਰ ਪਾਇਆ ਤਾਂ ਮੈਂ ਰਾਜ਼ੀ ਹੋ ਗਈ ਸੀ। ਭਾਅ ਜੀ, ਮੈਂ ਤਾਂ ਆਪਣੇ ਘਰ 'ਚ ਈ ਲੁੱਟੀ ਗਈ ਆਂ।"

ਇਸ ਤੋਂ ਬਾਦ ਸਰਬਜੀਤ ਦੀ ਮਾਂ ਕੁੱਝ ਨਾ ਬੋਲ ਸਕੀ। ਉਹਨੇ ਫਿਰ ਰੋਣਾ ਸ਼ੁਰੂ ਕਰ ਦਿੱਤਾ ਅਤੇ ਉਹ 15-20 ਮਿੰਟ ਤਕ ਸੰਭਲ ਨਾਂ ਸਕੀ। ਮੈਂ ਕਿਹਾ, "ਮੈਨੂੰ ਹੁਣ ਜਾਣਾ ਪੈਣਾਂ। ਪੁਲੀਸ ਮੇਰਾ ਇੰਤਜ਼ਾਰ ਕਰ ਰਹੀ ਆ ਅਤੇ ਨਾਲੇ ਮੈਂ ਸਰਬਜੀਤ ਨੂੰ ਵੀ ਉਹਦੇ ਨਵੇਂ ਘਰ ਲੈ ਕੇ ਜਾਣੈ। ਤੁਸੀਂ ਮੈਨੂੰ ਉਹਦੇ ਕੱਪੜੇ ਦੇ ਦਿਉ।" ਸਰਬਜੀਤ ਦੀ ਮੰਮ ਨੇ ਅਣਮੰਨੇ ਮਨ ਨਾਲ ਮੈਨੂੰ ਸਰਬਜੀਤ ਦੇ ਕੱਪੜੇ ਅਤੇ ਬਾਕੀ ਚੀਜ਼ਾਂ ਦੇ ਦਿੱਤੀਆਂ ਅਤੇ ਜਾਣ ਤੋਂ ਪਹਿਲਾਂ ਫਿਰ ਤਰਲਾ ਕੀਤਾ, "ਭਾਅ ਜੀ, ਮੈਨੂੰ ਇੱਕ ਵਾਰ ਸਰਬਜੀਤ ਨਾਲ ਜ਼ਰੂਰ ਮਿਲਾਓ।" "ਮੈਂ ਪੂਰੀ ਕੋਸ਼ਿਸ਼ ਕਰਾਂਗਾ।" ਕਹਿ ਉਥੋਂ ਆ ਗਿਆ।

ਸਕੂਲ ਜਾ ਕੇ ਮੈਂ ਸਰਬਜੀਤ ਨੂੰ ਮਿਲਿਆ ਅਤੇ ਕਿਹਾ, "ਸਰਬਜੀਤ ਤੇਰੀ ਮੰਮ ਤੇਰੇ ਦੱਸਣ ਮੁਤਾਬਕ ਅੱਜ ਘਰ ਈ ਸੀ। ਮੇਰਾ ਖਿਆਲ ਆ ਉਹਨੂੰ ਠੰਡ ਲੱਗੀ ਹੋਈ ਆ ਅਤੇ ਉਹਨੇ ਅੱਜ ਵੀ ਮੂੰਹ ਸਿਰ ਲਪੇਟਿਆ ਹੋਇਆ ਸੀ। ਉਹਨੇ ਤੇਰੇ ਕੱਪੜੇ ਅਤੇ ਬਾਕੀ ਸਮਾਨ ਤਾਂ ਮੈਨੂੰ ਦੇ ਦਿੱਤਾ ਆ। ਪਰ ਉਹ ਤੈਨੂੰ ਇੱਕ ਵਾਰ ਮਿਲਣਾ ਜ਼ਰੂਰ ਚਾਹੁੰਦੀ ਆ।" "ਮੈਨੂੰ ਕੋਈ ਇਤਰਾਜ਼ ਨਹੀਂ। ਮੈਂ ਮੰਮ ਨਾਲ ਕੌਨਟੈਕਟ ਬਣਾਈ ਰੱਖਣਾ ਚਾਹੁੰਦੀ ਆਂ।" ਸਰਬਜੀਤ ਕਿਹਾ। ਮੈਂ ਸਰਬਜੀਤ ਨੂੰ ਕਾਰ 'ਚ ਬਿਠਾ ਫੋਸਟਰ ਪੈਰੇਂਟਸ ਕੋਲ ਛੱਡ ਆਇਆ ਅਤੇ ਫਿਰ ਪੁਲੀਸ ਸਟੇਸ਼ਨ ਚਲਾ ਗਿਆ।

ਪੁਲੀਸ ਸਟੇਸ਼ਨ ਪਹੁੰਚ ਕੇ ਪਤਾ ਲੱਗਾ ਕਿ ਸਰਬਜੀਤ ਦੇ ਡੈਡੀ ਨੂੰ ਪੁਲੀਸ ਨੇ ਫੜ੍ਹਕੇ ਲੈ ਆਂਦਾ ਸੀ ਅਤੇ ਉਹ ਮੇਰੀ ਇੰਤਜ਼ਾਰ ਕਰ ਰਹੇ ਸੀ। ਥੋੜ੍ਹੀ ਦੇਰ ਬਾਦ ਸਰਬਜੀਤ ਦੇ ਮਤਰਏ ਬਾਪ ਦੀ ਪੁੱਛ ਗਿੱਛ ਸ਼ੁਰੂ ਹੋ ਗਈ। ਉਹਨੇ ਸਾਫ ਇਨਕਾਰ ਕਰ ਦਿੱਤਾ ਕਿ ਉਹਨੇ ਕਦੇ ਸਰਬਜੀਤ ਨਾਲ ਬਦਮਾਸ਼ੀਆਂ ਕੀਤੀਆਂ ਸਨ। ਉਹਨੇ ਕਿਹਾ, "ਮੈਂ ਤਾਂ ਜੀ ਉਹਨੂੰ ਆਪਣੀ ਕੁੜੀ ਸਮਝਦੈਂ ਅਤੇ ਉਹਨੂੰ ਫੈਸ਼ਨ ਕਰਨ ਤੋਂ

ਰੋਕਦਾ ਰਹਿੰਦਾ ਸੀ। ਹੋਰ ਕਦੇ ਮੈਂ ਕੁੱਝ ਨਹੀਂ ਕੀਤੈ।" ਪੁਲੀਸ ਨੇ ਸਰਬਜੀਤ ਦੇ ਡੈਡੀ ਨੂੰ ਪੁਲੀਸ ਸਟੇਸ਼ਨ ਈ ਡੱਕੀ ਰੱਖਿਆ ਅਤੇ ਮੈਂ ਸਰਬਜੀਤ ਨੂੰ ਮਿਲ ਕੇ ਉਹਦਾ ਮੈਡੀਕਲ ਚੈੱਕਅੱਪ ਕਰਾਉਣ ਚਲਾ ਗਿਆ। ਮੈਡੀਕਲ ਚੈੱਕਅਪ ਵਿਚ ਇਹ ਸਾਫ ਪਤਾ ਲੱਗ ਗਿਆ ਸੀ ਕਿ ਸਰਬਜੀਤ ਨਾਲ ਖਰਾਬੀਆਂ ਹੁੰਦੀਆਂ ਰਹੀਆਂ ਸਨ। ਸਰਬਜੀਤ ਅਜੇ ਵੀ ਆਪਣੇ ਬਿਆਨਾਂ ਤੇ ਕਾਇਮ ਸੀ। ਮੈਂ ਸਰਬਜੀਤ ਨੂੰ ਪੁੱਛਿਆ, "ਕੀ ਤੇਰਾ ਕੋਈ ਬੁਆਏ ਫਰੈਂਡ ਨਹੀਂ? ਤਾਂ ਸਰਬਜੀਤ ਕਿਹਾ, "ਮੈਂ ਤਾਂ ਸਕੂਲ ਤੋਂ ਸਿੱਧੀ ਘਰ ਆਉਂਦੀ ਰਹੀ ਆਂ ਅਤੇ ਘਰੋਂ ਬਾਹਰ ਕਦੇ ਮੈਂ ਇੱਕਲੀ ਗਈ ਨਹੀਂ।"

ਬਾਦ ਵਿਚ ਮੈਂ ਸਕੂਲ ਟੀਚਰ ਨੂੰ ਵੀ ਪੁੱਛਿਆ ਸੀ ਕਿ, "ਕੀ ਕਦੇ ਸਰਬਜੀਤ ਨੇ ਸਕੂਲ ਵੀ ਮਿਸ ਕੀਤਾ ਸੀ?" ਸਕੂਲ ਟੀਚਰ ਦੱਸਿਆ, "ਸਰਬਜੀਤ ਦੀ ਸਕੂਲ ਵਿਚ ਹਾਜ਼ਰੀ 100 ਪ੍ਰਤੀਸ਼ਤ ਆ ਅਤੇ ਮੇਰਾ ਨਹੀਂ ਖਿਆਲ ਕਿ ਉਹਦਾ ਕੋਈ ਬੁਆਏਫਰੈਂਡ ਵੀ ਆ।"

ਇਸ ਤੋਂ ਬਾਦ ਮੈਂ ਸਰਬਜੀਤ ਨੂੰ ਉਹਦੀ ਮਾਂ ਕੋਲ ਮਿਲਣ ਵਾਸਤੇ ਲੈ ਗਿਆ। ਮੈਂ ਉਹਨਾਂ ਨੂੰ ਕਿਹਾ ਕਿ, "ਉਹ ਦੋਵੇਂ ਅੱਧਾ ਪੌਣਾ ਘੰਟਾ ਮਿਲ ਲੈਣ ਅਤੇ ਮੈਂ ਬਾਹਰ ਕਾਰ ਵਿਚ ਇੰਤਜ਼ਾਰ ਕਰਾਂਗਾ।" ਸਰਬਜੀਤ ਦੀ ਮਾਂ ਨੂੰ ਮੈਂ ਉਹਦੇ ਘਰਵਾਲੇ ਬਾਰੇ ਦੱਸ ਦਿੱਤਾ ਸੀ ਕਿ ਉਹ ਪੁਲੀਸ ਸਟੇਸ਼ਨ ਆ ਅਤੇ ਸਰਬਜੀਤ ਦਾ ਡਾਕਟਰੀ ਮੁਆਇਨਾ ਹੋ ਚੁੱਕੈ ਜਿਸ ਤੋਂ ਸਾਫ਼ ਜ਼ਾਹਿਰ ਹੁੰਦੈ ਕਿ ਉਹਦੇ ਨਾਲ ਧੱਕਾ ਹੁੰਦਾ ਰਿਹੈ। ਪੌਣੇ ਕੁ ਘੰਟੇ ਬਾਦ ਮੈਂ ਸਰਬਜੀਤ ਨੂੰ ਲੈ ਕੇ ਉਹਦੇ ਫੋਸਟਰ ਪੈਰੇਂਟਸ ਕੋਲ ਛੱਡ ਆਇਆ। ਸਰਬਜੀਤ ਬਹੁਤ ਉਦਾਸ ਸੀ ਅਤੇ ਉਹਨੇ ਮੇਰੇ ਨਾਲ ਕੋਈ ਗੱਲ ਨਾਂ ਕੀਤੀ।

ਪੁਲੀਸ ਨੂੰ ਮੈਂ ਡਾਕਟਰੀ ਮੁਆਇਨੇ ਦੀ ਰਿਪੋਰਟ ਦੇ ਦਿੱਤੀ ਸੀ। ਉਹਨਾਂ ਆਪਣੀ ਪੁੱਛ ਗਿੱਛ ਜ਼ਾਰੀ ਰੱਖੀ ਅਤੇ ਸਰਬਜੀਤ ਦੇ ਡੈਡੀ ਨੂੰ ਜ਼ਮਾਨਤ ਤੇ ਨਾਂ ਛੱਡਿਆ।

ਹੁਣ ਸਰਬਜੀਤ ਤਕਰੀਬਨ ਰੋਜ਼ ਈ ਆਪਣੀ ਮਾਂ ਨਾਲ ਫ਼ੋਨ ਤੇ ਕਾਫੀ ਦੇਰ ਗੱਲਾਂ ਕਰਦੀ ਰਹਿੰਦੀ ਸੀ। ਮੈਂ ਅਤੇ ਫੋਸਟਰ ਪੈਰੇਂਟਸ ਉਹਨੂੰ ਉਹਦੇ ਇਸ ਹੱਕ ਤੋਂ ਵੰਚਿਤ ਨਹੀਂ ਸੀ ਕਰ ਸਕਦੇ। ਮੈਂ ਅਤੇ ਪੁਲੀਸ ਰਲ ਕੇ ਸਰਬਜੀਤ ਦੇ ਡੈਡੀ ਖਿਲਾਫ ਕੇਸ ਤਿਆਰ ਕਰ ਰਹੇ ਸੀ ਤਾਂ ਕਿ ਕੋਰਟ ਵਿਚ ਲਿਜਾ ਕੇ ਉਹਨੂੰ ਸਜ਼ਾ ਦਿਵਾਈ ਜਾ ਸਕੇ। ਮੈਨੂੰ ਸਰਬਜੀਤ ਦੇ ਡੈਡੀ ਦੇ ਕੁੱਝ ਰਿਸ਼ਤੇਦਾਰਾਂ ਮਿਲ ਕੇ ਬੇਨਤੀ ਕੀਤੀ ਕਿ 'ਮੈਂ ਇਹ ਕੇਸ ਕਿਸੇ ਤਰ੍ਹਾਂ ਖਾਰਜ਼ ਕਰਾ ਦੇਵਾਂ।' ਮੈਂ ਉਹਨਾਂ ਨੂੰ ਕਿਹਾ ਕਿ, "ਮੈਂ ਤੁਹਾਡੀ ਕੋਈ ਮੱਦਦ ਨਹੀਂ ਕਰ ਸਕਦਾ। ਇਹ ਬਹੁਤ ਗੰਭੀਰ ਕੇਸ ਆ ਅਤੇ ਇਥੇ ਇੰਡਿਆ ਵਾਲੀਆਂ ਗੱਲਾਂ ਨਹੀਂ ਚਲਦੀਆਂ। ਜੇਕਰ ਤੁਸੀਂ ਮੈਨੂੰ ਦੁਆਰਾ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਮੈਂ ਪੁਲੀਸ ਨੂੰ ਇਤਲਾਹ ਦੇ ਦੇਵਾਂਗਾ ਕਿ ਤੁਸੀਂ ਮੇਰੇ ਤੇ ਦਬਾਅ ਪਾ ਰਹੇ ਹੋ।" ਉਹਨਾਂ ਮੁੜ ਮੇਰੇ ਨਾਲ ਫਿਰ ਸੰਪਰਕ ਨਾਂ ਕੀਤਾ।

ਹੁਣ ਉਹਨਾਂ ਹੋਰ ਚਾਲ ਚੱਲੀ। ਉਹਨਾਂ ਨੂੰ ਮੇਰੇ ਵਿਚਾਰਾਂ ਦਾ ਪਤਾ ਸੀ ਅਤੇ ਇਸੇ ਕਰਕੇ ਇਕ ਖੱਬੇ ਪੱਖੀ ਪਾਰਟੀ ਦੇ ਲੀਡਰ ਨਾਲ ਜਾ ਸੰਪਰਕ ਕੀਤਾ। ਇਹ ਕੱਚਾ ਲੀਡਰ ਉਹਨਾਂ ਭੁਚਲਾ ਲਿਆ। ਅਤੇ ਫਿਰ ਇੱਕ ਦਿਨ ਇਸ ਲੀਡਰ ਦਾ ਮੈਨੂੰ ਫੋਨ ਆਇਆ ਕਿ ਮੈਂ ਇਸ ਕੇਸ ਨੂੰ ਕਚਹਿਰੀ ਵਿਚ ਜਾਣ ਤੋਂ ਰੋਕ ਦੇਵਾਂ। ਮੈਂ ਲੀਡਰ

ਨੂੰ ਕਿਹਾ, "ਮੈਂ ਜੁੰਮੇਵਾਰ ਸਰਕਾਰੀ ਅਫਸਰ ਆਂ। ਇਹ ਤੁਹਾਨੂੰ ਵੀ ਪਤੈ ਕਿ ਇੰਗਲੈਂਡ ਦੇ ਕਾਨੂੰਨ ਇੰਡੀਆ ਵਾਂਗ ਨਹੀਂ। ਕੀ ਤੁਸੀਂ ਮੈਨੂੰ ਮੇਰੀ ਨੌਕਰੀ ਤੋਂ ਬਾਹਰ ਕਰਨਾ ਚਾਹੁੰਦੇ ਹੋ? ਤੁਹਾਨੂੰ ਤਾਂ ਸਗੋਂ ਗਰੀਬ ਮਜ਼ਲੂਮ ਦੀ ਮੱਦਦ ਕਰਨੀ ਚਾਹੀਦੀ ਆ ਅਤੇ ਇਹ ਈ ਤੁਹਾਡੀ ਸਿਆਸਤ ਤੁਹਾਨੂੰ ਸਿਖਾਉਂਦੀ ਆ। ਮੈਨੂੰ ਹੈਰਾਨਗੀ ਆ ਕਿ ਤੁਸੀਂ ਮੈਨੂੰ ਇਸ ਕੰਮ ਲਈ ਸੰਪਰਕ ਕੀਤੈ ਅਤੇ ਤੁਹਾਨੂੰ ਇਹ ਵੀ ਪਤੈ ਕਿ ਇਹ ਗੱਲ ਇਥੇ ਦੇ ਕਾਨੂੰਨ ਦੇ ਖਿਲਾਫ ਆ। ਅਗਰ ਇਹ ਕੰਮ ਤੁਹਾਡੀ ਆਪਣੀ ਕੁੜੀ ਨਾਲ ਹੋਇਆ ਹੋਵੇ ਤਾਂ ਤੁਸੀਂ ਕੀ ਕਰੋਗੇ?" ਲੀਡਰ ਨੇ ਮੇਰੀਆਂ ਗੱਲਾਂ ਦਾ ਕੋਈ ਜੁਆਬ ਨਾਂ ਦਿੱਤਾ ਅਤੇ ਫੋਨ ਰੱਖ ਦਿੱਤਾ। ਇਸ ਤੋਂ ਬਾਦ ਲੀਡਰ ਕਦੇ ਸਿੱਧੇ ਮੂੰਹ ਮੇਰੇ ਨਾਲ ਨਾ ਬੋਲਿਆ ਅਤੇ ਇੱਕ ਦੋ ਥਾਂਈਂ ਉਹਨੇ ਮੇਰਾ ਨੁਕਸਾਨ ਵੀ ਕੀਤਾ।

ਜਿੰਨੀ ਦੇਰ ਕੇਸ ਤਿਆਰ ਹੋਣ ਨੂੰ ਲੱਗੀ ਸਰਬਜੀਤ ਆਪਣੀ ਮਾਂ ਨੂੰ ਘਰ ਜਾ ਕੇ ਮਿਲਦੀ ਰਹੀ ਅਤੇ ਫੋਨ ਵੀ ਕਰਦੀ ਰਹੀ। ਮਾਂ ਤੋਂ ਬਿਨਾਂ ਉਹਦਾ ਇਥੇ ਹੈ ਵੀ ਕੌਣ ਸੀ। ਇਸ ਬਾਲੜੀ ਉਮਰ ਵਿਚ ਉਹ ਸਹਾਰੇ ਲਈ ਹੋਰ ਜਾਂਦੀ ਵੀ ਕਿੱਥੇ। ਅੰਦਰੋਂ ਖੇਰੂੰ-ਖੇਰੂੰ ਹੋਇਆ ਇਨਸਾਨ ਤਿਨਕੇ ਦਾ ਸਹਾਰਾ ਲੱਭਦਾ। ਆਪਣੀ ਮਾਂ ਨਾਲ ਉਹਦਾ ਬੜਾ ਤਿਹੁ ਸੀ। ਸਰਬਜੀਤ ਦੀ ਮਾਂ ਨੇ ਉਹਦੇ ਤਰਲੇ ਕੀਤੇ ਕਿ ਉਹਦੀ ਰੁੜ੍ਹੀ ਜਾਂਦੀ ਦੁਨੀਆਂ ਨੂੰ ਉਹ ਬਚਾ ਲਵੇ। ਉਹਦੇ ਕੋਲੋਂ ਇਹ ਬੇਇੱਜ਼ਤੀ ਅਤੇ ਰਿਸ਼ਤੇਦਾਰਾਂ ਦੇ ਤਾਹਨੇ-ਮਿਹਣੇ ਨਹੀਂ ਸਹਾਰ ਹੋਣੈਂ ਉਹ ਤਾਂ ਜੀਉਂਦੀ ਈ ਮਰ ਜਾਵੇਗੀ। ਕੱਚੀ ਉਮਰ ਦੀ ਨਬਾਲਗ ਸਰਬਜੀਤ ਤੋਂ ਮਾਂ ਦਾ ਦੁੱਖ ਬਰਦਾਸ਼ਤ ਨਾ ਹੋਇਆ ਅਤੇ ਕਚਹਿਰੀ ਵਿਚ ਕੇਸ ਲੱਗਣ ਤੇ ਸਰਬਜੀਤ ਬਿਆਨ ਬਦਲ ਲਏ। ਉਹਦਾ ਮਤਰਇਆ ਬਲਾਤਕਾਰੀ ਬਾਪ ਜੇਲ੍ਹੋਂ ਜਾਣ ਬਚ ਗਿਆ। ਸਰਬਜੀਤ ਮੁੜ ਕਦੇ ਆਪਣੇ ਘਰ ਨਾ ਗਈ ਅਤੇ ਉਹਦੀ ਮਾਂ ਇਸ ਗੁਨਾਹ ਨੂੰ ਪਚਾ ਨਾ ਸਕੀ। ਉਹ ਕੁੱਝ ਦੇਰ ਘੋਰ ਉਦਾਸੀ ਦੀ ਸ਼ਿਕਾਰ ਰਹੀ ਅਤੇ ਫਿਰ ਐਸੀ ਬੀਮਾਰ ਹੋਈ ਕਿ ਉੱਠ ਨਾ ਸਕੀ। ਸਰਬਜੀਤ ਇਸ ਝੱਖੜ ਵਿਚ ਟੁੱਟੇ ਪੱਤੇ ਵਾਂਗ ਝੰਬੀ ਗਈ।

# ਦਰਿੰਦਾ ਬਾਪ

ਸਾਡੇ ਦਫਤਰ ਦੇ ਕੋਲ ਈ ਸੈਕੰਡਰੀ ਸਕੂਲ ਸੀ ਅਤੇ ਸਕੂਲ ਦਾ ਹੈੱਡਟੀਚਰ ਅਤੇ ਡਿਪਟੀ ਹੈੱਡਟੀਚਰ ਮੇਰੇ ਵਾਕਿਫ ਸਨ। ਇਸੇ ਕਰਕੇ ਜਿਸ ਦਿਨ ਮਨਜੀਤ ਦਾ ਕੇਸ ਸਾਨੂੰ ਰੈਫਿਰ ਹੋਇਆ ਡਿਪਟੀ ਹੈੱਡ ਨੇ ਮੇਰੇ ਨਾਲ ਸਿੱਧਾ ਸੰਪਰਕ ਕਰ ਲਿਆ। "ਹਰੀਸ਼ ਕੇਸ ਬਹੁਤ ਸੀਰੀਅਸ ਆ, ਬਸ ਫੌਰਨ ਸਕੂਲੇ ਆ ਜਾ।" ਮੈਂ ਪੁੱਛਿਆ, "ਕਿੰਨ੍ਹਾਂ ਕੁ ਸੀਰੀਅਸ ਆ?" ਤਾਂ ਡਿਪਟੀ ਹੈੱਡ ਦੱਸਿਆ, "ਸੈਕਸੂਅਲ ਚਾਈਲਡ ਐਬਯੂਜ਼ ਦਾ ਏਸ਼ੀਅਨ ਕੇਸ ਆ।" ਮੈਂ ਡਿਪਟੀ ਹੈੱਡ ਨੂੰ ਕਿਹਾ ਕਿ, "ਆਪਣੇ ਲਾਈਨ ਮੈਨੇਜ਼ਰ ਨੂੰ ਦੱਸ ਕੇ ਤੁਹਾਡੇ ਕੋਲ ਫੌਰਨ ਪਹੁੰਚਦਾਂ।" ਮੈਨੇਜ਼ਰ ਤੋਂ ਜਾਣ ਦੀ ਹਰੀ ਝੰਡੀ ਲੈ ਕੇ ਮੈਂ ਸਕੂਲ ਜਾ ਪਹੁੰਚਾ। ਡਿਪਟੀ ਹੈੱਡ ਜੋ ਸਕੂਲ ਵਿਚ ਚਾਈਲਡ ਪ੍ਰੋਟੈਕਸ਼ਨ ਦੀ ਇਨਚਾਰਜ਼ ਸੀ ਆਪਣੇ ਦਫਤਰ ਵਿਚ ਇਕ 16 ਸਾਲਾ ਏਸ਼ੀਅਨ ਕੁੜੀ ਨਾਲ ਬੈਠੀ ਮੇਰਾ ਇੰਤਜ਼ਾਰ ਕਰ ਰਹੀ ਸੀ। ਡਿਪਟੀ ਹੈੱਡ ਨੇ ਮੇਰੀ ਏਸ਼ੀਅਨ ਲੜਕੀ ਨਾਲ ਵਾਕਫੀ ਕਰਾਈ, "ਇਹਦਾ ਨਾ ਮਨਜੀਤ ਆ। ਇਹਦੇ ਨਾਲ ਜੋ ਜੋ ਹੁੰਦਾ ਰਿਹਾ ਇਹ ਆਪ ਈ ਦੱਸੇਗੀ। ਮੈਨੂੰ ਇੱਕ ਕਲਾਸ ਵਿਚ ਜਾਣਾ ਪੈਣਾਂ। ਤੁਸੀਂ ਮੇਰੇ ਦਫਤਰ 'ਚ ਬੈਠ ਕੇ ਹੀ ਸਾਰੀ ਗੱਲਬਾਤ ਕਰ ਲਵੋ। ਹਾਂ ਸੱਚ, ਮਨਜੀਤ, ਇਹ ਹਰੀਸ਼ ਸੀਨੀਅਰ ਸੋਸ਼ਲ ਵਰਕਰ!"

ਡਿਪਟੀ ਹੈੱਡਟੀਚਰ ਦੇ ਜਾਣ ਤੋਂ ਬਾਦ ਮੈਂ ਮਨਜੀਤ ਨੂੰ ਪੁੱਛਿਆ ਕਿ ਉਹਦੇ ਨਾਲ ਕੀ ਹੋਇਆ ਸੀ? ਏਸ਼ੀਅਨ ਹੋਣ ਕਰਕੇ ਉਹ ਮੇਰੇ ਨਾਲ ਗੱਲ ਕਰਨ ਤੋਂ ਝਿਜਕ ਰਹੀ ਸੀ। ਮੈਂ ਹੌਂਸਲਾ ਦਿੰਦੇ ਕਿਹਾ, "ਬੇਟਾ, ਮੈਂ ਤੇਰੀ ਮੱਦਦ ਲਈ ਆਇਆਂ। ਤੂੰ ਨਿਝੱਕ ਹੋ ਕੇ ਸਾਰੀ ਗੱਲ ਮੈਨੂੰ ਦੱਸ ਦੇ ?" ਮਨਜੀਤ ਨੂੰ ਥੋੜ੍ਹਾ ਹੌਂਸਲਾ ਹੋਇਆ ਅਤੇ ਉਹਨੇ ਦੱਸਣਾ ਸ਼ੁਰੂ ਕੀਤਾ, "ਮੇਰਾ ਡੈਡ ਮੈਨੂੰ ਪਿਛਲੇ ਛੇ ਮਹੀਨੇ ਤੋਂ ਰੇਪ ਕਰਦਾ ਆ ਰਿਹਾ।" ਇਸ ਤੋਂ ਬਾਦ ਮਨਜੀਤ ਰੋਣ ਲੱਗ ਪਈ ਅਤੇ ਕੋਈ ਗੱਲ ਨਾ ਕਰ ਸਕੀ। ਸਿੱਧੀ ਸਾਧੀ ਅਤੇ ਸਾਧਾਰਨ ਕੱਪੜੇ ਪਾਈ ਮਨਜੀਤ ਵੱਲ ਦੇਖ ਕੇ ਮੈਨੂੰ ਬੜਾ ਤਰਸ ਆਇਆ ਅਤੇ ਉਹਦੇ ਅਸਲੀ ਬਾਪ ਦੀ ਕਰਤੂਤ ਸੁਣ ਕੇ ਮੇਰਾ ਮਨ ਰੋਹ ਨਾਲ ਪਾਟਣ ਲੱਗਾ। ਮੈਂ ਮਨਜੀਤ ਨੂੰ ਸਾਰੀ ਗੱਲ ਜਾਨਣ ਤੋਂ ਬਿਨਾਂ ਛੱਡ ਕੇ ਜਾ ਨਹੀਂ ਸੀ ਸਕਦਾ। ਮੈਂ ਦਫਤਰ ਫੋਨ ਕਰਕੇ ਆਪਣੀ ਕੁਲੀਗ ਮੁਹਿੰਦਰ ਨੂੰ ਬੁਲਾ ਲਿਆ ਕਿ ਮਨਜੀਤ ਨਾਲ ਇਕੱਲਿਆਂ ਉਹ ਸਾਰੀ ਗੱਲਬਾਤ ਕਰੇ। ਮੈਂ ਸਕੂਲ ਸੈਕ੍ਰੇਟਰੀ ਨਾਲ ਗੱਲ ਕਰਕੇ ਇੱਕ ਕਮਰੇ ਵਿਚ ਚਲਾ ਗਿਆ ਅਤੇ ਪੁਲੀਸ ਨਾਲ ਸੰਪਰਕ ਕਰ ਲਿਆ ਕਿ, "ਸੈਕਸੂਅਲ ਚਾਈਲਡ ਐਬਯੂਜ਼ ਦਾ ਕੇਸ ਆ ਅਤੇ ਸਾਰੀ ਜਾਣਕਾਰੀ ਮੈਂ ਕੁਝ ਹੀ ਮਿੰਟਾਂ 'ਚ ਦਿੰਦਾਂ।" ਇਸ ਤੋਂ ਬਾਦ ਮੈਂ ਫੋਸਟਰ ਪੈਰੇਂਟਸ ਅਤੇ ਬੱਚਿਆਂ ਦੇ ਰਹਿਣ ਵਾਲੇ ਸਰਕਾਰੀ ਘਰਾਂ ਨਾਲ ਸੰਪਰਕ ਕੀਤਾ ਕਿ ਉਥੇ ਕੋਈ ਖਾਲੀ ਥਾਂ ਹੈ ਜਾਂ ਨਹੀਂ ਤਾਂ ਕਿ ਅਗਰ

ਲੋੜ ਪਈ ਤਾਂ ਮਨਜੀਤ ਨੂੰ ਉਥੇ ਰੱਖਿਆ ਜਾ ਸਕੇ।

ਹੁਣ ਮੁਹਿੰਦਰ ਨੇ ਮਨਜੀਤ ਤੋਂ ਸਾਰੀ ਜਾਣਕਾਰੀ ਲੈ ਲਈ ਸੀ। ਮੁਹਿੰਦਰ ਨੇ ਮੈਨੂੰ ਦੱਸਿਆ, "ਮਨਜੀਤ ਨਾਲ ਉਹਦਾ ਬਾਪ ਇਹ ਬਦਮਾਸ਼ੀਆਂ ਸਕੂਲ ਤੋਂ ਬਾਦ ਕਰਦੈ। ਸਕੂਲ ਤੋਂ ਘਰ ਆਪਣੀ ਕਾਰ ਵਿਚ ਲੈ ਕੇ ਜਾਂਦਾ। ਘਰ ਵਿਚ ਮਨਜੀਤ ਦੀ ਦਾਦੀ ਅਤੇ ਦੋ ਛੋਟੇ ਭਰਾ ਵੀ ਆ। ਘਰ ਜਾਣ ਤੋਂ ਬਾਦ ਸਭ ਨੂੰ ਕੁੱਝ ਖੁਆ ਪੁਲਾ ਕੇ ਦਾਦੀ ਤੇ ਛੋਟੇ ਭਰਾਵਾਂ ਨੂੰ ਉਪਰ ਬੈੱਡਰੂਮ ਵਿਚ ਭੇਜ ਦਿੰਦਾ। ਪੌੜੀਆਂ ਨੂੰ ਲੱਗੇ ਲੰਬੇ ਗੇਟ ਨੂੰ ਜ਼ਿੰਦਾ ਲਾ ਕੇ ਫਿਰ ਮਨਜੀਤ ਨਾਲ ਹਰ ਰੋਜ਼ ਜ਼ਬਰਦਸ਼ਤੀ ਕਰਦੈ। ਮਨਜੀਤ ਦੀ ਮਾਂ ਕਿਸੇ ਫੈਕਟਰੀ ਵਿਚ ਕੰਮ ਕਰਦੀ ਆ ਅਤੇ ਉਹ ਕੰਮ ਤੋਂ ਵਾਪਿਸ ਛੇ ਵਜੇ ਆਉਂਦੀ ਆ। ਮਨਜੀਤ ਦੀ ਮਾਂ ਨੂੰ ਇਸ ਬਾਰੇ ਕੁੱਝ ਨਹੀਂ ਪਤਾ। ਇਹਦੇ ਡੈਡ ਨੇ ਇਹਨੂੰ ਐਨਾ ਡਰਾਇਆ ਕਿ ਜੇ ਕਿਸੇ ਕੋਲ ਕੋਈ ਗੱਲ ਕੀਤੀ ਤਾਂ ਉਹ ਸਾਰੇ ਟੱਬਰ ਨੂੰ ਮਾਰ ਦੇਵੇਗਾ। ਹੁਣ ਵੀ ਮਨਜੀਤ ਨੇ ਤਾਂ ਗੱਲ ਕੀਤੀ ਆ ਕਿ ਉਹਦੇ ਤੋਂ ਹੋਰ ਬਰਦਾਸ਼ਤ ਲਹੀਂ ਸੀ ਹੋ ਰਿਹਾ ਅਤੇ ਉਹਦਾ ਪੜ੍ਹਾਈ ਵਿਚ ਮਨ ਨਹੀਂ ਸੀ ਲੱਗ ਰਿਹਾ। ਉਹ ਕਲਾਸ ਵਿਚ ਚੁੱਪ ਗੜੁੱਪ ਬੇਠੀ ਰਹਿੰਦੀ ਆ।" ਮਨਜੀਤ ਨੇ ਇਹ ਵੀ ਦੱਸਿਆ ਕਿ, "ਉਹਦਾ ਡੈਡ ਇੱਕ ਸਾਲ ਤੋਂ ਕੰਮ ਨਹੀਂ ਕਰਦਾ ਅਤੇ ਘਰ ਬੈਠਾ ਆਪਣੇ ਬੈੱਡਰੂਮ ਵਿਚ ਅਸ਼ਲੀਲ ਫਿਲਮਾਂ ਦੇਖਦਾ ਰਹਿੰਦਾ। ਆਪਣੀ ਮਾਂ ਨੂੰ ਉਹ ਕਦੇ ਕਦੇ ਗੁਰਦੁਆਰੇ ਵੀ ਛੱਡ ਆਉਂਦਾ। ਉਹਦੇ ਛੋਟੇ ਭੈਣ ਭਰਾ ਨੂੰ ਉਹਦੀ ਦਾਦੀ ਈ ਸਕੂਲ ਤੋਂ ਲੈ ਕੇ ਆਉਂਦੀ ਆ। ਅਤੇ ਨਾਲੇ ਘਰ ਵਿਚ ਰੋਟੀ ਵੀ ਉਹ ਈ ਬਣਾਉਂਦੀ ਆ।"

ਮੈਂ ਅਤੇ ਮੁਹਿੰਦਰ, ਮਨਜੀਤ ਨੂੰ ਹੁਣ ਹਸਪਤਾਲ ਲੈ ਗਏ ਤਾਂ ਕਿ ਉਹਦਾ ਡਾਕਟਰੀ ਮੁਆਇਨਾ ਕਰਵਾ ਕੇ ਰਿਪੋਰਟ ਲੈ ਲਈ ਜਾਵੇ। ਇਸ ਬਾਰੇ ਮੈਂ ਸਕੂਲ ਅਤੇ ਪੁਲੀਸ ਨੂੰ ਦੱਸ ਦਿੱਤਾ। ਸਕੂਲ ਟਾਈਮ ਤੋਂ ਬਾਦ ਮੈਂ ਮੁਹਿੰਦਰ ਨੂੰ ਕਿਹਾ ਕਿ, "ਉਹ ਮਨਜੀਤ ਦੀ ਦਾਦੀ ਨੂੰ ਫੋਨ ਕਰ ਦੇਵੇ ਕਿ ਮਨਜੀਤ ਘਰ ਲੇਟ ਆਵੇਗੀ ਅਤੇ ਉਹ ਸੋਸ਼ਲ ਸਰਵਿਸਜ਼ ਦੀ ਹਿਫਾਜ਼ਤ ਵਿਚ ਆ।"

ਡਾਕਟਰੀ ਰਿਪੋਰਟ ਤੋਂ ਬਾਦ ਮੈਂ ਪੁਲੀਸ ਸਟੇਸ਼ਨ ਚਲਾ ਗਿਆ ਅਤੇ ਮੁਹਿੰਦਰ ਨੂੰ ਕਹਿ ਗਿਆ ਕਿ, "ਉਹ ਮਨਜੀਤ ਨੂੰ ਲੈ ਕੇ ਦਫਤਰ ਚਲੀ ਜਾਵੇ ਅਤੇ ਮੇਰਾ ਇੰਤਜ਼ਾਰ ਕਰੇ। ਨਾਲੇ ਮਨਜੀਤ ਨੂੰ ਕੁਝ ਖਿਲਾ ਵੀ ਦੇਵੇ।" ਮਨਜੀਤ ਦੀ ਡਾਕਟਰੀ ਰਿਪੋਰਟ ਸਪੱਸ਼ਟ ਕਰ ਦਿੱਤਾ ਸੀ ਕਿ ਉਹਦਾ ਸਕਾ ਪਿਉ ਉਹਦੇ ਨਾਲ ਆਪਣੀ ਕਾਮਹਵਸ ਪੂਰੀ ਕਰਦਾ ਰਿਹਾ ਸੀ।

ਮੈਂ ਜਦ ਪੁਲੀਸ ਸਟੇਸ਼ਨ ਗਿਆ ਤਾਂ ਮਨਜੀਤ ਦਾ ਪਿਉ ਨੀਵੀਂ ਪਾ ਕੇ ਬੈਠਾ ਸੀ। ਚਾਲ੍ਹੀਆਂ ਕੁ ਨੂੰ ਢੁੱਕਿਆ ਮਨਜੀਤ ਦਾ ਬਾਪ ਦੇਖਣ ਨੂੰ ਬੀਬਾ ਲੱਗਦਾ ਸੀ। ਸਿਰ ਤੇ ਪੱਗ ਅਤੇ ਦਾੜ੍ਹੀ ਕੇਸ ਰੱਖੇ ਹੋਏ ਸਨ। ਪੁਲੀਸ ਨੇ ਇੰਟਰਪੈਰਟਰ (ਬਾਤੂ) ਦਾ ਪਹਿਲਾਂ ਈ ਬੰਦੋਬਸਤ ਕਰ ਰੱਖਿਆ ਸੀ। ਪੁਲੀਸ ਨੇ "ਬਾਤੂ" ਦੇ ਜ਼ਰੀਏ ਜਦ ਮਨਜੀਤ ਦੇ ਬਾਪ ਨੂੰ ਪੁੱਛ ਗਿੱਛ ਕੀਤੀ ਤਾਂ ਉਹ ਸਾਫ ਮੁਕਰ ਗਿਆ ਕਿ ਉਹਨੇ ਕਦੇ ਮਨਜੀਤ ਨਾਲ ਕੋਈ ਬਦਫੈਲੀ ਕੀਤੀ ਸੀ। ਸਗੋਂ ਉਲਟੀ ਦਲੀਲ ਦਿੱਤੀ ਕਿ, "ਇੱਥੇ ਦੇ ਨਿਆਣਿਆਂ ਦਾ ਕੀ ਪਤੈ ਕੀ ਕਰਦੇ ਫਿਰਦੇ ਆ! ਨਾਲੇ ਜੀ ਮੈਂ ਤਾਂ ਗੁਰਸਿੱਖ ਆਦਮੀ ਆਂ।" ਮੈਂ ਹੁਣ ਵਿਚ ਬੋਲ ਪਿਆ, "ਕੀ ਗੁਰਸਿੱਖ ਹੋਣੈਂ ਬਦਮਾਸ਼ੀਆਂ

ਨਾ ਕਰਨ ਦਾ ਲਸੰਸ ਆ? ਮੈਂ ਕਈ ਕੱਟੜ ਧਾਰਮਿਕ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈਆਂ ਨੂੰ ਜਾਣਦੈ ਜੋ ਆਏ ਦਿਨ ਬਦਮਾਸ਼ੀਆਂ ਕਰਕੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਐ।" ਮੇਰੀ ਇਸ ਗੱਲ ਦਾ ਉਹਦੇ ਕੋਲ ਹੁਣ ਕੋਈ ਜੁਆਬ ਨਹੀਂ ਸੀ। ਮੈਂ ਨਾਲ ਈ ਇਹ ਕਹਿ ਦਿੱਤਾ, "ਤੂੰ ਮਨਜੀਤ ਨੂੰ ਆਪ ਸਕੂਲੇ ਛੱਡ ਕੇ ਅਤੇ ਲੈ ਕੇ ਆਉਂਦੈ। ਸਕੂਲ ਵਾਲੇ ਕਹਿੰਦੇ ਆ ਕਿ ਮਨਜੀਤ ਕਦੇ ਸਕੂਲੋਂ ਬਾਹਰ ਨਈਂ ਗਈ। ਵੀਕਐਂਡ ਤੇ ਵੀ ਮਨਜੀਤ ਦੇ ਦੱਸਣ ਮੁਤਾਬਕ ਉਹ ਕਦੇ ਇਕੱਲੀ ਘਰੋਂ ਬਾਹਰ ਨਹੀਂ ਗਈ। ਤੇਰੀ ਬਹੁਤੇ ਰਿਸ਼ਤੇਦਾਰਾਂ ਨਾਲ ਬੋਲ ਚਾਲ ਨਈਂ ਅਤੇ ਨਾ ਹੀ ਤੇਰਾ ਕੋਈ ਦੋਸਤ ਮਿੱਤਰ ਤੇਰੇ ਘਰ ਆਉਂਦੈ। ਘਰ ਵਿਚ ਹੋਰ ਕੋਈ ਮਰਦ ਨਹੀਂ। ਫਿਰ ਇਹ ਕਰਤੂਤ ਕੌਣ ਕਰਦਾ ਰਿਹੈ? ਮਨਜੀਤ ਦੇ ਬਾਪ ਕੋਲ ਮੇਰੀਆਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ ਅਤੇ ਉਹ ਚੁੱਪ ਕਰਕੇ ਬੈਠਾ ਰਿਹਾ। ਪੁਲੀਸ ਨੇ ਮਨਜੀਤ ਦੇ ਡੈਡ ਨੂੰ ਠਾਣੇ ਡੱਕ ਦਿੱਤਾ। ਉਹਨੂੰ ਛੱਡਣ ਦਾ ਹੁਣ ਸੁਆਲ ਈ ਪੈਦਾ ਨਹੀਂ ਸੀ ਹੁੰਦਾ। ਗੱਲ ਦੁੱਧ ਅਤੇ ਪਾਣੀ ਵਾਂਗ ਸਾਫ ਹੋ ਗਈ ਸੀ।

ਮੈਂ ਇਸ ਤੋਂ ਬਾਦ ਦਫਤਰ ਆ ਗਿਆ। ਸਮਾਂ ਵੀ ਛੇ ਤੋਂ ਉੱਪਰ ਹੋ ਗਿਆ ਸੀ। ਸਰਕਾਰੀ ਮਹਿਕਮਿਆਂ ਦੇ ਕੰਮ ਆਪਣੀ ਚਾਲੇ ਈ ਹੁੰਦੈ ਆ। ਮਨਜੀਤ, ਮੁਹਿੰਦਰ ਅਤੇ ਮੈਂ ਮਨਜੀਤ ਦੇ ਘਰ ਉਹਦੀ ਮਾਂ ਨੂੰ ਮਿਲਣ ਚਲੇ ਗਏ। ਜਾਣ ਤੋਂ ਪਹਿਲਾਂ ਮੈਂ ਫੋਨ ਕਰ ਦਿੱਤਾ ਕਿ, "ਅਸੀਂ ਮਨਜੀਤ ਨੂੰ ਲੈ ਕੇ ਆ ਰਹੇ ਆਂ।"

ਘਰ ਜਾ ਕੇ ਮਨਜੀਤ ਮਾਂ ਦੇ ਗਲ਼ ਲੱਗ ਕੇ ਜ਼ੋਰ ਜ਼ੋਰ ਰੋਣ ਲੱਗ ਪਈ। ਮਨਜੀਤ ਦੀ ਮਾਂ ਉੱਚੀ ਉੱਚੀ ਰੋਣ ਅਤੇ ਹਉਕੇ ਭਰਨ ਲੱਗ ਪਈ। ਮਨਜੀਤ ਦੀ ਦਾਦੀ ਅਤੇ ਛੋਟੇ ਬੱਚੇ ਵੀ ਚੀਕਾਂ ਮਾਰਨ ਲੱਗ ਪਏ। ਮੁਹਿੰਦਰ ਨੇ ਮਨਜੀਤ ਅਤੇ ਉਹਦੀ ਮਾਂ ਨੂੰ ਮਸੀਂ ਚੁੱਪ ਕਰਾਇਆ। ਮੈਂ ਮਨਜੀਤ ਅਤੇ ਉਹਦੀ ਦਾਦੀ ਨੂੰ ਹੌਸਲਾ ਰੱਖਣ ਲਈ ਕਿਹਾ ਕਿ, "ਮੈਨੂੰ ਸਰਕਾਰੀ ਕਾਰਵਾਈ ਕਰਨੀ ਪੈਣੀਆ।" ਮਨਜੀਤ ਦੀ ਦਾਦੀ ਉਸ ਵੇਲੇ ਘਰ ਈ ਸੀ ਜਦ ਪੁਲੀਸ ਉਹਦੇ ਪੁੱਤ ਨੂੰ ਫੜ ਕੇ ਲੈ ਗਈ ਸੀ। ਮਨਜੀਤ ਦੇ ਦਾਦੇ ਨੂੰ ਮਰਿਆਂ ਕਈ ਵਰ੍ਹੇ ਬੀਤ ਗਏ ਸਨ ਅਤੇ ਦਾਦੀ ਹੁਣ ਇਸ ਮੁਲਕ ਵਿਚ ਪੱਕੇ ਤੌਰ ਤੇ ਰਹਿ ਰਹੀ ਸੀ। ਪੁਲੀਸ ਨੇ ਮੈਨੂੰ ਦੱਸਿਆ ਸੀ ਕਿ "ਜਦ ਉਹ ਮਿਸਟਰ ਸਿੰਘ ਨੂੰ ਘਰੋਂ ਫੜ ਕੇ ਲਿਆਏ ਸਨ ਤਾਂ ਉਹ ਅਸ਼ਲੀਲ ਫਿਲਮ ਦੇਖ ਰਿਹਾ ਸੀ।" ਪੁਲੀਸ ਨੇ ਕੁੱਝ ਅਸ਼ਲੀਲ ਫਿਲਮਾਂ ਵੀ ਕਬਜ਼ੇ 'ਚ ਕਰ ਲਈਆਂ ਸਨ ਤਾਂ ਕਿ ਸਬੂਤ ਹੋਰ ਪੱਕੇ ਹੋ ਸਕਣ।

ਹੁਣ ਮਨਜੀਤ ਦੀ ਮਾਂ ਨੂੰ ਇਕੱਲਿਆਂ ਦੂਜੇ ਕਮਰੇ ਵਿਚ ਲਿਜਾ ਕੇ ਮੈਂ ਅਤੇ ਮੁਹਿੰਦਰ ਨੇ ਸਾਰੀ ਗੱਲ ਦੱਸ ਦਿੱਤੀ ਕਿ, "ਕਿਉਂ ਉਹਦੇ ਘਰ ਵਾਲੇ ਨੂੰ ਪੁਲੀਸ ਫੜ੍ਹਕੇ ਲੈ ਕੇ ਗਈ ਆ।" ਮਨਜੀਤ ਦੀ ਮਾਂ ਇਹ ਸਭ ਸੁਣ ਚੁੱਪ ਕਰ ਗਈ ਅਤੇ ਕੁੱਝ ਨਾਂ ਬੋਲ ਸਕੀ। ਮੈਨੂੰ ਉਹਦਾ ਸਾਹ ਬੰਦ ਹੁੰਦਾ ਨਜ਼ਰ ਆਉਣ ਲੱਗਾ ਅਤੇ ਉਹ ਬੇਹੋਸ਼ ਹੋ ਕੇ ਡਿੱਗ ਪਈ। ਸਾਨੂੰ ਹੱਥਾਂ ਪੈਰ੍ਹਾਂ ਦੀ ਪੈ ਗਈ। ਮੁਹਿੰਦਰ ਅਤੇ ਮਨਜੀਤ ਨੂੰ ਮੈਂ ਕਿਹਾ ਕਿ, "ਉਹ ਉਹਦੀ ਪਿੱਠ, ਲੱਤਾਂ, ਪੈਰ੍ਹਾਂ ਅਤੇ ਸਿਰ ਦੀ ਮਾਲਿਸ਼ ਕਰਨ ਅਤੇ ਮੈਂ ਪਾਣੀ ਦਾ ਗਿਲਾਸ ਲੈ ਆਇਆ। ਥੋੜ੍ਹੀ ਦੇਰ ਬਾਦ ਸਾਡੀ ਇਸ ਨਿਮਾਣੀ ਜੇਹੀ ਕੋਸ਼ਿਸ਼ ਨਾਲ ਮਨਜੀਤ ਦੀ ਮਾਂ ਉੱਠ ਖੜ੍ਹੀ ਹੋਈ। ਮਨਜੀਤ ਆਪਣੀ ਮਾਂ ਨੂੰ ਜੱਫੀ ਪਾ ਕੇ ਬੈਠੀ ਰਹੀ ਅਤੇ ਮੁਹਿੰਦਰ ਨੇ ਵੀ ਉਹਨੂੰ ਸਹਾਰਾ ਦਿੱਤਾ। ਇਹ ਸੀਨ ਬੜਾ

ਦਰਦਨਾਕ ਸੀ। ਇਕ ਮਾਂ ਲਈ ਆਪਣੀ ਧੀ ਤੇ ਉਹਦੇ ਈ ਬਾਪ ਵੱਲੋਂ ਕੀਤਾ ਕੁਕਰਮ ਕਿਵੇਂ ਬਰਦਾਸ਼ਤ ਹੋਵੇ? ਮੈਂ ਅਤੇ ਮੁਹਿੰਦਰ ਇਹ ਸਭ ਸਮਝਦੇ ਸੀ ਪਰ ਅਸੀਂ ਕੀ ਕਰ ਸਕਦੇ ਸੀ। ਸਾਨੂੰ ਫਿਕਰ ਮਨਜੀਤ ਦਾ ਸੀ ਕਿ ਉਹਦੇ ਦੋਸ਼ੀ ਬਾਪ ਨੂੰ ਉਹਦੇ ਪਾਪਾਂ ਦੀ ਸਜ਼ਾ ਜ਼ਰੂਰ ਮਿਲੇ ਅਤੇ ਮਨਜੀਤ ਤੇ ਕੋਈ ਉਂਗਲ ਨਾ ਉੱਠੇ।

ਤਕਰੀਬਨ ਪੌਣੇ ਘੰਟੇ ਬਾਦ ਮੈਂ ਹੌਲੀ ਹੌਲੀ ਸਾਰੀ ਗੱਲ ਮਨਜੀਤ ਦੀ ਮਾਂ ਨੂੰ ਦੱਸੀ ਕਿ, "ਡਾਕਟਰੀ ਰਿਪੋਰਟ ਕੀ ਕਹਿੰਦੀ ਆ। ਇਹਦਾ ਮਤਲਬ ਇਹ ਆ ਕਿ ਮਨਜੀਤ ਦਾ ਡੈਡ ਹੁਣ ਘਰ ਨਹੀਂ ਆ ਸਕਦਾ। ਕੋਰਟ ਵਿਚ ਕੇਸ ਲੱਗੇਗਾ ਅਤੇ ਉਥੇ ਈ ਫੈਂਸਲਾ ਹੋਵੇਗਾ। ਨਾਲ ਈ ਦੱਬਵੀ ਆਵਾਜ਼ ਵਿਚ ਇਹ ਦੱਸ ਦਿੱਤਾ ਕਿ ਮਨਜੀਤ ਉੱਪਰ ਕਿਸੇ ਵੀ ਕਿਸਮ ਦਾ ਦਬਾਅ ਨਾਂ ਪਾਇਆ ਜਾਵੇ। ਜੇਕਰ ਸਾਨੂੰ ਇਸ ਦਬਾਅ ਵਾਲੀ ਗੱਲ ਦੀ ਭਿਣਕ ਵੀ ਪੈ ਗਈ ਤਾਂ ਮਨਜੀਤ ਨੂੰ ਤਾਂ ਅਸੀਂ ਘਰੋਂ ਲੈ ਜਾਵਾਂਗੇ ਈ, ਤੁਹਾਡੇ ਬਾਕੀ ਦੇ ਦੋਵੇਂ ਬੱਚੇ ਵੀ ਚੁੱਕ ਕੇ ਲੈ ਜਾਣੇ ਆ। ਜਾਣ ਤੋਂ ਪਹਿਲਾਂ ਮਨਜੀਤ ਦੀ ਮਾਂ ਨੂੰ ਮੈਂ ਇਹ ਵੀ ਦੱਸ ਦਿੱਤਾ ਕਿ ਮੈਂ ਅਤੇ ਮੁਹਿੰਦਰ ਤਕਰੀਬਨ ਹਰ ਰੋਜ਼ ਈ ਮਨਜੀਤ ਨੂੰ ਸਕੂਲੇ ਜਾਂ ਘਰ ਮਿਲਣ ਆਉਂਦੇ ਰਹਿਣਾ ਤਾਂ ਕਿ ਪਤਾ ਕਰਦੇ ਰਹੀਏ ਕਿ ਸਭ ਠੀਕ ਠਾਕ ਆ। ਮੇਰੀਆਂ ਗੱਲਾਂ ਦਾ ਮਨਜੀਤ ਦੀ ਮਾਂ ਨੇ ਕੋਈ ਜੁਆਬ ਨਾਂ ਦਿੱਤਾ। ਉਹ ਵਿਚਾਰੀ ਡੈਂਹਬਰਿਆਂ ਵਾਂਗ ਮੇਰੇ ਵੱਲ ਦੇਖਦੀ ਰਹੀ ਕਿ ਉਹਦੀ ਵਸਦੀ ਰਸਦੀ ਦੁਨੀਆਂ ਮਿੰਟਾਂ ਸਕਿੰਟਾਂ ਵਿਚ ਈ ਫਨਾਹ ਹੋ ਗਈ ਸੀ। ਉਹਨੂੰ ਲੋਕਾਂ ਅਤੇ ਰਿਸ਼ਤੇਦਾਰਾਂ ਦੀ ਤਾਂ ਪ੍ਰਵਾਹ ਹੈ ਈ ਸੀ ਪਰ ਸਭ ਤੋਂ ਜ਼ਿਆਦਾ ਇਸ ਗੱਲ ਦੀ ਨਮੋਸ਼ੀ ਸੀ ਕਿ ਉਹ ਆਪਣੇ ਆਦਮੀ ਤੋਂ ਈ ਆਪਣੀ ਫੁੱਲਾਂ ਵਰਗੀ ਧੀ ਨੂੰ ਨਹੀਂ ਸੀ ਬਚਾ ਸਕੀ। ਦਰਿੰਦਗੀ ਦੀ ਇੰਤਹਾ ਹੋ ਚੁੱਕੀ ਸੀ। ਉਹਨੂੰ ਮਹਿਸੂਸ ਹੋ ਰਿਹਾ ਸੀ ਕਿ ਅਗਰ ਬੱਚੇ ਆਪਣੇ ਮਾਂ ਬਾਪ ਦੀ ਹਿਫਾਜ਼ਤ ਵਿਚ ਵੀ ਮਹਿਫੂਜ਼ ਨਹੀਂ ਹਨ ਤਾਂ ਉਹ ਕਿਥੇ ਜਾਣ? ਉੱਤੋਂ ਧਾਰਮਿਕਤਾ ਦਾ ਭੇਖ ਕਿ ਅਸੀਂ ਤਾਂ ਗੁਰੂ ਦੇ ਸਿੱਖ ਆਂ। ਉਹ ਕਿਸੇ ਨੂੰ ਮੂੰਹ ਦਿਖਾਵੇ ਤਾਂ ਦਿਖਾਵੇ ਕਿਵੇਂ? ਉਹ ਆਪਣੇ ਆਪ ਨੂੰ ਦੋਸ਼ੀ ਠਹਿਰਾਉਣ ਲੱਗ ਪਈ ਕਿ ਇਸ ਭੇੜੀਏ ਕੋਲੋਂ ਉਹ ਆਪਣੀ ਅਣਭੋਲ ਬੱਚੀ ਨਾਂ ਬਚਾ ਸਕੀ। ਉਹ ਕੇਹੋ ਜਿਹੀ ਮਾਂ ਹੈ? ਉਹਦਾ ਮਨ ਉਹਨੂੰ ਲਾਹਣਤਾ ਪਾ ਰਿਹਾ ਸੀ। ਪਰ ਹੁਣ ਭਾਣਾ ਵਰਤ ਚੁੱਕਾ ਸੀ। ਪਾਣੀ ਸਿਰਾਂ ਉੱਪਰ ਦੀ ਨਿਕਲ ਚੁੱਕਾ ਸੀ। ਗੱਲ, ਬਾਹਰ ਸਰਕਾਰੇ ਦਰਬਾਰੇ ਪਹੁੰਚ ਚੁੱਕੀ ਸੀ। ਇਸ ਰੁੜ੍ਹੀ ਜਾਂਦੀ ਬੇੜੀ ਨੂੰ ਉਹ ਕਿਵੇਂ ਬਚਾਵੇ? ਉਹ ਅਜੇ ਇਸ ਉਧੇੜ ਬੁਣ 'ਚ ਈ ਸੀ ਕਿ ਦੂਜੇ ਦਿਨ ਪੁਲੀਸ "ਬਾਤੂ" ਨੂੰ ਨਾਲ ਲੈ ਕੇ ਮਨਜੀਤ ਦੀ ਮਾਂ ਨੂੰ ਇੰਟਰਵਿਊ ਕਰਨ ਆ ਗਈ। ਮੇਰੇ ਨਾਲ ਉਹਨਾਂ ਦਾ ਸੰਪਰਕ ਨਾਂ ਹੋ ਸਕਿਆ ਨਹੀਂ ਤਾਂ ਮੈਂ ਉਹਨਾਂ ਨੂੰ ਦੱਸ ਦਿੰਦਾ ਕਿ ਮਨਜੀਤ ਦੀ ਮਾਂ ਇਥੇ ਦੀ ਜੰਮੀ ਪਲੀ ਆ ਅਤੇ ਉਹਨੂੰ "ਬਾਤੂ' ਦੀ ਲੋੜ ਨਹੀਂ। ਬਸ ਇਸ "ਬਾਤੂ" ਨੇ ਈ ਮਨਜੀਤ ਦੀ ਮਾਂ ਨੂੰ ਪੱਕਿਆਂ ਕਰ ਦਿੱਤਾ ਕਿ ਅਗਰ ਮਨਜੀਤ ਆਪਣੇ ਬਿਆਨ ਬਦਲ ਲਏ ਫਿਰ ਹੀ ਉਹਦਾ ਘਰ ਵਾਲਾ ਬਚ ਸਕਦਾ ਨਹੀਂ ਤਾਂ ਬਦਨਾਮੀ ਤਾਂ ਹੋਣੀ ਈ ਆ, ਸੱਤ ਸਾਲ ਦੀ ਕੈਦ ਵੀ ਹੋਵੇਗੀ।

ਜਦ ਮੈਂ ਅਤੇ ਪੁਲੀਸ ਨੇ ਕੇਸ ਤਿਆਰ ਕਰ ਲਿਆ ਤਾਂ ਕਚਹਿਰੀ ਵਿਚ ਮਨਜੀਤ ਨੇ ਬਿਆਨ ਬਦਲ ਲਏ। ਕੇਸ ਡਿਸਮਿਸ ਹੋ ਗਿਆ। ਮੇਰਾ ਮਨ ਬੁਰੀ ਤਰ੍ਹਾਂ ਝਰੀਟਿਆ ਗਿਆ। ਮੇਰੀਆ ਅਤੇ ਮਹਿੰਦਰ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ

ਮਨਜੀਤ ਦੀ ਮਾਂ ਅਤੇ ਦਾਦੀ ਨੇ ਆਪਣਾ ਕੰਮ ਕਰ ਦਿੱਤਾ ਸੀ। ਉਹਨਾਂ ਮਨਜੀਤ ਦੇ ਪੈਰ ਫੜ੍ਹ ਲਏ ਸਨ ਕਿ ਸਿਰਫ, "ਉਹ ਈ ਹੁਣ ਘਰ ਦੀ ਇਜ਼ਤ ਰੱਖ ਸਕਦੀ ਆ।" ਜੋ ਕੁੱਝ ਉਹਦੇ ਬਾਪ ਨੇ ਕੀਤੈ, ਉਹ ਸਾਰੀ ਉਮਰ ਭੁਲਾਇਆ ਨਹੀਂ ਜਾ ਸਕਦਾ। ਕੱਚੀ ਉਮਰ ਅਤੇ ਇਹਨਾਂ ਰਾਹਾਂ ਤੋਂ ਅਣਜਾਣ ਮਨਜੀਤ ਭਰਮਾਈ ਗਈ ਸੀ। ਉਸ ਗਰੀਬੜੀ ਦਾ ਮਾਂ ਨਾਲੋਂ ਨਜ਼ਦੀਕੀ ਹੋਰ ਇਥੇ ਹੈ ਵੀ ਕੌਣ ਸੀ? ਪਰ ਮੈਂ ਗੱਲ ਇਥੇ ਨਹੀਂ ਸੀ ਛੱਡਣਾ ਚਾਹੁੰਦਾ। ਮੈਂ ਪੁਲੀਸ ਅਤੇ ਡਾਕਟਰਾਂ ਨਾਲ ਮਿਲ ਕੇ ਇਹ ਫੈਸਲਾ ਕਰਵਾ ਲਿਆ ਕਿ, "ਮਨਜੀਤ ਦੇ ਬਾਪ ਦਾ ਨਾਂ "ਚਾਈਲਡ ਪ੍ਰੋਟੈਕਸ਼ਨ ਰਜਿਸਟਰ" ਤੇ ਲਿਖ ਦਿੱਤਾ ਜਾਵੇ ਅਤੇ ਉਹ ਘਰ ਨਾਂ ਵੜਨ ਦਿੱਤਾ ਜਾਵੇ।" ਹੁਣ ਮਨਜੀਤ ਦਾ ਬਾਪ ਘਰੋਂ ਦੂਰ ਇਕ ਫਲੈਟ ਵਿਚ ਇਕੱਲਾ ਰਹਿੰਦਾ ਸੀ। ਕਹਿੰਦੇ ਹਨ ਕਿ, "ਇਨਸਾਨ ਦੀਆਂ ਆਦਤਾਂ ਨਹੀਂ ਬਦਲ ਦੀਆਂ। ਸੱਪ ਡੰਗ ਮਾਰਦਾ ਈ ਮਾਰਦਾ।" ਇਸ ਸਾਰੇ ਚੌਣੇਂ ਨੇ ਇਹ ਫੈਂਸਲਾ ਕੀਤਾ ਕਿ ਮਨਜੀਤ ਨੂੰ ਸਕੂਲੀ ਪੜ੍ਹਾਈ ਤੋਂ ਬਾਦ "ਏ ਲੇਵਲ" ਅਤੇ ਫਿਰ ਯੂਨੀਵਰਸਿਟੀ ਨਾਂ ਭੇਜਿਆ ਜਾਵੇ ਸਗੋਂ ਇੰਡਿਆ ਤੋਂ ਆਏ ਇੱਕ "ਜਾਅਲੀ ਫਰੈਸ਼ੀ" ਨਾਲ ਉਹਦਾ ਵਿਆਹ ਕਰ ਦਿੱਤਾ ਜਾਵੇ। ਜਦ ਇਕ ਦਿਨ ਅਚਾਨਕ ਦਫਤਰ ਆ ਕੇ ਮੈਨੂੰ ਇਹ ਗੱਲ ਦੱਸੀ ਤਾਂ ਮੈਂ ਮਨਜੀਤ ਨੂੰ ਕਿਹਾ ਕਿ, "ਉਹ ਆਪਣੀ ਮਾਂ ਨੂੰ ਕਹਿ ਦੇਵੇ ਕਿ ਜੇਕਰ ਉਹਨਾਂ ਉਹਦੇ ਤੇ ਕਿਸੇ ਕਿਸਮ ਦਾ ਵਿਆਹ ਦਾ ਦਬਾਅ ਪਾਇਆ ਤਾਂ ਉਹ ਸਭ ਕੁੱਝ ਪੁਲੀਸ ਨੂੰ ਦੱਸ ਦੇਵੇਗੀ ਅਤੇ ਉਹਨੂੰ ਅੰਦਰ ਕਰਵਾ ਦੇਵੇਗੀ।" ਮਨਜੀਤ "ਏ ਲੇਵਲ" ਤੋਂ ਬਾਦ ਯੂਨੀਵਰਸਿਟੀ ਜਾ ਕੇ ਪੜ੍ਹਨਾ ਚਾਹੁੰਦੀ ਸੀ। ਮੇਰੀ ਸਲਾਹ ਕਾਰਗਰ ਸਾਬਤ ਹੋਈ। ਉਹਦੀ ਮਾਂ ਨੇ ਮੁੜ ਇਸ ਬਾਰੇ ਗੱਲ ਨਾ ਕੀਤੀ। ਬਾਦ ਵਿਚ ਮਨਜੀਤ ਨੇ ਏ ਲੇਵਲ ਕਰਕੇ ਯੂਨੀਵਰਸਿਟੀ ਤੋਂ ਮਨੋਵਿਗਿਆਨ ਦੀ ਡਿਗਰੀ ਕਰ ਲਈ। ਵਿਆਹ ਬਾਰੇ ਗਾਹੇ ਬਗਾਹੇ ਉਹਨੂੰ ਉਹਦੀ ਮਾਂ ਫਿਰ ਵੀ ਤੁਣਕਾ ਲਾਉਂਦੀ ਰਹੀ। ਮਨਜੀਤ ਨੇ ਮੈਨੂੰ ਦੱਸਿਆ ਕਿ, "ਇਸ ਸਾਰੇ ਸਿਆਪੇ ਦੀ ਜੜ੍ਹ ਉਹਦਾ ਬਦਮਾਸ਼ ਬਾਪ ਸੀ ਜੋ ਉਹਦੀ ਮਾਂ ਤੇ ਇਹੋ ਜੇਹੀਆਂ ਪੁੱਠੀਆਂ ਸਿੱਧੀਆਂ ਸਕੀਮਾਂ ਦੁਆਰਾ ਦਬਾਅ ਪਾਉਂਦਾ ਰਹਿੰਦਾ ਸੀ ਕਿ ਕਿਉਂਕਿ ਮਨਜੀਤ ਦੀ ਮਾਂ ਉਹਨੂੰ ਕਦੇ ਕਦੇ ਮਿਲ ਆਉਂਦੀ ਸੀ। ਭਾਰਤੀ ਸੱਭਿਆਚਾਰ ਵਿਚ ਰੰਗੀ ਹੋਈ ਨਾਰੀ ਜਿਉਂ ਸੀ ਜਿਥੇ ਪਤੀ ਨੂੰ ਪ੍ਰਮੇਸ਼ਰ ਮੰਨਿਆ ਜਾਂਦੈ, ਚਾਹੇ ਪਤੀ ਸਾਹਿਬ ਲੁੱਚਿਆਂ ਦੇ ਲੁੱਚੇ ਹੋਣ।

ਮੈਨੂੰ ਮਨਜੀਤ ਇੱਕ ਦਿਨ ਫਿਰ ਮਿਲਣ ਆਈ ਅਤੇ ਉਹਨੇ ਦੱਸਿਆ ਕਿ ਉਹਨੇ ਯੂਨੀਵਰਸਿਟੀ ਦੇ ਦੌਰਾਨ ਇੱਕ ਪੰਜਾਬੀ ਮੁੰਡੇ ਨਾਲ ਦੋਸਤੀ ਪਾ ਲਈ ਸੀ ਅਤੇ ਉਹਨਾਂ ਆਪਣਾ ਰਜਿਸਟਰ ਵਿਆਹ ਅਗਲੇ ਹਫਤੇ ਕਰਨੈ। ਮੁਹਿੰਦਰ ਅਤੇ ਮੈਂ ਉਥੇ ਜ਼ਰੂਰ ਪਹੁੰਚੀਏ। ਵਿਆਹ ਵਾਲੇ ਦਿਨ ਮਨਜੀਤ ਅਤੇ ਉਹਦਾ ਮਨੋਵਿਗਿਆਨਕ ਗੁਰਜੀਤ ਬੜੇ ਖੁਸ਼ ਸਨ। ਮੈਂ ਅਤੇ ਮੁਹਿੰਦਰ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤੀ ਕਿ, "ਉਹਨਾਂ ਨੂੰ ਦੁਨੀਆਂ ਭਰ ਦੇ ਸੁੱਖ ਮਿਲਣ ਅਤੇ ਉਹ ਸਦਾ ਖੁਸ਼ ਰਹਿਣ" ਵਿਆਹ 'ਚ ਈ ਮੈਨੂੰ ਪਤਾ ਲੱਗਾ ਕਿ, "ਮਨਜੀਤ ਦੇ ਬਾਪ ਨੂੰ ਅਧਰੰਗ ਹੋ ਗਿਆ ਸੀ। ਸ਼ੂਗਰ ਦਾ ਵੀ ਉਹ ਹੁਣ ਮਰੀਜ਼ ਸੀ ਅਤੇ ਉਹਦੀ ਅੱਖਾਂ ਦੀ ਜੋਤ ਚਲੀ ਗਈ ਸੀ। ਉਹਦੀ ਚਮੜੀ ਵੀ ਥਾ ਥਾਂ ਤੋਂ ਫਟ ਗਈ ਸੀ। ਇਹ ਪਾਪੀ ਆਪਣੇ ਫਲੈਟ ਵਿਚ ਹਰ ਪਲ ਹਰ ਰੋਜ਼ ਜ਼ਿਬ੍ਹਾ ਹੋ ਰਿਹਾ ਸੀ।

# ਪਾਪੀ ਅਤੇ ਜ਼ਾਲਮ ਬਾਪ

ਰਾਬੀਆ ਨੂੰ ਜਿਸ ਦਿਨ ਮੈਂ ਪਹਿਲੀ ਵਾਰ ਮਿਲਿਆ ਉਹ ਨੀਲਮ ਦੀ ਕੱਪੜਿਆਂ ਦੀ ਦੁਕਾਨ ਵਿਚ ਕੰਮ ਕਰਦੀ ਸੀ। ਲਾਹੌਰ ਤੋਂ ਆਈ ਰਾਬੀਆ ਭਾਰਤੀ ਪੰਜਾਬ ਦੇ ਲੋਕਾਂ ਵਾਂਗ ਪੰਜਾਬੀ ਬੋਲਦੀ ਸੀ। ਰਾਬੀਆ ਦੇ ਅਨਾਭੀ ਰੰਗ ਦਾ ਸੂਟ ਪਾਇਆ ਹੋਇਆ ਸੀ ਅਤੇ ਉਹਦੇ ਪੌਣੇ ਛੇ ਫੁੱਟ ਲੰਬੇ ਕੱਦ ਵਿਚੋਂ ਹੁਸਨ ਡਲਕਾਂ ਮਾਰ ਰਿਹਾ ਸੀ। ਤੂਤ ਦੀ ਛਿਟੀ ਵਰਗੀ ਰਾਬੀਆ ਦੁਕਾਨ ਵਿਚ ਦੌੜੀ ਭੱਜੀ ਫਿਰਦੀ, ਹੰਸੂ ਹੰਸੂ ਕਰ ਰਹੀ ਸੀ। ਮੁਸਲਮਾਨ ਔਰਤ ਗਾਹਕਾਂ ਨੂੰ ਰਾਬੀਆ ਹੀ ਨਿਪਟਾਉਂਦੀ। ਇਸ ਇਲਾਕੇ ਵਿਚ ਜ਼ਿਆਦਾਤਰ ਮੁਸਲਮਾਨ ਹੀ ਰਹਿੰਦੇ ਸਨ ਅਤੇ ਮੁਸਲਮਾਨ ਵੀ ਇਹ ਮੀਰਪੁਰ ਇਲਾਕੇ ਦੇ ਸਨ। ਮੀਰਪੁਰੀ ਮੁਸਲਮਾਨਾਂ ਦੀ ਪੰਜਾਬੀ ਦਾ ਬੋਲਣ ਦਾ ਲਹਿਜਾ ਲਹੌਰੀਆਂ ਨਾਲੋਂ ਵੱਖਰਾ ਹੈ ਅਤੇ ਵੈਸੇ ਵੀ ਲਹੌਰੀਏ ਮੁਸਲਮਾਨ ਆਪਣੇ ਆਪ ਨੂੰ ਮੀਰਪੁਰੀਆਂ ਨਾਲੋਂ ਉੱਚੇ ਰੁਤਬੇ ਦੇ ਕਹਾਉਂਦੇ ਹਨ ਅਤੇ ਮੀਰਪੁਰੀਆਂ ਨੂੰ ਬੈਕਵਰਡ ਕਹਿੰਦੇ ਹਨ। ਨੀਲਮ ਨੂੰ ਰਾਬੀਆ ਦਾ ਬੜਾ ਫਾਇਦਾ ਸੀ। ਰਾਬੀਆ ਕਰਕੇ ਹੀ ਉਹਦੀ ਦੁਕਾਨ ਤੇ ਜ਼ਿਆਦਾ ਗਾਹਕੀ ਮੁਸਲਮਾਨ ਔਰਤਾਂ ਦੀ ਪੈ ਰਹੀ ਸੀ।

ਰਾਬੀਆ ਜਦ ਵੇਹਲੀ ਹੋਈ ਤਾਂ ਸਾਡੇ ਕੋਲ ਆ ਗਈ। ਨੀਲਮ ਨੇ ਮੇਰਾ ਤੁਆਰਫ ਕਰਾਇਆ ਕਿ, "ਹਰੀਸ਼ ਸਾਡਾ ਪਰਿਵਾਰਕ ਦੋਸਤ ਆ ਅਤੇ ਸੋਸ਼ਲ ਸਰਵਿਜ਼ ਦੇ ਮਹਿਕਮੇ ਵਿਚ ਕੰਮ ਕਰਦੈ।" ਰਾਬੀਆ ਪੈਂਦੀ ਸੱਟੇ ਹੀ ਕਿਹਾ, "ਤਾਂ ਤੁਸੀਂ ਬੜੇ ਕੰਮ ਦੇ ਆਦਮੀ ਹੋ। ਮੇਰੀਆਂ ਸਮੱਸਿਆਵਾਂ ਦਾ ਹੱਲ ਦੱਸ ਦਿਉਗੇ।" ਹੁਣ ਨੀਲਮ ਵਿਚੇ ਈ ਬੋਲ ਪਈ, "ਰਾਬੀਆ ਦੇਖੀਂ ਕਿਤੇ ਹਰੀਸ਼ ਨੂੰ ਵੀ ਆਪਣੇ ਜਾਲ 'ਚ ਨਾ ਫਸਾ ਲਈਂ। ਗੱਲ ਆਪਣੇ ਮਸਲਿਆਂ ਤਕ ਹੀ ਰੱਖੀਂ।" ਰਾਬੀਆ ਥੋੜ੍ਹੀ ਜੇਹੀ ਝੇਂਪ ਗਈ ਅਤੇ ਸ਼ਰਮਾਉਂਦੀ ਹੋਈ ਬੋਲੀ, "ਭੈਣ ਜੀ, ਤੁਸੀਂ ਵੀ ਹੱਦ ਕਰ ਦਿੰਦੇ ਆਂ। ਮੈਂ ਇਥੇ ਬੰਦੇ ਫਸਾਂਉਦੀ ਫਿਰਦੀ ਆਂ।" ਮੈਂ ਕਿਹਾ, "ਮੈਂ ਹੁਣ ਚਲਦੈਂ, ਕਿਸੇ ਦਿਨ ਫਿਰ ਰਾਬੀਆ ਨੂੰ ਮਿਲਣ ਆਵਾਂਗਾ।" ਰਾਬੀਆ ਦਾ ਮੂੰਹ ਮਸੋਸਿਆ ਜਿਹਾ ਹੋ ਕੇ ਰਹਿ ਗਿਆ। ਮੈਂ ਰਾਬੀਆ ਨੂੰ ਹੌਂਸਲਾ ਦਿੰਦੇ ਕਿਹਾ, "ਰਾਬੀਆ ਮੈਂ ਜ਼ਰੂਰ ਆਵਾਂਗਾ। ਮੈਂ ਤੈਨੂੰ ਟਰਕਾ ਨਹੀਂ ਰਿਹਾ।" ਉਹ ਕੁੱਝ ਨਾਂ ਬੋਲੀ ਅਤੇ ਮੈਂ ਦੁਕਾਨ ਤੋਂ ਬਾਹਰ ਹੋ ਗਿਆ।

ਦੋ ਕੁ ਹਫਤੇ ਮੇਰੇ ਕੋਲੋਂ ਦੁਕਾਨ ਤੇ ਜਾ ਨਾਂ ਹੋਇਆ। ਇੱਕ ਦਿਨ ਨੀਲਮ ਅਤੇ ਉਹਦਾ ਘਰ ਵਾਲਾ ਸਾਨੂੰ ਘਰ ਮਿਲਣ ਆ ਗਏ। ਗੱਲਾਂ ਗੱਲਾਂ ਵਿਚ ਰਾਬੀਆ ਦੀ ਵੀ ਗੱਲ ਚੱਲ ਪਈ। ਨੀਲਮ ਕਿਹਾ "ਰਾਬੀਆ ਤੈਨੂੰ ਚੇਤੇ ਕਰਦੀ ਸੀ ਕਿ ਲਾਰਾ ਲਾ ਕੇ ਵਾਪਿਸ ਆਇਆ ਈ ਨਹੀਂ। ਹਰੀਸ਼, ਇੱਕ ਗੱਲ ਦਾ ਖਿਆਲ ਰੱਖੀਂ, ਰਾਬੀਆ ਕਾਫੀ ਚੁਸਤ ਆ। ਇਹਨੇ ਆਪਣਾ ਆਦਮੀ ਛੱਡਿਐ ਅਤੇ ਅੱਜ ਕੱਲ੍ਹ ਕਿਸੇ ਨਾਲ

ਪਿਆਰ ਦੀਆਂ ਪੀਘਾਂ ਪਾਈ ਫਿਰਦੀ ਆ। ਇਹ ਆਪ ਈ ਮੈਨੂੰ ਦੱਸਦੀ ਸੀ ਕਿ ਜੇਹਦੇ ਨਾਲ ਅੱਜ ਕੱਲ ਇਸ਼ਕ ਚੱਲ ਰਿਹਾ ਇਹ ਉਹਦਾ ਤੀਜਾ ਆਸ਼ਕ ਆ। ਕਹਿ ਰਹੀ ਸੀ ਕਿ ਮੁਸਲਮਾਨ ਮਰਦਾਂ ਦਾ ਕੋਈ ਭਰੋਸਾ ਨਹੀਂ। ਇੱਕੋ ਵੇਲੇ ਕਈ ਥਾਂਈਂ ਕੁੰਡੀਆਂ ਫਸਾਈ ਫਿਰਦੇ ਆ। ਪਰ ਆਪਾਂ ਕੀ ਲੈਣੈ। ਸਾਡੇ ਤਾਂ ਇਹ ਪਾਰਟ-ਟਾਈਮ ਕੰਮ ਕਰਦੀ ਆ ਨਾਲੇ ਸੋਸ਼ਲ ਸਕਿਉਰਟੀ ਤੋਂ ਮਿਲਦੇ ਪੈਸੇ ਵੀ ਲਈ ਜਾਂਦੀ ਆ। ਇਹਦੇ ਵਿਆਹ ਦੀ ਇੱਕ ਈ ਕੁੜੀ ਆ ਅਤੇ  ਉਹ ਵੀ ਵਿਆਹੀ ਆ।" ਮੈਂ ਪੁੱਛਿਆ "ਮੇਰੇ ਨਾਲ ਉਹਨੇ ਕੀ ਗੱਲ ਕਰਨੀ ਆ?" "ਪਤਾ ਨਹੀਂ ਭਰਾਵਾ ਤੇਰੇ ਤੋਂ ਉਹਨੇ ਕੀ ਪੁਛਣੈ? ਉਦਾਂ ਕਦੇ ਕਦੇ ਆਪਣੇ ਆਦਮੀ ਦੀਆਂ ਗੱਲਾਂ ਕਰਦੀ ਹੁੰਦੀ ਆ ਕਿ ਉਹ ਬੜਾ ਬਦਮਾਸ਼ ਸੀ, ਕੁੱਟਦਾ ਮਾਰਦਾ ਸੀ ਅਤੇ ਕੋਈ ਕੰਮ ਕਾਰ ਵੀ ਨਹੀਂ ਸੀ ਕਰਦਾ। ਬਾਕੀ ਤੂੰ ਆਪ ਆ ਕੇ ਕਿਸੇ ਦਿਨ ਗੱਲ ਕਰ ਲਈਂ। ਜਿੱਦਣ ਮਰਜ਼ੀ ਦੁਪਿਹਰੋਂ ਬਾਦ ਆ ਜਾਂਈਂ।"

ਅਤੇ ਫਿਰ ਇਕ ਦਿਨ ਘੁੰਮਦਾ ਘੁੰਮਾਉਂਦਾ ਮੈਂ ਨੀਲਮ ਦੀ ਦੁਕਾਨ ਤੇ ਜਾ ਪਹੁੰਚਾ। ਮੈਨੂੰ ਦੇਖ ਨੀਲਮ ਨੇ ਰਾਬੀਆ ਨੂੰ ਸਣਾਉਂਦੇ ਕਿਹਾ, "ਲੈ ਆ ਗਿਆ ਹਰੀਸ਼। ਤੂੰ ਯਾਦ ਕਰਦੀ ਸੀ, ਹੁਣ ਕਰ ਲੈ ਗੱਲ ਜੇਹੜੀ ਕਰਨੀ ਆ।" ਰਾਬੀਆ ਸੰਗਦੀ ਸੰਗਦੀ ਮੇਰੇ ਕੋਲ ਆ ਗਈ ਅਤੇ ਕਹਿਣ ਲੱਗੀ, "ਭਾਈਜਾਨ, ਮੈਂ ਇਕੱਲੀ ਇੱਕ ਕਰਾਏ ਦੇ ਘਰ 'ਚ ਰਹਿੰਦੀ ਆਂ। ਚਾਰ ਮਹੀਨੇ ਹੋ ਗਏ ਆ ਸਰਕਾਰੀ ਫਲੈਟ ਲਈ ਅਪਲਾਈ ਕੀਤਾ ਸੀ ਪਰ ਉਹ ਮੈਨੂੰ ਕੋਈ ਲੜ ਪੱਲਾ ਈ ਨਹੀਂ ਫੜਾ ਰਹੇ। ਮੈਂ ਮਾਲਕ ਮਕਾਨ ਤੋਂ ਵੀ ਡਾਹਡੀ ਦੁੱਖੀ ਹੋਈ ਪਈ ਆਂ। ਭੈੜਾ ਕਈ ਕੁੱਝ ਬੋਲਦਾ ਰਹਿੰਦੈ ਕਿ ਘਰ ਦਾ ਕਰਾਇਆ ਥੋੜੈ। ਤੁਸੀਂ ਘਰ ਦੀਆਂ ਚੀਜ਼ਾਂ ਤੋੜੀ ਭੰਨੀ ਰੱਖਦੇ ਓ। ਪਿੱਛੇ ਜਹੇ ਕਿਸੇ ਨੇ ਘਰ ਦੀ ਵਿੰਡੋ ਇੱਟ ਮਾਰਕੇ ਭੰਨ ਦਿੱਤੀ। ਮੈਂ ਜਦ ਵਿੰਡੋ ਪਾਉਣ ਬਾਰੇ ਗੱਲ ਕੀਤੀ ਤਾਂ ਕਹਿੰਦਾ, "ਵਿੰਡੋਂ ਪਵਾਉਣ ਦੇ ਪੈਸੇ ਮੈਂ ਨਹੀਂ ਦੇਣੇ।" ਮੈਂ ਕਿਹਾ, "ਤੁਸੀਂ ਆਹ ਲਾਗਲੇ ਨੇਬਰਹੁੱਡ ਔਫਿਸ ਵਾਲਿਆਂ ਨਾਲ ਗੱਲ ਕਰਿਉ ਕਿ ਪਤਾ ਕਰਨ ਕਿ ਤੁਹਾਨੂੰ ਆਪਣਾ ਫਲੈਟ ਮਿਲਣ ਵਿਚ ਦੇਰੀ ਕਿਉਂ ਹੋ ਰਹੀ ਆ?" "ਚੱਲੋ ਇਹ ਤਾਂ ਮੈਂ ਕਰ ਲਊਂ। ਮੈਂ ਤੁਹਾਡੇ ਨਾਲ ਇੱਕ ਹੋਰ ਗੱਲ ਵੀ ਕਰਨੀ ਆ।" ਮੈਂ ਕਿਹਾ, "ਕਰੋ ਜੋ ਵੀ ਕਰਨੀ ਆ।" "ਅਸਲ 'ਚ ਮੈਂ ਆਪਣੇ ਖਾਵੰਦ ਦੇ ਖਿਲਾਫ ਕੁੱਛ ਕਰਨਾਂ ਚਾਹੁੰਦੀ ਆਂ। ਉਹਨੇ ਮੈਨੂੰ ਰੱਜ ਕੇ ਦੁੱਖੀ ਕੀਤੈ। ਮੈਨੂੰ ਕੁੱਟਦਾ ਮਾਰਦਾ ਰਿਹੈ। ਕੰਮ ਕੋਈ ਕਰਦਾ ਨਹੀਂ ਸੀ ਅਤੇ ਇਕ ਦੋ ਔਰਤਾਂ ਨਾਲ ਇਸ਼ਕ ਪੇਚੇ ਵੀ ਪਾਈ ਫਿਰਦਾ ਸੀ। ਇਹ ਸਾਰਾ ਕੁੱਛ ਤਾਂ ਮੈਂ ਅੱਖਾਂ ਮੀਟ ਬਰਦਾਸ਼ਤ ਕਰਦੀ ਰਹੀ ਆਂ ਪਰ ਮੇਰੇ ਤੋਂ ਆਪਣੀ ਕੁੜੀ ਦਾ ਦੁੱਖ ਨਹੀਂ ਝੱਲਿਆ ਜਾਂਦੈ।" "ਕੀ ਮਤਲਬ?" ਮੈਂ ਪੁੱਛਿਆ। "ਭਾਅ ਜੀ, ਮੈਨੂੰ ਤਾਂ ਦੱਸਦਿਆਂ ਵੀ ਸ਼ਰਮ ਆਉਂਦੀ ਆ ਕਿ ਕੋਈ ਇੰਨਾ ਵੀ ਗਿਰ ਸਕਦੈ।" ਰਾਬੀਆ ਤੋਂ ਹੁਣ ਗੱਲ ਨਹੀਂ ਸੀ ਹੋ ਰਹੀ ਅਤੇ ਉਹਦੀਆਂ ਅੱਖਾਂ ਭਰ ਆਈਆਂ। ਨੀਲਮ ਵੀ ਇਹ ਸਭ ਕੁਝ ਸੁਣ ਰਹੀ ਸੀ। ਨੀਲਮ ਕਿਹਾ, "ਰਾਬੀਆ ਹੌਂਸਲਾ ਕਰ। ਇਹ ਲੈ ਟਿਸ਼ੂ, ਆਪਣੀਆਂ ਅੱਖਾਂ ਸਾਫ ਕਰ ਲੈ। ਦੁਕਾਨ 'ਚ ਰੋਣਾਂ ਚੰਗਾ ਥੋੜੇ ਲੱਗਦਾ। "ਹੁਣ ਮੈਨੂੰ ਮੁਖਾਤਬ ਹੁੰਦੇ ਨੀਲਮ ਕਿਹਾ, "ਹਰੀਸ਼ ਤੂੰ ਰਾਬੀਆ ਨਾਲ ਖੂੰਜੇ। 'ਚ ਰੇਲਾਂ ਕੋਲ ਖੜ੍ਹ ਕੇ ਗੱਲ ਕਰ ਲੈ।"

ਅਸੀਂ ਕਾਉਂਟਰ ਤੋਂ ਪਰ੍ਹੇ ਚਲੇ ਗਏ। ਹੁਣ ਦੁਕਾਨ ਵਿਚ ਦੋ ਗਾਹਕ ਵੀ

ਆ ਗਏ ਸਨ। ਰਾਬੀਆ ਦਾ ਗਚ ਭਰਿਆ ਸੀ ਅਤੇ ਮੈਂ ਉਹਨੂੰ ਇਸ ਹਾਲਤ ਵਿਚ ਛੱਡ ਕੇ ਵੀ ਜਾਣਾਂ ਨਹੀਂ ਸੀ ਚਾਹੁੰਦਾ। ਨਾਲੇ ਮੈਂ ਸੋਚਿਆ ਉਹਨੂੰ ਅੱਜ ਸਾਰਾ ਗੁੱਭ ਗੁਹਾਟ ਕੱਢ ਈ ਲੈਣ ਦਿਉ। ਰਾਬੀਆ ਕਿਹਾ, "ਮੈਂ ਫੈਕਟਰੀ ਵਿਚ ਕੱਪੜੇ ਸੀਉਣ ਦਾ ਕੰਮ ਕਰਦੀ ਤੇ ਮੇਰਾ ਬਦਮਾਸ਼ ਖਾਵੰਦ ਬਦਮਾਸ਼ੀਆਂ ਕਰਦਾ ਰਹਿੰਦਾ। ਉਹਨੇ ਤਾਂ ਆਪਣੀ ਸਕੀ ਧੀ ਵੀ ਨਾ ਛੱਡੀ।" "ਕੀ ਮਤਲਬ?" ਇਹ ਗੱਲ ਸੁਣ ਮੇਰੀਆਂ ਅੱਖਾਂ ਹੋਰ ਚੌੜੀਆਂ ਹੋ ਗਈਆਂ। ਰਾਬੀਆ ਫਿਰ ਰੋਣ ਲੱਗ ਪਈ। ਮੈਂ ਲਿਆ ਕੇ ਟਿਸ਼ੂ ਦਿੱਤੇ ਅਤੇ ਜਦ ਉਹ ਥੋੜ੍ਹਾ ਸੰਭਲੀ ਉਹਨੇ ਫਿਰ ਦੱਸਣਾ ਸ਼ੁਰੂ ਕਰ ਦਿੱਤਾ। "ਮੇਰੀ ਬੱਚੀ ਉਦੋਂ 17 ਵਰ੍ਹਿਆਂ ਦੀ ਸੀ। ਉਹਦੇ ਪੇਟ ਵਿਚ ਮੇਰੇ ਖਾਵੰਦ ਦਾ ਬੱਚਾ ਪਲ ਰਿਹਾ ਸੀ। ਮੈਨੂੰ ਇਸ ਬਾਰੇ ਬਿਲਕੁਲ ਕੁੱਛ ਨਹੀਂ ਸੀ ਪਤਾ ਕਿ ਮੇਰੇ ਪਿੱਛੋਂ ਘਰ ਵਿਚ ਕੀ ਹੁੰਦੈ। ਮੇਰੀ ਅਣਭੋਲ ਬੱਚੀ ਨੂੰ ਇਸ ਜ਼ਾਲਮ ਨੇ ਐਨਾ ਡਰਾਇਆ ਹੋਇਆ ਸੀ ਕਿ ਉਹਨੇ ਮੈਨੂੰ ਇਸ ਕੁਕਰਮ ਬਾਰੇ ਦੱਸਿਆ ਤਕ ਨਾ। ਇਹ ਤਾਂ ਮੈਨੂੰ ਉਸ ਦਿਨ ਪਤਾ ਲੱਗਾ ਜਿਸ ਦਿਨ ਮੇਰੀ ਬੱਚੀ ਲਹੂ ਲੁਹਾਣ ਹੋਈ ਪਈ ਸੀ। ਜਦੋਂ ਮੈਂ ਕੰਮ ਤੋਂ ਵਾਪਿਸ ਘਰ ਆਈ ਤਾਂ ਬੱਚੀ ਕੁਰਾਹ ਰਹੀ ਸੀ। ਮੇਰੇ ਤਾਂ ਹੱਥਾਂ ਪੈਰ੍ਹਾਂ ਦੀ ਪੈ ਗਈ। ਉਸ ਦਿਨ ਮੇਰੀ ਬੱਚੀ ਫੁੱਟ ਪਈ ਕਿ ਉਹਦੇ ਅੱਬਾ ਨੂੰ ਜਦ ਪਤਾ ਲੱਗਾ ਕਿ ਉਹਦਾ ਪਾਪ ਉਹਦੇ ਪੇਟ 'ਚ ਆ ਉਹਨੇ ਪੌੜੀਆਂ ਤੋਂ ਉਪਰੋਂ ਧੱਕਾ ਦੇ ਦਿੱਤਾ ਕਿ ਬੱਚਾ ਗਿਰ ਜਾਵੇ ਅਤੇ ਗੱਲ ਖਤਮ ਹੋ ਜਾਵੇ। ਮੇਰੀ ਤਾਂ ਸੁੱਧ ਬੁੱਧ ਮਾਰੀ ਗਈ। ਮੈਂ ਐਂਬੂਲਿਸ ਨੂੰ ਫੋਨ ਕਰਕੇ ਬੱਚੀ ਨੂੰ ਹਸਪਤਾਲ ਲੈ ਗਈ। ਉਥੇ ਡਾਕਟਰਾਂ ਨੂੰ ਇਹ ਈ ਦੱਸਿਆ ਕਿ, "ਪੈਰ ਫਿਸਲਣ ਨਾਲ ਗਿਰ ਗਈ ਸੀ।" ਅੱਲਾ ਇਸ ਮੁਲਕ ਅਤੇ ਡਾਕਟਰਾਂ ਦੀ ਖੈਰ ਕਰੇ! ਮੇਰੀ ਬੱਚੀ ਦੀ ਜਾਨ ਬਚ ਗਈ। ਦੋ ਹਫਤੇ ਹਸਪਤਾਲ ਰਹਿਣ ਬਾਦ ਮੇਰੀ ਬੱਚੀ ਵਾਪਿਸ ਘਰ ਆਈ। ਪਰ ਡਾਕਟਰਾਂ ਸਾਫ ਕਹਿ ਦਿੱਤਾ ਕਿ, 'ਅਸੀਂ ਪੂਰੀ ਕੋਸ਼ਿਸ਼ ਕੀਤੀ ਆ ਕਿ ਬੱਚੀ ਦੀ ਸੇਹਤ ਠੀਕ ਠਾਕ ਰਹੇ ਪਰ ਸ਼ਾਇਦ ਇਹਦੇ ਅੱਗੇ ਤੋਂ ਕੋਈ ਬੱਚਾ ਨਾਂ ਹੋ ਸਕੇ।" ਮੇਰੀਆਂ ਅੱਖਾਂ ਨਮ ਹੋ ਗਈਆਂ ਸਨ। ਮੈਂ ਹੌਂਸਲਾ ਕਰਕੇ ਪੁੱਛਿਆ "ਰਾਬੀਆ ਤੇਰੇ ਜਾਲ਼ਮ ਅਤੇ ਲੁੱਚੇ ਖਾਵੰਦ ਦਾ ਕੀ ਬਣਿਐ?" "ਉਹਦਾ ਕੀ ਬਨਣਾ ਸੀ। ਉਹ ਘਰ ਛੱਡ ਕੇ ਦੌੜ ਗਿਆ।" "ਪਰ ਰਾਬੀਆ ਤੂੰ ਪੁਲੀਸ ਨੂੰ ਸਭ ਕੁੱਝ ਦੱਸਣਾ ਸੀ।" "ਘਰ ਦੀ ਬਦਨਾਮੀ ਦੁਖੋਂ ਮੈਂ ਕੁੱਝ ਨਹੀਂ ਕੀਤਾ। ਮੈਂ ਸੋਚਿਆ ਭਾਈਚਾਰੇ ਵਿਚ ਤੋਏ ਤੋਏ ਹੋਵੇਗੀ। ਨਾਲੇ ਬੱਚੀ ਦਾ ਸੁਆਲ ਆ। ਉਹਦਾ ਕਿਤੇ ਵਿਆਹ ਵੀ ਤਾਂ ਕਰਨੈ।" "ਤੇ ਹੁਣ ਬੱਚੀ ਦਾ ਕੀ ਹਾਲ ਆ?" "ਹੁਣ ਤਾਂ ਜੀ ਉਹ ਵਿਆਹੀ ਵਰ੍ਹੀ ਗਈ। ਇਹ ਤਾਂ ਅੱਲ੍ਹਾ ਦੀ ਮੇਹਰ ਆ। ਉਹਦੇ ਦੋ ਬੱਚੇ ਆ। ਮੇਰੀ ਬੱਚੀ ਆਪਣੇ ਘਰ ਖੁਸ਼ ਆ। ਪਰ ਜੇਹੜੀ ਗੱਲ ਮੇਰੇ ਦਿਲ ਦਿਮਾਗ ਨੂੰ ਖਰੇਦਦੀ ਆ ਕੀ ਮੇਰੇ ਖਾਵੰਦ ਨੂੰ ਕੁੱਝ ਨਹੀਂ ਕੀਤਾ ਜਾ ਸਕਦੈ?" "ਕਿਉਂ ਨਹੀਂ ਕੀਤਾ ਜਾ ਸਕਦੈ? ਜੇਕਰ ਤੁਹਾਡੀ ਬੱਚੀ ਸਾਰੀ ਗੱਲਬਾਤ ਸੱਚੋ ਸੱਚ ਪੁਲੀਸ ਨੂੰ ਦੱਸ ਦੇਵੇ ਤਾਂ ਪੁਲੀਸ ਐਕਸ਼ਨ ਲੈ ਸਕਦੀ ਆ। ਇਹ ਮੁਲਕ ਕਿਹੜਾ ਇੰਡੀਆ ਜਾਂ ਪਾਕਿਸਤਾਨ ਆ ਜਿਥੇ ਦੀ ਪੁਲੀਸ ਖੁਦ ਬਦਮਾਸ਼ ਆ ਅਤੇ ਇੱਕ ਸਰਕਾਰੀ ਰਿਪੋਰਟ ਮੁਤਾਬਕ 75 ਪ੍ਰਤੀਸ਼ਤ ਬਲਾਤਕਾਰ ਦੇ ਕੇਸ ਇੰਡੀਅਨ ਪੁਲੀਸ ਖੁਦ ਕਰਦੀ ਆ। ਮੇਰਾ ਖਿਆਲ ਆ ਪਾਕਿਸਤਾਨੀ ਪੁਲੀਸ ਵੀ ਐਹੋ ਜੇਹੀ ਈ ਹੋਣੀ ਆ। ਤੁਸੀਂ ਪਹਿਲਾਂ ਆਪਣੀ ਬੱਚੀ ਨਾਲ ਸਾਰੀ ਸਲਾਹ ਕਰ ਲਉ ਕਿਉਂਕਿ ਇਹ ਨਾਂ ਹੋਵੇ ਕਿ ਉਹਦਾ ਵਸਦਾ ਰਸਦਾ ਘਰ ਵੀ ਤਬਾਹ ਹੋ

ਜਾਵੇ। ਗੱਲ ਜਦ ਅਖ਼ਬਾਰਾਂ ਵਿਚ ਆਈ ਤਾਂ ਭਾਈਚਾਰੇ 'ਚ ਵੀ ਪਤਾ ਲੱਗੇਗਾ।" ਮੇਰੀਆਂ ਗੱਲਾਂ ਸੁਣ ਰਾਬੀਆ ਖਾਮੋਸ਼ ਹੋ ਗਈ ਅਤੇ ਕੁੱਝ ਦੇਰ ਬਾਦ ਬੋਲੀ, "ਅੱਛਾ ਮੈਂ, ਆਪਣੀ ਬੱਚੀ ਨਾਲ ਸਲਾਹ ਕਰਾਂਗੀ।" ਇਸ ਤੋਂ ਬਾਦ ਰਾਬੀਆ ਮੇਰੇ ਨਾਲ ਕਦੇ ਸੰਪਰਕ ਨਾ ਕੀਤਾ ਅਤੇ ਇੱਕ ਦਿਨ ਨੀਲਮ ਦੱਸ ਰਹੀ ਸੀ ਕਿ ਰਾਬੀਆ ਕੰਮ ਛੱਡ ਕੇ ਹੁਣ ਪਤਾ ਨਹੀਂ ਕਿੱਥੇ ਚਲੀ ਗਈ ਆ।

# ਜਦ ਮਾਂ ਦੇ ਯਾਰ ਨੇ ਸਕੀ ਭਾਣਜੀ ਗੱਭਣ ਕਰ ਦਿੱਤੀ

ਜਿਸ ਦਿਨ ਸਕੀਨਾ ਬਾਰੇ ਸਾਨੂੰ ਫੋਨ ਆਇਆ, "ਮੈਂ ਡਿਊਟੀ ਤੇ ਸੀ। ਗੁਆਂਢ ਸ਼ਹਿਰ ਦੇ ਸੋਸ਼ਲ ਸਰਵਿਸਜ਼ ਵਾਲਿਆਂ ਮੈਨੂੰ ਦੱਸਿਆ, "ਅਸਲ ਵਿਚ ਇਹ ਕੇਸ ਤੁਹਾਡਾ ਹੈ, ਸਾਡਾ ਨਹੀਂ ਕਿਉਂ ਕਿ ਸਕੀਨਾ ਅਤੇ ਉਹਦੀ ਮਾਂ ਸਾਡੇ ਸ਼ਹਿਰ ਵਿਚ ਅਸਥਾਈ ਤੌਰ 'ਤੇ ਹੀ ਰਹਿ ਰਹੀਆਂ ਸਨ। ਹੁਣ ਉਹ ਦੁਆਰਾ ਆਪਣੇ ਸਥਾਈ ਘਰ ਤੁਹਾਡੇ ਸ਼ਹਿਰ ਵਿਚ ਚਲੀਆਂ ਗਈਆਂ ਹਨ।" ਮੈਂ ਗੁਆਂਢੀ ਸ਼ਹਿਰ ਦੇ ਅਫਸਰ ਤੋਂ ਸਕੀਨਾ ਅਤੇ ਉਹਦੀ ਮਾਂ ਦਾ ਪੂਰਾ ਐਡਰੱਸ ਲੈ ਲਿਆ ਅਤੇ ਫਿਰ ਪੁੱਛਿਆ ਕਿ ਅਸਲ ਵਿਚ ਕੇਸ ਹੈ ਕੀ?" ਅਫਸਰ ਨੇ ਦੱਸਿਆ, "ਵਿਚਲੀ ਕਹਾਣੀ ਦਾ ਤਾਂ ਸਾਨੂੰ ਅਜੇ ਪਤਾ ਨਹੀਂ। ਪਰ ਸਾਨੂੰ ਤਾਂ ਸਾਡੇ ਲੋਕਲ ਹਸਪਤਾਲ ਤੋਂ ਫੋਨ ਆਇਆ ਸੀ ਕਿ 14 ਵਰ੍ਹਿਆਂ ਦੀ ਸਕੀਨਾ ਮੈਟਰਨਿਟੀ ਵਾਰਡ 'ਚ ਦਾਖਲ ਆ ਅਤੇ ਉਹਦੇ ਅੱਜਕੱਲ ਈ ਬੱਚਾ ਹੋਣ ਵਾਲਾ ਆ। ਸਕੀਨਾ ਨਬਾਲਗ ਹੋਣ ਕਰਕੇ ਹਸਪਤਾਲ ਵਾਲਿਆਂ ਸਾਡੇ ਨਾਲ ਸੰਪਰਕ ਕੀਤਾ ਸੀ। ਕੇਸ ਕੁੱਝ ਗੁੰਝਲਦਾਰ ਲਗਦੈ। ਵੈਸੇ ਵੀ ਸਾਡੇ ਕੋਲ ਕੋਈ ਏਸ਼ੀਅਨ ਸੋਸ਼ਲਵਰਕਰ ਨਹੀਂ ਹੈ ਜੋ ਇਸ ਕੇਸ ਦੀ ਪੈਰਵੀ ਕਰ ਸਕੇ। ਨਾਲੇ ਹੁਣ ਸਕੀਨਾ ਅਤੇ ਉਹਦੀ ਮਾਂ ਆਪਣੇ ਪੱਕੇ ਟਿਕਾਣੇ ਤੁਹਾਡੇ ਸ਼ਹਿਰ ਵਿਚ ਵਾਪਿਸ ਚਲੇ ਗਈਆਂ ਹਨ। ਵੈਸੇ ਸਕੀਨਾ ਨੇ ਬੱਚੀ ਨੂੰ ਜਨਮ ਦਿੱਤਾ ਆ ਅਤੇ ਉਹ ਬੱਚੀ ਅਜੇ ਅਸੀਂ ਅਸਥਾਈ ਤੌਰ ਤੇ ਕਿਸੇ ਫੌਸਟਰ ਪੈਰੇਂਟਸ ਕੋਲ ਰੱਖੀ ਆ ਕਿਉਂਕਿ ਸਕੀਨਾ ਅਤੇ ਉਹਦੀ ਮਾਂ ਨੇ ਬੱਚੀ ਨੂੰ ਆਪਣੇ ਕੋਲ ਰੱਖਣ ਤੋਂ ਸਾਫ ਨਾਂਹ ਕਰ ਦਿੱਤੀ ਸੀ।" ਮੈਂ ਪੁੱਛਿਆ ਕਿ, "ਸਕੀਨਾ ਦੀ ਬੱਚੀ ਦਾ ਬਾਪ ਕੌਣ ਹੈ? ਤਾਂ ਜੁਆਬ ਮਿਲਿਆ, "ਸਕੀਨਾ ਇਸ ਬਾਰੇ ਬਿਲਕੁਲ ਚੁੱਪ ਹੈ ਪਰ ਉਹਦੀ ਮਾਂ ਕਹਿ ਰਹੀ ਸੀ ਕਿ ਸਕੀਨਾ ਦੇ ਕਿਸੇ ਬੁਆਏਫਰੈਂਡ ਦੀ ਇਹ ਔਲਾਦ ਆ। ਪਰ ਸਾਨੂੰ ਦਾਲ ਵਿਚ ਕਾਲਾ ਈ ਨਜ਼ਰ ਨਹੀਂ ਆਉਂਦਾ ਸਗੋਂ ਸਾਰੀ ਦਾਲ ਈ ਕਾਲੀ ਨਜ਼ਰ ਆ ਰਹੀ ਆ।" ਮੈਂ ਅਫਸਰ ਕੋਲੋਂ ਬਾਕੀ ਦੀ ਜਾਣਕਾਰੀ ਲੈ ਕੇ ਕਾਗਜ਼ੀ ਕਾਰਵਾਈ ਪੂਰੀ ਕਰ ਲਈ।

ਬਾਦ ਵਿਚ ਸੁਪਰਵਾਈਜ਼ਰ ਨਾਲ ਗੱਲ ਕਰਨ ਤੇ ਇਸ ਕੇਸ ਦਾ ਗੁਣਾਂ ਮੇਰੇ ਹਿੱਸੇ ਈ ਪੈ ਗਿਆ। ਮੈਂ ਸਭ ਤੋਂ ਪਹਿਲਾਂ ਸਕੀਨਾ ਨੂੰ ਮਿਲਣ ਦਾ ਮਨ ਬਣਾਇਆ ਤਾਂ ਕਿ ਪਤਾ ਲੱਗ ਸਕੇ ਕਿ ਉਹਦੇ ਨਾਲ ਕੀ ਹੋਇਆ ਸੀ। ਮੈਂ ਉਹਨੂੰ ਇੱਕਲਿਆਂ ਮਿਲਣਾ ਚਾਹੁੰਦਾ ਸੀ ਅਤੇ ਇੱਕਲਿਆਂ ਮਿਲਣ ਲਈ ਸਭ ਤੋਂ ਵਧੀਆ ਢੰਗ ਇਹ ਹੀ ਸੀ ਕਿ ਉਹਨੂੰ ਉਹਦੇ ਸਕੂਲ ਵਿਚ ਮਿਲਿਆ ਜਾਵੇ। ਮੈਂ ਸਕੂਲ ਵਾਲਿਆਂ ਨਾਲ

ਗੱਲ ਕਰਕੇ ਸਕੀਨਾ ਨੂੰ ਸਕੂਲ ਵਿਚ ਜਾ ਮਿਲਿਆ। 14 ਸਾਲਾਂ ਦੀ ਸਕੀਨਾ ਨੂੰ ਵੇਖ ਕੇ ਮੇਰਾ ਮਨ ਦਹਿਲ ਗਿਆ ਕਿ ਇਸ ਬੱਚੀ ਨਾਲ ਬੇਇੰਤਹਾ ਜ਼ੁਲਮ ਹੋਇਆ ਹੈ। ਉਸ ਮਾਸੂਮ ਜਿੰਦ ਦੇ ਐਨਕਾਂ ਲਾਈਆਂ ਹੋਈਆਂ ਸਨ ਅਤੇ ਸਰੀਰ ਵੱਲੋਂ ਬੜੀ ਪਤਲੀ ਸ਼ਟੀਕ ਜੇਹੀ ਸੀ। ਦੇਖਣ ਨੂੰ ਬਹੁਤ ਹੀ ਭੋਲੀ ਜਿਵੇਂ ਇਸ ਗਰੀਬੜੀ ਨੂੰ ਦੀਨ ਦੁਨੀਆਂ ਦਾ ਕੁੱਝ ਵੀ ਪਤਾ ਨਹੀਂ। ਉਹ ਆਪਣੇ ਆਪ ਵਿਚ ਗੁਆਚੀ ਹੋਈ ਗੁੰਮ ਸੁੰਮ ਜੇਹੀ ਸੀ। ਸਿਰ ਤੇ ਚੁੰਨੀ ਘੋਟ ਕੇ ਲਈ ਹੋਈ ਅਤੇ ਪਾਕਿਸਤਾਨੀ ਸਲਵਾਰ ਕਮੀਜ਼ ਪਾਈ ਹੋਈ। ਮੈਨੂੰ ਉਸ ਕਰਮਾਂਮਾਰੀ ਬੱਚੀ ਵੱਲ ਦੇਖ ਕੇ ਲੱਗਾ ਕਿ ਇਸ ਬੱਚੀ ਦੀ ਦੁਨੀਆਂ ਫਨਾਹ ਹੋ ਗਈ ਆ। ਇਹਨੂੰ ਕੌਣ ਢੋਈ ਦੇਵੇਗਾ? ਮੇਰੇ ਮਨ 'ਚ ਬਹੁਤ ਰੋਹ ਸੀ ਕਿ ਮੈਂ ਉਸ "ਜਿਣਸ" ਦਾ ਪਤਾ ਜ਼ਰੂਰ ਲਾਉਣਾ ਹੈ। ਜਿਹਨੇ ਇਸ ਬੱਚੀ ਦੀ ਜ਼ਿੰਦਗੀ ਬਰਬਾਦ ਕਰਕੇ ਰੱਖ ਦਿੱਤੀ ਆ। ਇੱਕ ਅਲੱਗ ਕਮਰੇ ਵਿਚ ਲਿਜਾ ਕੇ ਮੈਂ ਸਕੀਨਾ ਨੂੰ ਆਪਣੇ ਬਾਰੇ ਜਾਣਕਾਰੀ ਦਿੱਤੀ ਅਤੇ ਉਹਨੂੰ ਮਿਲਣ ਦਾ ਮੰਤਵ ਦੱਸਿਆ। ਮੈਂ ਸਕੀਨਾ ਨੂੰ ਪੁੱਛਿਆ ਕਿ, "ਇਹ ਸਭ ਕਿਵੇਂ ਹੋਇਆ? ਕੀ ਤੇਰਾ ਕੋਈ ਬੁਆਏਫਰੈਂਡ ਹੈ? ਜੋ ਕੁੱਝ ਵੀ ਤੂੰ ਮੈਨੂੰ ਦੱਸੇਂਗੀ, ਉਹ ਸਿਰਫ ਮੇਰੇ ਕੋਲ ਈ ਰਹੇਗਾ ਅਤੇ ਤੇਰੇ ਨਾਲ ਇਹ ਕਰਤੂਤ ਕਰਨ ਵਾਲੇ ਨੂੰ ਮੈਂ ਜੇਲ੍ਹ ਭੇਜ ਕੇ ਹੱਟਾਂਗਾ।" ਸਕੀਨਾ ਮੇਰੇ ਵੱਲ ਚੁੱਪ ਗੜੁੱਪ ਦੇਖਦੀ ਰਹੀ। ਜਦ ਉਸ ਕੋਈ ਜੁਆਬ ਨਾਂ ਦਿੱਤਾ ਤਾਂ ਮੈਂ ਸੋਚਿਆ ਕਿ ਦੁਆਰਾ ਫਿਰ ਇਕੱਲਾ ਇਕੱਲਾ ਸੁਆਲ ਪੁੱਛਿਆ ਜਾਵੇ। ਮੈਂ ਕਿਹਾ, "ਸਕੀਨਾ ਕੀ ਤੇਰਾ ਕੋਈ ਬੁਆਏਫਰੈਂਡ ਹੈ?" ਬੋਲਣ ਦੀ ਬਜਾਏ ਉਹਨੇ "ਨਾਂਹ" ਵਿਚ ਸਿਰ ਹਲਾ ਦਿੱਤਾ। ਉਹਦੀਆਂ ਅੱਖਾਂ ਭਰ ਆਈਆਂ ਅਤੇ ਉਹ ਰੋਣ ਲੱਗ ਪਈ। ਮੈਂ ਉਥੇ 15-20 ਮਿੰਟ ਬੈਠਾ ਰਿਹਾ ਪਰ ਉਹ ਰੋਈ ਜਾ ਰਹੀ ਸੀ ਅਤੇ ਮੇਰੇ ਕਿਸੇ ਵੀ ਸੁਆਲ ਦਾ ਜੁਆਬ ਨਾ ਦੇ ਸਕੀ। ਹਾਰ ਕੇ ਮੈਂ ਦੁਆਰਾ ਫਿਰ ਮਿਲਣ ਬਾਰੇ ਸੋਚਿਆ ਅਤੇ ਸਕੀਨਾ ਨੂੰ ਕਲਾਸ ਵਿਚ ਭੇਜ ਦਿੱਤਾ। ਇਸ ਤੋਂ ਬਾਦ ਮੈਂ ਸਕੀਨਾ ਦੀ ਕਲਾਸ ਟੀਚਰ ਨਾਲ ਗੱਲ ਕੀਤੀ ਕਿ ਸਕੀਨਾ ਕੇਹੋ ਜੇਹੀ ਲੜਕੀ ਹੈ। ਕਲਾਸ ਟੀਚਰ ਦੱਸਿਆ, "ਸਕੀਨਾ ਬਹੁਤ ਚੁੱਪ ਰਹਿਣ ਵਾਲੀ ਕੁੜੀ ਹੈ। ਇਹਦਾ ਬਾਪ ਮਰ ਚੁੱਕਾ ਹੈ। ਘਰ ਵਿਚ ਸਿਰਫ ਇਹਦੀ ਮਾਂ, ਭਰਾ ਅਤੇ ਇੱਕ ਹੋਰ ਰਿਸ਼ਤੇਦਾਰ ਰਹਿੰਦਾ ਹੈ। ਮੈਨੂੰ ਇਸ ਗੱਲ ਦਾ ਫਿਕਰ ਰਹਿੰਦਾ ਸੀ ਕਿ ਸਕੀਨਾ ਕੁੱਝ ਦੇਰ ਤੋਂ ਜ਼ਿਆਦਾ ਈ ਚੁੱਪ ਹੋ ਗਈ ਸੀ ਅਤੇ ਪਿਛੇ ਜਹੇ ਤਾਂ ਇਹ ਸਕੂਲ ਵਿਚ ਮਹੀਨਾ ਭਰ ਨਹੀਂ ਸੀ ਆਈ। ਮੈਂ ਜਦ ਘਰੋਂ ਪਤਾ ਕੀਤਾ ਤਾਂ ਸਕੀਨਾ ਦੀ ਮਾਂ ਨੇ ਦੱਸਿਆ ਕਿ, "ਸਕੀਨਾ ਠੀਕ ਨਹੀਂ, ਬੀਮਾਰ ਹੈ। ਪਰ ਮੈਨੂੰ ਸ਼ੱਕ ਜ਼ਰੂਰ ਸੀ ਕਿ ਕੋਈ ਗੜਬੜ ਜ਼ਰੂਰ ਆ। ਸਕੂਲੇ ਵੀ ਇੱਕ ਦੋ ਵਾਰ ਸਕੀਨਾ ਨੂੰ ਉਲਟੀਆਂ ਆਈਆਂ ਸੀ। ਇਹਦੇ ਕੱਪੜੇ ਵੀ ਬੜੇ ਸਧਾਰਨ ਅਤੇ ਖੁੱਲ੍ਹੇ ਡੁੱਲ੍ਹੇ ਹੁੰਦੇ ਸੀ। ਬੀਮਾਰ ਹੋਣ ਤੇ ਇਹਦੀ ਮਾਂ ਆ ਕੇ ਇਹਨੂੰ ਘਰ ਲੈ ਜਾਂਦੀ ਸੀ। ਪਰ ਇਸ ਗੱਲ ਦੀ ਮੈਨੂੰ ਹੈਰਾਨਗੀ ਹੈ ਕਿ ਸਕੀਨਾ ਦਾ ਵੀ ਕਦੇ ਕੋਈ ਬੁਆਏਫਰੈਂਡ ਹੋ ਸਕਦਾ? ਸਕੀਨਾ ਐਹੋ ਜੇਹੀ ਲੜਕੀ ਨਹੀਂ ਹੈ। ਮੈਂ ਤਾਂ ਕਦੇ ਇਹਨੂੰ ਫੈਸ਼ਨ ਕੀਤਾ ਵੀ ਨਹੀਂ ਦੇਖਿਆ। ਹਜ਼ਾਬ ਨਾਲ ਮੂੰਹ ਸਿਰ ਲਪੇਟਿਆ ਹੁੰਦਾ ਅਤੇ ਇਹਦੀ ਕਲਾਸ ਵਿਚ ਕੋਈ ਸਹੇਲੀ ਵੀ ਨਹੀਂ। ਮੈਨੂੰ ਏਸ਼ੀਅਨ ਕਲਚਰ ਬਾਰੇ ਜ਼ਿਆਦਾ ਪਤਾ ਨਹੀਂ ਪਰ ਕਿਤੇ ਇਹ ਚਾਈਲਡ ਐਬਯੂਜ਼ ਦਾ ਕੇਸ ਤਾਂ ਨਹੀਂ?" ਮੈਂ ਕਿਹਾ, "ਮੈਨੂੰ ਵੀ ਇਹ ਹੀ ਸ਼ੱਕ ਐ। ਮੈਂ ਇਸ ਬਾਰੇ ਕਾਰਵਾਈ ਸ਼ੁਰੂ ਕਰ ਦਿੱਤੀ

ਆ ਅਤੇ ਅੱਜ ਪਹਿਲੀ ਵਾਰ ਮੈਂ ਸਕੀਨਾ ਨੂੰ ਮਿਲਿਆ ਹਾਂ। ਅਗਰ ਤੁਸੀਂ ਵੀ ਇਸ ਕੰਮ 'ਚ ਮੇਰੀ ਮਦਦ ਕਰ ਸਕੋ ਤਾਂ ਮੈਂ ਆਪਦਾ ਧੰਨਵਾਦੀ ਹੋਵਾਂਗਾ।"

ਮੈਂ ਸਕੂਲ ਤੋਂ ਦਫਤਰ ਆ ਗਿਆ ਅਤੇ ਸਲਾਹ ਬਣਾਈ ਕਿ ਸਕੀਨਾ ਨੂੰ ਆਪਣੀ ਇੱਕ ਏਸ਼ੀਅਨ ਕੁਲੀਗ ਨਾਲ ਮਿਲਿਆ ਜਾਵੇ। ਸ਼ਾਇਦ ਔਰਤ ਹੋਣ ਕਰਕੇ ਉਹਨੂੰ ਇਹ ਕੁੱਝ ਦੱਸ ਦੇਵੇ।

ਜਦ ਮੈਂ ਦੁਆਰਾ ਆਪਣੀ ਏਸ਼ੀਅਨ ਕੁਲੀਗ ਨਾਲ ਸਕੀਨਾ ਨੂੰ ਮਿਲਿਆ ਤਾਂ ਮੈਂ ਕੁਲੀਗ ਨੂੰ ਸਲਾਹ ਦਿੱਤੀ ਕਿ ਉਹ ਸਕੀਨਾ ਨੂੰ ਥੋੜ੍ਹਾ ਜਿਹਾ ਡਰਾਵਾ ਦੇਵੇ ਕਿ ਜੇਕਰ ਉਹਨੇ ਸੱਚ ਨਾਂ: ਦੱਸਿਆ ਤਾਂ ਜਦ ਗੱਲ ਪੁਲੀਸ ਕੋਲ ਚਲੇ ਗਈ ਤਾਂ ਕੰਮ ਜ਼ਿਆਦਾ ਖਰਾਬ ਹੋ ਸਕਦੈ। ਕੁਲੀਗ ਮੇਰੀ ਗੱਲ ਮੰਨ ਗਈ। ਮੈਂ ਆਪਣੀ ਏਸ਼ੀਅਨ ਕੁਲੀਗ ਨੂੰ ਕਿਹਾ ਕਿ, "ਤੂੰ ਇਕੱਲੀ ਹੀ ਸਕੀਨਾ ਨੂੰ ਮਿਲ ਅਤੇ ਮੈਂ ਸਕੂਲ ਦੇ ਕਮਰੇ ਬਾਹਰ ਇੰਤਜ਼ਾਰ ਕਰਾਂਗਾ।" ਸਕੀਨਾ ਨੂੰ ਮਿਲਣ ਤੋਂ ਬਾਦ ਮੇਰੀ ਏਸ਼ੀਅਨ ਕੁਲੀਗ ਨੇ ਮੈਨੂੰ ਦੱਸਿਆ ਕਿ, "ਸਕੀਨਾ ਬਹੁਤ ਜ਼ਿਆਦਾ ਦਬਾਅ ਹੇਠ ਹੈ, ਸ਼ਾਇਦ ਉਹਦੀ ਮਾਂ ਨੇ ਉਹਨੂੰ ਬਾਰ ਬਾਰ ਪੱਕਿਆਂ ਕੀਤਾ ਕਿ ਕਿਸੇ ਨੂੰ ਕੁੱਝ ਨਹੀਂ ਦੱਸਣਾ। ਸਕੀਨਾ ਨੇ ਇਹ ਜ਼ਰੂਰ ਦੱਸ ਦਿੱਤਾ ਆ ਕਿ ਉਹਦਾ 32 ਵਰ੍ਹਿਆਂ ਦਾ ਭਰਾ ਆ ਅਤੇ ਉਹ ਕਦੇ ਕਦੇ ਘਰ ਆਉਂਦੈ ਪਰ ਜ਼ਿਆਦਾ ਕਰਕੇ ਘਰੋਂ ਬਾਹਰ ਈ ਕਿਸੇ ਗੋਰੀ ਨਾਲ ਰਹਿੰਦੈ। ਸਕੀਨਾ ਨੇ ਇਸ ਗੱਲ ਤੋਂ ਸਾਫ਼ ਇਨਕਾਰ ਕੀਤੈ ਕਿ ਇਹ ਕਰਤੂਤ ਉਹਦੇ ਭਰਾ ਦੀ ਸੀ। ਸਕੀਨਾ ਨੇ ਇਹ ਵੀ ਦੱਸਿਆ ਕਿ ਉਹਦਾ ਕੋਈ ਬੁਆਏਫਰੈਂਡ ਨਹੀਂ ਹੈ। ਇਸ ਤੋਂ ਜ਼ਿਆਦਾ ਉਹਨੇ ਕੁੱਝ ਨਹੀਂ ਦੱਸਿਆ। ਹਾਂ ਸੱਚ, ਇਹ ਗੱਲ ਵੀ ਸਕੀਨਾ ਨੇ ਦੱਸੀ ਆ ਕਿ ਉਹਦਾ 45 ਕੁ ਸਾਲ ਦਾ ਮਾਮਾ ਵੀ ਘਰ ਰਹਿੰਦੈ ਅਤੇ ਮਾਮੇ ਦੇ ਉਹਦੀ ਮਾਂ ਨਾਲ ਨਜ਼ਾਇਜ ਸਬੰਧ ਆ। ਇਸ ਤੋਂ ਬਾਦ ਉਹ ਰੋਣ ਲੱਗ ਪਈ। ਮੈਂ ਹੋਰ ਜ਼ਿਆਦਾ ਪੁੱਛ ਗਿੱਛ ਕਰਨੀ ਫਿਰ ਠੀਕ ਨਹੀਂ ਸਮਝੀ।"

ਹੁਣ ਮੈਂ ਅਤੇ ਮੇਰੀ ਕੁਲੀਗ ਵਾਪਿਸ ਦਫਤਰ ਆ ਗਏ। ਅਸੀਂ ਕੇਸ ਬਾਰੇ ਗੱਲਾਂ ਕਰਨ ਤੋਂ ਬਾਦ ਅੰਦਾਜ਼ਾ ਲਾਇਆ ਕਿ ਅਗਰ ਸਕੀਨਾ ਦੀ ਮਾਂ ਦੇ ਆਪਣੇ ਸਕੇ ਭਰਾ ਨਾਲ ਈ ਸਬੰਧ ਆ ਤਾਂ ਕਿਤੇ ਮਾਮੇ ਨੇ ਈ ਇਹ ਕਾਰਾ ਨਾਂ ਕੀਤਾ ਹੋਵੇ। ਐਹੋ ਜੇਹਾ ਕੇਸ ਮੇਰੇ ਸਪੰਰਕ 'ਚ ਪਹਿਲੀ ਵਾਰ ਆਇਆ ਸੀ। ਮੈਂ ਇਹ ਸਭ ਕੁੱਝ ਜਾਣ ਕੇ ਹੈਰਾਨ ਹੋ ਰਿਹਾ ਸੀ ਕਿ ਕੀ ਇਸ ਤਰ੍ਹਾਂ ਵੀ ਹੋ ਸਕਦੈ? ਦੂਜੇ ਪਾਸੇ ਮੈਨੂੰ ਇਹ ਵੀ ਪਤਾ ਸੀ ਕਿ "ਬੁੱਧ ਅਤੇ ਦੁੱਧ ਦੇ ਫਟਣ ਦਾ ਕਦੇ ਪਤਾ ਲੱਗਦੈ?" ਮੈਂ ਉਸ ਜ਼ਾਲਮ ਦੇ ਨੱਥ ਪਾਉਣੀ ਚਾਹੁੰਦਾ ਸੀ ਜਿਸਨੇ ਸਕੀਨਾ ਨੂੰ ਇਸ ਨੌਬਤ ਤੇ ਲੈ ਆਂਦਾ ਸੀ। ਮੇਰੇ ਲਈ ਸਕੀਨਾ ਦੀ ਮਾਂ ਅਤੇ ਉਹਦੇ ਮਾਮੇ ਨੂੰ ਮਿਲਣਾ ਜ਼ਰੂਰੀ ਸੀ ਤਾਂ ਕਿ ਉਹਨਾਂ ਦਾ ਪੱਖ ਵੀ ਸੁਣਿਆ ਜਾ ਸਕੇ। ਇਸ ਤੋਂ ਬਾਦ ਮੈਂ ਪੁਲੀਸ ਨਾਲ ਸਾਰੀ ਗੱਲ ਕਰਨੀ ਚਾਹੁੰਦਾ ਸੀ। ਮੈਂ ਸਕੀਨਾ ਦੇ ਘਰ ਫੋਨ ਕਰਕੇ ਉਹਦੀ ਮਾਂ ਨੂੰ ਮਿਲਣ ਦਾ ਸਮਾਂ ਲੈ ਲਿਆ ਅਤੇ ਨਿਸ਼ਚਿਤ ਦਿਨ ਤੇ ਜਾ ਮਿਲਿਆ। ਸਕੀਨਾ ਦੀ ਹੱਟੀ ਕੱਟੀ ਮਾਂ ਨਾਲ ਮੈਂ ਜਦ ਇਸ ਸਾਰੇ ਮਾਜ਼ਰੇ ਬਾਰੇ ਗੱਲ ਤੋਰੀ ਤਾਂ ਉਹ ਪੈਰਾਂ ਤੇ ਪਾਣੀ ਨਾਂ ਪੈਣ ਦੇਵੇ, "ਸਕੀਨਾ ਤਾਂ ਸਾਡਾ ਨੱਕ ਵੱਢ ਦਿਤੈ। ਅੱਜ ਕੱਲ ਦੀਆਂ ਕੁੜੀਆਂ ਦਾ ਕੋਈ ਕੀ ਕਰੇ? ਇਹ ਦੇਖਣ ਨੂੰ ਈ ਘੁੰਨੀ ਜੇਹੀ ਲੱਗਦੀ ਆ ਪਰ ਮੈਨੂੰ ਕੀ ਪਤਾ ਸੀ ਕਿ ਇਹ ਮੀਸਣੀ ਜੇਹੀ ਕੀ ਕਰਦੀ ਫਿਰਦੀ ਆ। ਇਸੇ ਬਦਨਾਮੀ ਤੋਂ

ਡਰਦੀ ਮਾਰੀ ਤਾਂ ਮੈਂ ਇਹਨੂੰ ਕਿਸੇ ਹੋਰ ਸ਼ਹਿਰ ਲੈ ਗਈ ਸੀ ਕਿ ਆਪਣੇ ਲੋਕਾਂ ਅਤੇ ਰਿਸ਼ਤੇਦਾਰੀ 'ਚ ਪਤਾ ਨਾਂ ਲੱਗ ਸਕੇ।" ਮੈਂ ਕਿਹਾ, "ਇਹ ਗੱਲਾਂ ਤਾਂ ਤੁਹਾਡੀਆਂ ਠੀਕ ਆ ਪਰ ਕੀ ਤੁਹਾਨੂੰ ਪਤਾ ਲੱਗਾ ਕਿ ਬੁਆਏਫਰੈਂਡ ਹੈ ਕੌਣ ਸੀ?" "ਨਾਂ ਜੀ ਇਹ ਈ ਤਾਂ ਰੌਲੈ। ਬੁਆਏਫਰੈਂਡ ਬਾਰੇ ਈ ਤਾਂ ਪਤਾ ਨਹੀਂ ਲੱਗ ਰਿਹੈ।" ਮੈਂ ਪੁੱਛਿਆ, "ਕੀ ਸਕੀਨਾ ਸਕੂਲ ਤੋਂ ਕਦੇ ਲੇਟ ਵੀ ਘਰ ਆਈ ਸੀ?" "ਨਹੀਂ ਜੀ, ਸਕੂਲ ਤੋਂ ਤਾਂ ਮੈਂ ਆਪ ਇਹਨੂੰ ਲੈ ਕੇ ਆਉਂਦੀ ਰਹੀ ਆਂ।"

ਮੈਂ ਹੋਰ ਸੁਆਲ ਕੀਤੇ, "ਕੀ ਕਦੇ ਸਕੂਲ ਵਾਲਿਆਂ ਸ਼ਕਾਇਤ ਕੀਤੀ ਸੀ ਕਿ ਸਕੀਨਾ ਸਕੂਲ ਤੋਂ ਗਾਇਬ ਰਹਿੰਦੀ ਆ?" "ਨਹੀਂ ਜੀ, ਸਕੂਲ ਵਾਲਿਆਂ ਕਦੇ ਸਾਨੂੰ ਇਸ ਬਾਰੇ ਸ਼ਕਾਇਤ ਨਹੀਂ ਕੀਤੀ।" "ਸਕੂਲ ਤੋਂ ਘਰ ਆ ਕੇ ਜਾਂ ਵੀਕਇੰਡ ਤੇ ਸਕੀਨਾ ਕਦੇ ਘਰੋਂ ਬਾਹਰ ਇਕੱਲੀ ਵੀ ਜਾਂਦੀ ਰਹੀ ਆ?" "ਮੈਂ ਹੋਰ ਸੁਆਲ ਕੀਤੇ।" "ਨਹੀਂ ਜੀ, ਇਹਨੇ ਕਿਥੇ ਜਾਣੈ? ਘਰ 'ਚ ਈ ਰਹਿੰਦੀ ਆ। ਘਰ ਦਾ ਜਾਂ ਸਕੂਲ ਵਾਲਿਆਂ ਦਾ ਕੰਮ ਕਰ ਲਿਆ ਜਾਂ ਟੈਲੀ ਦੇਖ ਲਿਆ।" "ਮੈਨੂੰ ਪਤਾ ਲੱਗਾ ਕਿ ਸਕੀਨਾ ਦੇ ਡੈਡੀ ਇਸ ਦੁਨੀਆਂ ਤੇ ਨਹੀਂ ਰਹੇ?" "ਹਾਂ ਜੀ, ਸਕੀਨਾ ਦੇ ਡੈਡੀ ਨੂੰ ਫੌਤ ਹੋਇਆਂ ਤਾਂ 10 ਸਾਲ ਹੋ ਗਏ ਆ। ਇਸੇ ਕਰਕੇ ਤਾਂ ਮੈਂ ਆਪਣੇ ਭਰਾ ਨੂੰ ਪਾਕਿਸਤਾਨੋ ਮੰਗਾ ਲਿਆ ਸੀ ਤਾਂ ਕਿ ਘਰ 'ਚ ਕੋਈ ਮਰਦ ਤਾਂ ਹੋਵੇ ਕਿਉਂਕਿ ਸਕੀਨਾ ਦਾ ਭਰਾ ਤਾਂ ਬਾਹਰ ਕਿਸੇ ਗੋਰੀ ਨਾਲ ਖੇਹ ਖਾਂਦਾ ਫਿਰਦੈ, ਘਰ ਤਾਂ ਉਹ ਕਦੇ ਸਾਲ ਛੇ ਮਹੀਨਿਆਂ ਬਾਅਦ ਈ ਗੇੜਾ ਕੱਢਦੈ। ਮੈਂ ਵੀ ਕੋਈ ਕੰਮ ਨਹੀਂ ਕਰਦੀ ਤੇ ਇਸੇ ਕਰਕੇ ਸਕੀਨਾ ਦੇ ਮਾਮੇ ਨੂੰ ਇਥੇ ਮੰਗਵਾਇਆ ਸੀ ਕਿ ਘਰ ਦਿਲ ਲੱਗਾ ਰਿਹਾ ਕਰੂ।" ਸਕੀਨਾ ਦਾ ਮਾਮਾ ਕਿੱਥੇ ਆ?" ਮੈਂ ਸੁਆਲ ਕੀਤਾ। "ਉਹ ਤਾਂ ਜੀ ਦੋ ਕੁ ਮਹੀਨੇ ਹੋਏ ਵਾਪਿਸ ਪਾਕਿਸਤਾਨ ਚਲੇ ਗਿਆ। ਇਥੇ ਉਹ ਸੈਰ ਸਪਾਟਾ ਕਰਨ ਆਇਆ ਸੀ। ਮੈਂ ਤਾਂ ਹੁਣ ਫਿਰ ਇਕੱਲੀ ਰਹਿ ਗਈ ਆਂ। ਆਹ ਸਕੀਨਾ ਨੇ ਹੁਣ ਨਵਾਂ ਸਿਆਪਾ ਪਾ ਦਿੱਤਾ। ਅਸੀਂ ਬੜੇ ਸੋਹਣੇ ਆਪਣੇ ਘਰ ਰਹਿੰਦੇ ਸੀ।" ਮੈਂ ਕਿਹਾ, "ਕੀ ਸਕੀਨਾ ਤੁਹਾਨੂੰ ਕੋਈ ਉੱਘ ਸੁੱਘ ਨਹੀਂ ਦੇ ਰਹੀ ਕਿ ਇਹ ਬੱਚੀ ਕਿਸ ਦੀ ਆ?" "ਨਾਂ ਜੀ, ਇਹ ਈ ਤਾਂ ਰੋਣੈਂ। ਜਦ ਵੀ ਮੈਂ ਪੁੱਛਦੀ ਆਂ, ਇਹ ਰੋਣ ਲੱਗ ਪੈਂਦੀ ਆ। ਜੇ ਮੈਨੂੰ ਇਹਨੇ ਦੱਸਿਆ ਹੁੰਦੈ ਤਾਂ ਮੈਂ ਤੁਹਾਨੂੰ ਨਾਂ ਦੱਸਦੀ।" ਸਕੀਨਾ ਦੀ ਮਾਂ ਮੈਨੂੰ ਕੋਈ ਲੜ ਪੱਲਾ ਨਹੀਂ ਸੀ ਫੜਾ ਰਹੀ। ਮੈਂ ਆਖਿਰ 'ਚ ਇਹ ਕਹਿ ਉਠ ਕੇ ਆ ਗਿਆ, "ਹੁਣ ਮੈਨੂੰ ਪੁਲੀਸ ਨੂੰ ਨਾਲ ਲੈ ਕੇ ਤੁਹਾਨੂੰ ਅਤੇ ਸਕੀਨਾ ਨੂੰ ਮਿਲਣਾ ਪਵੇਗਾ।"

ਮੈਂ ਦਫਤਰ ਆ ਪੁਲੀਸ ਨਾਲ ਸੰਪਰਕ ਕੀਤਾ ਅਤੇ ਸਾਰੇ ਕੇਸ ਤੋਂ ਜਾਣੂੰ ਕਰਾਇਆ। ਪੁਲੀਸ ਨੂੰ ਮੈਂ ਕੇਸ ਨਾਲ ਸਾਰੇ ਸਬੰਧਤ ਕਾਗਜ਼ ਦੇ ਦਿੱਤੇ ਅਤੇ ਉਹਨਾ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲਾਂ ਉਹ ਸਕੀਨਾ ਨੂੰ ਮਿਲੇ ਅਤੇ ਉਹਨਾਂ ਸਕੀਨਾ ਦੇ ਮੂੰਹੋ ਇਹ ਕੱਢਵਾ ਲਿਆ ਕਿ ਇਹ ਸਾਰੀ ਕਰਤੂਤ ਉਸ ਦੇ ਸਕੇ ਮਾਮੇ ਦੀ ਸੀ ਜੋ ਹੁਣ ਪਾਕਿਸਤਾਨ ਦੌੜ ਗਿਆ ਸੀ। ਸਕੀਨਾ ਨੇ ਪੁਲੀਸ ਨੂੰ ਇਹ ਵੀ ਦੱਸ ਦਿੱਤਾ ਕਿ ਉਹਦੀ ਮਾਂ ਦੇ ਉਹਦੇ ਮਾਮੇ ਨਾਲ ਨਜ਼ਾਇਜ਼ ਸਬੰਧ ਸਨ।

ਹੁਣ ਗੱਲ ਸਾਫ ਹੋ ਗਈ ਸੀ ਅਤੇ ਮੈਂ ਪੁਲੀਸ ਨਾਲ ਰਲ ਕੇ ਸਾਰਾ ਕੇਸ ਤਿਆਰ ਕਰ ਲਿਆ ਤਾਂ ਕਿ ਕੋਰਟ ਵਿਚੋਂ ਆਰਡਰ ਲੈ ਕੇ ਸਕੀਨਾ ਦੇ ਬਦਮਾਸ਼ ਮਾਮੇ ਨੂੰ ਸਜ਼ਾ ਦਿਵਾਈ ਜਾ ਸਕੇ। ਪੁਲੀਸ ਨੇ ਸਕੀਨਾ ਦੀ ਮਾਂ ਨੂੰ ਮਿਲ ਕੇ ਦੱਸ ਦਿੱਤਾ

ਸੀ ਕਿ ਇਹ ਕੇਸ ਹੁਣ ਕੋਰਟ ਵਿਚ ਜਾਵੇਗਾ ਅਤੇ ਉਹਦੇ ਭਰਾ ਨੂੰ ਸਜ਼ਾ ਹੋਵੇਗੀ।

ਸਕੀਨਾ ਦੀ ਮਾਂ ਨੇ ਸਕੀਨਾ ਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਜੇਕਰ ਉਹਨੇ ਕੋਰਟ ਵਿਚ ਮਾਮੇ ਦੇ ਖਿਲਾਫ ਬਿਆਨ ਦੇ ਦਿਤੇ ਤਾਂ ਉਹਨੂੰ ਜੇਲ੍ਹ ਦੀ ਸਜ਼ਾ ਤਾਂ ਹੋਵੇਗੀ ਈ, ਨਾਲ ਸਾਰੇ ਪਰਿਵਾਰ ਦੀ ਵੀ ਬਹੁਤ ਬਦਨਾਮੀ ਹੋਵੇਗੀ। ਮਾਂ ਨੇ ਇਹ ਵੀ ਡਰਾਵਾ ਦੇਣਾਂ ਸ਼ੁਰੂ ਕਰ ਦਿੱਤਾ ਕਿ ਜੇਕਰ ਸਕੀਨਾ ਨੇ ਕੋਰਟ ਵਿਚ ਬਿਆਨ ਦਿਤੇ ਤਾਂ ਉਹ ਉਹਨੂੰ ਘਰੋਂ ਕੱਢੇਗੀ ਹੀ ਤੇ ਨਾਲ ਸਾਰੀ ਉਮਰ ਲਈ ਉਹਦਾ ਬਾਈਕਾਟ ਵੀ ਕਰ ਦੇਵੇਗੀ। ਇਹ ਸਾਰੀਆਂ ਗੱਲਾਂ ਸਕੀਨਾ ਨੇ ਮੈਨੂੰ ਉਸ ਵੇਲੇ ਦੱਸੀਆਂ ਜਦ ਮੈਂ ਸਕੀਨਾ ਨੂੰ ਕੋਰਟ ਵਿਚ ਜਾਣ ਤੋਂ ਪਹਿਲਾਂ ਸਕੂਲੇ ਮਿਲਿਆ ਸੀ। ਮੈਂ ਸਕੀਨਾ ਨੂੰ ਬਹੁਤ ਹੌਂਸਲਾ ਦਿੱਤਾ ਕਿ ਉਹ ਐਹੋ ਜੇਹੀ ਮਾਂ ਅਤੇ ਮਾਮੇ ਦੀ ਪ੍ਰਵਾਹ ਨਾਂ ਕਰੇ ਜੇਹਨਾਂ ਉਹਦੀ ਜਿੰਦਗੀ ਬਰਬਾਦ ਕਰ ਦਿੱਤੀ ਹੈ ਅਤੇ ਉਹਦੇ ਰਹਿਣ ਅਤੇ ਪੜ੍ਹਾਈ ਦਾ ਪ੍ਰਬੰਧ ਮੈਂ ਕਰ ਦੇਵਾਂਗਾ। ਸਕੀਨਾ ਉਸ ਦਿਨ ਮੈਨੂੰ "ਹਾਂ" ਕਰ ਦਿੱਤੀ ਸੀ।

ਪਰ ਜਿਸ ਦਿਨ ਮੈਂ ਪੁਲੀਸ ਨਾਲ ਸਾਰਾ ਕੇਸ ਤਿਆਰ ਕਰਕੇ ਕੋਰਟ ਵਿਚ ਗਿਆ ਸਕੀਨਾ ਨੇ ਕਿਸੇ ਵੀ ਸੁਆਲ ਦਾ ਕੋਈ ਜੁਆਬ ਨਾਂ ਦਿੱਤਾ। ਉਹ ਕੋਰਟ ਵਿਚ ਸਾਰਾ ਸਮਾਂ ਰੋਂਦੀ ਰਹੀ। ਸਾਡੇ ਲੱਖ ਯਤਨ ਕਰਨ ਤੇ ਵੀ ਉਹ ਕੁੱਝ ਨਾਂ ਬੋਲੀ। ਸਾਰਾ ਕੇਸ ਡਿਸਮਿਸ ਹੋ ਗਿਆ। ਮਾਂ ਦਾਂ ਯਾਰ ਲੁੱਚਾ ਮਾਮਾ ਸਾਫ ਬਰੀ ਹੋ ਗਿਆ।

# ਸਾਲੀ ਦੀ ਕੁੜੀ ਨਾਲ ਵਿਆਹ

ਗੈਰੀ ਮਾਪਿਆਂ ਦਾ ਛਿਦਰੀ ਮੁੰਡਾ ਸੀ। ਸ਼ਰਾਬ, ਸਿਰਗਟਾਂ ਅਤੇ ਡਰੱਗਜ਼ ਵਿਚ ਗ੍ਰਸਿਆ ਗੈਰੀ ਸਦਾ ਅਵੈੜ ਬੋਲਦਾ। ਮਾਂ ਪਿਉ ਉਹਦੇ ਉਪਦਰਾਂ ਤੋਂ ਪੋਟਾ ਪੋਟਾ ਦੁੱਖੀ ਹੋਏ ਪਏ ਸਨ। ਨਾਂ ਉਹ ਕੋਈ ਕੰਮ ਕਰਦਾ ਅਤੇ ਨਾਂ ਹੀ ਕੰਮ ਲੱਭਣ ਦੀ ਕੋਸ਼ਿਸ਼ ਕਰਦਾ। ਪੜ੍ਹਾਈ ਵੱਲੋਂ ਵੀ ਠੁੱਣ ਠੁਣ ਗੋਪਾਲ। ਬਸ ਵਲੈਤੀ ਸਕੂਲ ਫੇਲ੍ਹ। ਅੰਗਰੇਜ਼ੀ ਨੂੰ ਵਾਹਵਾ ਚਬੜ ਚਬੜ ਮੂੰਹ ਮਾਰਦਾ। ਇਹਦੀ ਅੰਗਰੇਜ਼ੀ ਵਿਚ ਵੀ ਜ਼ਿਆਦਾ ਗਾਲ੍ਹਾਂ ਹੁੰਦੀਆਂ। ਮਾਂ ਪਿਉ ਦੇ ਸਿਰੋਂ ਚੰਗਾ ਖਾਂਦਾ ਅਤੇ ਮੰਦਾ ਬੋਲਦਾ। ਕਾਫੀ ਦਿਨ ਚੜ੍ਹੇ ਉਹ ਉਠਦਾ ਅਤੇ ਦੇਰ ਰਾਤ ਸੌਂਦਾ। ਮਾਂ ਪਿਉ ਨੂੰ ਇਹ ਫਿਕਰ ਸੀ ਕਿ ਗੈਰੀ ਦੀ ਉਮਰ ਵੱਧਦੀ ਜਾਂਦੀ ਆ ਅਤੇ ਇਹਦਾ ਅਜੇ ਕਿਤੇ ਬੰਨ੍ਹ ਸੁੱਬ ਨਹੀਂ ਰਿਹਾ। ਸੁੱਖ ਨਾਲ ਮਾਪਿਆਂ ਦਾ ਸੁੱਖਾਂ ਲੱਧਾ ਕਾਕਾ ਗੁਰਿੰਦਰ ਹੁਣ 30 ਵਰ੍ਹਿਆਂ ਦਾ ਹੋ ਗਿਆ ਸੀ। ਗੁਰਿੰਦਰ ਤੋਂ ਗੈਰੀ ਬਣਿਆ ਇਹ ਵਿਗੜਿਆ ਕਾਕਾ ਹਰ ਇੱਕ ਨਾਲ ਫਾਹਾ ਲੈਂਦਾ ਅਤੇ ਜਣੇ ਖਣੇ ਨੂੰ ਟਿੱਚ ਸਮਝਦਾ। ਦੇਖਣ ਚਾਖਣ ਨੂੰ ਭਾਂਵੇ ਉਹ ਐਨਾ ਮਾੜਾ ਨਹੀਂ ਸੀ ਪਰ ਜਦ ਮੂੰਹ ਦੇ ਕਬਾੜ ਖੋਹਲਦਾ ਤਾਂ ਸ਼ਕਲ ਸੂਰਤ ਭੈੜੀ ਲੱਗਣ ਲੱਗ ਜਾਂਦੀ। ਮਾਂ ਪਿਉ ਦੀ ਇਕਲੌਤੀ ਔਲਾਦ ਆਪਣੇ ਵਰਗੀਆਂ ਗੋਰੀਆਂ ਨਾਲ ਵੀ ਪਿਆਰ ਪੀਘਾਂ ਪਾਈ ਫਿਰਦਾ ਸੀ। ਉਹਨਾਂ ਨੂੰ ਇਹ ਵੀ ਡਰ ਸੀ ਕਿ ਚਥਲ ਗੋਰੀਆਂ ਉਹਨਾਂ ਦੀ ਜੜ੍ਹ ਦਾ ਬਿਲਕੁਲ ਹੀ ਫਸਤਾ ਨਾਂ ਵੱਢ ਦੇਣ ਅਤੇ ਉਹ ਏਡਜ਼ ਬਗੈਰਾ ਲੁਆ ਕੇ ਸਾਡਾ ਨਾਮੋ ਨਿਸ਼ਾਨ ਈ ਨਾਂ ਮਿਟਾ ਦੇਣ। ਇਸੇ ਕਰਕੇ ਉਹਨਾਂ ਰਿਸ਼ਤੇਦਾਰੀਆਂ ਅਤੇ ਜਾਣ ਪਛਾਣ ਵਾਲਿਆਂ ਨੂੰ ਕਹਿ ਛੱਡਿਆਂ ਸੀ ਕਿ ਗੈਰੀ ਲਈ ਕੋਈ ਕੁੜੀ ਦੇਖਣ। ਗੈਰੀ ਦੀਆਂ ਕਰਤੂਤਾਂ ਤੋਂ ਸਾਰੇ ਵਾਕਿਫ ਹੋਣ ਕਰਕੇ, ਕੋਈ ਲੜ ਪੱਲਾ ਨਹੀਂ ਸੀ ਫੜਾ ਰਿਹਾ ਅਤੇ ਬਸ ਹੂੰ ਹਾਂ ਕਰਕੇ ਗੱਲ ਟਾਲ ਦਿੰਦੇ ਸੀ। ਐਹੋ ਜਿਹੇ ਰਵਿਆਂ ਦੀ "ਜਿਣਸ" ਦਾ ਬਰਤਾਨੀਆਂ ਵਿਚ ਕਿਥੇ ਵਿਆਹ ਹੋਣਾ ਸੀ? ਸਭ ਦੁਨੀਆਂ ਨੂੰ ਐਹੋ ਜੇਹੇ "ਰਵਿਆਂ" ਦਾ ਪਤਾ ਹੁੰਦੈ। ਜੋ ਆਮ ਕਰਕੇ ਹੁੰਦਾ ਈ ਆ ਗੈਰੀ ਵਰਗੇ ਲਫੰਗਿਆਂ ਦਾ ਟਾਂਕਾ ਇੰਡਿਆ ਦੀ ਖੁੱਲ੍ਹੀ ਮਾਰਕੀਟ ਵਿਚ ਜਾ ਕੇ ਫਿੱਟ ਕੀਤਾ ਜਾਂਦਾ। ਇੰਡਿਆ ਦੀ ਹਾਲਤ ਇਹ ਆ ਕਿ ਉਥੇ ਵਲੈਤ ਦੇ ਨਾਂ ਤੇ ਕਈ ਸੁਸ਼ੀਲ ਕੁੜੀਆਂ ਜਿਬ੍ਹਾ ਕੀਤੀਆਂ ਜਾਂਦੀਆਂ। ਇੰਡਿਆ ਬੈਠੇ ਮਾਂ ਬਾਪ ਸੋਚਦੇ ਆ ਕਿ ਕੁੜੀ ਵਲੈਤ ਚਲੀ ਜਾਵੇ...... ਕਾਕਾ ਜੀ ਚਾਹੇ ਬੁੱਢੇ ਠੇਰੇ ਹੋਣ ਅਤੇ ਚਾਹੇ ਨਿਖੱਟੂ ਬਦਮਾਸ਼। ਉਹਨਾਂ ਦਾ ਇਹ ਵੀ ਖਿਆਲ ਹੁੰਦੈ ਕਿ ਵਿਆਹ ਤੋਂ ਬਾਦ ਸਭ ਠੀਕ ਹੋ ਜਾਂਦੈ। ਪਰ ਜੇਹੜੇ ਦੀਰਘ ਰੋਗ ਦੇ ਸ਼ਿਕਾਰ ਹੋਣ, ਉਹ ਤਾਂ ਅਪਰੇਸ਼ਨ ਕੀਤਿਆਂ ਵੀ ਸੈੱਟ ਨਹੀਂ ਬੈਠਦੇ। ਨਾਲੇ ਭਾਰਤੀ ਸੱਭਿਆਚਾਰ 'ਚ ਪਲੀ ਲੜਕੀ ਕੋਲ ਕੇਹੜੀ ਗਿੱਦੜ ਸਿੰਙੀ ਹੁੰਦੀ ਆ

ਜੇਹਦੇ ਨਾਲ ਪੁੱਠੀਆਂ ਚਾਲਾਂ ਵਾਲੇ ਕਾਕੇ ਸਿੱਧੇ ਹੋ ਜਾਣਗੇ। ਜਿਸ ਸਮਾਜ ਵਿਚ ਔਰਤ ਨਾਲ ਹਰ ਪਾਸੇ ਵਿਤਕਰਾ ਹੁੰਦਾ ਹੋਵੇ ਅਤੇ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਹੋਵੇ ਉੱਥੇ ਕਿਸੇ ਜਾਦੂ ਦੀ ਤਵੱਕੋ ਕਰਨੀ ਮੂਰਖਤਾ ਈ ਹੋ ਸਕਦੀ ਆ। ਪਰ ਇਸ ਬਾਵਰੀ ਦੁਨੀਆ ਨੂੰ ਕੌਣ ਸਮਝਾਵੇ।

ਹੁਣ ਗੈਰੀ ਲਈ ਇੰਡਿਆ ਵਿਚ ਕੁੜੀ ਲੱਭੀ ਜਾ ਰਹੀ ਸੀ। ਕੁਝ ਰਿਸ਼ਤੇਦਾਰਾਂ ਮੈਨੂੰ ਵੀ ਸੰਪਰਕ ਕੀਤਾ ਕਿ, "ਪਤਾ ਲੱਗਾ ਹੈ ਕਿ ਗੈਰੀ ਨਾਂ ਦਾ ਕਾਕਾ ਇੰਡਿਆ ਆ ਰਿਹਾ ਤੇਰਾ ਕੀ ਖਿਆਲ ਆ ਜੇ ਬਬੀਤਾ ਦਾ ਵਿਆਹ ਉਹਦੇ ਨਾਲ ਕਰ ਦਈਏ।" ਮੈਂ ਉਹਨਾਂ ਨੂੰ ਸਾਫ ਜੁਆਬ ਦੇ ਦਿੱਤਾ ਕਿ, "ਲੜਕਾ ਠੀਕ ਨਹੀਂ ਇਸ ਕਰਕੇ ਉਹ ਇਸ ਰਿਸ਼ਤੇ ਬਾਰੇ ਭੁੱਲ ਜਾਣ।" ਪਰ ਮੇਰੀ ਇੱਥੇ ਸੁਣਨ ਵਾਲਾ ਕੌਣ ਸੀ। ਉਹਨਾਂ ਨੂੰ ਲੱਗ ਰਿਹਾ ਸੀ ਕਿ ਮੈਂ ਉਹਨਾਂ ਦੇ ਬਣਦੇ ਕੰਮ ਵਿਚ ਲੱਤ ਅੜਾ ਰਿਹਾਂ ਅਤੇ ਮੈਂ ਉਹਨਾਂ ਦਾ ਖੈਰ ਖੁਆਹ ਨਹੀਂ। ਨਾਲੇ ਬਬੀਤਾ ਦੀ ਮਾਸੀ ਵਲੈਤ ਵਿਚ ਸੀ ਅਤੇ ਉਹ ਹੀ ਇਹ ਰਿਸ਼ਤਾ ਕਰਵਾ ਰਹੀ ਸੀ। ਗੈਰੀ ਦੇ ਮਾਪਿਆਂ ਬਬੀਤਾ ਦੀ ਮਾਸੀ ਦੀ ਮੁੱਠੀ ਚਾਪੀ ਕੀਤੀ ਸੀ ਕਿ ਉਹ "ਕਾਕਾ ਜੀ" ਦਾ ਕਿਸੇ ਤਰ੍ਹਾਂ ਰਿਸ਼ਤਾ ਕਰਵਾ ਦੇ। ਮਾਸੀ ਆਪਣੇ ਨੰਬਰ ਬਨਾਉਣ ਵਿਚ ਲੱਗੀ ਹੋਈ ਸੀ। ਉਹਨੂੰ ਮੇਰੀਆਂ ਖਰੀਆਂ ਖਰੀਆਂ ਕੌੜੀਆਂ ਲੱਗਦੀਆਂ ਸਨ। ਬਬੀਤਾ ਦੀ ਮਾਸੀ ਅਤੇ ਗੈਰੀ ਦੇ ਮਾਪਿਆਂ ਸੋਚਿਆ ਕਿ ਇਹ ਕੰਮ ਇੰਡਿਆ ਜਾ ਕੇ ਜਿੰਨ੍ਹੀ ਜਲਦੀ ਹੋ ਸਕੇ ਉਨ੍ਹਾਂ ਹੀ ਚੰਗਾ। ਜੇਕਰ ਇਸ ਸ਼ੁੱਭ ਕੰਮ ਵਿਚ ਦੇਰੀ ਹੋ ਗਈ ਤਾਂ ਬਣਦਾ ਬਣਦਾ ਕੰਮ ਵਿਗੜ ਜਾਵੇਗਾ। ਪੱਕੀ ਠੱਕੀ ਕਰਕੇ ਬਬੀਤਾ ਦੀ ਮਾਸੀ, ਗੈਰੀ ਅਤੇ ਮਾਪੇ ਜਾ ਇੰਡਿਆ ਉਤਾਰਾ ਕੀਤਾ।

ਸੋਲਾਂ ਜਮਾਤਾਂ ਪਾਸ ਬਬੀਤਾ ਹੁਣ 23 ਵਰ੍ਹਿਆਂ ਦੀ ਸੀ ਅਤੇ ਇੱਕ ਪ੍ਰਾਈਵੇਟ ਸਕੂਲ ਵਿਚ ਅਧਿਆਪਕਾ ਲੱਗੀ ਹੋਈ ਸੀ। ਬਬੀਤਾ ਸਾਰੀ ਦੀ ਸਾਰੀ ਹੀ ਸੋਹਣੀ ਸੀ। ਬਬੀਤਾ ਦਾ ਬਾਪ ਰੀਟਾਇਰਡ ਫੌਜੀ ਅਫਸਰ ਸੀ। ਸ਼ਹਿਰ ਵਿਚ ਵਾਹਵਾ ਚੰਗੀ ਕੋਠੀ ਸੀ। ਸ਼ਹਿਰ ਵਿਚ ਈ ਉਹਨਾਂ ਦੀਆਂ ਤਿੰਨ ਦੁਕਾਨਾਂ ਸਨ ਜਿਹਨਾਂ ਦਾ ਚੰਗਾ ਤਕੜਾ ਕਰਾਇਆ ਆਉਂਦਾ ਸੀ। ਫੌਜੀ ਅਫਸਰ ਕਹਿੰਦੀ ਕਹਾਂਉਂਦੀ ਮੋਟੀ ਸਾਮੀ ਸੀ। ਜਿਸ ਤਰ੍ਹਾਂ ਇੰਡਿਆ ਵਿਚ ਹੁੰਦਾ ਈ ਆ, ਬਾਹਰਲੇ ਰਿਸ਼ਤੇ ਦੀ ਕਿਸੇ ਨੂੰ ਭਿਣਕ ਨਹੀਂ ਪੈਣ ਦਿੱਤੀ ਜਾਂਦੀ। ਅੰਦਰੋਂ ਅੰਦਰੀ ਇਹ "ਸ਼ੁੱਭ ਕੰਮ" ਕੀਤਾ ਜਾਂਦਾ ਹੈ ਮਤੇ ਕੋਈ ਭਾਨੀ ਮਾਰ ਦੇਵੇ ਅਤੇ ਬਣਿਆ ਬਣਾਇਆ ਕੰਮ ਵਿਗੜ ਜਾਵੇ। ਜਿਸ ਹਫਤੇ "ਵਲੈਤੀ ਲਾੜਾ" ਇੰਡਿਆ ਪਹੁੰਚਾ, ਉਸ ਹਫਤੇ ਹੀ ਐਤਵਾਰ ਨੂੰ ਬਬੀਤਾ ਦਾ ਗੈਰੀ ਨਾਲ ਬੜੀ ਧੂਮ ਧਾਮ ਨਾਲ ਵਿਆਹ ਕਰ ਦਿੱਤਾ ਗਿਆ। ਫੌਜੀ ਅਫਸਰ ਨੇ 10 ਲੱਖ ਰੁਪਿਆ ਵਿਆਹ ਤੇ ਖਰਚ ਕਰ ਦਿੱਤਾ। ਰਿਸ਼ਤੇਦਾਰਾਂ ਅਤੇ ਯਾਰਾਂ ਦੋਸਤਾਂ ਵਿਚ ਬਹਿ ਜਾ ਬਹਿ ਜਾ ਕਰਵਾ ਦਿੱਤੀ। ਬਬੀਤਾ ਦੀ ਚੰਗੀ ਕਿਸਮਤ ਦੀਆਂ ਗੱਲਾਂ ਹੋਣ ਲੱਗੀਆਂ। ਉਹਦੀਆਂ ਸਹੇਲੀਆਂ ਉਹਨੂੰ ਬਾਰ ਬਾਰ ਕਹਿਣ, "ਬਬੀਤਾ ਤੂੰ ਤਾਂ ਸਵਰਗ 'ਚ ਚਲੀ ਜਾਣੈਂ। ਸਾਡਾ ਵੀ ਖਿਆਲ ਰੱਖੀ।" ਫੌਜੀ ਅਤੇ ਫੌਜਣ ਵੀ ਬਹੁਤ ਖੁਸ਼ ਸਨ। ਲੋਕ ਕਹਿ ਰਹੇ ਸਨ, "ਤੁਹਾਡੀ ਤਾਂ ਕਿਸਮਤ ਤਰ ਗਈ। ਕੁੜੀ ਰਾਜ ਕਰੂਗੀ। ਤੁਹਾਡੇ ਤਾਂ ਭਾਗ ਖੁੱਲ੍ਹ ਗਏ।"

ਬਬੀਤਾ ਅਤੇ ਗੈਰੀ ਹਨੀਮੂੰਨ ਲਈ ਡਲਹੌਜ਼ੀ ਚਲੇ ਗਏ। ਬਬੀਤਾ ਦੇ ਫੌਜੀ ਬਾਪ ਨੇ 20 ਹਜ਼ਾਰ ਰੁਪਿਆ ਗੈਰੀ ਨੂੰ ਦਿੱਤਾ ਕਿ ਉਹ ਦੋਵੇਂ ਐਸ਼ ਕਰਨ। ਡਲਹੌਜ਼ੀ

ਪਹੁੰਚ ਕੇ ਗੈਰੀ ਨੇ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਜਿਸ ਹੋਟਲ ਵਿਚ ਉਹ ਠਹਿਰੇ ਹੋਏ ਸੀ ਉਥੇ ਸ਼ਰਾਬ ਮੰਗਾ ਕੇ ਬਬੀਤਾ ਨੂੰ ਵੀ ਕਹਿਣ ਲੱਗ ਪਿਆ, "ਤੈਨੂੰ ਇਹ ਪੀਣੀਂ ਚਾਹੀਦੀ ਆ। ਤੂੰ ਇੰਗਲੈਂਡ ਜਾ ਰਹੀਂ ਆ। ਉਥੇ ਕੀ ਕਰੇਂਗੀ ਜੇ ਤੂੰ ਪੀਣੀਂ ਨਾ ਸਿੱਖੀ ਤਾਂ।" ਬਬੀਤਾ ਬਥੇਰਾ ਕਿਹਾ, "ਮੈਂ ਕਦੇ ਡਰਿੰਕ ਨਹੀਂ ਪੀਤੀ।" ਪਰ ਗੈਰੀ ਨਾ ਮੰਨਿਆ। ਸਗੋਂ ਗੈਰੀ ਨੇ ਤਾਂ ਹੋਟਲ ਦੇ ਬੈਹਰਿਆਂ ਨੂੰ ਵੀ ਸ਼ਰਾਬ ਗਲਾਸਾਂ ਵਿਚ ਪਾ ਦਿੱਤੀ ਅਤੇ ਉਹਨਾਂ ਨਾਲ ਬੈਠ ਕੇ ਪੀਣ ਲਈ ਕਿਹਾ। ਬੈਹਰੇ ਡਰਦੇ ਮਾਰੇ ਗਲਾਸ ਲੈ ਕੇ ਬੈਠ ਤਾਂ ਗਏ ਪਰ ਪੀਣ ਬਿਲਕੁਲ ਨਾਂ। ਗੈਰੀ ਨੇ ਹੋਟਲ ਦੇ ਮਾਲਕ ਨੂੰ ਵੀ ਨਾਲ ਬੈਠਾ ਲਿਆ। ਮਜ਼ਬੂਰਨ ਉਹਨਾਂ ਸਾਰਿਆਂ ਨੂੰ ਘੁੱਟ-ਘੁੱਟ ਲਾਉਣੀ ਪਈ। ਹੁਣ ਗੈਰੀ ਨਸ਼ੇ ਵਿਚ ਹੋ ਚੁੱਕਾ ਸੀ ਅਤੇ ਨਾਲ ਸਿਰਗਟਾਂ ਦਾ ਵੀ ਸੇਵਨ ਕਰ ਰਿਹਾ ਸੀ। ਬਬੀਤਾ ਦੀ ਹਾਲਤ ਬੜੀ ਮਾੜੀ ਸੀ। ਉਹ ਕਦੇ ਮਰਦਾਂ ਦੀ ਕੰਪਨੀ ਵਿਚ ਬੈਠੀ ਨਹੀਂ ਸੀ ਅਤੇ ਫਿਰ ਸ਼ਰਾਬੀ ਮਰਦਾਂ ਦੀ ਕੰਪਨੀ ਤਾਂ ਉਹ ਕਦੇ ਕਿਆਸ ਵੀ ਨਹੀਂ ਸੀ ਸਕਦੀ। ਇਸ ਤੋਂ ਬਿਨਾਂ ਸਿਰਗਟਾਂ ਦਾ ਇੰਨਾਂ ਧੂੰਆਂ ਉਹਦੇ ਕੋਲੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਹ ਉੱਠ ਕੇ ਜਾਣ ਲੱਗੀ ਤਾਂ ਗੈਰੀ ਨੇ ਬਾਹੋਂ ਫੜ ਬੈਠਾ ਲਿਆ, "ਵੇਅਰ ਆਰ ਯੂ ਗੋਇੰਗ? ਯੂ ਮੱਸਟ ਲਰਨ ਹਾਓ ਟੂ ਇਨਜੌਏ ਏ ਕੰਪਨੀ।" ਮਜ਼ਬੂਰਨ ਬਬੀਤਾ ਨੂੰ ਉਥੇ ਬੈਠਣਾ ਪਿਆ। ਉਹਨੂੰ ਉੱਥੂ ਆ ਰਹੇ ਸੀ ਅਤੇ ਖੰਗ ਨਾਲ ਉਹਦਾ ਬੁਰਾ ਹਾਲ ਸੀ। ਹੋਟਲ ਮਾਲਕ ਕਿਹਾ, "ਸਰ ਜੀ, ਮੈਡਮ ਜੀ ਦੀ ਤਬੀਅਤ ਠੀਕ ਨਈਂ, ਇਹਨਾਂ ਨੂੰ ਆਰਾਮ ਕਰਨ ਦਿਉ। ਵੈਸੇ ਵੀ ਹੁਣ ਰਾਤ ਦੇ ਬਾਰ੍ਹਾਂ ਬਜ ਗਏ ਆ। ਅਸੀਂ ਵੀ ਹੋਟਲ ਬੰਦ ਕਰਨੈ।" "ਵੱਟ ਏ ਸ਼ਿਟੀ ਪਲੇਸ" ਕਹਿ ਗੈਰੀ ਉੱਠ ਗਿਆ।

ਬੈੱਡਰੂਮ ਵਿਚ ਜਾ ਉਹਨੇ ਵਲੈਤੋਂ ਨਾਲ ਲਿਆਂਦੀ ਅਸ਼ਲੀਲ ਫਿਲਮ ਲਾ ਲਈ। ਬਬੀਤਾ ਨੂੰ ਫਿਲਮ ਵਿਚਲੀਆਂ ਲੁੱਚੀਆਂ ਹਰਕਤਾਂ ਕਰਨ ਨੂੰ ਕਹਿਣ ਲੱਗਾ। ਬਬੀਤਾ ਦੇ ਇਨਕਾਰ ਕਰਨ ਤੇ ਗੈਰੀ ਨੇ ਚਪੇੜ ਕੱਢ ਮਾਰੀ। ਅਖੀਰ ਬਬੀਤਾ ਨੂੰ "ਵਲੈਤੀ ਪਤੀ ਦੇਵ" ਦੀ ਈਨ ਮੰਨਣੀ ਪਈ। ਇਹ ਸਿਲਸਿਲਾ ਵੀਕ ਭਰ ਚੱਲਦਾ ਰਿਹਾ। ਬਬੀਤਾ ਦੇ ਅਰਮਾਨਾਂ ਅਤੇ ਖਾਹਸ਼ਾਂ ਦਾ ਬੁਰੀ ਤਰ੍ਹਾਂ ਖਲਵਾੜ ਹੋ ਚੁੱਕਾ ਸੀ। ਕੀ ਤੋਂ ਕੀ ਹੋ ਗਿਆ ਸੀ। ਪਰ ਆਪਣੀ ਅਤੇ ਆਪਣੇ ਮਾਂ ਬਾਪ ਦੀ ਇੱਜ਼ਤ ਸਾਂਭੀ ਬਬੀਤਾ ਚੁੱਪ ਕਰਕੇ ਸਭ ਜ਼ਿਆਦਤੀਆਂ ਸਹਾਰ ਰਹੀ ਸੀ। ਉਹਨੇ ਘਰ ਆ ਕੇ ਮਾਂ ਬਾਪ ਅਤੇ ਸਹੇਲੀਆਂ ਨੂੰ ਆਪਣੇ ਹਨੀਮੂਨ ਬਾਰੇ ਕੁੱਝ ਨਾਂ ਦੱਸਿਆ ਕਿ ਉਹਦਾ "ਢੋਲ ਸਿਪਾਹੀ" ਉਹਦੇ ਨਾਲ ਕੀ ਕੁੱਝ ਕਰਦਾ ਰਿਹਾ ਸੀ।

ਹੁਣ ਗੈਰੀ ਅਤੇ ਉਹਦੀ ਮਾਂ ਦੀ ਵਾਪਿਸ ਜਾਣ ਦੀ ਤਿਆਰੀ ਸ਼ੁਰੂ ਹੋ ਗਈ। ਉਹ ਸਿਰਫ ਦੋ ਹਫਤਿਆਂ ਲਈ ਤਾਂ ਆਏ ਸਨ। ਬਬੀਤਾ ਦੀ ਮਾਸੀ ਨੇ ਅਜੇ ਹਫਤਾ ਹੋਰ ਰਹਿਣਾ ਸੀ। ਬਬੀਤਾ ਅਤੇ ਉਹਦੇ ਮਾਪਿਆਂ, ਗੈਰੀ ਤੇ ਉਹਦੀ ਮਾਂ ਨੂੰ ਖੁਸ਼ੀ ਖੁਸ਼ੀ ਜਹਾਜ਼ੇ ਚਾੜ ਆਂਦਾ। ਗੈਰੀ ਦੀ ਮਾਂ ਕਿਹਾ, "ਬਬੀਤਾ ਪੁੱਤ, ਤੈਨੂੰ ਅਸੀਂ ਹੁਣ ਜਾਂਦਿਆਂ ਹੀ ਮੰਗਾ ਲੈਣਾ।" ਮਾਂ ਪੁੱਤ ਹੁਣ ਵਲੈਤ ਉਡਾਰੀ ਮਾਰ ਗਏ।

ਵਲੈਤ ਪੁਹੰਚ ਜਦ ਗੈਰੀ ਵੱਲੋਂ ਜ਼ਰੂਰੀ ਕਾਗਜ਼ ਭੇਜਣ ਦੀ ਗੱਲ ਤੁਰੀ ਤਾਂ ਸਾਰਾ ਭਾਂਡਾ ਫੁੱਟ ਗਿਆ। "ਕਾਕਾ ਜੀ" ਕੋਈ ਕੰਮ ਨਹੀਂ ਸਨ ਕਰਦੇ। ਇਹਦਾ ਆਪਣਾ ਘਰ ਨਹੀਂ ਸੀ। ਬੈਂਕ ਵਿਚ ਸਿਰਫ ਦੋ ਪੌਂਡ 31 ਪੈਨੀਆਂ ਸਨ। ਇਹ ਸਾਰੀਆਂ

ਗੱਲਾਂ ਬਬੀਤਾ ਦੇ ਖਿਲਾਫ ਭੁਗਤੀਆਂ। ਇਸ ਤੋਂ ਬਿਨਾਂ ਗੈਰੀ ਫਿਰ ਪੁਰਾਣੇ ਚਾਲੇ ਫੜ੍ਹ ਲਏ। ਦੇਰ ਰਾਤ ਗਈ ਘਰ ਆਉਣਾ। ਅਵਾ ਤਵਾ ਬੋਲਣਾਂ ਅਤੇ ਹਰ ਇੱਕ ਨਾਲ ਪੰਗਾ ਲੈਣਾਂ। ਦੋ ਢਾਈ ਮਹੀਨੇ ਤੱਕ ਗੱਲ ਅੰਦਰਖਾਤੇ ਸੁਲਗਦੀ ਰਹੀ ਪਰ ਆਖਰਕਾਰ ਧੂੰਆਂ ਬਾਹਰ ਨਿਕਲਣ ਲੱਗਾ। ਬਬੀਤਾ ਦੀ ਮਾਸੀ ਵੀ ਚਾਅ ਮਲ੍ਹਾਰ ਕਰਕੇ ਹੁਣ ਵਾਪਿਸ ਇੰਗਲੈਂਡ ਆ ਗਈ ਸੀ। ਉਹ ਵੀ ਗੈਰੀ ਦੀ ਮਾਂ ਨਾਲ "ਭੈਣ ਜੀ ਭੈਣ ਜੀ" ਕਰਨ ਲੱਗੀ ਅਤੇ ਆਖੀਰ ਜਿਸ ਗੱਲ ਦਾ ਪਹਿਲਾਂ ਹੀ ਖਦਸ਼ਾ ਸੀ ਉਹ ਹੋ ਗਈ। ਬਬੀਤਾ ਦੀ ਨਵੀਂ ਬਣੀ ਸੱਸ ਨੇ ਮਾਸੀ ਕੋਲ ਤੋੜਾ ਝਾੜ ਦਿੱਤਾ। "ਭੈਣ ਜੀ ਦੱਸੋ ਅਸੀਂ ਕੀ ਕਰੀਏ? ਅਸੀਂ ਤਾਂ ਆਪ ਬਹੁਤ ਨਮੋਸ਼ੀ ਮੰਨਦੇ ਆਂ। ਗੈਰੀ ਕਹਿੰਦਾ ਮੈਨੂੰ ਬਬੀਤਾ ਦੀਆਂ ਆਦਤਾਂ ਨਹੀਂ ਚੰਗੀਆਂ ਲੱਗਦੀਆਂ। ਉਹ ਇੰਗਲੈਂਡ ਦੀਆਂ ਕੁੜੀਆਂ ਵਰਗੀ ਮੌਡਰਨ ਨਹੀਂ। ਮੈਂ ਤਾਂ ਬਥੇਰਾ ਜ਼ੋਰ ਲਾਇਆ ਪਰ ਤੁਹਾਨੂੰ ਪਤਾ ਈ ਆ ਇੱਥੋ ਦੇ ਨਿਆਣਿਆਂ ਦਾ।"

ਸਭ ਪਾਸਿਆਂ ਤੋਂ ਝੂਠਾ ਲਫਾਫਾ ਫੱਟ ਗਿਆ ਸੀ। ਬਬੀਤਾ ਦੀ ਮਾਂ ਅਤੇ ਬਾਪ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਤੇ ਇਸ ਸਦਮੇ ਦਾ ਬੜਾ ਅਸਰ ਹੋਇਆ। ਬਬੀਤਾ ਨੇ ਘਰੋਂ ਬਾਹਰ ਜਾਣਾ ਅਤੇ ਆਪਣੀਆਂ ਸਹੇਲੀਆਂ ਨੂੰ ਮਿਲਣਾ ਬੰਦ ਕਰ ਦਿੱਤਾ। ਫੌਜੀ ਬਾਪ ਗੁੱਸੇ ਵਿਚ ਫੁੰਕਾਰੇ ਮਾਰਦਾ ਫਿਰੇ, "ਸਾਡਾ ਨੱਕ ਵੱਢਿਆ ਗਿਆ। ਅਸੀਂ ਕਿਸੇ ਨੂੰ ਮੂੰਹ ਦਿਖਾਉਣ ਜੋਗੇ ਨਹੀਂ ਰਹੇ। ਮੇਰੀ ਸੋਨੇ ਵਰਗੀ ਬੱਚੀ ਦਾਗੀ ਕਰਕੇ ਰੱਖ ਦਿੱਤੀ।" ਬਬੀਤਾ ਦੀ ਮਾਂ ਨੇ ਆਪਣੀ ਭੈਣ ਦੇ ਤਰਲੇ ਕੀਤੇ ਕਿ ਉਹਨਾਂ ਦੀ ਇਜ਼ਤ ਹੁਣ ਉਹਦੇ ਹੱਥ ਵਸ 'ਚ ਹੈ। ਉਹ ਕਿਸੇ ਤਰ੍ਹਾਂ ਵੀ ਕੋਈ ਤਰਕੀਬ ਬਣਾਵੇ ਅਤੇ ਬਬੀਤਾ ਨੂੰ ਇੰਗਲੈਂਡ ਮੰਗਵਾਏ। ਉਹਨਾਂ ਦੀ ਸਮਾਜ ਵਿਚ ਬਣੀ ਪੈਂਠ ਖੁਰ ਰਹੀ ਸੀ। ਬਬੀਤਾ ਦੀ ਮਾਂ ਨੇ ਆਪਣੀ ਵਲੈਤਣ ਭੈਣ ਨੂੰ ਕਿਹਾ, "ਭੈਣੇਂ ਤੇਰੇ ਜ਼ੋਰ ਤੇ ਹੀ ਅਸੀਂ ਇਹ ਸਭ ਕਾਰਜ਼ ਕੀਤਾ ਸੀ। ਬਬੀਤਾ ਦੀ ਹਾਲਤ ਮੇਰੇ ਤੋਂ ਦੇਖੀ ਨਹੀਂ ਜਾਂਦੀ। ਮੇਰਾ ਤਾਂ ਦਿਲ ਪਾਟਦੈ। ਉਹਨੇ ਰੋ ਰੋ ਕੇ ਅੱਖਾਂ ਸੁਜਾ ਲਈਆਂ। ਇੱਕ ਦੋ ਵਾਰ ਉਹਨੇ ਗੋਲੀਆਂ ਖਾ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਆ। ਸਾਨੂੰ ਚੱਤੋਪਹਿਰ ਉਹਦਾ ਖਿਆਲ ਰੱਖਣਾ ਪੈਂਦਾ। ਮੇਰੀ ਸੋਹਲ ਕੁੜੀ ਸਦਾ ਫੁੱਲਾਂ ਵਾਂਗ ਖਿੜੀ ਰਹਿੰਦੀ ਸੀ। ਹੁਣ ਬਿਲਕੁਲ ਈ ਮੁਰਝਾ ਗਈ ਆ। ਅਸੀਂ ਤਾਂ ਲੁੱਟੇ ਗਏ। ਜਿਉਂਦੇ ਈ ਮਰ ਗਏ। ਗਲਾਸਗੋ ਛੋਟੀ ਭੈਣ ਨਾਲ ਵੀ ਸਲਾਹ ਕਰ। ਜੋ ਮਰਜ਼ੀ ਹੋਵੇ ਇਹ ਕੰਮ ਛੇਤੀ ਕਰੋ।"

ਗਲਾਸਗੋ ਵਾਲੀ ਛੋਟੀ ਭੈਣ ਦਾ ਜ਼ਿਕਰ ਆਉਣ ਤੇ ਬਬੀਤਾ ਦੀ ਵੱਡੀ ਮਾਸੀ ਦੇ ਦਿਮਾਗ 'ਚ ਫੁਰਨਾ ਫੁਰਿਆ ਕਿ ਕਿਉਂ ਨਾ ਉਹਦੇ ਨਾਲ ਜੁਗਾੜਬੰਦੀ ਕੀਤੀ ਜਾਵੇ। ਗਲਾਸਗੋ ਵਾਲੀ ਭੈਣ ਦੇ ਦੋ ਛੋਟੇ ਛੋਟੇ ਬੱਚੇ ਸਨ ਪਰ ਉਹਦਾ ਘਰਵਾਲਾ ਕਿਸੇ ਗੋਰੀ ਨਾਲ ਵੀ ਸਿੰਗ ਫਸਾਈ ਫਿਰਦਾ ਸੀ। ਘਰ ਵਿਚ ਪਿੱਟ ਸਿਆਪਾ ਰਹਿੰਦਾ ਸੀ। ਗੋਰੀ ਦੇ ਪੇਟੋਂ ਵੀ ਦੋ ਜੁਆਕ ਸਨ। ਗੋਰੀ ਉਹਨੂੰ ਜ਼ੋਰ ਪਾ ਰਹੀ ਸੀ ਕਿ ਉਹ ਹੁਣ ਉਹਦੇ ਨਾਲ ਵਿਆਹ ਕਰਾ ਲਵੇ। ਇੱਧਰ ਬਬੀਤਾ ਦੀ ਗਲਾਸਗੋ ਵਾਲੀ ਛੋਟੀ ਮਾਸੀ ਤਲਾਕ ਲਈ ਅਜੇ ਮੰਨ ਨਹੀਂ ਸੀ ਰਹੀ। ਬਰਸਿੰਘਮ ਵਾਲੀ ਵੱਡੀ ਮਾਸੀ ਨੇ ਸਲਾਹ ਬਣਾਈ ਕਿ ਇਹਦਾ ਹਲ ਇਹ ਈ ਆ ਕਿ ਸਾਰੀ ਗੱਲਬਾਤ ਬੈਠ ਕੇ ਕੀਤੀ ਜਾਵੇ।

ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਬਰਮਿੰਘਮ ਵਾਲੀ ਮਾਸੀ ਜਾ ਗਲਾਸਗੋ ਪਹੁੰਚੀ। ਦੋਵਾਂ ਭੈਣਾਂ ਨੇ ਸਕੀਮ ਗੁੰਦੀ ਕਿ ਅਗਰ ਉਹਦਾ ਘਰ ਵਾਲਾ ਗੋਰੀ ਨਾਲ ਈ ਵਿਆਹ ਕਰਾਉਣਾ ਚਾਹੁੰਦਾ ਤਾਂ ਕਰਵਾ ਲਵੇ ਪਰ ਉਹਦੇ ਤੋਂ ਇੱਕ ਕੰਮ ਕਰਵਾਇਆ ਜਾਵੇ। ਜੇਕਰ ਉਹ ਤਲਾਕ ਲੈ ਕੇ ਬਬੀਤਾ ਨੂੰ ਇੰਗਲੈਂਡ ਮੰਗਵਾ ਲਵੇ ਤਾਂ ਤਲਾਕ ਦੇਣ ਵਿਚ ਛੋਟੀ ਮਾਸੀ ਨੂੰ ਕੋਈ ਸਮੱਸਿਆ ਨਹੀਂ। ਇਸ ਤਰ੍ਹਾਂ ਜੇਕਰ ਜੁਗਾੜ ਫਿੱਟ ਹੋ ਜਾਂਦਾ ਤਾਂ ਸਾਰਿਆਂ ਪਾਸਿਆਂ ਤੋਂ ਢਕੀ ਰਹੇਗੀ। ਸਲਾਹ ਕਰਨ ਤੋਂ ਬਾਦ ਇੱਕ ਦਿਨ ਦੋਵਾਂ ਭੈਣਾਂ ਹਰਿੰਦਰ ਨੂੰ ਬੈਠਾ ਲਿਆ। ਵੱਡੀ ਮਾਸੀ ਗੱਲ ਤੋਰੀ, "ਦੇਖ ਹੈਰੀ-ਸਾਨੂੰ ਤੇਰੀ ਬਹੁਤ ਜ਼ਰੂਰਤ ਆ। ਸਾਡਾ ਇਕ ਕੰਮ ਕਰਦੇ ਫਿਰ ਜੋ ਤੂੰ ਕਹੇਂ ਅਸੀਂ ਕਰਨ ਨੂੰ ਤਿਆਰ ਆਂ।" ਗੱਲ ਸੁਣਨ ਲਈ ਹੈਰੀ ਨੇ ਕੰਨ ਚੁੱਕ ਲਏ, "ਦੱਸੋ ਕੀ ਕਰਨੈ?" ਹੁਣ ਗਲਾਸਗੋ ਵਾਲੀ ਛੋਟੀ ਮਾਸੀ ਬੋਲੀ, "ਮੇਰੀ ਵੱਡੀ ਭੈਣ ਦੀ ਕੁੜੀ ਬਬੀਤਾ ਨੂੰ ਇੱਥੇ ਮੰਗਵਾਉਣੈਂ। ਤੁਸੀਂ ਮੇਰੇ ਤੋਂ ਤਲਾਕ ਮੰਗਦੇ ਸੀ ਮੈਂ ਤਲਾਕ ਦੇਣ ਲਈ ਤਿਆਰ ਆਂ। ਬਬੀਤਾ ਨੂੰ ਇੱਥੇ ਪੱਕਿਆਂ ਕਰਕੇ ਤੁਸੀਂ ਆਪਣੀ ਗੋਰੀ ਨਾਲ ਵਿਆਹ ਕਰਵਾ ਲਿਓ।" ਹੈਰੀ ਦੇ ਬੋਲਣ ਤੋਂ ਪਹਿਲਾਂ ਬਰਮਿੰਘਮ ਵਾਲੀ ਮਾਸੀ ਬੋਲੀ, "ਹੈਰੀ ਤੈਨੂੰ ਮੇਰਾ ਤਾਂ ਪਤਾ ਈ ਆ। ਜੇ ਅਸੀਂ ਤੇਰੇ ਨਾਲ ਵਾਇਦਾ ਕੀਤਾ ਆ ਤਾਂ ਇਹਨੂੰ ਪੂਰਾ ਵੀ ਕਰਾਂਗੀਆ।" ਹੈਰੀ ਕਿਹਾ, "ਮੈਨੂੰ ਇਸ ਬਾਰੇ ਸੋਚਣ ਲਈ ਇੱਕ ਦਿਨ ਦਿਓ।" ਦੋਵੇਂ ਮਾਸੀਆਂ ਮੰਨ ਗਈਆਂ।

ਤੀਜੇ ਦਿਨ, ਵਾਇਦੇ ਮੁਤਾਬਕ ਹੈਰੀ ਨੇ ਆਪਣਾ ਫੈਸਲਾ ਸੁਣਾ ਦਿੱਤਾ, "ਮੈਨੂੰ ਇਹ ਮਨਜ਼ੂਰ ਆ।" ਸਾਰੀ ਸਕੀਮ ਮੁਤਾਬਕ ਗਲਾਸਗੋ ਵਾਲੀ ਮਾਸੀ ਦਾ ਤਲਾਕ ਹੋ ਗਿਆ। ਬਬੀਤਾ ਨੂੰ ਇੰਗਲੈਂਡ ਮੰਗਾ ਲਿਆ ਗਿਆ। ਬਬੀਤਾ ਦੇ ਪੱਕਿਆਂ ਹੋਣ ਤੇ ਹੈਰੀ ਨੇ ਤਲਾਕ ਲੈ ਕੇ ਗੋਰੀ ਨਾਲ ਵਿਆਹ ਕਰਾ ਲਿਆ। ਬਬੀਤਾ ਦਾ ਚੁੱਪ ਚਾਪ ਇੰਡਿਆ ਵਿਚ ਵਿਆਹ ਕਰ ਦਿੱਤਾ ਗਿਆ ਅਤੇ ਉਹ ਆਪਣੇ ਨਵੇਂ ਪਤੀ ਨਾਲ ਇੱਥੇ ਸੈੱਟ ਹੋ ਗਈ।

# ਲਾਲਿਆਂ ਦੇ ਪ੍ਰਦੀਪ ਦਾ ਕਤਲ

ਲਾਲਿਆਂ ਦਾ ਪ੍ਰਦੀਪ ਹੁਣ ਇੰਡੀਆ ਨੂੰ ਚੌਥੀ ਵਾਰ ਵਿਆਹ ਕਰਾਉਣ ਗਿਆ ਸੀ। ਪਹਿਲੀਆਂ ਤਿੰਨ ਜਨਾਨੀਆਂ ਵੀ ਉਹਨੇ ਇੰਡੀਆ ਤੋਂ ਹੀ ਵਿਆਹ ਕੇ ਲਿਆਂਦੀਆਂ ਸਨ। ਇੰਗਲੈਂਡ ਵਿਚ ਵੈਸੇ ਵੀ ਉਹਦਾ ਵਿਆਹ ਨਹੀਂ ਸੀ ਹੋਣਾ। ਉਹਦੀਆਂ ਕਰਤੂਤਾਂ ਦੇ ਲੋਕ ਵਾਕਿਫ ਸਨ। ਪ੍ਰਦੀਪ ਮੌਜ ਮਸਤੀ ਕਰਨ ਵਾਲਾ ਘਰਦਿਆਂ ਦਾ ਲਾਡਲਾ ਵਿਗੜਿਆ ਕਾਕਾ ਸੀ। ਸ਼ਰਾਬ ਸਿਰਗਟਾਂ ਮੀਟ ਤਾਂ ਉਹ ਖਾਂਦਾ ਈ ਸੀ ਪਰ ਇਹ ਵੀ ਪਤਾ ਲੱਗਾ ਸੀ ਕਿ ਉਹ ਅਫੀਮ ਅਤੇ ਚਰਸ ਦਾ ਵੀ ਸ਼ੁਕੀਨ ਸੀ। ਇਸ ਤੋਂ ਬਿਨਾਂ ਪੱਬਾਂ ਕਲੱਬਾਂ 'ਚ ਜਾਣਾ ਅਤੇ ਜੂਆ ਖੇਲਣਾ ਵੀ ਉਹਦੀ ਜ਼ਿੰਦਗੀ ਦਾ ਹਿੱਸਾ ਸੀ। ਗੋਰੀਆਂ ਅਤੇ ਚਾਲੂ ਦੇਸੀ ਬੀਬੀਆਂ ਦੇ ਵੀ ਉਹ ਗੇੜਾ ਮਾਰ ਆਉਂਦਾ ਸੀ। ਇਹਨਾਂ ਸਭ ਪੁੱਠੇ ਕੰਮਾਂ ਵਿਚ ਉਹ ਇੱਕ ਕਿਸਮ ਦਾ ਮਾਹਿਰ ਸੀ। ਮਾਂ ਪਿਉ ਭੈਣ ਭਰਾਵਾਂ ਅਤੇ ਬਾਕੀ ਰਿਸ਼ਤੇਦਾਰਾਂ ਦੀ ਉਹ ਗੱਲ ਨਹੀਂ ਸੀ ਸੁਣਦਾ। ਜਿੰਦਗੀ ਦਾ ਮੰਤਵ ਉਹਨੇ ਇਹ ਬਣਾਇਆ ਸੀ ਕਿ, "ਖਾਉ ਪੀਉ ਅਤੇ ਐਸ਼ ਕਰੋ। ਇਹ ਜ਼ਿੰਦਗੀ ਕਿਹੜੀ ਵਾਰ ਵਾਰ ਆਉਣੀ ਹੈ।" ਇਹ ਪ੍ਰਦੀਪ ਵਰਗੇ ਈ ਲਫੰਗੇ ਸਨ ਜੇਹਨਾਂ ਪ੍ਰਦੇਸੀਆਂ ਨੂੰ ਬਦਨਾਮ ਕਰ ਰੱਖਿਆ ਸੀ ਅਤੇ ਕਈ ਦੇਸ਼ ਬੈਠੇ ਲੋਕਾਂ ਸਭ ਪ੍ਰਦੇਸੀਆਂ ਨੂੰ ਇਸੇ ਰੱਸੇ ਨਾਲ ਬੰਨ੍ਹ ਦਿੱਤਾ ਸੀ।

ਪ੍ਰਦੀਪ ਦੇ ਇੰਡੀਆ ਪਹੁੰਚਣ ਤੇ ਕੁੜੀਆਂ ਵਾਲੇ ਮਗਰ ਮਗਰ ਫਿਰਨ ਲੱਗੇ। ਉਹਨਾਂ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਸੀ ਕਿ ਕਾਕਾ ਜੀ ਦਾ ਪਿਛੋਕੜ ਕੀ ਸੀ ਅਤੇ ਪਹਿਲਾਂ ਕੀ ਕੀ ਚੰਦ ਉਹ ਚਾੜ੍ਹ ਚੁੱਕਾ ਸੀ। ਉਹ ਤਾਂ ਆਪਣੀ ਕੁੜੀ ਵਲੈਤ ਭੇਜਣਾ ਚਾਹੁੰਦੇ ਸੀ। ਕਈ ਪਹਿਲੇ ਜਾਣੂੰਆਂ ਪ੍ਰਦੀਪ ਮਗਰ ਫਿਰਨ ਵਾਲਿਆਂ ਨੂੰ ਉਹਦੀਆਂ ਕਰਤੂਤਾਂ ਬਾਰੇ ਦੱਸਿਆ ਵੀ ਪਰ ਉਹਨਾਂ ਇਹ ਕਹਿ ਗੱਲ ਟਾਲ ਦਿੱਤੀ ਕਿ, "ਇਹ ਨਹੀਂ ਚਾਹੁੰਦੇ ਕਿ ਸਾਡੀ ਕੁੜੀ ਦਾ ਰਿਸ਼ਤਾ ਚੰਗੀ ਜਗ੍ਹਾ ਹੋਵੇ। ਇਹ ਸਾੜੇ ਮਾਰੇ ਲੋਕ ਐਂਵੇ ਬਣਦੇ ਕੰਮ 'ਚ ਭਾਨੀ ਮਾਰ ਰਹੇ ਆ।"

ਪ੍ਰਦੀਪ ਹੈ ਬੜਾ ਚੁਸਤ ਸੀ। ਹਰ ਵਾਰ ਆਪਣਾ ਸ਼ਿਕਾਰ ਵੱਖਰੇ ਵੱਖਰੇ ਸ਼ਹਿਰਾਂ ਚੋਂ ਫਸਾਉਂਦਾ ਸੀ ਪਰ ਐਂਤਕੀ ਉਹਦੀ ਕੁੰਡੀ ਕਿਸੇ ਪਿੰਡ 'ਚ ਫਸ ਗਈ। ਦੁਆਬੇ ਦੇ ਇੱਕ ਪਿੰਡ ਦੀ ਐਮ. ਏ. ਪਾਸ ਕੁੜੀ ਨਾਲ ਪ੍ਰਦੀਪ ਦਾ ਵਿਆਹ ਹੋ ਗਿਆ। ਪਿੰਡ ਦੇ ਲਾਲਾ ਜੀ ਨੇ ਸਰਦਾ ਪੁੱਜਦਾ ਵਿਆਹ ਕੀਤਾ ਅਤੇ ਕੁੜੀ ਨੂੰ "ਵਲੈਤੀ ਲਾੜੇ" ਨਾਲ ਤੋਰ ਦਿੱਤਾ। ਵਿਆਹ ਤੋਂ ਛੇ ਕੁ ਹਫ਼ਤਿਆਂ ਬਾਦ ਪ੍ਰਦੀਪ ਵਾਪਸ ਇੰਗਲੈਂਡ ਆ ਗਿਆ। ਕਾਗਜ਼ੀ ਕਾਰਵਾਈ ਪੂਰੀ ਹੋਣ ਬਾਦ ਲਾਲਾ ਜੀ ਦੀ ਪਿਆਰੀ ਅਤੇ ਸੁਸ਼ੀਲ ਬੇਟੀ ਸੁੰਮਨ ਵੀ ਪ੍ਰਦੀਪ ਕੋਲ ਪਹੁੰਚ ਗਈ। ਵਲੈਤ ਦੇ ਨਵੇਂ ਮਾਹੌਲ ਨੂੰ

ਸਮਝਣ ਲਈ ਸੁੰਮਨ ਨੂੰ ਸਾਲ ਕੁ ਲੱਗ ਗਿਆ। ਇਸ ਸਮੇਂ ਦੌਰਾਨ ਪ੍ਰਦੀਪ ਦੇ ਚਾਲ ਚਲਣ ਦੀ ਵੀ ਸੁੰਮਨ ਨੂੰ ਵਾਕਫੀ ਹੋਣੀ ਸ਼ੁਰੂ ਹੋ ਗਈ ਕਿ "ਪਤੀ ਦੇਵ" ਦਿਨ ਰਾਤ ਕੀ ਕੀ ਕਰਦੇ ਹਨ। ਰਿਸ਼ਤੇਦਾਰਾਂ ਵੀ ਸੁੰਮਨ ਨੂੰ ਦੱਸਣਾ ਸ਼ੁਰੂ ਕਰ ਦਿੱਤਾ ਸੀ ਕਿ, "ਪ੍ਰਦੀਪ ਕੀ ਕੀ ਗੁੱਲ ਖਿਲਾਉਂਦਾ ਰਿਹਾ ਸੀ।" ਸੁੰਮਨ ਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਪ੍ਰਦੀਪ ਨੇ ਪਹਿਲਾਂ ਤਿੰਨ ਵਿਆਹ ਕਰਾ ਕੇ ਇੰਡੀਆ ਤੋਂ ਲਿਆਂਦੀਆਂ ਕੁੜੀਆਂ ਨੂੰ ਖੱਜਲ ਖੁਆਰ ਕਰਕੇ ਛੱਡ ਦਿੱਤਾ ਸੀ। ਪਰ ਉਹ ਹੁਣ ਕੀ ਕਰ ਸਕਦੀ ਸੀ? ਸੁੰਮਨ ਇਸ ਵਿਊਚੱਕਰ 'ਚ ਫਸ ਚੁੱਕੀ ਸੀ।

ਸੁੰਮਨ ਨੇ ਮੰਦਰ, ਗੁਰਦੁਆਰੇ ਜਾ ਕੇ ਆਪਣੀ ਵਾਕਫੀਅਤ ਵਧਾ ਲਈ ਸੀ ਅਤੇ ਇਸੇ ਵਾਕਫੀਅਤ ਦੇ ਸਿਰ ਇੱਕ ਸਟੋਰ 'ਚ ਪੈਕਿੰਗ ਦਾ ਕੰਮ ਲੱਭ ਲਿਆ ਸੀ। ਥੱਕੀ ਟੁੱਟੀ ਸੁੰਮਨ ਘਰ ਦੀ ਸਫਾਈ ਅਤੇ ਰੋਟੀ-ਪਾਣੀ ਦਾ ਵੀ ਆਹਰ ਕਰਦੀ ਪਰ ਨਖੱਟੂ ਪ੍ਰਦੀਪ ਨਸ਼ੇ 'ਚ ਧੁੱਤ ਰਾਤ ਦੇ ਗਿਆਰਾਂ ਬਾਰ੍ਹਾਂ ਬਜੇ ਤੋਂ ਬਾਦ ਈ ਘਰ ਪੈਰ ਪਾਉਂਦਾ। ਸੁੰਮਨ ਨੂੰ ਮਿਲਦੀ ਤਨਖਾਹ ਵੀ ਖੋਹ ਲੈਂਦਾ। ਲੜਾਈ ਝਗੜਾ ਹੋਣ ਲੱਗ ਪਿਆ ਸੀ ਅਤੇ ਪ੍ਰਦੀਪ ਨੇ ਆਪਣੇ ਅਸਲੀ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ ਸਨ। ਘਰ ਦੇ ਰੋਜ਼-ਰੋਜ਼ ਦੇ ਕਲੇਸ਼ ਨੇ ਸੁੰਮਨ ਨੂੰ ਵਿੰਨ੍ਹ ਦਿੱਤਾ ਸੀ ਅਤੇ ਵਲੈਤ ਨੇ ਉਹਦੇ ਅਰਮਾਨਾਂ ਦਾ ਸਾਹ ਸਤ ਖਿੱਚ ਲਿਆ ਸੀ। ਘਰ 'ਚ ਬਹੁਤਾ ਸਮਾਂ ਉਹ ਰੋਂਦੀ ਰਹਿੰਦੀ। ਉਹ ਕੋਈ ਆਪਣਾ ਹਮਦਰਦ ਲੱਭ ਰਹੀ ਸੀ ਪਰ ਵਲੈਤ ਦੀ ਮਸਰੂਫੀਅਤ ਭਰੀ ਜਿੰਦਗੀ 'ਚ ਕਿਸੇ ਕੋਲ ਐਨੀ ਕਿਥੇ ਵਿਹਲ ਸੀ ਕਿ ਉਹ ਸੁੰਮਨ ਦੇ ਦੁਖੀ ਹਿਰਦੇ ਦੇ ਜ਼ਖ਼ਮਾਂ 'ਤੇ ਟਕੋਰ ਕਰੇ ਅਤੇ ਫੇਹੇ ਰੱਖੇ। ਪਿੰਡ ਤੋਂ ਮਾਂ ਪਿਉ ਦੀਆਂ ਚਿੱਠੀਆਂ ਆਉਂਦੀਆਂ ਤਾਂ ਉਹ ਜੁਆਬ ਦੇਣੋਂ ਹੱਟ ਗਈ। ਘਰਦਿਆਂ ਨੂੰ ਫਿਕਰ ਪੈ ਗਿਆ ਕਿ, "ਸਾਡੀ ਕੁੜੀ ਤਾਂ ਐਹੋ ਜੇਹੀ ਨਹੀਂ ਸੀ ਕਿ ਸਾਡੀਆਂ ਦੋ-ਦੋ ਤਿੰਨ-ਤਿੰਨ ਚਿੱਠੀਆਂ ਪਾਉਣ ਦੇ ਬਾਵਜੂਦ ਉਹ ਜੁਆਬ ਨਾਂ ਦੇਵੇ।" ਸੁੰਮਨ ਦੇ ਮਾਂ ਬਾਪ ਪਿੰਡ 'ਚ ਅਤੇ ਸੁੰਮਨ ਵਲੈਤ 'ਚ ਤੜਪ ਰਹੀ ਸੀ। "ਮੈਂ ਅਗਰ ਵਾਪਿਸ ਚਲੀ ਜਾਵਾਂ ਤਾਂ ਮੇਰਾ ਅਤੇ ਮੇਰੇ ਮਾਂ ਬਾਪ ਦਾ ਕੀ ਬਣੇਗਾ?" ਸੋਚ ਸੁੰਮਨ ਦੜ ਵਟ ਲੈਂਦੀ। ਗੁਲਾਬ ਦੇ ਫੁੱਲਾਂ ਵਾਂਗ ਖਿੜੀ ਰਹਿਣ ਵਾਲੀ ਸੁੰਮਨ ਹੁਣ ਚੁੱਪ ਹੋ ਗਈ ਸੀ। ਦੁੱਖਾਂ ਦੇ ਇਸ ਪਹਾੜ ਨੇ ਸੁੰਮਨ ਨੂੰ ਮਲੀਦਾ ਕਰਕੇ ਰੱਖ ਦਿੱਤਾ ਸੀ। ਸੁੰਮਨ ਦਾ ਇੱਥੇ ਕੋਈ ਰਿਸ਼ਤੇਦਾਰ ਵੀ ਨਹੀਂ ਸੀ ਜੀਹਦੇ ਕੋਲ ਜਾ ਉਹ ਆਪਦਾ ਦੁੱਖ ਰੋ ਲੈਂਦੀ। ਪਰ ਉਹਦੇ ਪਿੰਡ ਦੇ ਕੁੱਝ ਲੋਕ ਜ਼ਰੂਰ ਇੱਥੇ ਕਈ ਵਰ੍ਹਿਆਂ ਤੋਂ ਰਹਿ ਰਹੇ ਸਨ। ਕੱਲੀ ਕਾਰੀ ਕੁੜੀ ਪਿੰਡ ਦੇ ਲੋਕਾਂ ਨੂੰ ਕਿਵੇਂ ਮਿਲੇ? ਨਾਲੇ ਉਹਦੇ ਕੋਲ ਕਿਸੇ ਦਾ ਫੋਨ ਨੰਬਰ ਜਾਂ ਐਡਰੈੱਸ ਵੀ ਤਾਂ ਨਹੀਂ ਸੀ। ਪ੍ਰਦੀਪ ਦਾ ਉਜੱਡ ਅਤੇ ਅੱਖੜ ਸੁਭਾਅ ਵੀ ਇੱਕ ਰੋੜਾ ਸੀ ਕਿ ਜੇਕਰ ਉਹਨੂੰ ਕਿਤੋਂ ਪਿੰਡ ਦੇ ਕਿਸੇ ਬੰਦੇ ਦਾ ਪਤਾ ਲੱਗ ਗਿਆ ਤਾਂ ਮਿਲਣ ਤੇ ਕਿਤੇ ਪ੍ਰਦੀਪ ਤੂਫਾਨ ਨਾਂ ਖੜ੍ਹਾ ਕਰ ਲਵੇ। ਸੁੰਮਨ ਦੇ ਪਿਤਾ ਜੀ ਲਾਲਾ ਕਿਸ਼ਨ ਲਾਲ ਕੋਲ ਹੁਣ ਕੋਈ ਚਾਰਾ ਨਹੀਂ ਸੀ। ਕਿਸ਼ਨ ਲਾਲ ਜੀ ਦੀ ਪਿੰਡ ਵਾਹਵਾ ਬਣੀ ਹੋਈ ਸੀ ਅਤੇ ਪਿੰਡ 'ਚ ਦੁਕਾਨ ਕਰਦਾ ਹੋਣ ਕਰਕੇ ਆਮ ਲੋਕਾਂ ਨੂੰ ਲਾਲਾ ਜੀ ਤਕ ਕਈ ਤਰ੍ਹਾਂ ਦਾ ਵਾਸਤਾ ਬਣਿਆ ਰਹਿੰਦਾ ਸੀ। ਲੋੜ ਵੇਲੇ ਪੈਸੇ ਵੀ ਉਧਾਰ ਦੇ ਦਿੰਦਾ ਸੀ ਅਤੇ ਜ਼ਰੂਰਤ ਮੰਦਾਂ ਦੀ ਸਰਦੀ ਪੁੱਜਦੀ ਮਦਦ ਵੀ ਕਰਦਾ ਸੀ। ਮਿੰਧੀ ਹੁਰਾਂ ਦੇ ਪਰਿਵਾਰ ਨਾਲ ਲਾਲਾ ਕਿਸ਼ਨ ਲਾਲ ਜੀ ਦੀ ਬੜੀ ਨੇੜਤਾ ਸੀ। ਮਿੰਧੀ ਦਾ ਬਾਪ ਬਿਸ਼ਨ ਸਿੰਘ ਇੱਕ

ਕਿਸਮ ਦਾ ਲਾਲਾ ਜੀ ਦਾ ਪੱਗਵੱਟ ਭਰਾ ਬਣਿਆ ਹੋਇਆ ਸੀ। ਮਿੰਧੀ ਇੰਗਲੈਂਡ 'ਚ ਰਹਿੰਦਾ ਸੀ ਪਰ ਜਦ ਵੀ ਪਿੰਡ ਗੇੜਾ ਮਾਰਨ ਜਾਂਦਾ ਤਾਂ ਕਿਸ਼ਨ ਲਾਲ ਨੂੰ "ਅੰਕਲ ਜੀ ਅੰਕਲ ਜੀ" ਕਹਿੰਦਾ ਨਾਂ ਥੱਕਦਾ। ਕਿਸ਼ਨ ਲਾਲ ਦੀ ਮਿੰਧੀ ਪੂਰੀ ਇੱਜ਼ਤ ਕਰਦਾ ਸੀ। ਸੁੰਮਨ ਦੇ ਵਿਆਹ ਤੇ ਕਿਸ਼ਨ ਲਾਲ ਜੀ ਨੇ ਸਮਾਂ ਘੱਟ ਹੋਣ ਤੇ ਬਿਸ਼ਨ ਸਿੰਘ ਨੂੰ ਨਹੀਂ ਸੀ ਕਿਹਾ ਕਿ ਉਹ ਮਿੰਧੀ ਤੋਂ ਪਤਾ ਕਰੇ ਕਿ "ਵਲੈਤੀ ਕਾਕਾ ਪ੍ਰਦੀਪ" ਕੇਹੋ ਜੇਹਾ ਹੈ। ਇਸ ਗੱਲੋਂ ਕਿਸ਼ਨ ਲਾਲ ਵਲੈਤ ਦੇ ਲਾਲਚ 'ਚ ਜ਼ਰਾ ਉੱਖੜ ਗਿਆ ਸੀ। ਸੁੰਮਨ ਦੇ ਫਿਕਰ ਨੇ ਲਾਲਾ ਕਿਸ਼ਨ ਲਾਲ ਅਤੇ ਉਹਦੀ ਘਰਵਾਲੀ ਲੀਲਾ ਦੇਵੀ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਆਪਣੀ ਚਿੰਤਾ ਨੂੰ ਬਿਸ਼ਨ ਸਿੰਘ ਨਾਲ ਸਾਂਝੀ ਕਰਨ। ਲਾਲਾ ਕਿਸ਼ਨ ਲਾਲ ਨੇ ਬਿਸ਼ਨ ਸਿੰਘ ਨੂੰ ਕਿਹਾ, "ਬਿਸ਼ਨ ਸਿੰਹਾਂ, ਆਪਣੀ ਸੁੰਮਨ ਦੀਆਂ ਚਿੱਠੀਆਂ ਬੜੀਆਂ ਘੱਟ ਆਉਣ ਲੱਗ ਪਈਆਂ। ਸਾਨੂੰ ਦੋਵਾਂ ਜੀਆਂ ਨੂੰ ਬੜਾ ਫਿਕਰ ਲੱਗਾ ਕਿ ਕੁੜੀ ਠੀਕ-ਠਾਕ ਹੋਵੇ। ਆਪਣੇ ਮਿੰਧੀ ਨੂੰ ਚਿੱਠੀ ਲਿਖ ਕੇ ਕਹੋ ਕਿ ਉਹ ਸੁੰਮਨ ਦਾ ਪਤਾ ਕਰੇ।" ਬਿਸ਼ਨ ਸਿੰਘ ਨੇ ਕਿਹਾ, "ਲਾਲਾ ਜੀ, ਆਪਣਾ ਮਿੰਧੀ ਪਰਸੋਂ ਨੂੰ ਇੰਡਿਆ ਆ ਰਿਹੈ। ਉਹਨੂੰ ਆਪਣੀ ਮਾਂ ਦੀ ਢਿੱਲ ਮੱਠ ਦਾ ਬਹੁਤ ਫਿਕਰ ਰਹਿੰਦਾ। ਹੁਣ ਵੀ ਨਰਿੰਦਰ ਕੌਰ ਦੀ ਬੀਮਾਰੀ ਦਾ ਉਹਨੂੰ ਆਪਣੇ ਕੇਹਰੂ ਦੇ ਮੁੰਡੇ ਜਗੀਰੇ ਤੋਂ ਪਤਾ ਲੱਗਾ ਤਾਂ ਉਹ ਦੌੜਾ ਆ ਰਿਹੈ। ਤੈਨੂੰ ਪਤਾ ਈ ਆ ਕਿ ਜਗੀਰੇ ਅਤੇ ਮਿੰਧੀ ਦੀ ਵੀ ਆਪਣੇ ਵਾਂਗ ਯਾਰੀ ਆ ਤੇ ਉਹ ਰਹਿੰਦੇ ਵੀ ਇੱਕੋ ਸ਼ਹਿਰ 'ਚ ਈ ਆ। ਕੰਮ ਵੀ ਉਹ ਇੱਕੋ ਥਾਂ ਈ ਕਰਦੇ ਆ। ਅਸੀਂ ਤਾਂ ਉਹਨੂੰ ਉਹਦੀ ਮਾਂ ਦੇ ਬੀਮਾਰ ਹੋਣ ਵਾਰੇ ਚਿੱਠੀ ਵੀ ਨਹੀਂ ਸੀ ਪਾਈ ਪਰ ਮੈਨੂੰ ਲੱਗਦਾ ਕੇਹਰੂ ਨੇ ਸ਼ਾਇਦ ਜਗੀਰੇ ਨੂੰ ਲਿਖ ਦਿੱਤਾ ਹੋਵੇ। ਹੁਣ ਮਿੰਧੀ ਦੇ ਆਉਣ ਤੇ ਈ ਆਪਾਂ ਸਾਰੀ ਗੱਲ ਕਰ ਲਵਾਂਗੇ। ਤੂੰ ਯਾਰ ਪਹਿਲਾਂ ਗੱਲ ਤਾਂ ਕਰਦਾ, ਆਪਾਂ ਮਿੰਧੀ ਨੂੰ ਚਿੱਠੀ ਪਾ ਦਿੰਦੇ।" "ਮੈਂ ਤਾਂ ਬਿਸ਼ਨ ਸਿੰਹਾਂ ਇਸ ਕਰਕੇ ਚੁੱਪ ਰਿਹਾ ਕਿ ਨਵਾਂ ਨਵਾਂ ਕੁੜੀ ਦਾ ਵਿਆਹ ਹੋਇਆ ਤੇ ਪਤਾ ਨਹੀਂ ਅਗਲੇ ਕੇਹੋ ਜੇਹੇ ਆ। ਪਹਿਲਾਂ ਕੁੜੀ ਠੀਕ-ਠਾਕ ਸੈੱਟ ਹੋ ਜਾਵੇ।

ਮਿੰਧੀ ਦੇ ਭਾਰਤ ਪਹੁੰਚਣ ਤੇ ਇੱਕ ਦਿਨ ਬਿਸ਼ਨ ਸਿੰਹੁ ਨੇ ਲਾਲਾ ਕਿਸ਼ਨ ਲਾਲ ਅਤੇ ਲੀਲਾ ਦੇਵੀ ਨੂੰ ਘਰ ਸੱਦ ਲਿਆ ਕਿ ਉਹ ਆਪ ਈ ਸਿੱਧੀ ਗੱਲ ਕਰ ਲੈਣ। ਲਾਲਾ ਜੀ ਗੱਲ ਕਰਦੇ ਕਰਦੇ ਰੋਣ ਲੱਗ ਪਏ, "ਪਤਾ ਨਹੀਂ ਸਾਡੀ ਬੇਟੀ ਕਿਸ ਹਾਲ 'ਚ ਆ। ਬੇਟਾ ਮਿੰਧੀ ਤੂੰ ਆਪ ਜਾ ਕੇ ਭੈਣ ਦਾ ਹਾਲ ਚਾਲ ਦੇਖੀਂ ਤੇ ਸਾਨੂੰ ਚਿੱਠੀ ਪਾਈਂ।" ਲਾਲੀ ਲੀਲਾ ਦੇਵੀ ਨੇ ਹਿਟਕੋਰੇ ਲੈਂਦੇ ਕਿਹਾ, "ਪੁੱਤ, ਮੈਨੂੰ ਤਾਂ ਦਿਨ ਰਾਤ ਨੀਂਦ ਨਹੀਂ ਆਉਂਦੀ। ਮੈਂ ਤਾਂ ਹੁਣ ਪਛਤਾ ਰਹੀ ਹਾਂ ਕਿ ਆਪਣੇ ਜਿਗਰ ਦੇ ਟੁੱਕੜੇ ਨੂੰ ਪ੍ਰਦੇਸਾਂ 'ਚ ਐਡੀ ਦੂਰ ਕਿਉਂ ਭੇਜਿਆ।" ਮਿੰਧੀ ਅਤੇ ਉਹਦੇ ਮਾਂ ਬਾਪ ਨੇ ਲਾਲਾ ਲਾਲੀ ਨੂੰ ਹੌਂਸਲਾ ਦਿੱਤਾ ਕਿ, "ਤੁਸੀਂ ਐਵੇਂ ਵਾਧੂ ਫਿਕਰ ਨਾਂ ਕਰੋ, ਸਭ ਠੀਕ ਹੀ ਹੋਣੈਂ। ਕੰਮਾਂ ਕਾਰਾਂ 'ਚ ਕਈ ਵਾਰ ਚਿੱਠੀ ਨਹੀਂ ਲਿਖ ਹੁੰਦੀ।" ਗਿੱਲੀਆਂ ਅੱਖਾਂ ਨਾਲ ਮਿੰਧੀ ਨੂੰ ਪਿਆਰ ਦੇ ਕਿਸ਼ਨ ਲਾਲ ਅਤੇ ਲੀਲਾ ਦੇਵੀ ਵਾਪਿਸ ਘਰ ਆ ਗਏ। ਬਿਸ਼ਨ ਸਿੰਘ ਨੇ ਮਿੰਧੀ ਨੂੰ ਕਿਹਾ, "ਪੁੱਤ, ਸੁੰਮਨ ਵੀ ਤੇਰੀ ਭੈਣ ਆ। ਵਾਪਿਸ ਜਾ ਕੇ ਪਹਿਲਾਂ ਉਹਨੂੰ ਮਿਲ ਕੇ ਆਈਂ। ਤੈਨੂੰ ਪਤਾ ਈ ਲਾਲੇ ਹੁਰਾਂ ਨਾਲ ਆਪਣਾ ਕਿੰਨ੍ਹਾਂ ਪਿਆਰ ਆ।" ਮਿੰਧੀ ਨੇ ਕਿਹਾ, "ਡੈਡੀ ਜੀ, ਤੁਸੀਂ ਫਿਕਰ ਨਾਂ

ਕਰੋ। ਮੈਂ ਸੁੰਮਨ ਭੈਣ ਕੋਲ ਇੰਗਲੈਂਡ ਪਹੁੰਚ ਕੇ ਦੂਜੇ ਦਿਨ ਈ ਜਾਵਾਂਗਾ।" ਮਿੰਧੀ ਆਪਣੀ ਮਾਂ ਨੂੰ ਹਸਪਤਾਲਾਂ ਵਿਚ ਕਦੇ ਚੰਡੀਗੜ੍ਹ, ਕਦੇ ਲੁਧਿਆਣੇ ਲਿਜਾ ਇਲਾਜ ਕਰਾਉਂਦਾ ਰਿਹਾ। ਆਪਣੇ ਪੁੱਤ ਨੂੰ ਦੇਖ ਮਾਂ ਦਾ ਵੈਸੇ ਈ ਹੌਂਸਲਾ ਵੱਧ ਗਿਆ ਅਤੇ ਠੀਕ ਇਲਾਜ ਹੋਣ ਤੇ ਉਹ ਨੌਂ ਬਰ ਨੌਂ ਹੋ ਗਈ। ਮਿੰਧੀ ਦੇ ਵਾਪਿਸ ਜਾਣ ਤੋਂ ਇੱਕ ਦਿਨ ਪਹਿਲਾਂ ਫਿਰ ਲਾਲਾ ਕਿਸ਼ਨ ਲਾਲ ਅਤੇ ਲਾਲੀ ਲੀਲਾ ਦੇਵੀ ਨੇ ਮਿੰਧੀ ਨੂੰ ਸੁੰਮਨ ਦਾ ਪਤਾ ਲੈਣ ਲਈ ਤਾਗੀਦ ਕੀਤੀ।

ਇੰਗਲੈਂਡ ਪਹੁੰਚ ਕੇ ਮਿੰਧੀ ਨੇ ਜਗੀਰੇ ਨੂੰ ਨਾਲ ਲਿਆ ਅਤੇ ਦੂਜੇ ਸ਼ਹਿਰ ਰਹਿੰਦੀ ਸੁੰਮਨ ਨੂੰ ਮਿਲਣ ਚਲਾ ਗਿਆ। ਸੁੰਮਨ ਉਹਨਾਂ ਦੋਵਾਂ ਨੂੰ ਦੇਖ ਹੈਰਾਨ ਹੋ ਗਈ। ਪਰ ਮਿੰਧੀ ਅਤੇ ਜਗੀਰੇ ਦੇ ਸੁੰਮਨ ਨੂੰ ਦੇਖ ਡੌਰ ਭੌਰ ਉੱਡ ਗਏ। ਸੁੰਮਨ ਸੁੱਕ ਕੇ ਕਾਨਾ ਹੋਈ ਪਈ ਸੀ। ਰੋ ਰੋ ਕੇ ਉਹਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਮੂੰਹ ਅਤੇ ਬਾਹਾਂ ਤੇ ਸੱਟਾਂ ਦੇ ਨਿਸ਼ਾਨ ਸਨ। ਮਿੰਧੀ ਨੇ ਦੱਸਿਆ ਕਿ, "ਮੈਂ ਇੰਡਿਆ ਗਿਆ ਸੀ ਤੇ ਅਜੇ ਕੱਲ੍ਹ ਈ ਵਾਪਿਸ ਆਇਐਂ। ਪਿੰਡ ਅੰਕਲ ਜੀ ਅਤੇ ਆਂਟੀ ਜੀ ਨੂੰ ਮਿਲਿਆ ਸੀ ਅਤੇ ਉਹ ਤੇਰਾ ਬਹੁਤ ਫਿਕਰ ਕਰ ਰਹੇ ਆ ਕਿ ਤੂੰ ਠੀਕ ਠਾਕ ਤਾਂ ਹੈਂ। ਮੈਨੂੰ ਉਹਨਾਂ ਬਾਰ ਬਾਰ ਤਾਗੀਦ ਕੀਤੀ ਸੀ ਕਿ ਮੈਂ ਤੈਨੂੰ ਜ਼ਰੂਰ ਮਿਲਾਂ। ਇਸੇ ਕਰਕੇ ਜਗੀਰੇ ਨੂੰ ਨਾਲ ਲੈ ਕੇ ਮੈਂ ਆਇਆ।" ਉਸ ਵੇਲੇ ਪ੍ਰਦੀਪ ਘਰ ਨਹੀਂ ਸੀ। ਆਪਣੇ ਪਿੰਡ ਦੇ ਭਰਾਵਾਂ ਨੂੰ ਮਿਲ ਅਤੇ ਮਾਂ ਬਾਪ ਦੇ ਫਿਕਰ ਦਾ ਸੁਣ ਸੁੰਮਨ ਫਿਸ ਪਈ। "ਭਰਾਵੋ, ਮੈਂ ਤੁਹਾਨੂੰ ਕੀ ਦੱਸਾਂ? ਮੈਨੂੰ ਇੱਥੇ ਆਇਆਂ ਸਾਲ ਤੋਂ ਉੱਪਰ ਹੋ ਗਿਆ, ਮੈਂ ਇੱਕ ਦਿਨ ਵੀ ਸੁੱਖ ਦਾ ਨਹੀਂ ਦੇਖਿਆ। ਮੈਂ ਆਪਣੇ ਮਾਂ ਬਾਪ ਨੂੰ ਕੀ ਲਿਖਾਂ? ਇਸੇ ਕਰਕੇ ਉਹਨਾਂ ਨੂੰ ਚਿੱਠੀ ਨਹੀਂ ਪਾ ਹੋਈ। ਹਾਲ ਮੇਰਾ ਤੁਹਾਡੇ ਸਾਹਮਣੇ ਈ ਆ। ਮੇਰੇ ਸਾਰੇ ਸਰੀਰ ਤੇ ਕੁੱਟਮਾਰ ਦੇ ਨੀਲ ਪਏ ਹੋਏ ਆ। ਮੇਰੇ ਨਾਲ ਇਹ ਕੰਮ ਹਰ ਰੋਜ਼ ਈ ਹੁੰਦੈ। ਕੰਮ ਇਹ ਕੋਈ ਕਰਦਾ ਨਹੀਂ। ਬਸ ਸ਼ਰਾਬ ਨਾਲ ਰੱਜਿਆ ਰਹਿੰਦੈ। ਹੁਣ ਕਹਿੰਦਾ ਸੀ ਕਿ, "ਮੈਂ ਤੈਨੂੰ ਤਲਾਕ ਦੇ ਦੇਣਾਂ। ਮੈਨੂੰ ਤਾਂ ਭਰਾਵੋ ਆਪਣੀ ਜਾਨ ਦੀ ਖੈਰ ਨਹੀਂ ਕਿ ਕਿਤੇ ਕਿਸੇ ਦਿਨ ਗੱਲ ਘੁੱਟ ਕੇ ਈ ਮਾਰ ਨਾਂ ਦੇਵੇ। ਮੈਨੂੰ ਤਾਂ ਇਹ ਈ ਸਮਝ ਨਹੀਂ ਲੱਗਦੀ ਕਿ ਮੇਰਾ ਕਸੂਰ ਕੀ ਆ? ਮੈਨੂੰ ਇਹ ਵੀ ਪਤਾ ਲੱਗਾ ਕਿ ਇਹਨੇ ਪਹਿਲਾਂ ਵੀ ਤਿੰਨ ਕੁੜੀਆਂ ਨਾਲ ਤਲਾਕ ਕੀਤੈ। ਇਹ ਇਹਦਾ ਇੱਕ ਸ਼ੁਗਲ ਬਣ ਗਿਆ।" ਗੱਲ ਕਰਦੀ ਸੁੰਮਨ ਦਾ ਗੱਚ ਭਰ ਆਇਆ ਅਤੇ ਉਹ ਰੋਣ ਲੱਗ ਪਈ। ਸੁੰਮਨ ਕਿਹਾ, "ਭਰਾਵੋ, ਮੈਨੂੰ ਇਸ ਚੰਡਾਲ ਤੋਂ ਬਚਾ ਲਉ। ਮੈਂ ਤੁਹਾਡੇ ਮੂਹਰੇ ਹੱਥ ਜੋੜਦੀ ਆਂ।" ਇਸ ਤੋਂ ਬਾਦ ਸੁੰਮਨ ਤੋਂ ਗੱਲ ਨਾਂ ਹੋ ਸਕੀ। ਮਿੰਧੀ ਅਤੇ ਜਗੀਰਾ ਅੱਧਾ ਕੁ ਘੰਟਾ ਹੋਰ ਬੈਠੇ ਰਹੇ ਤਾਂ ਇੰਨੇ ਨੂੰ ਪ੍ਰਦੀਪ ਵੀ ਆ ਗਿਆ। ਮਿੰਧੀ ਅਤੇ ਜਗੀਰੇ ਨੇ ਜ਼ਾਬਤਾ ਰੱਖਦੇ ਪ੍ਰਦੀਪ ਦਾ ਚੰਗੇ ਜੁਆਈਆਂ ਵਰਗਾ ਸੁਆਗਤ ਕੀਤਾ। ਥੋੜੀ ਦੇਰ ਬਾਦ ਮਿੰਧੀ ਅਤੇ ਜਗੀਰਾ, ਪ੍ਰਦੀਪ ਨੂੰ ਪੱਬ 'ਚ ਲੈ ਗਏ। ਘਰੋਂ ਜਾਣ ਲੱਗਿਆ ਦੋਵਾਂ ਨੇ ਸੁੰਮਨ ਨੂੰ 20-20 ਪੌਂਡ ਦਿੱਤੇ ਕਿ, "ਭੈਣ ਅਸੀਂ ਫਿਰ ਆਵਾਂਗੇ।" ਸੁੰਮਨ ਦੇ ਜ਼ੋਰ ਲਾਉਣ ਤੇ ਵੀ ਉਹਨਾਂ ਦੋਵਾਂ ਚਾਹ ਤਕ ਨਾ ਪੀਤੀ। ਪੱਬ 'ਚ ਉਹਨਾਂ ਦੋਵਾਂ ਨੇ ਪ੍ਰਦੀਪ ਨੂੰ ਬੀਅਰ ਪਿਲਾਈ ਅਤੇ ਕਿਹਾ, "ਪ੍ਰੌਹਣਿਆ, ਸਾਡੀ ਭੈਣ ਦਾ ਖਿਆਲ ਰੱਖਿਆ ਕਰ। ਨਾਲੇ ਤੂੰ ਖਾਣ ਪੀਣ ਵਾਲਾ ਬੰਦਾ, ਇਸ ਕਰਕੇ ਹੁਣ ਸਾਡੇ ਨਾਲ ਮੇਲ ਜੋਲ ਵੀ ਬਣਾਈ ਰੱਖੀਂ।" ਪ੍ਰਦੀਪ ਨੇ ਸ਼ੋਅਰ-ਸ਼ੋਅਰ ਕਹਿ

ਉਹਨਾਂ ਤੋਂ ਵਿਦਾ ਲਈ। ਮਿੰਧੀ ਨੇ ਪਿੰਡ ਚਿੱਠੀ ਪਾ ਦਿੱਤੀ ਕਿ ਸੁੰਮਨ ਦਾ ਫਿਕਰ ਨਾ ਕਰਨ, ਉਹ ਠੀਕ ਆ।

ਹੁਣ ਮਿੰਧੀ ਅਤੇ ਜਗੀਰੇ ਨੇ ਸਲਾਹ ਬਣਾਈ ਕਿ ਦੋ ਕੁ ਵਾਰ ਪ੍ਰਦੀਪ ਨੂੰ ਫਿਰ ਮਿਲਿਆ ਜਾਵੇ ਤਾਂ ਕਿ ਉਹਦਾ ਵਿਸ਼ਵਾਸ਼ ਜਿੱਤਿਆ ਜਾ ਸਕੇ। ਇਸ ਸਮੇਂ ਦੌਰਾਨ ਉਹਨਾਂ ਪ੍ਰਦੀਪ ਬਾਰੇ ਹੋਰ ਜਾਣਕਾਰੀ ਵੀ ਇਕੱਠੀ ਕਰ ਲਈ ਸੀ ਕਿ, "ਪ੍ਰਦੀਪ ਛਟਿਆ ਬਦਮਾਸ਼ ਆ ਅਤੇ ਇੰਡਿਆ ਤੋਂ ਕੁੜੀਆਂ ਲਿਆ ਖਰਾਬ ਕਰਦੈ।" ਮਿੰਧੀ ਅਤੇ ਜਗੀਰੇ ਨੇ ਪ੍ਰਦੀਪ ਦਾ ਫਸਤਾ ਵੱਢਣ ਦੀ ਸਕੀਮ ਬਣਾ ਲਈ ਸੀ। ਸੁੰਮਨ ਨੂੰ ਹਰ ਵਾਰ ਮਿਲਣ ਤੇ ਉਹਨੇ ਦੱਸਿਆ ਸੀ ਕਿ, "ਪ੍ਰਦੀਪ ਦੇ ਚਾਲਿਆਂ 'ਚ ਕੋਈ ਫਰਕ ਨਹੀਂ ਸੀ ਆਇਆ।" ਉਹ ਅਜੇ ਵੀ ਕੁੱਟ ਖਾ ਰਹੀ ਸੀ ਅਤੇ ਤਲਾਕ ਦੀਆਂ ਧਮਕੀਆਂ ਸੁਣ ਰਹੀ ਸੀ।

ਕ੍ਰਿਸਮਿਸ ਦੀਆਂ ਛੁੱਟੀਆਂ 'ਚ ਮਿੰਧੀ ਅਤੇ ਜਗੀਰੇ ਨੇ ਪ੍ਰਦੀਪ ਨੂੰ ਫੋਨ ਕੀਤੈ, "ਪ੍ਰਾਹੁਣਿਆ, ਵੀਕਐਂਡ ਤੇ ਪਾਰਟੀ ਰੱਖੀ ਆ, ਜ਼ਰੂਰ ਆਈਂ। ਘੜੀ ਸ਼ੁਗਲ ਮੇਲਾ ਕਰਾਂਗੇ।" ਪ੍ਰਦੀਪ ਮੰਨ ਗਿਆ ਅਤੇ ਪਾਰਟੀ ਤੇ ਜਾਣ ਤੋਂ ਬਾਦ ਉਹ ਮੁੜ ਘਰ ਜੀਉਂਦਾ ਨਾਂ ਆਇਆ। ਪੁਲੀਸ ਦੀ ਕਾਰਵਾਈ ਤੋਂ ਬਾਦ ਪਤਾ ਲੱਗਾ ਕਿ, "ਪ੍ਰਦੀਪ ਨੇ ਬਹੁਤ ਜ਼ਿਆਦਾ ਸ਼ਰਾਬ ਪੀ ਲਈ ਸੀ ਅਤੇ ਦਿਲ ਫੇਲ੍ਹ ਹੋਣ ਨਾਲ ਚੱਲ ਵਸਿਆ।" ਪਰ ਬਹੁਤਿਆਂ ਲੋਕਾਂ ਦਾ ਕਹਿਣਾ ਕਿ, "ਪ੍ਰਦੀਪ ਨੂੰ ਬਿਜਲੀ ਦਾ ਕਰੰਟ ਲਾ ਕੇ ਮਾਰਿਆ ਗਿਆ ਸੀ।" ਇਹ ਕੰਮ ਮਿੰਧੀ ਅਤੇ ਜਗੀਰੇ ਨੇ ਐਨੀ ਸਫਾਈ ਨਾਲ ਕਿਵੇਂ ਕੀਤਾ ਇਹਦੇ ਬਾਰੇ ਅਜੇ ਤਕ ਵੀ ਅਸਲੀਅਤ ਦਾ ਪਤਾ ਨਹੀਂ ਲੱਗ ਸਕਿਆ।

# ਘਰੋਂ ਬੇਘਰ ਹੋਈ ਗੁਰਮੀਤ

ਚਾਲ੍ਹੀਆਂ ਨੂੰ ਪਹੁੰਚਾ ਸਤੀਸ਼ ਹੁਣ ਫਿਰ ਇੰਡਿਆ ਵਿਆਹ ਕਰਾਉਣ ਲਈ ਤਿਆਰੀਆਂ ਕਰ ਰਿਹਾ ਸੀ। ਉਹਨੇ ਆਪਣੇ ਰਿਸ਼ਤੇਦਾਰਾਂ ਨੂੰ ਤਾਰਾਂ ਖੜਕਾ ਦਿੱਤੀਆਂ ਸਨ ਅਤੇ ਦੋਸਤਾਂ ਨੂੰ ਵੀ ਇਤਲਾਹ ਦੇ ਦਿੱਤੀ ਸੀ। ਅਖਬਾਰਾਂ ਵਿਚ ਇਸ਼ਤਹਾਰ ਦੇਣ ਦੇ ਝੰਜਟ ਵਿਚ ਐਤਕੀਂ ਉਹ ਨਹੀਂ ਸੀ ਪਿਆ। ਸਤੀਸ਼ ਦੀ ਪੜ੍ਹਾਈ ਦੇ ਮਹਿਕਮੇ ਵਿਚ ਚੰਗੀ ਨੌਕਰੀ ਸੀ ਜਿਥੇ ਉਹ ਇੱਕ ਉੱਚ-ਅਧਿਕਾਰੀ ਲੱਗਾ ਹੋਇਆ ਸੀ। ਬੋਲ ਚਾਲ ਨੂੰ ਚੰਟ ਅਤੇ ਚਲਦਾ ਪੁਰਜ਼ਾ! ਲੰਮਾ ਝੰਮਾ ਅਤੇ ਕੱਪੜਿਆਂ 'ਚ ਵਾਹਵਾ ਫੱਬਦਾ ਸੀ।

ਇੰਡੀਆ ਵਿਚ, ਸਤੀਸ਼ ਦੀ ਮਾਸੀ ਦੀ ਕੁੜੀ ਵੀ ਉਸੇ ਕਲੀਨਿਕ ਵਿਚ ਕੰਮ ਕਰਦੀ ਸੀ ਜਿਥੇ ਗੁਰਮੀਤ ਪਿਛਲੇ 6 ਸਾਲ ਤੋਂ ਬਤੌਰ ਨਰਸ ਦਾ ਕੰਮ ਕਰ ਰਹੀ ਸੀ। ਇਹ ਦੋਵੇਂ ਗੂਹੜੀਆਂ ਸਹੇਲੀਆਂ ਵੀ ਸਨ। ਸਤੀਸ਼ ਦੀ ਮਾਸੀ ਦੀ ਕੁੜੀ ਸੁਰਜੀਤ ਨੇ ਗੁਰਮੀਤ ਨੂੰ ਦੱਸਿਆ ਕਿ, "ਸਤੀਸ਼ ਇੰਡੀਆ ਵਿਆਹ ਕਰਵਾਉਣ ਆ ਰਿਹੈ ਅਤੇ ਉਹ ਵਿਚੋਲੀ ਬਣ ਕੇ ਉਹਦਾ ਕੰਮ ਕਰਾ ਸਕਦੀ ਆ।" ਗੁਰਮੀਤ ਦੇ ਹਾਂ ਕਰਨ ਤੇ ਸੁਰਜੀਤ ਨੇ ਉਹਦੇ ਮਾਂ ਬਾਪ ਨਾਲ ਗੱਲ ਕੀਤੀ, "ਮੇਰੀ ਮਾਸੀ ਦਾ ਲੜਕਾ ਸਤੀਸ਼ ਵਿਆਹ ਕਰਵਾਉਣ ਇੰਡੀਆ ਆ ਰਿਹੈ। ਵਲੈਤ ਵਿਚ ਉਹ ਪੜ੍ਹਾਈ ਦੇ ਮਹਿਕਮੇ 'ਚ ਵੱਡਾ ਅਫਸਰ ਲੱਗਾ ਹੋਇਐ। ਦੇਖਣ ਚਾਖਣ ਨੂੰ ਫੱਬਦੈ। ਸਿਰਫ ਗੁਰਮੀਤ ਦੀ ਉਮਰ ਦਾ ਸਤੀਸ਼ ਨਾਲੋਂ 15 ਕੁ ਸਾਲ ਦਾ ਫਰਕ ਆ। ਤੁਸੀਂ ਸਾਰੀ ਸਲਾਹ ਕਰਕੇ ਮੈਨੂੰ ਦੱਸ ਦਿਉ ਕਿਉਂਕਿ ਸਤੀਸ਼ ਨੇ ਅਗਲੇ ਹਫਤੇ ਇੰਡੀਆ ਆ ਜਾਣੈ। ਉਹਦੀ ਛੁੱਟੀ ਵੀ ਚੌਂਹ ਕੁ ਹਫਤਿਆਂ ਦੀ ਆ।" ਗੁਰਮੀਤ ਦੇ ਮਾਂ ਬਾਪ ਨੇ ਕਿਹਾ, "ਸੁਰਜੀਤ, ਤੈਨੂੰ ਅਸੀਂ ਸਲਾਹ ਕਰਕੇ ਜਲਦੀ ਹੀ ਦੱਸਾਂਗੇ।"

ਜਿਸ ਹਫਤੇ ਸਤੀਸ਼ ਇੰਡੀਆ ਪਹੁੰਚਾ, ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਕੁੜੀਆਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦ ਸਤੀਸ਼ ਨੇ ਗੁਰਮੀਤ ਨੂੰ ਦੇਖਿਆ ਤਾਂ ਉਹਦਾ ਮਨ ਲੱਟੂ ਹੋ ਗਿਆ। ਗੁਰਮੀਤ ਦੇ ਮਾਂ ਪਿਉ ਅਤੇ ਗੁਰਮੀਤ ਨੂੰ ਵੀ ਸਤੀਸ਼ ਪਸੰਦ ਆ ਗਿਆ। ਬਹੁਤੇ ਅਡੰਬਰਾਂ ਦੇ ਚੱਕਰਾਂ 'ਚ ਪੈਣ ਦੀ ਬਜਾਏ ਸਤੀਸ਼ ਅਤੇ ਗੁਰਮੀਤ ਦਾ ਸਾਦਾ ਜਿਹਾ ਵਿਆਹ ਕਰ ਦਿੱਤਾ ਗਿਆ।

ਹਨੀਮੂਨ ਦੇ ਹਫਤੇ ਤੋਂ ਬਾਦ ਸਤੀਸ਼ ਦੀਆਂ ਵਾਪਸ ਇੰਗਲੈਂਡ ਆਉਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਖਰੀਦਾ ਫਰੋਸ਼ੀ ਅਤੇ ਮੇਲੇ ਗੇਲਿਆਂ ਵਿਚ ਸਮਾਂ ਬੀਤਣ ਦਾ ਪਤਾ ਵੀ ਨਾ ਲੱਗਾ। ਸਜ-ਵਿਆਹੀ ਗੁਰਮੀਤ ਨੂੰ ਛੱਡ ਸਤੀਸ਼ ਜਹਾਜ਼ੇ ਚੜ੍ਹ ਆਇਆ। ਸੁਰਜੀਤ ਅਤੇ ਗੁਰਮੀਤ ਦਾ ਸਹੇਲਪੁਣਾਂ ਕਾਰਗਰ ਸਾਬਤ ਹੋ ਗਿਆ

ਸੀ ਪਰ ਹੁਣ ਦੂਜੇ ਪਾਸੇ ਇਹਨਾਂ ਖ਼ਬਰਾਂ ਦੀ ਵੀ ਭਰਮਾਰ ਸੀ ਕਿ, "ਵਲੈਤੀਏ, ਵਿਆਹ ਤੋਂ ਬਾਦ ਕੁੜੀਆਂ ਮੰਗਾਉਂਦੇ ਨਹੀਂ।"

ਗੁਰਮੀਤ ਦੇ ਗੁਆਂਢ ਰਹਿੰਦੀ ਜਗਤ-ਤਾਈ ਉਹਨਾਂ ਦੇ ਘਰ ਆ ਕੇ ਰੋਜ਼ ਹੀ ਰਿਕਾਰਡ ਵਜਾਉਂਦੀ, "ਭੈਣੇ ਫਲਾਣੀ ਨੇ ਆਪਣੀ ਕੁੜੀ ਇੱਕ ਵਲੈਤੀਏ ਨਾਲ ਵਿਆਹ ਤੀ, ਬਸ ਮੁੜ ਉਹਨੇ ਪਾਂਧਾ ਨਹੀਂ ਪੁੱਛਿਐ। ਦਸ ਸਾਲ ਹੋ ਗਏ ਆ ਕੁੜੀ ਨੂੰ ਘਰ ਬੈਠਿਆਂ, ਚਿੱਠੀਆਂ ਉਡੀਕਦੀ ਨੂੰ।" ਜਗਤ-ਤਾਈ ਦੀਆਂ ਐਹੋ ਜੇਹੀਆਂ ਗੱਲਾਂ ਗੁਰਮੀਤ ਅਤੇ ਉਹਦੇ ਮਾਂ ਬਾਪ ਨੂੰ ਹੋਰ ਵੀ ਡਰਾਉਂਦੀਆਂ ਅਤੇ ਉਹ ਸੁਰਜੀਤ ਤੇ ਜ਼ੋਰ ਪਾਉਣ ਲੱਗੇ ਕਿ ਉਹ ਵੀ ਸਤੀਸ਼ ਨੂੰ ਕਹੇ ਕਿ ਗੁਰਮੀਤ ਨੂੰ ਜਲਦੀ ਇੰਗਲੈਂਡ ਮੰਗਾ ਲਵੇ। ਗੁਰਮੀਤ ਆਪ ਵੀ ਹਰ ਰੋਜ਼ ਚਿੱਠੀ ਲਿਖਦੀ ਅਤੇ ਕਦੇ ਕਦੇ ਫੋਨ ਕਰਦੀ ਕਿ, "ਹੁਣ ਉਹਦਾ ਦਿਲ ਨਹੀਂਉਂ ਜੇ ਲੱਗਦੈ ਅਤੇ ਮਨ ਦੀ ਵੇਦਨਾਂ ਕਿਸੇ ਹੋਰ ਨੂੰ ਦੱਸਦਿਆਂ ਉਹਨੂੰ ਸੰਗ ਲੱਗਦੀ ਆ।" ਗੁਰਮੀਤ ਆਪਣੇ ਪਤੀ ਸਤੀਸ਼ ਦੇ ਖਿਆਲਾਂ 'ਚ ਗੜੂੰਦ ਰਹਿੰਦੀ ਅਤੇ ਘਰ ਬਾਹਰ, ਦਿਨ ਰਾਤ ਪਲ ਪਲ ਵਲੈਤ ਦੇ ਚੱਕਰ ਲਾਉਂਦੀ ਅਤੇ ਇਹ ਸਭ ਸੋਚ ਕੇ ਅੰਦਰੋਂ ਖੀਵੀ ਹੁੰਦੀ ਰਹਿੰਦੀ। ਸਤੀਸ਼ ਉਹਨੂੰ ਫੋਨ ਤੇ ਦਿਲਾਸਾ ਦਿੰਦਾ ਕਿ, "ਬਸ ਕੁੱਝ ਹੀ ਦਿਨਾਂ ਦੀ ਗੱਲ ਆ। ਉਹ ਥੋੜ੍ਹਾ ਸਬਰ ਕਰੇ। ਆਪਣੀ ਸੇਹਤ ਦਾ ਖਿਆਲ ਰੱਖੇ।"

ਸਤੀਸ਼ ਨੇ ਸਾਰੇ ਜ਼ਰੂਰੀ ਕਾਗਜ਼ਾਤ ਹੁਣ ਭੇਜ ਦਿੱਤੇ ਅਤੇ ਗੁਰਮੀਤ ਨੂੰ ਬ੍ਰਿਟਿਸ਼ ਹਾਈ ਕਮਿਸ਼ਨ ਤੋਂ ਇੰਟਰਵਿਊ ਦੀ ਤਾਰੀਖ ਮਿਲ ਗਈ ਸੀ। ਗੁਰਮੀਤ ਨੂੰ ਇੰਟਰਵਿਊ ਦੇ ਤਿੰਨ ਮਹੀਨੇ ਦੀ ਉਡੀਕ 30 ਵਰ੍ਹਿਆਂ ਵਾਂਗ ਲੱਗ ਰਹੀ ਸੀ। ਗੁਰਮੀਤ ਨੂੰ ਇੰਟਰਵਿਊ ਤੇ ਸਰਕਾਰੀ ਅਫਸਰਾਂ ਜ਼ਿਆਦਾ ਸੁਆਲ ਵੀ ਨਾ ਪੁੱਛੇ ਕਿਉਂਕਿ ਪੜ੍ਹੇ-ਲਿਖੇ ਸਤੀਸ਼ ਦੇ ਸਾਰੇ ਕਾਗਜ਼ ਮੂੰਹੋਂ ਆਪ ਬੋਲਦੇ ਸਨ। ਇੰਟਰੀ ਸਰਟੀਫਕੇਟ ਮਿਲਣ ਤੇ ਗੁਰਮੀਤ ਉੱਡੂੰ ਉੱਡੂੰ ਕਰਨ ਲੱਗੀ। ਗੁਰਮੀਤ ਅਤੇ ਉਹਦੇ ਘਰ ਦੇ ਬਹੁਤ ਖੁਸ਼ ਸਨ। ਉਹਨਾਂ ਸਭ ਨੂੰ ਲੱਗ ਰਿਹਾ ਸੀ ਕਿ, "ਹੁਣ ਉਹਨਾਂ ਦੇ ਦਿਨ ਫਿਰ ਜਾਣੇ ਆ।" ਉਹ ਮਹਿਸੂਸ ਕਰ ਰਹੇ ਸਨ ਕਿ, "ਵਲੈਤ ਜਾਣ ਤੇ ਉਹਨਾਂ ਦੀ ਕਾਇਆ ਪਲਟ ਜਾਵੇਗੀ ਅਤੇ ਉਹਨਾਂ ਦੀ ਕੁੜੀ ਰਾਜ ਕਰੇਗੀ।" ਉਹ ਸਮਝਦੇ ਸਨ ਕਿ, "ਵਲੈਤ ਵਿਚ ਦੁੱਖ ਨਾਂ ਦੀ ਕੋਈ ਚੀਜ਼ ਨਹੀਂ, ਉੱਥੇ ਤਾਂ ਬਸ ਸੁੱਖ ਆਰਾਮ ਈ ਆ। ਗੋਰੀ ਸਰਕਾਰ ਅਤੇ ਲੋਕ ਉਹਨਾਂ ਦੀ ਆਉ ਭਗਤ ਲਈ ਤਿਆਰ ਖੜ੍ਹੇ ਆ।"

ਇੰਟਰੀ ਸਰਟੀਫਿਕੇਟ ਮਿਲਣ ਤੋਂ ਮਹੀਨਾ ਕੁ ਬਾਦ ਗੁਰਮੀਤ ਇੰਗਲੈਂਡ ਆ ਗਈ। ਸਤੀਸ਼ ਨੇ ਆਪਣਾ ਘਰ ਲਿਆ ਹੋਇਆ ਸੀ ਅਤੇ ਇਸੇ ਕਰਕੇ ਕਰਾਏ ਦੇ ਕਮਰਿਆਂ ਅਤੇ ਮਕਾਨਾਂ ਦਾ ਝੰਜਟ ਨਹੀਂ ਸੀ। ਗੁਰਮੀਤ ਨੂੰ ਸਤੀਸ਼ ਵਲੈਤੀ ਰੰਗ ਢੰਗ ਸਿਖਾ ਰਿਹਾ ਸੀ ਕਿ, "ਗੈਸ ਕੁੱਕਰ ਕਿਵੇਂ ਵਰਤਣੈ ਅਤੇ ਗਰਮ ਪਾਣੀ ਦੀ ਕੰਜੂਸੀ ਕਿਵੇਂ ਕਰਨੀ ਆ।" ਗੁਰਮੀਤ ਵਲੈਤ ਦੇ ਘਰਾਂ ਅਤੇ ਬਾਹਰੀ ਸਫਾਈ ਦੇਖ ਕੇ ਹੈਰਾਨ ਹੋ ਰਹੀ ਸੀ। ਉਹਨੂੰ ਇਸ ਗੱਲ ਦੀ ਵੀ ਹੈਰਾਨੀ ਹੋ ਰਹੀ ਸੀ ਕਿ ਵਲੈਤੀ ਘਰਾਂ ਵਿਚ ਖਿੜਕੀਆਂ ਸ਼ੀਸ਼ੇ ਦੀਆਂ ਹਨ ਅਤੇ ਕੀ ਕੋਈ ਖਿੜਕੀ ਭੰਨ ਕੇ ਘਰ ਅੰਦਰ ਨਹੀਂ ਸੀ ਆ ਸਕਦਾ? ਸੜਕਾਂ ਤੇ ਇੱਕ ਚਾਲੇ ਤੁਰੇ ਜਾਂਦੇ ਟਰੈਫਿਕ ਵੱਲ ਦੇਖ ਉਹਦੀਆਂ ਅੱਖਾਂ ਦੀਆਂ ਪੁਤਲੀਆਂ ਹੋਰ ਚੌੜੀਆਂ ਹੋ ਜਾਂਦੀਆਂ ਕਿ ਵਲੈਤ ਵਿਚ ਕੋਈ ਹੌਰਨ ਨਹੀਂ ਸੀ ਵਜਾ ਰਿਹਾ ਅਤੇ ਆਮ ਬੋਲ ਚਾਲ ਵਿਚ ਲੋਕ ਥੈਂਕ ਯੂ, ਪਲੀਜ਼ ਕਹਿ ਰਹੇ ਸਨ।

ਗੁਰਮੀਤ ਨੂੰ ਸਭ ਤੋਂ ਜ਼ਿਆਦਾ ਹੈਰਾਨੀ ਇਸ ਗੱਲ ਦੀ ਹੋਈ ਕਿ ਵਲੈਤ ਵਿਚ ਸਾਰੇ ਲੋਕ ਆਪ ਆਪਣਾਂ ਹੱਥੀਂ ਕੰਮ ਕਰ ਰਹੇ ਸਨ ਅਤੇ ਨੌਕਰ ਨੌਕਰਾਣੀਆਂ ਦਾ ਕਿਤੇ ਨਾਂ ਨਿਸ਼ਾਨ ਨਹੀਂ ਸੀ। ਵਲੈਤ ਦੀ ਅਮੀਰੀ ਅਤੇ ਇੰਡਿਆ ਦੀ ਨੰਗ-ਭੁੱਖ ਦਾ ਫਰਕ ਉਹਨੂੰ ਸਾਫ ਦਿਸ ਰਿਹਾ ਸੀ। ਵਲੈਤ ਵਿਚ ਨਾਂ ਤਾਂ ਉਹਨੂੰ ਸਾਧਾਂ ਮੰਗਤਿਆਂ ਦੇ ਟੋਲੇ ਦਿਸ ਰਹੇ ਸਨ ਅਤੇ ਨਾਂ ਹੀ ਰਿਕਸ਼ੇ, ਥ੍ਰੀਵੀਲਰ, ਟੈਂਪੂ ਅਤੇ ਫੇਰੀਵਾਲੇ ਜੋ ਸੰਘ ਪਾੜ-ਪਾੜ ਇੰਡਿਆ 'ਚ ਆਪਣਾ ਮਾਲ ਵੇਚਦੇ ਹਨ। ਮੱਖੀ ਮੱਛਰ ਅਤੇ ਕੀੜੇ ਮਕੌੜਿਆਂ ਦੀ ਅਣਹੋਂਦ ਨੇ ਵੀ ਗੁਰਮੀਤ ਨੂੰ ਬੜਾ ਪ੍ਰਭਾਵਿਤ ਕੀਤਾ ਸੀ। ਗੁਰਮੀਤ ਦੇ ਬਹੁਤ ਸਾਰੇ ਤੌਖਲੇ ਸਤੀਸ਼ ਨੇ ਗੱਲਾਂ ਰਾਹੀਂ ਦੂਰ ਕਰ ਦਿੱਤੇ ਸਨ ਅਤੇ ਕੁੱਝ ਗੰਢਾਂ ਉਹਨੇ ਆਪ ਈ ਖੋਹਲ ਲਈਆਂ ਸਨ।

ਹੁਣ ਗੁਰਮੀਤ ਘਰ ਬੈਠੀ ਟੀ. ਵੀ. ਦੇਖਦੀ ਰਹਿੰਦੀ ਪਰ ਉਹਨੂੰ ਵਲੈਤੀ ਅੰਗਰੇਜ਼ੀ ਦੀ ਸਮਝ ਨਾਂ ਲੱਗਦੀ। ਸਤੀਸ਼ ਉਹਨੂੰ ਅੰਗਰੇਜ਼ੀ ਦੇ ਉਚਾਰਣ ਬਾਰੇ ਸਮਝਾਂਉਦਾ ਅਤੇ ਉਹਨੇ ਕੁੱਝ ਟੇਪਸ ਵੀ ਲਾਇਬ੍ਰੇਰੀ ਵਿਚੋਂ ਲਿਆ ਕੇ ਗੁਰਮੀਤ ਨੂੰ ਦੇ ਦਿੱਤੀਆਂ ਤਾਂ ਕਿ ਉਹਦੀ ਅੰਗਰੇਜ਼ੀ ਵਿਚ ਸੁਧਾਰ ਹੋ ਸਕੇ। ਗੁਰਮੀਤ ਵਲੈਤ ਆ ਕੇ ਹਰ ਰੋਜ਼ ਕੁੱਝ ਨਾ ਕੁੱਝ ਨਵਾਂ ਸਿੱਖ ਰਹੀ ਸੀ ਅਤੇ ਉਹਦੇ ਪਹਿਲੇ ਤਿੰਨ ਹਫਤੇ ਬੜੇ ਚੰਗੇ ਗੁਜ਼ਰੇ। ਸਤੀਸ਼ ਸ਼ਾਮ ਨੂੰ ਘਰ ਆ ਕੇ ਗੁਰਮੀਤ ਨੂੰ ਬਾਹਰ ਘੁੰਮਣ ਫਿਰਨ ਲਈ ਲੈ ਜਾਂਦਾ ਅਤੇ ਵੀਕਇੰਡ ਤੇ ਸ਼ੌਪਿੰਗ ਕਰਾਂਉਦਾ। ਗੁਰਮੀਤ ਦਿਲ ਈ ਦਿਲ ਵਿਚ ਸੁਰਜੀਤ ਨੂੰ ਅਸੀਸਾਂ ਦਿੰਦੀ ਜੇਹਨੇ ਸਤੀਸ਼ ਵਰਗਾ ਪਤੀ ਲੱਭ ਕੇ ਦਿੱਤਾ ਸੀ। ਗੁਰਮੀਤ ਆਪਣੀਆਂ ਖੁਸ਼ੀਆਂ ਆਪਣੇ ਮਾਂ ਬਾਪ ਅਤੇ ਭੈਣ ਭਰਾ ਨਾਲ ਵੀ ਫੋਨ ਤੇ ਸਾਂਝੀਆਂ ਕਰਦੀ। ਸਤੀਸ਼ ਵੀ ਆਪਣੇ ਸਹੁਰਿਆਂ ਨੂੰ ਹਰ ਹਫਤੇ ਫੋਨ ਕਰ ਲੈਂਦਾ। ਗੁਰਮੀਤ ਦੀਆਂ ਖੁਸ਼ੀਆਂ ਨੂੰ ਉਸ ਵੇਲੇ ਤੇੜ ਆਉਣੀ ਸ਼ੁਰੂ ਹੋ ਗਈ ਜਿਸ ਦਿਨ ਅਚਾਨਕ ਈ ਦੋ ਲੜਕੇ ਉਹਦੇ ਘਰ ਆ ਗਏ। ਉਹਨਾਂ ਦੀਆਂ ਉਮਰਾਂ 17 ਅਤੇ 18 ਸਾਲ ਦੀਆਂ ਸਨ। ਲੜਕਿਆਂ ਦੇ ਡੋਰ ਕਰਨ ਤੇ ਗੁਰਮੀਤ ਨੇ ਦਰਵਾਜ਼ਾ ਖੋਹਲ ਦਿੱਤਾ ਅਤੇ ਉਹ ਦੋਵੇਂ ਧੁੱਸ ਕੇ ਅੰਦਰ ਆ ਵੜੇ। ਸਤੀਸ਼ ਅਜੇ ਕੰਮ ਤੋਂ ਵਾਪਿਸ ਘਰ ਆਇਆ ਨਹੀਂ ਸੀ। ਮੁੰਡਿਆਂ ਨੇ ਆਉਂਦਿਆਂ ਈ ਕਿਹਾ, "ਹੂਅ ਆਰ ਯੂ? (ਤੂੰ ਕੌਣ ਆ?) ਵੇਅਰਜ਼ ਅਵਰ ਡੈਡ? (ਸਾਡਾ ਬਾਪ ਕਿਥੇ ਆ?) ਇਹ ਸੁਣ ਗੁਰਮੀਤ ਦੇ ਤਾਂ ਖਾਨਿਉ ਗਈ ਕਿ ਇਹ ਕੀ ਭਾਣਾਂ ਵਰਤ ਗਿਆ ਸੀ। ਮੁੰਡਿਆਂ ਘਰ 'ਚ ਪਿਆ ਕੋਕ ਅਤੇ ਕ੍ਰਿਪਸ ਖਾਣੇ ਸ਼ੁਰੂ ਕਰ ਦਿੱਤੇ ਅਤੇ ਬੈੱਡਰੂਮ ਵਿਚ ਜਾ ਚੜ੍ਹੇ। ਉਹ ਦਗੜ-ਦਗੜ ਕਰਦੇ ਫਿਰਦੇ ਸਨ। ਘਰ ਦੀ ਕਾਰਪਿੱਟ ਜੁੱਤੀਆਂ ਨਾਲ ਖਰਾਬ ਕਰ ਦਿੱਤੀ ਅਤੇ ਘਰ 'ਚ ਪਈਆਂ ਚੀਜ਼ਾਂ ਖਿਲਾਰ ਦਿੱਤੀਆਂ। ਬਾਦ 'ਚ ਗੁਰਮੀਤ ਨੂੰ ਅਵਾ ਤਵਾ ਬੋਲਣ ਲੱਗ ਪਏ। ਉਹਨਾ ਦੀ ਅੰਗਰੇਜ਼ੀ ਦਾ ਬਹੁਤਾ ਹਿੱਸਾ ਗੁਰਮੀਤ ਨੂੰ ਸਮਝ ਨਾਂ ਲੱਗਾ ਅਤੇ ਉਹ ਬੁਰੀ ਤਰ੍ਹਾਂ ਬੌਂਦਲ ਗਈ ਕਿ ਇਹ ਸਭ ਮਾਜ਼ਰਾ ਕੀ ਸੀ। ਗੁਰਮੀਤ ਨੇ ਸਤੀਸ਼ ਨੂੰ ਫੋਨ ਕੀਤਾ ਅਤੇ ਇਸ ਸਾਰੇ ਬਾਰੇ ਦੱਸਿਆ। ਥੋੜ੍ਹੀ ਦੇਰ ਬਾਦ ਸਤੀਸ਼ ਘਰ ਆ ਗਿਆ। ਸਤੀਸ਼ ਨੇ ਗੁਰਮੀਤ ਨੂੰ ਦੱਸਿਆ, "ਇਹ ਮੇਰੇ ਪਹਿਲੇ ਵਿਆਹ ਦੇ ਲੜਕੇ ਆ ਅਤੇ ਮੈਨੂੰ ਮਿਲਣ ਆਏ ਆ।" ਗੁਰਮੀਤ ਪੁੱਛਿਆ, "ਤੁਸੀਂ ਮੈਨੂੰ ਪਹਿਲਾਂ ਤਾਂ ਇਸ ਬਾਰੇ ਕਦੇ ਨਹੀਂ ਦੱਸਿਆ? ਨਾਲੇ ਇਹਨਾਂ ਦੀ ਮਾਂ ਕਿੱਥੇ ਆ?" ਸਤੀਸ਼ ਜੁਆਬ ਦਿੱਤਾ, "ਮੈਂ ਸਮਝਿਆ ਕਿ ਤੇਰੀ ਸਹੇਲੀ ਸੁਰਜੀਤ ਨੇ ਸਭ ਕੁੱਝ ਦੱਸ ਦਿੱਤਾ

ਹੋਵੇਗਾ। ਇਹਨਾਂ ਮੁੰਡਿਆਂ ਦੀ ਮਾਂ ਨੂੰ ਦਿਮਾਗੀ ਸਮੱਸਿਆ ਅਤੇ ਉਹ ਹਸਪਤਾਲ 'ਚ ਜ਼ੇਰੇ ਇਲਾਜ਼ ਆ। ਮੇਰਾ ਉਹਦੇ ਨਾਲ ਤਲਾਕ ਹੋ ਚੁੱਕੈ। ਉਹਦੇ ਨਾਲ ਮੇਰਾ ਹੁਣ ਕੋਈ ਲੈਣ ਦੇਣ ਨਹੀਂ।" ਦੋਵਾਂ ਮੁੰਡਿਆਂ ਨੂੰ ਵੀ ਸਤੀਸ਼ ਨੇ ਦੱਸ ਦਿੱਤਾ ਕਿ, "ਗੁਰਮੀਤ ਉਹਦੀ ਨਵੀਂ ਪਤਨੀ ਆ ਅਤੇ ਉਹਨੂੰ ਇੰਡਿਆ ਤੋਂ ਆਈ ਨੂੰ ਅਜੇ ਤਿੰਨ ਕੁ ਹਫਤੇ ਹੋਏ ਆ।" ਮੁੰਡਿਆਂ ਸੁਣ ਕੇ ਮੂੰਹ ਵਿੰਗਾ ਟੇਡਾ ਕੀਤਾ ਅਤੇ ਸਿਰਫ ਏਨਾਂ ਕਿਹਾ, "ਵੂਈ ਡੌਂਟ ਲਾਈਕ ਹਰ। (ਅਸੀਂ ਇਹਨੂੰ ਪਸੰਦ ਨਹੀਂ ਕਰਦੇ)।" ਸਤੀਸ਼ ਚੁੱਪ ਰਿਹਾ। ਥੋੜੀ ਦੇਰ ਬਾਦ ਦੋਵੇਂ ਮੁੰਡੇ ਘਰੋਂ ਬਾਹਰ ਚਲੇ ਗਏ।

ਮੁੰਡਿਆ ਦੇ ਜਾਣ ਬਾਦ ਸਤੀਸ਼ ਅਤੇ ਗੁਰਮੀਤ ਕਾਫੀ ਦੇਰ ਬਹਿਸਦੇ ਰਹੇ ਅਤੇ ਆਖਿਰ ਤੋੜਾ ਇਸ ਗੱਲ ਤੇ ਟੁੱਟਾ ਕ ਗੁਰਮੀਤ ਮੁੰਡਿਆਂ ਦੇ ਵਰਤਾਵ ਦਾ ਬੁਰਾ ਨਾਂ ਮਨਾਵੇ ਅਤੇ ਸਤੀਸ਼ ਵੀ ਉਨ੍ਹਾਂ ਨੂੰ ਸਮਝਾਵੇਗਾ ਕਿ ਉਹ ਗੁਰਮੀਤ ਨਾਲ ਅੱਥਰਾ ਵਰਤਾਵ ਨਾਂ ਕਰਨ। ਇਸ ਤੋਂ ਬਾਦ ਦੋਵੇਂ ਮੁੰਡੇ ਜਦ ਦਿਲ ਕਰਦਾ ਘਰ ਆ ਜਾਂਦੇ ਅਤੇ ਆਪੇ ਈ ਖਾ ਪੀ ਕੇ ਪਿਉ ਨੂੰ ਮਿਲ ਕੇ ਤੁਰ ਜਾਂਦੇ। ਘਰ ਦੀਆਂ ਚੀਜ਼ਾਂ ਤੋੜ ਭੰਨ ਜਾਂਦੇ, ਕੱਪੜੇ ਖਿਲਾਰ ਜਾਂਦੇ ਅਤੇ ਘਰ 'ਚ ਗੰਦ ਪਾ ਜਾਂਦੇ। ਗੁਰਮੀਤ ਨੂੰ, ਪਿਉ ਦੀ ਗੈਰ ਹਾਜ਼ਰੀ ਵਿਚ ਬਕਵਾਸ ਕਰਦੇ। ਮੁੰਡਿਆਂ ਨੂੰ ਅੰਗਰੇਜ਼ੀ ਈ ਆਉਂਦੀ ਸੀ ਅਤੇ ਉਹਨਾਂ ਦੀਆਂ ਬਹੁਤੀਆਂ ਗਾਲਾਂ ਦੀ ਸਮਝ ਵੀ ਨਾ ਲੱਗਦੀ। ਉਹ ਐਫ ਅਤੇ ਬੀ ਸ਼ਬਦ ਦੀ ਹਰ ਗੱਲ ਨਾਲ ਵਰਤੋਂ ਕਰਦੇ। ਉਹ ਹਫਤੇ ਵਿਚ ਦੋ ਤਿੰਨ ਵਾਰ ਗੇੜਾ ਮਾਰਦੇ ਅਤੇ ਗੁਰਮੀਤ ਨੂੰ ਰੋਣਹੱਕੀ ਕਰਕੇ ਛੱਡ ਜਾਂਦੇ। ਇਸ ਕੁੱਤਪੁਣੇ ਤੋਂ ਬਚਾਅ ਲਈ ਗੁਰਮੀਤ ਨੇ ਮੁੰਡਿਆਂ ਦੇ ਘਰ ਆਉਣ ਤੇ ਘਰੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ। ਉਹ ਉਸ ਵਕਤ ਗੁਰਦੁਆਰੇ ਚਲੇ ਜਾਂਦੀ ਅਤੇ ਘਰ ਵਾਪਿਸ ਦੋ ਕੁ ਘੰਟਿਆਂ ਬਾਦ ਆਉਂਦੀ ਇਸ ਤਰੀਕੇ ਦੀ ਸਲਾਹ ਵੀ ਸਤੀਸ਼ ਨੇ ਹੀ ਦਿੱਤੀ ਸੀ। ਗੁਰਮੀਤ ਨੇ ਮੁੰਡਿਆਂ ਨੂੰ ਆਪਣਾ ਬਣਾਉਣ ਦੀ ਬਥੇਰੀ ਕੋਸ਼ਿਸ਼ ਕੀਤੀ ਪਰ ਉਹ ਸਫਲ ਨਾ ਹੋ ਸਕੀ।

ਹੁਣ ਇੱਕ ਐਤਵਾਰ ਅਜੇ ਉਹ ਸੁੱਤੇ ਵੀ ਨਹੀਂ ਸੀ ਉੱਠੇ ਕਿ ਘਰ ਦੀ ਘੰਟੀ ਵੱਜਣ ਲੱਗ ਪਈ। ਗੁਰਮੀਤ ਜਦ ਹੇਠਾਂ ਦਰਵਾਜ਼ਾ ਖੋਹਲਣ ਗਈ ਤਾਂ ਦੋ ਗੋਰੇ ਰੰਗ ਦੇ ਵੇਰੜੇ ਜਹੇ ਮੁੰਡੇ ਘਰ ਅੰਦਰ ਆ ਵੜੇ। ਇਹ ਦਸ ਅਤੇ 12 ਸਾਲ ਦੇ ਮੁੰਡੇ ਪੁੱਛਣ ਲੱਗੇ, "ਵੇਅਰ ਇਜ਼ ਅਵਰ ਡੈਡ? (ਸਾਡਾ ਪਿਉ ਕਿਥੇ ਆ?) ਗੁਰਮੀਤ ਇਹ ਸੁਣ ਕੇ ਚਕਰਾ ਗਈ ਕਿ ਇਹ ਕੀ ਹੋ ਰਿਹਾ ਸੀ। ਇੰਨੇ ਨੂੰ ਸਤੀਸ਼ ਵੀ ਹੇਠਾਂ ਆ ਗਿਆ ਅਤੇ ਮੁੰਡਿਆਂ ਨੂੰ ਪਿਆਰ ਕਰਨ ਲੱਗ ਪਿਆ। ਦੋਵਾਂ ਮੁੰਡਿਆਂ ਟੀ. ਵੀ . ਲਾ ਲਿਆ ਅਤੇ ਸੈਟੀ ਉੱਪਰ ਬੈਠ ਗਏ। ਗੁਰਮੀਤ ਦਾ ਮੂੰਹ ਖੁਲ੍ਹੇ ਦਾ ਖੁੱਲ੍ਹਾ ਰਹਿ ਗਿਆ। ਕਿਚਨ ਵਿਚ ਲੈ ਜਾ ਗੁਰਮੀਤ ਨੇ ਜਦ ਸਤੀਸ਼ ਨੂੰ ਮੁੰਡਿਆਂ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ, "ਹਾਂ, ਇਹ ਵੀ ਮੇਰੇ ਨਿਆਣੇ ਆ। ਪਹਿਲੇ ਵਿਆਹ ਦੇ ਤਲਾਕ ਬਾਦ ਮੈਂ ਇੱਕ ਗੋਰੀ ਨਾਲ ਵਿਆਹ ਕਰਵਾ ਲਿਆ ਸੀ ਅਤੇ ਮੈਨੂੰ ਹੁਣ ਇਹਨਾਂ ਦੋਵਾਂ ਲੜਕਿਆਂ ਦਾ ਖਰਚਾ ਵੀ ਦੇਣਾ ਪੈਂਦਾ ਅਤੇ ਇਹ ਮੈਨੂੰ ਹਰ ਹਫਤੇ ਮਿਲਣ ਵੀ ਆ ਸਕਦੇ ਆ। ਇਹ ਆਪਣੀ ਮਾਂ ਨਾਲ ਛੁੱਟੀਆਂ ਤੇ ਗਏ ਸੀ ਅਤੇ ਬਸ ਫਰਾਈਡੇ ਈ ਵਾਪਿਸ ਆਏ ਆ। ਮੈਂ ਸੌਰੀ ਆ, ਮੈਂ ਤੈਨੂੰ ਇਹਨਾਂ ਬਾਰੇ ਪਹਿਲਾਂ ਦੱਸ ਨਹੀਂ ਸਕਿਆ।" ਗੁਰਮੀਤ ਇਹ ਸੁਣ ਕੁੱਝ ਨਾ ਬੋਲੀ ਅਤੇ ਉੱਪਰ ਜਾ ਕੇ ਲੰਮੀ ਪੈ ਗਈ। ਉਹ ਸੋਚ ਰਹੀ ਸੀ ਕਿ ਮੈਂ ਐਹੋ ਜੇਹੀਆਂ ਗੱਲਾਂ ਤਾਂ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚੀਆਂ। ਇਹ

ਕੀ ਹੋ ਰਿਹਾ ਸੀ। ਮੈਨੂੰ ਮੇਰੇ ਆਦਮੀ ਨੇ ਅਜੇ ਖੌਰੇ ਕੀ ਕੀ ਸੱਚ ਨਹੀਂ ਸੀ ਦੱਸਿਆ। ਆਏ ਦਿਨ ਨਵੀਆਂ ਨਵੀਆਂ ਗੱਲਾਂ ਬਾਹਰ ਆ ਰਹੀਆਂ ਸਨ। ਗੁਰਮੀਤ ਨੇ ਮਨ ਨੂੰ ਧਰਵਾਸਾ ਦੇਣ ਲਈ ਉੱਠ ਕੇ ਤਿਆਰੀ ਕੀਤੀ ਅਤੇ ਗੁਰਦੁਆਰੇ ਚਲੇ ਗਈ। ਗੁਰਦੁਆਰੇ ਤੋਂ ਵਾਪਿਸ ਦੁਪਿਹਰ ਤੋਂ ਬਾਦ ਈ ਆਈ। ਗੁਰਦੁਆਰੇ ਈ ਉਹਨੇ ਕਿਸੇ ਨਾਲ ਕੰਮ ਬਾਰੇ ਗੱਲ ਕੀਤੀ ਤਾਂ ਇੱਕ ਨਰਸਿੰਗ ਹੋਮ ਵਿਚ ਕੰਮ ਮਿਲ ਗਿਆ। ਇਹ ਨਰਸਿੰਗ ਹੋਮ ਵੀ ਘਰ ਤੋਂ ਜ਼ਿਆਦਾ ਦੂਰ ਨਹੀਂ ਸੀ। ਘਰ ਦੇ ਕੋਲੋਂ ਈ ਬੱਸ ਜਾਂਦੀ ਸੀ। ਲੰਬੀਆਂ ਸ਼ਿਫਟਾਂ ਹੋਣ ਕਰਕੇ ਗੁਰਮੀਤ ਦਾ ਹੁਣ ਜ਼ਿਆਦਾ ਸਮਾਂ ਨਰਸਿੰਗ ਹੋਮ ਵਿਚ ਬਜ਼ੁਰਗ ਗੋਰੇ ਗੋਰੀਆਂ ਦੀ ਦੇਖਭਾਲ ਕਰਨ ਵਿਚ ਈ ਗੁਜ਼ਰਦਾ। ਸ਼ਾਮ ਨੂੰ ਉਹ ਘਰ ਥੱਕੀ ਟੁੱਟੀ ਆਉਂਦੀ। ਉਹਦੇ ਬਣਾਏ ਅਤੇ ਸੋਚੇ ਸੁਪਨੇ ਫੀਤਾ ਫੀਤਾ ਹੋ ਰਹੇ ਸਨ ਪਰ ਉਹ ਫਿਰ ਵੀ ਸੰਭਲ ਰਹੀ ਸੀ ਅਤੇ ਹਾਲਾਤ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।

ਹੁਣ ਵੀਕਇੰਡ ਤੇ ਜਾਂ ਛੁੱਟੀ ਵਾਲੇ ਦਿਨ ਚਾਰੇ ਮੁੰਡੇ ਪਿਉ ਨੂੰ ਮਿਲਣ ਆ ਜਾਂਦੇ ਅਤੇ ਜਿਸ ਦਿਨ ਸਤੀਸ਼ ਘਰ ਨਾਂ ਹੁੰਦਾ, ਉਹ ਖਰਦੋਲ ਮਚਾਂਉਦੇ ਅਤੇ ਗੁਰਮੀਤ ਨੂੰ ਗਾਲਾਂ ਬਕਦੇ। ਗੰਦਾ ਮੰਦਾ ਬੋਲਣਾਂ ਉਹਨਾਂ ਹੁਣ ਸਤੀਸ਼ ਦੇ ਸਾਹਮਣੇ ਵੀ ਸ਼ੁਰੂ ਕਰ ਦਿੱਤਾ ਸੀ। ਵਲੈਤੀ ਸਖਤ ਕਾਨੂੰਨਾਂ ਕਰਕੇ ਸਤੀਸ਼ ਮੁੰਡਿਆਂ ਤੇ ਹੱਥ ਵੀ ਨਹੀਂ ਸੀ ਚੁੱਕ ਸਕਦਾ ਅਤੇ ਇਸੇ ਕਰਕੇ ਗੁਰਮੀਤ ਨੂੰ ਉਹਨੇ ਕਹਿ ਦਿੱਤਾ ਸੀ ਕਿ, "ਉਹ ਗੁਰਦਆਰੇ ਚਲੇ ਜਾਇਆ ਕਰੇ।" ਕਈ ਵਾਰ ਬਾਹਰ ਬਾਰਸ਼ ਹੋ ਰਹੀ ਹੁੰਦੀ ਅਤੇ ਝੁੱਲਦੇ ਝੱਖੜ ਵਿਚ ਗੁਰਮੀਤ ਗੁਰਦਆਰੇ ਜਾਂਦੀ ਤਾਂ ਕਿ ਸਤੀਸ਼ ਆਪਣੇ ਚੌਂਹ ਮੁੰਡਿਆਂ ਨਾਲ ਘਰ ਵਿਚ ਸਮਾਂ ਗੁਜ਼ਾਰ ਸਕੇ। ਇੱਕ ਦਿਨ ਸ਼ਾਮ ਦੇ 9 ਬੱਜ ਗਏ ਅਤੇ ਗੁਰਦਆਰੇ ਤੋਂ ਸਾਰੀ ਸੰਗਤ ਆਪਣੇ ਆਪਣੇ ਘਰੀਂ ਚਲੇ ਗਈ। ਗੁਰਮੀਤ ਨੂੰ ਬਾਹਰ ਪੈਂਦੀ ਬਰਫਬਾਰੀ ਵਿਚ ਬੱਸ ਸਟੈਂਡ ਤੇ ਘੰਟਾ ਗੁਜ਼ਾਰਨਾ ਪਿਆ ਕਿਉਂਕਿ ਸਤੀਸ਼ ਦਾ ਅਜੇ ਉਹਨੂੰ ਮੋਬਾਇਲ ਫੋਨ ਨਹੀਂ ਸੀ ਆਇਆ ਕਿ, "ਉਹ ਘਰ ਆ ਸਕਦੀ ਆ।" ਗੁਰਮੀਤ ਦਾ ਆਪਣਾ ਹੁੰਦਿਆਂ ਹੋਇਆ ਘਰ ਵੀ ਘਰ ਨਹੀਂ ਸੀ। ਉਹ ਆਪਣੇ ਈ ਘਰ ਵਿਚ ਜਾਨ ਲਕੋਂਦੀ ਫਿਰਦੀ ਸੀ। ਉਹ ਵਿਆਹੀ ਵਰੀ ਹੋਣ ਦੇ ਬਾਵਜੂਦ ਰੀਫਿਊਜ਼ੀਆਂ ਵਾਂਗ ਰਹਿ ਰਹੀ ਸੀ। ਉਹਦਾ ਇੰਗਲੈਂਡ ਵਿਚ ਨਾਂ ਤਾਂ ਕੋਈ ਰਿਸ਼ਤੇਦਾਰ ਸੀ ਅਤੇ ਨਾਂ ਹੀ ਜਾਣੂੰ ਪਛਾਣੂੰ। ਉਹ ਉਦਾਸ ਰਹਿਣ ਲੱਗ ਪਈ ਪਰ ਉਹਨੇ ਇਸ ਸਾਰੇ ਵਾਰੇ ਆਪਣੇ ਮਾਂ ਪਿਉ ਨੂੰ ਨਾਂ ਦੱਸਿਆ। ਉਹਨੇ ਸੋਚਿਆ ਕਿ ਉਹ ਇਹ ਸਭ ਜਾਣ ਕੇ ਦੁੱਖੀ ਹੋਣਗੇ ਅਤੇ ਕਰ ਉਹ ਸਕਦੇ ਕੁੱਝ ਨਹੀਂ। ਮੁੰਡਿਆਂ ਦੇ ਘਰ ਆਉਣ ਜਾਣ ਅਤੇ ਗੁਰਮੀਤ ਦਾ ਉਸ ਵੇਲੇ ਘਰੋਂ ਬਾਹਰ ਚਲੇ ਜਾਣ ਅਤੇ ਸਤੀਸ਼ ਦੇ ਫੋਨ ਆਉਣ ਤੇ ਈ ਘਰ ਵਾਪਿਸ ਆਉਣ ਵਾਲੀ ਗੱਲ, ਇੱਕ ਕਿਸਮ ਦੀ ਹੁਣ ਰੋਟੀਨ ਬਣ ਗਈ ਸੀ। ਇਸ ਤੋਂ ਬਿਨਾ ਸਤੀਸ਼ ਦੀ ਵਲੈਤ ਰਹਿੰਦੀ ਭੈਣ ਵੀ ਗੁਰਮੀਤ 'ਚ ਸਦਾ ਨੁਕਸ ਕੱਢਦੀ ਕਿ ਤੈਨੂੰ ਵਲੈਤ ਦੇ ਤੌਰ ਤਰੀਕੇ ਨਹੀਂ ਆਉਂਦੇ। ਤੈਨੂੰ ਸ਼ੁਕਰਗੁਜ਼ਾਰ ਹੋਣਾ ਚਾਹੀਦੈ ਕਿ ਤੂੰ ਨਰਕ ਚੋਂ ਸੁਰਗ 'ਚ ਆ ਗਈਂ ਆ।" ਰਹਿੰਦੀ ਖੂੰਹਦੀ ਕਸਰ ਉਦੋਂ ਪੂਰੀ ਹੋਣ ਲੱਗ ਪਈ ਜਦ ਸਤੀਸ਼ ਦੋ ਦੋ ਤਿੰਨ ਤਿੰਨ ਹਫਤੇ ਘਰੋਂ ਬਾਹਰ ਰਹਿਣ ਲੱਗ ਪਿਆ ਕਿ, "ਕੰਮ ਦੇ ਸਿਲਸਿਲੇ ਵਿਚ ਉਹਨੂੰ ਸ਼ਹਿਰੋਂ ਬਾਹਰ ਜਾਣਾ ਪੈਂਦਾ।" ਗੁਰਮੀਤ ਲਈ ਇਹ ਸਮਾਂ ਬੜਾ ਮੁਸ਼ਕਲ ਹੁੰਦੈ। ਉਹ ਕਿਸੇ ਨਾਲ

ਵੀ ਆਪਣੇ ਮਨ ਦੀ ਗੱਲ ਨਹੀਂ ਸੀ ਕਰ ਸਕਦੀ। ਗੁਰਮੀਤ ਨੂੰ ਹੁਣ ਚਾਰੇ ਮੁੰਡੇ ਫੋਨ ਤੇ ਵੀ ਮੰਦਾ ਬੋਲਦੇ ਅਤੇ ਸਦਾ ਇਹ ਕਹਿੰਦੇ ਕਿ, "ਵਾਈ ਡੌਂਟ ਯੂ ਗੋ ਬੈਕ। ਲੀਵ ਅਵਰ ਡੈਡ ਅਲੋਨ। ਯੂ ਬਿੱਚ।" (ਤੂੰ ਵਾਪਿਸ ਕਿਉਂ ਨਹੀਂ ਚਲੀ ਜਾਂਦੀ ਅਤੇ ਸਾਡੇ ਪਿਉ ਦਾ ਪਿੱਛਾ ਛੱਡ ਕੁੱਤੀਏ)।

ਗੁਰਮੀਤ ਘਰ ਬੈਠੀ ਰੋਂਦੀ ਰਹਿੰਦੀ ਅਤੇ ਇਸ ਸਾਰੇ ਮਾਹੌਲ ਨੇ ਉਹਨੂੰ ਉਦਾਸੀ ਵੱਲ ਧਕੇਲ ਦਿੱਤਾ। ਉਹਦਾ ਖਾਣ ਪੀਣ ਨੂੰ ਚਿਤ ਨਾਂ ਕਰਦਾ ਅਤੇ ਉਹਦਾ ਭਾਰ ਘੱਟਣ ਲੱਗਾ। ਉਹਨੂੰ ਹੁਣ ਇਹ ਵੀ ਭਿਣਕ ਪੈ ਗਈ ਸੀ ਕਿ ਸਤੀਸ਼ ਦਾ ਕਿਸੇ ਗੋਰੀ ਕੁਲੀਗ ਨਾਲ ਚੱਕਰ ਚੱਲ ਰਿਹਾ ਅਤੇ ਉਹ ਕੰਮ ਦੇ ਬਹਾਨੇ ਗੋਰੀ ਦੋਸਤ ਨਾਲ ਦੋ ਦੋ ਤਿੰਨ ਤਿੰਨ ਹਫਤੇ ਬਾਹਰ ਗੁਜ਼ਾਰਦੈ। ਗੋਰੀ ਜੂਲੀ ਦੇ ਅਕਸਰ ਘਰ ਫੋਨ ਆਉਂਦੇ ਅਤੇ ਕਦੇ ਕਦੇ ਸਤੀਸ਼ ਦੀ ਗੈਰਹਾਜ਼ਾਰੀ ਵਿਚ ਫੋਨ ਚੁੱਕਣ ਤੇ ਜੂਲੀ ਅੱਖੜ ਬੋਲਦੀ। ਗੁਰਮੀਤ ਨੂੰ ਕੰਮ ਤੇ ਵੀ ਉਹਦੀ ਇੱਕ ਬਣੀ ਸਹੇਲੀ ਨੇ ਉਹਨੂੰ ਦੱਸਿਆ ਕਿ, "ਸਤੀਸ਼ ਨੂੰ ਉਹਨੇ ਗੋਰੀ ਜੂਲੀ ਨੂੰ ਕਿੱਸਾਂ ਕਰਦੇ ਦੇਖਿਆ ਸੀ।" ਜੂਲੀ ਇੱਕ ਦੋ ਵਾਰ ਘਰ ਵੀ ਆਈ ਸੀ ਅਤੇ ਗੁਰਮੀਤ ਦੀ ਸਹੇਲੀ ਵੀ ਉਸਨੂੰ ਮਿਲਣ ਆਈ ਹੋਈ ਸੀ। ਜਦ ਗੁਰਮੀਤ ਨੇ ਸਤੀਸ਼ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਗੱਲ ਟਾਲ ਗਿਆ ਸੀ ਕਿ, "ਉਹਦੀ ਸਹੇਲੀ ਨੂੰ ਭੁਲੇਖਾ ਪੈ ਗਿਆ ਹੋਣੈਂ ਅਤੇ ਉਹਦਾ ਜੂਲੀ ਨਾਲ ਕੋਈ ਐਹੋ ਜੇਹਾ ਸੰਬੰਧ ਨਹੀਂ ਹੈ।" ਗੁਰਮੀਤ ਐਨੀ ਮੂਰਖ ਨਹੀਂ ਸੀ ਜਿੰਨ੍ਹੀ ਸਤੀਸ਼ ਸਮਝ ਰਿਹਾ ਸੀ। ਉਹਨੇ ਜੂਲੀ ਅਤੇ ਸਤੀਸ਼ ਦੀ ਗੱਲਬਾਤ ਅਤੇ ਮਿਲਣ ਦੇ ਲਹਿਜ਼ੇ ਤੋਂ ਭਾਂਪ ਲਿਆ ਸੀ। ਗੁਰਮੀਤ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਕੀ ਕਰੇ।

ਹੁਣ ਇੱਕ ਦਿਨ ਜਦ ਉਹ ਡਾਕਟਰ ਕੋਲੋਂ ਸਿਰ ਦਰਦ ਬਾਰੇ ਸਲਾਹ ਲੈਣ ਗਈ ਤਾਂ ਸਰਜ਼ਰੀ ਵਿਚ ਈ ਉਹਨੂੰ ਉਲਟੀ ਆ ਗਈ। ਨਰਸ ਅਤੇ ਡਾਕਟਰ ਦੀ ਚੈਕਅੱਪ ਤੋਂ ਬਾਦ ਪਤਾ ਲੱਗਾ ਕਿ ਉਹ ਗਰਭਵਤੀ ਹੈ। ਸ਼ਾਮ ਨੂੰ ਜਦ ਗੁਰਮੀਤ ਨੇ ਸਤੀਸ਼ ਨੂੰ ਇਸ ਬਾਰੇ ਦੱਸਿਆ ਤਾਂ ਉਹਨੇ ਕੋਈ ਖੁਸ਼ੀ ਮਹਿਸੂਸ ਨਾ ਕੀਤੀ। ਗੁਰਮੀਤ ਨੂੰ ਇਸ ਨਾਲ ਧੱਕਾ ਤਾਂ ਲੱਗਾ ਪਰ ਉਹ ਕੀ ਕਰ ਸਕਦੀ ਸੀ। ਸਤੀਸ਼ ਦੇ ਤਾਂ ਭਾਵੇਂ ਪਹਿਲੇ ਚਾਰ ਬੱਚੇ ਸਨ ਪਰ ਗੁਰਮੀਤ ਦਾ ਤਾਂ ਇਹ ਪਹਿਲਾ ਬੱਚਾ ਸੀ। ਉਹ ਆਪਣੇ ਅਰਮਾਨਾਂ ਨੂੰ ਦੱਬੀ ਘੁੱਟੀ ਬੈਠੀ ਰਹਿੰਦੀ। ਠੀਕ ਖੁਰਾਕ ਦੀ ਘਾਟ, ਉਦਾਸੀ ਅਤੇ ਇਹ ਸਭ ਉਲਝਣਾ ਦਾ ਨਤੀਜਾ ਇਹ ਨਿਕਲਿਆ ਕਿ ਗੁਰਮੀਤ ਦਾ ਗਰਭਪਾਤ ਹੋ ਗਿਆ। ਗਰਭਪਾਤ ਨੇ ਗੁਰਮੀਤ ਨੂੰ ਬਹੁਤ ਉਦਾਸ ਕਰ ਦਿੱਤਾ। ਉਹਨੂੰ ਹੌਂਸਲਾ ਦੇਣ ਦੀ ਬਜਾਏ ਸਤੀਸ਼ ਉਹਦੇ ਮੂੰਹ 'ਚ ਮਠਿਆਈ ਪਾਉਣ ਲੱਗ ਪਿਆ ਕਿ, "ਸ਼ੁਕਰ ਕਰ ਤੇਰਾ ਛੁਟਕਾਰਾ ਹੋ ਗਿਐ।" ਉਹਦੇ ਕੋਲ ਆਪਣੇ ਮਨ ਦੀ ਵੇਦਨਾ ਸਾਂਝੀ ਕਰਨ ਵਾਲਾ ਕੋਈ ਨਹੀਂ ਸੀ। ਬਸ, ਉਹਨੂੰ ਜਦ ਵੀ ਵਿਹਲ ਮਿਲਦੀ ਉਹ ਗੁਰਦਆਰੇ ਚਲੇ ਜਾਂਦੀ। ਸਿਰਫ ਗੁਰਦਆਰਾ ਈ ਉਹਨੂੰ ਧਰਵਾਸ ਦਿੰਦਾ।

ਗੁਰਮੀਤ ਨੂੰ ਇੰਗਲੈਂਡ ਆਇਆਂ ਹੁਣ ਸਾਲ ਤੋਂ ਉੱਪਰ ਹੋ ਗਿਆ ਸੀ ਅਤੇ ਉਹਦੇ ਪਾਸਪੋਰਟ ਤੇ ਪੱਕੀ ਮੋਹਰ ਲੱਗਣ ਲਈ ਅਜੇ ਇੱਕ ਸਾਲ ਹੋਰ ਬਾਕੀ ਸੀ। ਉਹ ਜੇਹੋ ਜੇਹੇ ਖਲਜਗਣ ਵਿਚ ਖਲੌਣਾਂ ਬਣ ਗਈ ਸੀ, ਉਹਨੇ ਇਸ ਬਾਰੇ ਕਦੇ ਸੋਚਿਆ ਵੀ ਨਹੀਂ ਸੀ। ਉਹਦਾ ਮਨ ਤਾਂ ਕਰਦਾ ਸੀ ਕਿ ਵਾਪਿਸ ਇੰਡਿਆ ਚਲੇ ਜਾਵੇ ਪਰ ਸਮਾਜ ਦੀਆਂ ਹੱਦਾਂ ਉਹਨੂੰ ਮਜ਼ਬੂਰ ਕਰ ਰਹੀਆਂ ਸਨ ਕਿ ਲੋਕ ਅਤੇ

ਰਿਸ਼ਤੇਦਾਰ ਉਹਨੂੰ, ਉਹਦੇ ਮਾਂ ਬਾਪ ਨੂੰ ਚੈਨ ਨਾਲ ਨਹੀਂ ਰਹਿਣ ਦੇਣਗੇ ਅਤੇ ਤਾਹਨੇ ਮਿਹਣੇ ਉਹਨੂੰ ਛਲਣੀਂ ਕਰ ਦੇਣਗੇ। ਜਿੰਦਗੀ ਬਸ ਇਸੇ ਚਾਲੇ ਚਲ ਰਹੀ ਸੀ। ਉਦਾਸ ਰਹਿਣ ਕਰਕੇ ਗੁਰਮੀਤ ਦਾ ਫਿਰ ਭਾਰ ਘਟਣ ਲੱਗ ਪਿਆ ਸੀ ਅਤੇ ਉਹਦੀ ਯਾਦਸ਼ਾਤ ਕਮਜ਼ੋਰ ਹੋਣ ਲੱਗ ਪਈ ਸੀ। ਸਤੀਸ਼ ਨੂੰ ਉਹਦੀ ਕੋਈ ਪ੍ਰਵਾਹ ਨਹੀਂ ਸੀ। ਸਤੀਸ਼ ਅਤੇ ਉਹਦੇ ਚਾਰੇ ਮੁੰਡੇ ਹੁਣ ਗੁਰਮੀਤ ਨੂੰ 'ਪਾਗਲ' ਵੀ ਕਹਿਣ ਲੱਗ ਪਏ ਸਨ। ਗੁਰਮੀਤ ਲਈ ਇਹ ਬਹੁਤ ਔਖਾ ਸਮਾਂ ਸੀ। ਉਹਨੇ ਜ਼ਿਆਦਾ ਸਮਾਂ ਘਰੋਂ ਬਾਹਰ ਬਿਤਾਉਣ ਦਾ ਫੈਸਲਾ ਕਰ ਲਿਆ ਸੀ। ਹੁਣ ਉਹ ਸੱਤੇ ਦਿਨ ਕੰਮ ਕਰਨ ਲੱਗ ਪਈ ਸੀ ਅਤੇ ਜਦ ਵੀ ਥੋੜੀ ਬਹੁਤ ਵਿਹਲ ਮਿਲਦੀ ਘਰ ਦੀ ਬਜਾਏ ਗੁਰਦਆਰਾ ਉਹਦੀ ਠਾਹਰ ਬਣਨ ਲੱਗ ਪਿਆ ਸੀ। ਇਸੇ ਸਮੇਂ ਦੌਰਾਨ ਗੁਰਮੀਤ ਹੁਣ ਦੁਆਰਾ ਗਰਭਵਤੀ ਹੋ ਗਈ। ਗੁਰਮੀਤ ਨੂੰ ਆਇਆਂ ਹੁਣ ਦੋ ਕੁ ਸਾਲ ਹੋ ਗਏ ਸਨ। ਮਿੰਨਤਾਂ ਤਰਲੇ ਕਰਕੇ ਗੁਰਮੀਤ ਨੇ ਆਪਣਾ ਪਾਸਪੋਰਟ ਸਤੀਸ਼ ਕੋਲੋਂ "ਹਾਂ" ਕਰਵਾ ਕੇ ਹੋਮ ਔਫਿਸ ਨੂੰ ਪੱਕੀ ਮੋਹਰ ਲਈ ਭੇਜ ਦਿੱਤਾ। ਸ਼ਾਇਦ ਗਰਭਵਤੀ ਹੋਣਾਂ ਇਸ ਕੰਮ ਲਈ ਸਹਾਈ ਹੋਇਆ ਸੀ। ਪਾਸਪੋਰਟ ਤੇ ਪੱਕੀ ਮੋਹਰ ਲੱਗਣ ਬਾਦ ਗੁਰਮੀਤ ਨੂੰ ਥੋੜਾ ਜਿਹਾ ਹੌਂਸਲਾ ਹੋਇਆ ਪਰ ਮੁੰਡਿਆਂ, ਸਤੀਸ਼ ਦੀ ਭੈਣ ਅਤੇ ਸਤੀਸ਼ ਦੇ ਵਰਤਾਵ 'ਚ ਕੋਈ ਖਾਸ ਤਬਦੀਲੀ ਨਾਂ ਆਈ। ਗੁਰਮੀਤ ਅਜੇ ਚਾਰ ਮਹੀਨੇ ਦੀ ਹੀ ਗਰਭਵਤੀ ਸੀ ਕਿ ਸਤੀਸ਼ ਦੇ ਅੱਥਰੇ ਮੁੰਡਿਆਂ ਉਹਨੂੰ ਧੱਕਾ ਦੇ ਦਿੱਤਾ। ਗੁਰਮੀਤ ਡਿੱਗ ਪਈ ਅਤੇ ਕਾਫੀ ਦੇਰ ਤਕ ਉੱਠ ਨਾਂ ਸਕੀ। ਸਤੀਸ਼ ਦੇ ਘਰ ਆਉਣ ਤੇ ਗੁਰਮੀਤ ਨੇ ਜਦ ਉਹਦੇ ਮੁੰਡਿਆਂ ਦੀ ਕਰਤੂਤ ਬਾਰੇ ਦੱਸਿਆ ਤਾਂ ਉਹਨੇ ਮੁੰਡਿਆਂ ਨੂੰ ਕੁੱਝ ਨਾ ਕਿਹਾ। ਤੀਜੇ ਦਿਨ ਅਚਾਨਕ ਈ ਗੁਰਮੀਤ ਦਾ ਗਰਭਪਾਤ ਹੋ ਗਿਆ। ਸਤੀਸ਼ ਦਾ ਵਰਤਾਵ ਹੁਣ ਪਹਿਲਾਂ ਵਾਲਾ ਹੀ ਸੀ। ਹੌਂਸਲਾ ਦੇਣ ਦੀ ਬਜਾਏ ਉਹਨੇ ਗੁਰਮੀਤ ਨੂੰ ਕਹਿਣਾ ਸ਼ੁਰੂ ਕਰ ਦਿੱਤਾ, "ਆਪਾਂ ਨੂੰ ਹੋਰ ਬੱਚੇ ਚਾਹੀਦੇ ਵੀ ਨਹੀਂ ਸੀ। ਇਹ ਵੀ ਚੰਗਾ ਹੋਇਐ। ਚਲ ਇਸ ਖੁਸ਼ੀ 'ਚ ਆਪਾਂ ਬਾਹਰ ਖਾਣਾਂ ਖਾਣ ਜਾਂਦੇ ਆ।"

ਗੁਰਮੀਤ ਹੁਣ ਚਾਹੁੰਦੀ ਸੀ ਕਿ ਆਪਣੇ ਮਾਂ ਬਾਪ ਨੂੰ ਜਾ ਕੇ ਮਿਲ ਆਵੇ ਅਤੇ ਇਸ ਕੰਮ ਲਈ ਉਹਨੇ ਸਤੀਸ਼ ਨੂੰ ਤਿਆਰ ਕਰ ਲਿਆ। ਇੰਡਿਆ ਜਾ ਕੇ ਸਤੀਸ਼ ਦਾ ਵਰਤਾਵ ਬਦਲ ਗਿਆ। ਉਹ ਗੁਰਮੀਤ ਨੂੰ ਬੜੇ ਪਿਆਰ ਨਾਲ ਪੇਸ਼ ਆ ਰਿਹਾ ਸੀ। ਅਜੇ ਇੰਡਿਆ ਗਿਆਂ ਹਫਤਾ ਈ ਹੋਇਆ ਸੀ ਕਿ ਸਤੀਸ਼ ਨੇ ਗੁਰਮੀਤ ਨੂੰ ਕਿਹਾ, "ਤੂੰ ਆਪਣੇ ਮਾਂ ਪਿਉ ਨੂੰ ਮਿਲਣ ਚਲੇ ਜਾ, ਮੈਂ ਸ਼ਾਮ ਨੂੰ ਆਪਣੀਆਂ ਟਿਕਟਾਂ ਕਨਫਰਮ ਕਰਾ ਕੇ ਆਵਾਂਗਾ।" ਗੁਰਮੀਤ ਜਦ ਆਪਣੇ ਪੇਕੇ ਘਰ ਚਲੀ ਗਈ ਤਾਂ ਉਹਨਾਂ ਸ਼ਾਮ ਨੂੰ ਪਾਰਟੀ ਦਾ ਪ੍ਰਬੰਧ ਕਰ ਲਿਆ ਕਿ ਜੁਆਈ ਰਾਜੇ ਦੇ ਆਉਣ ਤੇ ਜਸ਼ਨ ਮਨਾਇਆ ਜਾਵੇਗਾ। ਪਰ ਜੁਆਈ ਰਾਜਾ ਨਾਂ ਬਹੁੜਿਆ। ਦੂਜੇ ਦਿਨ ਵੀ ਇੰਤਜ਼ਾਰ ਕੀਤਾ ਪਰ ਸਤੀਸ਼ ਦਾ ਕੋਈ ਥੋਹ ਪਤਾ ਨਾਂ ਲੱਗਾ। ਤੀਜੇ ਦਿਨ ਗੁਰਮੀਤ ਨੇ ਜਦ ਆਪਣੇ ਸਹੁਰੇ ਘਰ ਜਾ ਕੇ ਪਤਾ ਕੀਤਾ ਤਾਂ ਉਹਨਾਂ ਦੱਸਿਆ ਕਿ, "ਸਤੀਸ਼ ਉਥੇ ਨਹੀਂ ਆਇਆ।" ਹੁਣ ਗੁਰਮੀਤ ਨੇ ਇੰਗਲੇਂਡ ਆਪਣੇ ਗੁਆਂਢ ਫੋਨ ਕੀਤਾ ਤਾਂ ਉਹਨਾਂ ਦੱਸਿਆ ਕਿ, "ਸਤੀਸ਼ ਤਾਂ ਇੰਗਲੈਂਡ 'ਚ ਆ।" ਇਹ ਸੁਣ ਗੁਰਮੀਤ ਦੇ ਪੈਰ੍ਹਾਂ ਹੇਠੋਂ ਜ਼ਮੀਨ ਨਿਕਲ ਗਈ ਕਿ, "ਆਹ ਕੀ ਹੋ ਗਿਆ ਸੀ।" ਗੁਰਮੀਤ ਦਾ ਪਾਸਪੋਰਟ ਅਤੇ ਟਿਕਟ ਸਤੀਸ਼ ਦੇ ਕੋਲ ਸਨ। ਜਦ ਗੁਰਮੀਤ ਦੀ ਸਤੀਸ਼ ਨਾਲ ਉਹਦੇ

ਮੋਬਾਈਲ ਫੋਨ ਤੇ ਗੱਲ ਹੋਈ ਤਾਂ ਉਹਨੇ ਕਿਹਾ, "ਮੈਂ ਪਾਸਪੋਰਟ ਦੇਣ ਲਈ ਤਿਆਰ ਆਂ, ਤੂੰ ਤਲਾਕ ਦੇਣ ਲਈ ਤਿਆਰ ਹੋ ਜਾ।" ਇਸ ਚੁਸਤੀ ਦੀ ਗੁਰਮੀਤ ਨੂੰ ਉਮੀਦ ਨਹੀਂ ਸੀ। ਜਦ ਗੁਰਮੀਤ ਅਤੇ ਉਹਦੇ ਮਾਂ ਬਾਪ ਨੇ ਸਤੀਸ਼ ਦੇ ਰਿਸ਼ਤੇਦਾਰਾਂ ਨਾਲ ਗੱਲ ਕੀਤੀ ਤਾਂ ਉਹਨਾਂ ਵੀ ਸਤੀਸ਼ ਵਾਲੀ ਬੋਲੀ, ਬੋਲੀ। ਗੁਰਮੀਤ ਅਤੇ ਉਹਦੇ ਮਾਂ ਬਾਪ ਇਸ ਨਵੀਂ ਆ ਪਈ ਬਿਪਤਾ ਲਈ ਤਿਆਰ ਨਹੀਂ ਸਨ। ਥੋੜ੍ਹਾ ਸੰਭਲ ਕੇ ਉਹਨਾਂ ਪੁਲੀਸ ਨੂੰ ਸ਼ਕਾਇਤ ਕੀਤੀ ਪਰ ਦੇਸੀ ਪੁਲੀਸ ਆਪਣੀ ਮਾਰ ਤੇ ਬੈਠੀ ਹੁੰਦੀ ਆ। ਦੇਸੀ ਪੁਲੀਸ ਗੁਰਮੀਤ ਨੂੰ ਕੋਈ ਲੜ ਪੱਲਾ ਨਾਂ ਫੜਾਇਆ। ਗੁਰਮੀਤ ਨੇ ਸਤੀਸ਼ ਦੀ ਭੈਣ ਨਾਲ ਵੀ ਫੋਨ ਤੇ ਗੱਲ ਕੀਤੀ ਪਰ ਉਹਨੇ ਵੀ ਇਹੋ ਕਿਹਾ, "ਤੂੰ ਤਲਾਕ ਦੇ ਦੇ, ਪਾਸਪੋਰਟ ਮਿਲ ਜਾਵੇਗਾ।" ਹੁਣ ਗੁਰਮੀਤ ਨੇ ਬ੍ਰਿਟਸ਼ ਹਾਈ ਕਮਿਸ਼ਨ ਨੂੰ ਪਹੁੰਚ ਕੀਤੀ ਅਤੇ ਨਾਲ ਹੀ ਬਲਵੰਤ ਸਿੰਘ ਰਾਮੂਵਾਲੀਏ ਦੇ ਜਾ ਪੈਰ ਫੜੇ। ਇਸ ਤੋਂ ਬਿਨਾਂ ਗੁਰਮੀਤ ਨੇ ਇੰਗਲੈਂਡ ਵਿਚ ਲੋਕ ਭਲਾਈ ਅਦਾਰੇ ਨਾਲ ਸੰਪਰਕ ਕੀਤਾ ਅਤੇ ਨਾਲ ਹੀ ਇੱਕ ਦੇਸੀ ਰੇਡੀਉ ਸਟੇਸ਼ਨ ਨੂੰ ਆਪਣੀ ਸਾਰੀ ਕਹਾਣੀ ਲਿਖ ਭੇਜੀ। ਜਿਸ ਤਰ੍ਹਾਂ ਕਹਿੰਦੇ ਹਨ ਕਿ, "ਚੰਗਿਆਈ ਦਾ ਅਜੇ ਬੀਅ ਨਾਸ ਨਹੀਂ ਹੋਇਐ"। ਗੁਰਮੀਤ ਦੀ ਮਦਦ ਹੋਣ ਲੱਗੀ ਅਤੇ ਕੇਸ ਵਿਚ ਇੱਕ ਐਸ. ਪੀ. ਵੀ ਮਦਦ ਲਈ ਨਿਤਰ ਪਿਆ। ਵਲੈਤੀ ਐਮ. ਪੀ ਅਤੇ ਬਾਕੀ ਸਭ ਦੀ ਮਦਦ ਦਾ ਨਤੀਜ਼ਾ ਇਹ ਹੋਇਆ ਕਿ ਨਵੇਂ ਪਾਸਪੋਰਟ ਤੇ ਬ੍ਰਿਟਸ਼ ਹਾਈ ਕਮਿਸ਼ਨ ਨੇ ਪੁਰਾਣਾ ਰੀਕਾਰਡ ਕੱਢ ਕੇ ਇੰਟਰੀਵੀਜ਼ਾ ਲਾ ਦਿੱਤਾ ਕਿ, "ਉਹਦੇ ਨਾਲ ਧੋਖਾ ਤਾਂ ਹੋਇਆ ਈ ਆ ਸਗੋਂ ਮਾਨਸਿਕ ਪ੍ਰੇਸ਼ਾਨੀ ਦੇ ਨਾਲ ਨਾਲ ਡੇਢ ਸਾਲ ਖੱਜਲ ਖੁਆਰੀ ਵੀ ਹੋਈ ਆ।" ਇੱਕ ਕਰਾਏ ਦੇ ਮਕਾਨ 'ਚ ਬੈਠੀ ਗੁਰਮੀਤ ਹੁਣ ਆਪਣੇ ਕੇਸ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੀ ਹੈ।

# ਨੌਸਰਬਾਜ਼ ਕੰਜਰ

ਸੋਨੀਆ ਨੂੰ ਜਦ ਮੈਂ ਪਹਿਲੀ ਵਾਰ ਮਿਲਿਆ ਤਾਂ ਉਹ ਚੌਦਵੇਂ ਸਾਲ 'ਚ ਸੀ। ਪਤਲੀ ਛੀਟਕ ਜੇਹੀ ਕੁੜੀ ਮੈਨੂੰ ਬੜੀ ਭੋਲੀ ਭਾਲੀ ਲੱਗੀ। ਮੈਂ ਉਹਨੂੰ ਸੁਭਾਕੇ ਈ ਕਹਿ ਦਿੱਤਾ, "ਸੋਨੀਆ ਤੂੰ ਤਾਂ ਮੇਰੀ ਨਿੱਕੀ ਭੈਣ ਆਂ।" ਉਹ ਖੁਸ਼ ਹੋ ਕੇ ਖਿੜਖੜਾ ਕੇ ਹੱਸ ਪਈ। ਹੱਸਣ ਨਾਲ ਉਹਦੀਆਂ ਗੱਲ੍ਹਾਂ ਤੇ ਮਾਸਾ ਕੁ ਡੂੰਘ ਪੈ ਜਾਂਦਾ ਅਤੇ ਇਹ ਡੂੰਘ ਉਹਦੀ ਸੁੰਦਰਤਾ ਨੂੰ ਹੋਰ ਵੀ ਚਾਰ ਚੰਨ ਲਾ ਦਿੰਦਾ। ਉਹਦੇ ਨੈਣ ਨਕਸ਼ ਅਤੇ ਸਾਫ ਚਿੱਟਾ ਰੰਗ ਇਨ੍ਹੇ ਜ਼ਿਆਦਾ ਆਕਰਸ਼ਕ ਸਨ ਕਿ ਬਸ ਬੰਦਾ ਦੇਖਦਾ ਈ ਰਹਿ ਜਾਵੇ। ਇਉਂ ਲੱਗਦਾ ਸੀ ਕਿ ਜਿਵੇਂ ਕਿਸੇ ਕਾਰੀਗਰ ਨੇ ਤਸਵੀਰ ਬਣਾਈ ਹੋਵੇ ਅਤੇ ਆਪਣੇ ਬੁਰਸ਼ਾਂ ਦੀਆਂ ਛੋਹਾਂ ਨੂੰ ਬੜੇ ਤਹੱਲਮ ਨਾਲ ਲਾਇਆ ਹੋਵੇ। ਮੇਰੇ ਕੋਲੋਂ ਰਹਿ ਨਾ ਹੋਇਆ। ਮੈਂ ਕਿਹਾ, "ਸੋਨੀਆ, ਮੇਰੀਏ ਛੋਟੀਏ ਭੈਣੇ ਤੂੰ ਤਾਂ ਹੇਮਾ ਮਾਲਿਨੀ ਲਗਦੀ ਆਂ।" ਮੇਰੇ ਇਹ ਕਹਿਣ ਤੇ ਉਹ ਫਿਰ ਖਿਲਾ ਹੋ ਗਈ। ਮੈਂ ਆਪਣੇ ਦੋਸਤ ਰਾਕੇਸ਼ ਨਾਲ ਇਸ ਪਰਿਵਾਰ ਨਾਲ ਮਿਲਿਆ ਸਾਂ। ਥੋੜੀ ਦੇਰ ਬਾਦ ਈ ਮੈਂ ਪਰਿਵਾਰ ਨਾਲ ਖੁਲ੍ਹ ਗਿਆ। ਮੈਨੂੰ ਹੱਸਣ ਹਸਾਉਣ ਦੀ ਆਦਤ ਆ ਅਤੇ ਮੈਨੂੰ ਯਾਦ ਆ ਕਿ ਮੈਂ ਉਸ ਦਿਨ ਹੋਰ ਬਹੁਤ ਸਾਰੇ ਚੁਟਕਲਿਆਂ ਤੋਂ ਇਲਾਵਾ ਇੱਕ ਚੁਟਕਲਾ ਗਿੱਦੜ ਗਿੱਦੜੀ ਦਾ ਵੀ ਸੁਣਾਇਆ ਸੀ ਕਿ, "ਇੱਕ ਦਿਨ ਗਿੱਦੜ ਗਿੱਦੜੀ ਜੰਗਲ ਵਿਚ ਜਾ ਰਹੇ ਸੀ ਤਾਂ ਗਿੱਦੜ ਨੂੰ ਇੱਕ ਅਖਬਾਰ ਦਾ ਟੁਕੜਾ ਮਿਲ ਗਿਆ। ਗਿੱਦੜ ਗਿੱਦੜੀ ਨੂੰ ਕਹਿਣ ਲੱਗਾ, "ਭਾਗਵਾਨੇ ਆਹ ਦੇਖ ਗਿੱਦੜ ਪਰਵਾਨਾ ਮੈਨੂੰ ਮਿਲ ਗਿਐ। ਇਹ ਗਿੱਦੜ ਪਰਵਾਨਾ ਦਿਖਾਉਣ ਬਾਦ ਹੁਣ ਆਪਾਂ ਨੂੰ ਜੰਗਲ ਦਾ ਕੋਈ ਵੀ ਜਾਨਵਰ ਕੁੱਛ ਨਹੀਂ ਕਹਿ ਸਕਦੈ। ਗਿੱਦੜੀ ਬੜੀ ਖੁਸ਼ ਹੋਈ। ਅਜੇ ਉਹ ਦੋਵੇਂ ਥੋੜੀ ਦੂਰ ਈ ਗਏ ਸੀ ਕਿ ਮੂਹਰਿਉਂ ਇੱਕ ਸ਼ਿਕਾਰੀ, ਕੁੱਤਿਆਂ ਦੀ ਢਾਣੀ ਲੈ ਕੇ ਆ ਰਿਹਾ ਸੀ। ਗਿੱਦੜ ਨੇ ਦੇਖ ਕੇ ਪਿਛਾਂਹ ਨੂੰ ਪੈਰ ਪੁੱਟਣੇ ਸ਼ੁਰੂ ਕਰ ਦਿੱਤੇ। ਗਿੱਦੜੀ ਕਹਿਣ ਲੱਗੀ ਕਿ, "ਆਪਾਂ ਨੂੰ ਡਰ ਕਿਸ ਗੱਲ ਦਾ। ਹੁਣ ਆਪਣੇ ਕੋਲ ਗਿੱਦੜ ਪਰਵਾਨਾ ਜੋ ਹੈਗਾ।" ਗਿੱਦੜ ਕਹਿਣ ਲੱਗਾ, "ਭਾਗਵਾਨੇ ਪੈਰ ਤੇ ਪੈਰ ਸਿੱਟੀ ਆ। ਇਹ ਸ਼ਿਕਾਰੀ ਕੁੱਤੇ ਆਪਾਂ ਨੂੰ ਪਾੜ ਦੇਣਗੇ। ਇਹ ਸਭ ਅਣਪੜ ਆ।" ਮੇਰੇ ਇਸ ਚੁਟਕਲੇ ਦਾ ਸੋਨੀਆ ਤੇ ਜਾਦੂ ਵਾਲਾ ਅਸਰ ਹੋਇਆ। ਮੈਂ ਬਾਦ 'ਚ ਇਕੱਲਾ ਜਾਂ ਰਾਕੇਸ਼ ਨਾਲ ਜਦ ਵੀ ਇਸ ਪਰਿਵਾਰ ਨੂੰ ਮਿਲਿਆ ਤਾਂ ਸੋਨੀਆ ਮੈਨੂੰ ਗਿੱਦੜ ਤੇ ਗਿੱਦੜੀ ਵਾਲਾ ਚੁਟਕਲਾ ਸੁਣਾਉਣ ਲਈ ਸਦਾ ਕਹਿੰਦੀ। ਪਰ ਹੁਣ ਜਦ ਮੈਂ 30 ਸਾਲਾਂ ਬਾਦ ਮਿਲਿਆ ਤਾਂ ਸੋਨੀਆ ਦਾ ਰੰਗ ਰੂਪ ਢਲ ਗਿਆ ਸੀ। ਮੇਰੀ ਇਸ ਹੇਮਾ ਮਾਲਿਨੀ ਭੈਣ ਦਾ ਕੁੱਬ ਜੇਹਾ ਨਿਕਲ ਆਇਆ ਸੀ ਅਤੇ ਉਹ ਦੁੱਖਾਂਮਾਰੀ ਹੁਣ ਹੱਸਦੀ

ਨਹੀਂ ਸੀ। ਉਹਦਾ ਹਾਸਾ ਛੁਪਨ ਹੋ ਗਿਆ ਸੀ। ਉਹ ਆਪਣੇ ਆਪ 'ਚ ਗੁਆਚੀ ਲੱਗ ਰਹੀ ਸੀ। ਸਰੀਰ ਵੱਲੋਂ ਤਾਂ ਉਹ ਛੋਟੀ ਹੁੰਦੀ ਈ ਕੈਹਰੀ ਸੀ ਪਰ ਹੁਣ ਤਾਂ ਬਿਲਕੁਲ ਈ ਸੁੱਕ ਕੇ ਟਾਂਡਾ ਹੋ ਗਈ ਸੀ। ਸੋਨੀਆ ਨੂੰ ਮਿਲ ਕੇ ਮੇਰੀ ਮਨ ਦੀ ਭੁੱਖ ਨਿਕਲ ਗਈ। ਉਹ ਆਪਣੀਆਂ ਦੋ ਮਾਸੂਮ ਛੋਟੀਆਂ-ਛੋਟੀਆਂ ਬੱਚੀਆਂ ਨਾਲ ਚੰਬੜੀ ਬੈਠੀ ਸੀ। ਬੜੀਆਂ ਪਿਆਰੀਆਂ ਗੋਭਲਾ ਜੇਹੀਆਂ ਬੱਚੀਆਂ ਸੋਨੀਆ ਨੂੰ ਘੜੀ ਮੁੜੀ, "ਮੰਮੀ ਮੰਮੀ" ਕਹਿ ਕਈ ਸਪਾਰਸ਼ਾਂ ਪਾ ਪ੍ਰੇਸ਼ਾਨ ਕਰ ਰਹੀਆਂ ਸਨ। ਸੋਨੀਆ ਉਹਨਾਂ ਨੂੰ ਪਿਆਰ ਕਰਦੀ ਅਤੇ ਉਹਨਾਂ ਦੀਆਂ ਨਿੱਕੀਆਂ ਨਿੱਕੀਆਂ ਅਰਜ਼ੋਈਆਂ ਪੂਰੀਆਂ ਕਰ ਰਹੀ ਸੀ। ਮੈਨੂੰ ਇਉਂ ਲੱਗਾ ਕਿ ਸੋਨੀਆ ਦੀ ਸਿਰਫ ਇਹ ਈ ਦੁਨੀਆ ਹੈ : ਸੋਨੀਆ ਅਤੇ ਉਹਦੀਆਂ ਦੋ ਬੱਚੀਆਂ।

ਸੋਨੀਆ ਆਪਣੇ ਪਰਿਵਾਰ ਵਿਚ ਚੌਥੇ ਨੰਬਰ ਤੇ ਸੀ। ਉਹਦੀਆਂ ਦੋ ਵੱਡੀਆਂ ਅਤੇ ਦੋ ਛੋਟੀਆਂ ਭੈਣਾਂ ਅਤੇ ਇੱਕ ਵੱਡਾ ਭਰਾ ਸੀ। ਪੜ੍ਹਾਈ ਲਿਖਾਈ ਵੱਲੋਂ ਸਾਰਾ ਟੱਬਰ ਈ ਜੈ ਹਿੰਦ ਸੀ। ਸਕੂਲ ਤੋਂ ਅਗਾਂਹ ਇਹਨਾਂ ਚੋਂ ਕੋਈ ਨਹੀਂ ਸੀ ਟੱਪਿਆ। ਭਰਾ ਨੇ ਸ਼ਾਇਦ ਕੋਈ ਮਾੜਾ ਮੋਟਾ ਸਰਟੀਫਿਕੇਟ ਪਾਸ ਕਰ ਲਿਆ ਸੀ ਅਤੇ ਉਹ ਚੰਗੀ ਨੌਕਰੀ ਤੇ ਸੀ। ਬਾਕੀ ਲਾਣੇ ਨੇ ਤਾਂ ਬਸ ਫੈਕਟਰੀਆਂ ਨੂੰ ਈ ਭਾਗ ਲਾਏ ਸਨ।

ਸੋਨੀਆ ਦੇ ਪਿਤਾ ਜੀ ਰਾਮ ਲਾਲ ਅਤੇ ਮਾਤਾ ਜੀ ਸ਼ੀਲਾ ਦੇਵੀ ਵੀ ਸਕੂਲ ਤਕ ਈ ਪਹੁੰਚੇ ਸਨ। ਸਕੂਲ ਵੀ ਪ੍ਰਾਇਮਰੀ ਅਤੇ ਉਹ ਵੀ ਇੰਡਿਆ 'ਚ ਪਰ ਉਹ ਆਪਣੇ ਆਪ ਨੂੰ ਬੜਾ ਖੱਬੀ ਖਾਨ ਕਹਾਉਂਦੇ ਸਨ। ਮਾਤਾ ਜੀ ਸ਼ੀਲਾ ਦੇਵੀ ਦੀ ਬਣਤਰ ਵਿਕਸ ਸਟੋਰ ਚੋਂ ਮਿਲਦੇ ਵੱਡੇ ਸਾਰੇ ਰੇਤ ਦੇ ਬੈਗ ਵਰਗੀ ਸੀ। ਵਿਚਕਾਰੋਂ ਵਾਹਵਾ ਫੈਲੀ ਹੋਈ ਅਤੇ ਪੁਰਾਣੀ ਪੀੜ੍ਹੀ ਦੇ ਪਾਵਿਆਂ ਵਰਗੀਆਂ ਛੋਟੀਆਂ ਛੋਟੀਆਂ ਲੱਤਾਂ ਅਤੇ ਧੜ ਉੱਪਰ ਵੱਡੇ ਦੌਰੇ ਵਰਗਾ ਸਿਰ। ਸ਼ੀਲਾ ਦੇਵੀ ਜਦ ਕਦੇ ਹੱਸਦੀ ਤਾਂ ਉਹਦੇ ਸਰੀਰ ਦਾ ਮਾਸ ਸਪਰਿੰਗਾਂ ਵਾਂਗ ਛਲਕਦਾ। ਸ਼ੀਲਾ ਦੇਵੀ ਨੂੰ ਆਪਣੀ ਉੱਚੀ ਜਾਤ ਦਾ ਬੜਾ ਗੁਮਾਨ ਸੀ। ਉਹ ਅਕਸਰ ਕਹਿੰਦੀ, "ਅੱਜ ਕੱਲ੍ਹ ਤਾਂ ਜੇਹੜੇ ਮਰਜ਼ੀ ਗੋਤਾਂ 'ਚ ਲੋਕੀਂ ਵਿਆਹ ਕਰੀਂ ਜਾਂਦੇ ਆ। ਸਾਡੇ ਵਾਰੀ ਤਾਂ ਬਸ ਚੌਂਹ ਗੋਤਾਂ 'ਚ ਈ ਵਿਆਹ ਹੁੰਦੇ ਸੀ।" ਮੈਨੂੰ ਸ਼ੀਲਾ ਦੇਵੀ ਦੀਆਂ ਗੱਲਾਂ ਸੁਣ ਕੇ ਕੋਈ ਹੈਰਾਨੀ ਨਾਂ ਹੁੰਦੀ ਕਿਉਂਕਿ ਮੈਂ ਦੇਖ ਰਿਹਾ ਸੀ ਕਿ ਕਿਵੇਂ ਭਾਰਤੀ ਸਮਾਜ ਜਾਤਾਂ ਪਾਤਾਂ ਅਤੇ ਫਿਰ ਉਨ੍ਹਾਂ ਜਾਤਾਂ ਪਾਤਾਂ ਵਿਚੋਂ ਵੀ ਅਗਾਂਹ ਵਧੀਆ ਘਟੀਆ ਦੀਆਂ ਵੰਡੀਆਂ ਪਾਈਆਂ ਗਈਆਂ ਸਨ। ਵਿਦੇਸ਼ੀਆਂ ਦੀ ਸਾਡੇ ਤੇ ਸੈਂਕੜੇ ਵਰ੍ਹੇ ਕਾਠੀ ਪਾਈ ਰੱਖਣਾਂ ਕਿਵੇਂ ਮੁਸ਼ਕਲ ਹੋ ਸਕਦਾ ਸੀ? ਇਹਨ੍ਹਾਂ ਵੰਡੀਆਂ ਤੋਂ ਬਿਨਾਂ ਔਰਤਾਂ ਅਤੇ ਅਪਾਹਜਾਂ ਨੂੰ ਕਦੇ ਹੱਕ ਦਿੱਤੇ ਈ ਨਹੀਂ ਸਨ ਗਏ। ਜਿੰਨ੍ਹੀ ਦੇਰ ਭਾਰਤੀ ਸੱਭਿਆਚਾਰ ਦੇ ਨੁਕਸਾਂ ਨੂੰ ਦੂਰ ਨਹੀਂ ਕੀਤਾ ਜਾਂਦਾ ਦੇਸ਼ ਤਰੱਕੀ ਕਿਵੇਂ ਕਰ ਲਊ? ਪਰ ਮੈਂ ਐਹੋ ਜੇਹੀ ਬਹਿਸ ਜਦ ਆਪਣੀ ਆਦਤ ਅਨੁਸਾਰ ਕਦੇ ਸ਼ੀਲਾ ਦੇਵੀ ਨਾਲ ਕਰ ਲੈਂਦਾ ਤਾਂ ਉਹਦੇ ਕੋਲ ਕੋਈ ਜੁਆਬ ਨਾ ਹੁੰਦਾ। ਮੈਨੂੰ ਯਾਦ ਆ ਜਦ ਇੱਕ ਦਿਨ ਰਾਕੇਸ਼ ਨਾਲ ਗਏ ਨੇ ਮੈਂ ਸ਼ੀਲਾ ਦੇਵੀ ਨੂੰ ਇਹ ਗੱਲਾਂ ਤੁਰਨ ਤੇ ਲਲਕਾਰਿਆ ਕਿ, "ਕੀ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੀ ਜਾਤ ਦੇ ਅਤੇ ਖਾਸ ਕਰਕੇ ਅਖੌਤੀ ਉੱਚੇ ਚਾਰ ਗੋਤਾਂ ਵਿਚੋਂ ਕੇਹੜੇ ਕੇਹੜੇ ਸਾਇੰਸਦਾਨ ਪੈਦਾ ਹੋਏ ਹਨ? ਜਾਂ ਕਿਸੇ ਐਸੇ ਮਹਾਨ ਵਿਅਕਤੀ ਦਾ

ਨਾਂ ਦੱਸੋ ਜੇਹਨੇ ਲੋਕਾਂ ਦਾ ਭਲਾ ਕੀਤਾ ਹੋਵੇ? ਸ਼ੀਲਾ ਦੇਵੀ ਕੋਲ ਕੋਈ ਜੁਆਬ ਨਹੀਂ ਸੀ। ਹਾਰੀ ਹੋਈ ਉਹ ਕਹਿਣ ਲੱਗੀ, "ਕਾਕਾ ਤੂੰ ਤਾਂ ਪੁੱਠੀਆਂ ਗੱਲਾਂ ਕਰਦੈਂ।" ਉਸ ਵੇਲੇ ਸੋਨੀਆ ਵੀ ਵਿਚ ਬੋਲ ਪਈ ਸੀ, "ਮੰਮ, ਕੀ ਤੁਸੀਂ ਇਹ ਪੁਰਾਣੀਆਂ ਕਹਾਣੀਆਂ ਲੈ ਕੇ ਬਹਿ ਜਾਂਦੇ ਆਂ।" ਸ਼ਾਇਦ ਇਹਨਾਂ ਗੱਲਾਂ ਕਰਕੇ ਈ ਜਦ ਸੋਨੀਆ ਦਾ ਵਿਆਹ ਹੋਇਆ ਤਾਂ ਮੈਨੂੰ ਵਿਆਹ ਤੇ ਸੱਦਿਆ ਨਹੀਂ ਸੀ ਗਿਆ। ਵਿਆਹ ਤੋਂ ਬਾਦ ਰਾਕੇਸ਼ ਮੈਨੂੰ ਦੱਸਿਆ ਕਿ, "ਸੋਨੀਆ ਤੈਨੂੰ ਯਾਦ ਕਰਦੀ ਸੀ।" ਮੈਨੂੰ ਵੀ ਧੱਕਾ ਲੱਗਾ ਸੀ ਕਿਉਂਕਿ ਮੈਂ ਸੋਨੀਆ ਨੂੰ ਆਪਣੀ ਛੋਟੀ ਭੈਣ ਵਾਂਗ ਹੀ ਸਦਾ ਮੰਨਿਆ ਸੀ। ਰਾਕੇਸ਼ ਜਦ ਵੀ ਮੈਨੂੰ ਮਿਲਦਾ ਮੈਂ ਸੋਨੀਆ ਬਾਰੇ ਜ਼ਰੂਰ ਪੱਛਦਾ। ਹੁਣ ਸੋਨੀਆ ਦੇ ਵਿਆਹ ਨੂੰ ਸਾਲ ਕੁ ਹੋ ਗਿਆ ਸੀ ਅਤੇ ਜਦ ਇੱਕ ਦਿਨ ਰਾਕੇਸ਼ ਮੈਨੂੰ ਮਿਲਿਆ ਤਾਂ ਮੇਰੇ ਪੁੱਛਣ ਤੇ ਉਹਨੇ ਦੱਸਿਆ ਕਿ, "ਮਾੜੀ ਖਬਰ ਆ। ਸੋਨੀਆ ਦਾ ਤਲਾਕ ਹੋ ਗਿਐ।" ਮੈਂ ਇਹ ਖਬਰ ਸੁਣ ਸਿਰਫ "ਹੈਂ" ਈ ਕਹਿ ਸਕਿਆ। ਮੇਰੀਆਂ ਅੱਖਾਂ ਭਰ ਆਈਆਂ ਅਤੇ ਮੈਂ ਕੁੱਝ ਮਿੰਟ ਬੋਲ ਨਾਂ ਸਕਿਆ। ਸੰਭਲਦਿਆਂ ਮੈਂ ਪੁੱਛਿਆ ਕਿ, "ਰਾਕੇਸ਼ ਇਹ ਗੜਬੜ ਕਿਵੇਂ ਹੋ ਗਈ?" "ਹੋਣੀ ਕੀ ਸੀ ਮੁੰਡਾ ਸ਼ਰਾਬੀ ਕਬਾਬੀ ਸੀ। ਕੰਮ ਕੁੰਮ ਵੀ ਲੰਙੇ ਡੰਗ ਈ ਕਰਦਾ ਸੀ। ਘਰ 'ਚ ਕਲੇਸ਼ ਰਹਿੰਦਾ ਸੀ ਅਤੇ ਇੱਕ ਦੋ ਵਾਰ ਉਹਨੇ ਸੋਨੀਆ ਤੇ ਹੱਥ ਵੀ ਚੁੱਕ ਲਿਆ ਸੀ। ਸ਼ੀਲਾ ਦੇਵੀ ਦੇ ਦੱਸਣ ਮੁਤਾਬਕ ਮੁੰਡੇ ਦੀ ਕਿਸੇ ਗੋਰੀ ਨਾਲ ਅੰਗਲੀ ਸੰਗਲੀ ਵੀ ਸੀ। ਹੋਰ ਭਰਾਵਾ ਵਿਚਲੀ ਕਹਾਣੀ ਕੀ ਆ ਇਹ ਤਾਂ ਵਿਚਾਰੀ ਸੋਨੀਆ ਈ ਜਾਣੇਂ। ਪਰ ਹੋਇਆ ਬਹੁਤ ਮਾੜੈ।" "ਪਰ ਸ਼ੀਲਾ ਦੇਵੀ ਅਤੇ ਰਾਮ ਲਾਲ ਤਾਂ ਆਪਣੇ ਆਪ ਨੂੰ ਬੜਾ ਚੁਸਤ ਕਹਾਉਂਦੇ ਆ। ਕੀ ਉਹਨਾਂ ਮੁੰਡੇ ਬਾਰੇ ਛਾਣ ਬੀਣ ਨਾਂ ਕੀਤੀ?" ਮੈਂ ਪੁੱਛਿਆ। ਰਾਕੇਸ਼ ਕਹਿਣ ਲੱਗਾ, "ਕੀ ਪਤਾ ਕੀ ਹੋਇਆ, ਛਾਣ ਬੀਣ ਤਾਂ ਕੀਤੀ ਹੋਣੀ ਆ। ਲੋਕ ਝੂਠ ਵੀ ਤਾਂ ਬਥੇਰਾ ਬੋਲਦੇ। ਵੈਸੇ ਹੁਣ ਕੁੜੀ ਦੇ ਦੁੱਖ ਕਰਕੇ ਸ਼ੀਲਾ ਦੇਵੀ ਅਤੇ ਰਾਮ ਲਾਲ ਵੀ ਬਸ ਇਕ ਕਿਸਮ ਦੇ ਅੰਦਰੋਂ ਸੌਂ ਗਏ ਆ। ਕਿਸੇ ਨਾਲ ਜ਼ਿਆਦਾ ਗੱਲ ਨਹੀਂ ਕਰਦੇ।"

ਜਿਸ ਤਰ੍ਹਾਂ ਹੁੰਦਾ ਈ ਆ ਲੋਕ ਆਪਣੀਆਂ ਆਪਣੀਆਂ ਕਹਾਣੀਆਂ ਬਣਾ ਰਹੇ ਸੀ ਅਤੇ ਕਈ ਰਿਸ਼ਤੇਦਾਰ ਚਟਖਾਰੇ ਲਾ ਕੇ ਗੱਲਾਂ ਕਰ ਰਹੇ ਸੀ ਕਿ, "ਚੰਗਾ ਹੋਇਆ ਇਹਨਾਂ ਕੇਹੜਾ ਕਿਸੇ ਦਾ ਕਦੇ ਕੁੱਝ ਕੀਤੈ। ਪੰਜਾਹ ਸਾਲ ਤੋਂ ਉੱਪਰ ਵਲੈਤ ਆਇਆ ਨੂੰ ਹੋ ਗਏ ਇਹਨਾਂ ਕਦੇ ਆਪਣੇ ਭੈਣ ਭਰਾਵਾਂ ਭਤੀਜੇ ਭਤੀਜੀਆਂ ਦੀ ਬਾਤ ਤਕ ਨਹੀਂ ਪੁੱਛੀ। ਜਦ ਕਦੇ ਇੰਡਿਆ ਜਾਂਦੈ ਤਾਂ ਆਪਣਾ "ਉਤਾਰ" ਉਹਨਾਂ ਦੇ ਮੱਥੇ ਮਾਰ ਕੇ ਉਹਨਾਂ ਤੇ ਅਹਿਸਾਨ ਜਤਾਉਂਦੇ। ਇਹ ਤਾਂ ਜਾਨਵਰ ਆ। ਆਪਣੇ ਨਿਆਣਿਆਂ ਦਾ ਤਾਂ ਜਾਨਵਰ ਵੀ ਪਾਲਣ ਪੋਸਣ ਕਰਦੇ ਆ। ਨਾਲੇ ਜੀ ਵੱਡੀ ਗੱਲ ਤਾਂ ਇਹ ਆ ਕਿ ਹੁਣ ਇਹਨਾਂ ਦਾ ਮੂੰਹ ਬੰਦ ਹੋ ਗਿਐ, ਨਹੀਂ ਤਾਂ ਇਹ ਦੋਵੇਂ ਨਿਖੁਸੜੇ ਲੋਕਾਂ ਦੀਆਂ ਗੱਲਾਂ ਚੱਲਦੇ ਪਰਨਾਲੇ ਵਾਂਗ ਸਦਾ ਈ ਕਰਦੇ ਰਹਿੰਦੇ ਸੀ।"

ਇਸ ਸਾਰੇ ਸਮੇਂ ਦੌਰਾਨ ਸੋਨੀਆ ਮੈਨੂੰ ਕਦੇ ਨਾਂ ਮਿਲੀ। ਪਰ ਮਨ ਕਰਦਾ ਸੀ ਕਿ ਮੈਂ ਕਿਸੇ ਵੇਲੇ ਉਹਦੇ ਕੋਲ ਜਾਵਾਂ ਅਤੇ ਉਹਦੇ ਦੁੱਖ ਨੂੰ ਵੰਡਾਵਾਂ। ਤਕਰੀਬਨ ਚਾਰ ਕੁ ਸਾਲ ਨਿਕਲ ਗਏ ਤਾਂ ਰਾਕੇਸ਼ ਮੈਨੂੰ ਦੱਸਿਆ ਕਿ, "ਸੋਨੀਆ ਦਾ ਹੁਣ ਦੁਆਰਾ ਵਿਆਹ ਕਰ ਦਿੱਤਾ ਗਿਆ। ਉਹ ਗਰੀਬਣੀ ਮੰਨਦੀ ਤਾਂ ਨਹੀਂ ਸੀ ਪਰ ਮਾਂ ਪਿਉ ਨੇ ਜ਼ੋਰ ਪਾ ਕੇ ਉਹਨੂੰ ਨੱਥੀ ਕਰ ਦਿੱਤਾ। ਐਤਕੀ ਤਾਂ ਮੈਨੂੰ ਵੀ ਵਿਆਹ

ਤੇ ਨਹੀਂ ਸੱਦਿਆ। ਕਹਿੰਦੇ ਮੁੰਡਾ ਡੈਨਮਾਰਕ ਰਹਿੰਦੈ ਅਤੇ ਉਥੇ ਕੋਈ ਵਿਉਪਾਰ ਕਰਦੈ।" "ਚਲੋ ਚੰਗਾ ਆ, ਐਡੀ ਪਹਾੜ ਜਿੱਡੀ ਜ਼ਿੰਦਗੀ ਇਕੱਲਿਆਂ ਨਿਕਲਦੀ ਵੀ ਕਿਥੇ ਆ।" ਮੈਂ ਹਾਮੀ ਭਰੀ।

ਵਿਆਹ ਤੋਂ ਬਾਦ ਸੋਨੀਆ ਦੇ ਦੋ ਬੜੀਆਂ ਪਿਆਰੀਆਂ ਬੱਚੀਆਂ ਪੈਦਾ ਹੋਈਆਂ। ਸੋਨੀਆ ਕਦੇ ਕਦੇ ਇੰਗਲੈਂਡ ਆਪਣੇ ਮਾਂ ਬਾਪ ਨੂੰ ਮਿਲਣ ਆਉਂਦੀ। ਇਉਂ ਲੱਗ ਰਿਹਾ ਸੀ ਕਿ ਗੱਡੀ ਲੀਹੇ ਪੈ ਗਈ ਆ ਅਤੇ ਸੋਨੀਆ ਦਾ ਘਰ ਵਸ ਗਿਆ ਹੈ। ਪਰ ਜਿੰਦਗੀ ਸਿੱਧੀ ਲਕੀਰ ਨਹੀਂ। ਰਾਕੇਸ਼ ਇੱਕ ਦਿਨ ਫਿਰ ਮਿਲਿਆ ਤਾਂ ਕਹਿਣ ਲੱਗਾ ਕਿ, "ਸੋਨੀਆ ਵਾਰੇ ਉੱਡਦੀ ਉੱਡਦੀ ਖਬਰ ਮਿਲੀ ਆ ਕਿ ਭਾਂਡੇ ਤਿੜਕਣੇ ਸ਼ੁਰੂ ਹੋ ਗਏ ਆ।" ਮੇਰੀ ਉਤਸੁਕਤਾ ਵੱਧ ਗਈ। ਮੈਨੂੰ ਝਟਕਾ ਲੱਗਾ ਕਿ ਸੋਨੀਆ ਦਾ ਘਰ ਕਿਸੇ ਤਰ੍ਹਾਂ ਬਚਾਇਆ ਜਾਵੇ। ਮੈਂ ਰਾਕੇਸ਼ ਨੂੰ ਕਿਹਾ ਕਿ, "ਮੈਂ ਸੋਨੀਆ ਦੇ ਮੰਮੀ ਡੈਡੀ ਨੂੰ ਤੇਰੇ ਨਾਲ ਮਿਲਣਾ ਚਾਹੁੰਦਾ, ਭਾਂਵੇ ਉਹ ਮੈਨੂੰ ਘਰ ਗਏ ਨੂੰ ਸ਼ਿਸ਼ਕਾਰ ਦੇਣ।" ਰਾਕੇਸ਼ ਮੰਨ ਗਿਆ ਅਤੇ ਮੈਂ ਇੱਕ ਦਿਨ ਸ਼ੀਲਾ ਦੇਵੀ ਅਤੇ ਰਾਮ ਲਾਲ ਨੂੰ ਜਾ ਮਿਲਿਆ। ਉਹਨਾਂ ਦੋਵਾਂ ਦੀ ਕੰਡ ਹੁਣ ਭੁਰ ਗਈ ਸੀ ਅਤੇ ਉਹ ਦੋਵੇਂ ਢੈਲੇ ਪੈ ਗਏ ਸਨ। ਮੈਨੂੰ ਮਿਲ ਕੇ ਸਗੋਂ ਉਹਨਾਂ ਹਿਰਖ ਕੀਤੈ, "ਕਾਕਾ ਤੂੰ ਤਾਂ ਸਾਨੂੰ ਭੁਲਾ ਈ ਦਿੱਤੈ।" ਮੈਂ ਆਨੇ ਬਹਾਨੇ ਬਣਾ ਕੇ ਗੱਲ ਸੋਨੀਆ ਦੀ ਤੋਰ ਲਈ ਕਿ, "ਮੇਰੀ ਨਿੱਕੀ ਭੈਣ ਸੋਨੀਆ ਦਾ ਕੀ ਹਾਲ ਆ" ਸ਼ੀਲਾ ਦੇਵੀ ਤੇ ਰਾਮ ਲਾਲ ਦਾ ਭਰਿਆ ਕਟੋਰਾ ਡੁੱਲ੍ਹ ਗਿਆ। ਉਹਨਾਂ ਤਕਰੀਬਨ ਉਹ ਸਾਰੀਆਂ ਗੱਲਾਂ ਸੋਨੀਆ ਦੇ ਪਹਿਲੇ ਆਦਮੀ ਵਾਰੇ ਦੱਸੀਆਂ ਜੋ ਮੈਨੂੰ ਆਸਿਉਂ ਪਾਸਿਉਂ ਪਹਿਲਾਂ ਈ ਪਤਾ ਸਨ। ਉਹਨਾਂ ਤਾਂ ਸਗੋਂ ਮੈਨੂੰ ਹੁਣ ਵਾਲੇ ਹਾਲਾਤ ਬਾਰੇ ਵੀ ਸਲਾਹ ਪੁੱਛੀ, "ਕਾਕਾ ਪਤਾ ਨਹੀਂ ਅਸੀਂ ਕੀ ਮਾੜੇ ਕਰਮ ਕੀਤੇ ਆ। ਸਾਡੀ ਕੁੜੀ ਸੁਖੀ ਨਹੀਂ। ਅਸੀਂ ਇੱਕ ਪੰਡਤ ਕੋਲ ਗਏ ਸੀ ਉਹ ਕਹਿੰਦਾ ਤੁਹਾਨੂੰ ਸੋਨਾ ਦਾਨ ਕਰਨਾਂ ਚਾਹੀਦੈ। ਕੀ ਤੇਰਾ ਕੋਈ ਇੰਡਿਆ 'ਚ ਵਾਕਿਫ ਆ ਜੇਹਨੂੰ ਇਹ ਦਾਨ ਪੁੰਨ ਦਿੱਤਾ ਜਾ ਸਕੇ।" ਮੈਂ ਕਿਹਾ, "ਤੁਹਾਨੂੰ ਮੇਰੀ ਗੱਲ ਇਹ ਚੰਗੀ ਤਾਂ ਨਹੀਂ ਲੱਗਣੀ, ਪਰ ਕਹਿ ਮੈਂ ਦਿੰਦਾਂ। ਇਹਨਾਂ ਜੜੇ ਜੋਤਸ਼ੀਆਂ ਮਗਰ ਨਾਂ ਲੱਗੋ। ਸੋਨੀਆ ਦੇ ਘਰ ਵਾਲੇ ਨਾਲ ਬੈਠ ਕੇ ਸਾਰੀ ਗੱਲ ਕਰੋ। ਮੁੰਡੇ ਦੇ ਮਾਂ ਬਾਪ ਨਾਲ ਵੀ ਸਾਰੀ ਗੱਲ ਖੋਹਲ ਲਉ। ਦਾਨ ਦੂਨ ਨੇ ਸੋਨੀਆ ਦਾ ਕੁੱਛ ਨਹੀਂ ਸੰਵਾਰਨਾ। ਜੇਕਰ ਤੁਸੀਂ ਮਦਦ ਈ ਕਰਨੀ ਆ ਤਾਂ ਆਪਣੇ ਕਿਸੇ ਗਰੀਬ ਰਿਸ਼ਤੇਦਾਰ ਦੀ ਕਰ ਦਿਉ। ਤੁਹਾਨੂੰ ਸਾਰੀ ਉਮਰ ਸ਼ਾਇਦ ਸੀਸਾਂ ਈ ਦਵੇ।" ਉਹਨਾ ਮੇਰੀ ਗੱਲ, "ਅੱਛਾ ਕਾਕਾ ਦੇਖਦੇ ਆਂ" ਕਹਿ ਬੰਦ ਕਰ ਦਿੱਤੀ। ਮੈਨੂੰ ਇਹ ਪਤਾ ਸੀ ਕਿ ਸ਼ੀਲਾ ਦੇਵੀ ਅਤੇ ਰਾਮ ਲਾਲ ਬੜੇ ਵਹਿਮੀ ਭਰਮੀ ਆ ਅਤੇ ਉਹਨਾਂ ਦੀ ਸੋਚਣੀ ਜਾਹਲ ਕਿਸਮ ਦੀ ਆ ਪਰ ਮੈਂ ਆਪਣਾ ਤੀਰ ਛੱਡ ਦਿੱਤਾ ਸੀ। ਬਾਦ 'ਚ ਇਕ ਦਿਨ ਮੈਨੂੰ ਰਾਮ ਲਾਲ ਅਤੇ ਸ਼ੀਲਾ ਦੇਵੀ ਸ਼ੌਪਿੰਗ ਕਰਦੇ ਮਿਲ ਗਏ। ਸਰਸਰੀ ਹਾਲ ਚਾਲ ਤੋਂ ਬਾਅਦ ਗੱਲ ਸੋਨੀਆ ਦੀ ਚੱਲ ਪਈ। ਉਹਨਾਂ ਕਿਹਾ, "ਕਾਕਾ ਪਤਾ ਨਹੀਂ ਸਾਡੀ ਇਸ ਲੜਕੀ ਨੇ ਕੀ ਮਾੜੇ ਕਰਮ ਕੀਤੇ ਆ। ਬਸ ਕੰਮ ਖਰਾਬ ਹੋਈ ਜਾ ਰਿਹੈ। ਅਸੀਂ ਤਾਂ ਦਿੱਲੀ ਜਾ ਕੇ ਇੱਕ ਸੁਆਮੀ ਦੇ ਡੇਰੇ ਸੋਨਾ ਅਤੇ ਦਸ ਹਜ਼ਾਰ ਰੁਪਿਆ ਵੀ ਚਾੜ੍ਹ ਆਏ ਆਂ। ਪਰ ਅਜੇ ਤੱਕ ਸੋਨੀਆ ਦਾ ਘਰਵਾਲਾ ਤਾਂ ਸੁਧਰਿਆ ਨਹੀਂ। ਵਿਚਾਰੀ ਦਾ ਰੋਜ਼ ਈ ਰੋਂਦੀ ਦਾ ਈ ਫੋਨ ਆਉਂਦੈ। ਮੈਂ ਸ਼ੌਪਿੰਗ ਸੈਂਟਰ ਕਰਕੇ

ਹੋਰ ਜ਼ਿਆਦਾ ਗੱਲ ਨਾਂ ਕੀਤੀ ਪਰ ਮੇਰਾ ਮਨ ਖਟਾਸ ਨਾਲ ਭਰ ਗਿਆ।

ਰਾਕੇਸ਼ ਨਾਲ ਜਦ ਮੈਂ ਇੱਕ ਦਿਨ ਪੱਬ 'ਚ ਬੈਠਾ ਸੀ ਤਾਂ ਉਹਨੇ ਦੱਸਿਆ ਕਿ, "ਸੋਨੀਆ ਵਾਲਾ ਕੰਮ ਕੁੱਛ ਜ਼ਿਆਦਾ ਈ ਵਿਗੜਦਾ ਲਗਦੈ। ਰਾਮ ਲਾਲ ਅਤੇ ਸ਼ੀਲਾ ਦੇਵੀ ਮੰਦਰ ਵਿਚ ਮੂਰਤੀਆਂ ਸਥਾਪਤ ਕਰਨ ਦੀਆਂ ਗੱਲਾਂ ਕਰਦੇ ਆ। ਕਹਿੰਦੇ ਇਹ ਸਿਪਾਰਸ਼ ਵੀ ਕਿਸੇ ਜੋਤਸ਼ੀ ਨੇ ਪਾਈ ਆ।" ਮੈਂ ਕਿਹਾ, "ਕਰ ਲੈਣ ਆਪਣਾ ਰਾਂਝਾ ਰਾਜੀ। ਜੇਕਰ ਦਾਨ ਦੇਣ ਜਾਂ ਮੂਰਤੀਆਂ ਸਥਾਪਨ ਕਰਨ ਨਾਲ ਸਮੱਸਿਆਵਾਂ ਹੱਲ ਹੋ ਜਾਣ ਤਾਂ ਫਿਰ ਮਨੋਵਿਗਿਆਨੀਆਂ ਅਤੇ ਕਾਉਂਸਲਰਾਂ ਦੀ ਕੀ ਲੋੜ ਆ? ਗੱਲ ਸਿਰਫ ਚੋਰ ਨੂੰ ਮਾਰਨ ਦੀ ਈ ਨਹੀਂ ਸਗੋਂ ਚੋਰ ਦੀ ਮਾਂ ਨੂੰ ਮਾਰਨ ਦੀ ਆ।" ਮੈਨੂੰ ਰਾਮ ਲਾਲ ਅਤੇ ਸ਼ੀਲਾ ਦੇਵੀ ਦੀ ਅਕਲ ਤੇ ਤਾਂ ਤਰਸ ਨਾਂ ਆਇਆ ਪਰ ਸੋਨੀਆ ਦੇ ਹਾਲਾਤ ਬਾਰੇ ਕਸ਼ਟ ਜ਼ਰੂਰ ਹੋਇਆ ਕਿ ਇਸ ਬੁਧੂਲਾਣੇਂ ਨੂੰ ਕਿਵੇਂ ਅਕਲ ਦੀ ਦਵਾ ਪਿਲਾਈ ਜਾਵੇ। ਜਿਸ ਗੱਲ ਦਾ ਖਦਸ਼ਾ ਸੀ ਉਹ ਹੋ ਗਿਆ। ਮੈਂ ਰਾਕੇਸ਼ ਨਾਲ ਇੱਕ ਦਿਨ ਫਿਰ ਜਦ ਰਾਮ ਲਾਲ ਹੁਰਾਂ ਦੇ ਘਰ ਗਿਆ ਤਾਂ ਰਾਮ ਲਾਲ ਜੀ ਨੇ ਦੱਸਿਆ, "ਕਾਕਾ ਅਸੀਂ ਤਾਂ ਬਥੇਰਾ ਔਹੜ-ਪੌਹੜ ਕੀਤੈ ਪਰ ਸਾਡੇ ਕਰਮ ਈ ਮਾੜੇ ਆ। ਸੋਨੀਆ ਦਾ ਘਰ ਵਾਲਾ ਘਰ ਛੱਡਕੇ ਪਤਾ ਨਹੀਂ ਕਿਥੇ ਦਫਾ ਹੋ ਗਿਆ। ਸੋਨੀਆ ਅਤੇ ਉਹਦੀਆਂ ਬੱਚੀਆਂ ਉਹਦੀ ਜਾਨ ਨੂੰ ਰੋਂਦੀਆਂ। ਸੋਨੀਆ ਡੈਨਮਾਰਕ ਤੋਂ ਹੁਣ ਇਥੇ ਆ ਗਈ ਆ।" ਮਾਤਾ ਜੀ ਸ਼ੀਲਾ ਦੇਵੀ ਬੋਲੀ, "ਜੋ ਬੰਸੀ ਵਾਲੇ ਨੂੰ ਮਨਜ਼ੂਰ।" ਮੈਂ ਕਿਹਾ, "ਬੰਸੀ ਵਾਲਾ ਤਾਂ ਇਹ ਵੀ ਕਹਿੰਦਾ, "ਜੋ ਕੁੱਝ ਪਿੱਛੇ ਹੋਇਆ ਠੀਕ ਸੀ। ਜੋ ਕੁੱਝ ਹੁਣ ਹੋ ਰਿਹੈ ਠੀਕ ਆ ਅਤੇ ਜੋ ਅਗਾਂਹ ਨੂੰ ਹੋਵੇਗਾ ਉਹ ਵੀ ਠੀਕ ਹੋਵੇਗਾ' ਫਿਰ ਤਾਂ ਕਿਸੇ ਨੂੰ ਕੁੱਛ ਕਰਨ ਦੀ ਲੋੜ ਨਹੀਂ। ਐਨੀਆਂ ਪੜ੍ਹਾਈਆਂ, ਕਾਰੋਬਾਰਾਂ ਦੀ ਕੀ ਲੋੜ ਆ?" ਉਹਨਾਂ ਤੀਵੀਂ ਆਦਮੀ ਨੇ ਮੇਰੀਆਂ ਦਲੀਲਾਂ ਦਾ ਕੋਈ ਜੁਆਬ ਨਾਂ ਦਿੱਤਾ। ਮੈਂ ਉੱਠ ਕੇ ਆ ਗਿਆ।

ਮੈਨੂੰ ਰਾਕੇਸ਼ ਤੋਂ ਈ ਬਾਦ 'ਚ ਪਤਾ ਲੱਗਾ ਕਿ ਉਹਨਾਂ ਮੇਰੀਆਂ ਗੱਲਾਂ ਦਾ ਬੁਰਾ ਮਨਾਇਆ ਸੀ। ਰਾਕੇਸ਼ ਨੇ ਦੱਸਿਆ ਕਿ ਸੋਨੀਆ ਨੇ ਆਪਣੇ ਘਰ ਵਾਲੇ ਦੇ ਸਾਰੇ ਕਾਗਜ਼ ਪੱਤਰ, ਸ਼ਨਾਖਤੀ ਕਾਰਡ ਬਗੈਰਾ ਪੁਲੀਸ ਨੂੰ ਦੇ ਦਿੱਤੇ ਸਨ ਅਤੇ ਤਲਾਕ ਲਈ ਅਰਜ਼ੀ ਦਾਇਰ ਕਰ ਦਿੱਤੀ ਸੀ। ਕੰਮ ਕਾਫੀ ਜ਼ਿਆਦਾ ਲਟਕ ਗਿਆ ਸੀ। ਸੋਨੀਆ ਦਾ ਘਰਵਾਲਾ ਪੁਲੀਸ ਨੂੰ ਇਸ ਕਰਕੇ ਲੋੜੀਂਦਾ ਸੀ ਕਿ ਉਹ ਸੋਨੀਆ ਅਤੇ ਬੱਚੀਆਂ ਦਾ ਖਰਚਾ ਨਹੀਂ ਸੀ ਦੇ ਰਿਹਾ। ਇਸੇ ਸਮੇਂ ਦੌਰਾਨ ਇਹ ਵੀ ਪਤਾ ਲੱਗਾ ਕਿ ਜੇਹੜੀਆਂ ਮੂਰਤੀਆਂ ਮੰਦਰ ਵਿਚ ਸਥਾਪਨਾ ਲਈ ਦਿੱਤੀਆਂ ਗਈਆਂ ਸਨ ਉਹ ਤਿੜਕ ਗਈਆਂ ਸਨ ਸ਼ਾਇਦ ਉਹਨਾਂ ਨੂੰ ਅਗਾਂਹ ਪਿਛਾਂਹ ਕਰਨ ਵੇਲੇ ਹੁੱਝਕਾ ਲੱਗ ਗਿਆ ਸੀ। ਮੰਦਰ ਦਾ ਪੁਜਾਰੀ, ਰਾਮ ਲਾਲ ਅਤੇ ਸ਼ੀਲਾ ਦੇਵੀ ਨੂੰ ਕਹਿ ਰਿਹਾ ਸੀ ਕਿ, "ਤਿੜਕੀਆਂ ਮੂਰਤੀਆਂ ਅਸੀਂ ਮੰਦਰ 'ਚ ਰੱਖ ਨਹੀਂ ਸਕਦੇ। ਇਹ ਮੰਦਰ ਅਤੇ ਤੁਹਾਡੇ ਲਈ ਨੁਕਸਾਨ ਦੇਹ ਹੋ ਸਕਦੈ, ਇਸ ਕਰਕੇ ਤੁਸੀਂ ਇਹ ਮੂਰਤੀਆਂ ਮੰਦਰ ਚੋਂ ਲੈ ਜਾਉ ਅਤੇ ਵਗਦੇ ਪਾਣੀ 'ਚ ਵਹਾ ਦਿਉ।" ਹੁਣ ਰਾਮ ਲਾਲ ਅਤੇ ਸ਼ੀਲਾ ਦੇਵੀ ਨੇ ਮੂਰਤੀਆਂ ਮੰਦਰ ਚੋਂ ਲੈ ਆਂਦੀਆਂ ਅਤੇ ਸੋਨੀਆ ਦੇ ਕਿਰਾਏ ਤੇ ਲਏ ਘਰ ਵਿਚ ਇੱਕ ਵੱਖਰੇ ਕਮਰੇ ਵਿਚ ਬੜੇ ਮਾਣ ਇੱਜ਼ਤ ਨਾਲ, ਕਈ ਭੁੱਲਾਂ ਬਖਸ਼ਾ, ਰੱਖ ਦਿੱਤੀਆਂ। ਇਹਨਾਂ ਦੀ ਇਸ ਕਾਰਵਾਈ ਤੋਂ ਵੀ ਮੈਨੂੰ ਕੋਈ ਹੈਰਾਨੀ ਨਾਂ ਹੋਈ ਕਿਉਂਕਿ

ਮੈਨੂੰ ਪਤਾ ਹੈ ਕਿ ਧਰਮਾਂ ਦੇ ਬਹੁਤੇ ਸ਼ਰਧਾਲੂ ਲਗਭਗ ਐਹੋ ਜੇਹਾ ਈ ਵਿਸ਼ਵਾਸ਼ ਰੱਖਦੇ ਆ। ਇਹ ਦੀ ਤਾਜ਼ਾ ਮਸਾਲ ਇਹ ਆ ਕਿ ਅਗਸਤ 2006 ਨੂੰ ਜਦ ਟਿਪਟਨ ਸੈਂਡਵਿਲ 'ਚ ਬਾਲਾ ਜੀ ਦੇ ਮੰਦਰ ਦਾ ਸ੍ਰੀ ਗਣੇਸ਼ ਕੀਤਾ ਗਿਆ ਤਾਂ ਮੈਂ ਯੂਨੀਵਰਸਿਟੀ ਵੱਲੋਂ ਉਥੇ ਲੋਕਾਂ ਨੂੰ ਕੋਰਸਾਂ ਦੀ ਪੜ੍ਹਾਈ ਬਾਰੇ ਇੱਕ ਦਿਨ ਸਟਾਲ ਲਾਇਆ ਸੀ। ਮੈਂ ਦੇਖਿਆ ਕਿ ਸਾਊਥ ਇੰਡਿਅਨ ਮੈਡੀਕਲ ਡਾਕਟਰ ਅਤੇ ਪੀ. ਐਚ. ਡੀ. ਭਗਤ ਵੀ ਮੂਰਤੀਆਂ ਨੂੰ ਦੁੱਧ ਵਿਚ ਚੰਗੀ ਤਰ੍ਹਾਂ ਨਲਾਅ ਕੇ ਮੰਦਰ ਵਿਚ ਸਥਾਪਤ ਕਰ ਰਹੇ ਸਨ। ਧਰਮਾਂ ਦੇ ਭਗਤ ਆਪਣੇ ਆਪਣੇ ਧਾਰਮਿਕ ਗ੍ਰੰਥਾਂ ਅਤੇ ਮੂਰਤੀਆਂ ਨੂੰ ਇੱਕ ਕਿਸਮ ਦੇ ਹੱਡ ਮਾਸ ਖ਼ੂਨ ਵਾਲੇ ਜੀਉਂਦੇ ਜਾਗਦੇ ਦੁਨੀਆਂ ਦੇ ਕਰਤਾ ਧਰਤਾ ਸਮਝਦੇ ਹਨ। ਫਿਰ ਜੇਕਰ ਇਹ ਹਾਲ ਕਾਲਜਾਂ ਯੂਨੀਵਰਸਿਟੀਆਂ ਦੇ ਪੜ੍ਹਾਕੂੰਆਂ ਦਾ ਹੈ ਤਾਂ ਰਾਮ ਲਾਲ ਜੀ ਅਤੇ ਸ਼ੀਲਾ ਦੇਵੀ ਜੀ ਤਾਂ ਸੈਕੰਡਰੀ ਸਕੂਲ ਦਾ ਵੀ ਦਰਵਾਜ਼ਾ ਨਹੀਂ ਸੀ ਦੇਖਿਆ। ਰਾਮ ਲਾਲ ਅਤੇ ਸ਼ੀਲਾ ਦੇਵੀ ਜੀ ਨੇ ਸੋਨੀਆ ਦੀ ਖੋਪੜੀ ਘੁੰਮਾ ਦਿੱਤੀ। ਉਹਨਾਂ ਰਲ ਕੇ ਥਾਂ ਥਾਂ ਪਤਾ ਕੀਤੈ ਪਰ ਉਹਨਾਂ ਨੂੰ ਕਿਤੋਂ ਵੀ ਹੁੰਗਾਰਾਂ ਨਹੀਂ ਸੀ ਮਿਲ ਰਿਹਾ ਜਿਥੇ ਮੂਰਤੀਆਂ ਨੂੰ ਵਹਾਇਆ ਜਾ ਸਕੇ। ਇਸ ਘੋਖ ਪੜਤਾਲ ਵਿਚ ਤਕਰੀਬਨ ਦੋ ਸਾਲ ਨਿਕਲ ਗਏ। ਇਸ ਸਮੇਂ ਦੌਰਾਨ ਸੋਨੀਆ ਦੇ ਪਤੀ ਦੇਵ ਬਾਰੇ ਵੀ ਕਈ ਕੁੱਝ ਹੋਰ ਸੁਨਣ ਨੂੰ ਮਿਲਿਆ ਕਿ ਉਹ ਤਾਂ ਦੋ ਵਾਰ ਪਹਿਲਾਂ ਵੀ ਇੰਡਿਆ 'ਚ ਵਿਆਹਿਆ ਹੋਇਆ ਸੀ ਅਤੇ "ਉਹ ਵਿਚਾਰੀਆਂ" ਇਹਦੀ ਜਾਨ ਨੂੰ ਇੰਡਿਆ ਬੈਠੀਆਂ ਕੀਰਨੇ ਪਾਉਂਦੀਆਂ। ਇਹ ਵੀ ਕਿ ਇਹਨੇ ਗੋਰੀ ਡੈਨਮਾਰਕ ਅਤੇ ਇੱਕ ਇੰਗਲੈਂਡ 'ਚ ਵੀ ਰੱਖੀ ਹੋਈ ਸੀ। ਹੋਰ ਵੀ ਪਤਾ ਨਹੀਂ ਕਿਥੇ ਕਿਥੇ ਮੂੰਹ ਮਾਰਦਾ ਅਤੇ ਧੋਖੇ ਕਰਦਾ ਫਿਰਦਾ ਸੀ।

ਹੁਣ ਰਾਕੇਸ਼ ਤੋਂ ਈ ਇੱਕ ਦਿਨ ਪਤਾ ਲੱਗਾ ਕਿ ਸ਼ੀਲਾ ਦੇਵੀ, ਰਾਮ ਲਾਲ ਅਤੇ ਸੋਨੀਆ ਨੇ ਮੂਰਤੀਆਂ ਨੂੰ ਸਰਕਾਰੀ ਰਜ਼ਾਮੰਦੀ ਨਾਲ ਸਮੁੰਦਰ ਵਿਚ ਕਾਫੀ ਦੂਰ ਜਾ ਕੇ ਵਹਾ ਆਂਦਾ ਸੀ। ਮੂਰਤੀਆਂ ਦੇ ਵਹਾਉਣ ਤੋਂ ਛੇ ਕੁ ਮਹੀਨੇ ਬਾਦ ਪੁਲੀਸ ਨੇ ਸੋਨੀਆ ਦੇ ਪਤੀ ਨੂੰ ਇੱਕ ਦਿਨ ਏਅਰਪੋਰਟ ਤੇ ਫੜ ਲਿਆ। ਹੁਣ ਮਾਤਾ ਜੀ ਸ਼ੀਲਾ ਦੇਵੀ ਅਤੇ ਪਿਤਾ ਜੀ ਰਾਮ ਲਾਲ ਜੀ ਇਸ "ਕ੍ਰਿਸ਼ਮੇ" ਦਾ ਗੁਣਾਂ ਮੂਰਤੀਆਂ ਦੇ ਸਹੀ ਸਲਾਮਤ ਵਹਾਣ ਨੂੰ ਦੇ ਰਹੇ ਸਨ। ਉਹ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰ ਰਹੇ ਸੀ ਕਿ ਇੰਟਰਪੋਲ ਸੋਨੀਆ ਦੇ ਘਰ ਵਾਲੇ ਦੀ ਬੜੀ ਸਰਗਰਮੀ ਨਾਲ ਭਾਲ ਕਰ ਰਹੀ ਸੀ। ਇਕ ਦਿਨ, ਪਿਛੇ ਜਹੇ ਮੈਂ ਜਦ ਰਾਮ ਲਾਲ ਜੀ ਨੂੰ ਮਿਲਿਆ ਤਾਂ ਉਹਨਾਂ ਵੀ ਮੈਨੂੰ ਸੋਨੀਆ ਦੇ ਘਰਵਾਲੇ ਦੀ ਫੜ੍ਹਾਈ ਬਾਰੇ ਦੱਸਿਆ। ਮੈਂ ਕਿਹਾ, "ਸੋਨੀਆ ਦਾ ਘਰਵਾਲਾ ਬੜਾ ਨੌਸਰਬਾਜ਼ ਨਿਕਲਿਆ।" ਰਾਮ ਲਾਲ ਕਿਹਾ, "ਨੌਸਰਬਾਜ਼ ਈ ਨਹੀਂ ਉਹ ਤਾਂ ਛਟਿਆ ਕੰਜਰ ਆ।"

# ਅਵੈੜ ਮਾਤਾ ਗੁਰਮੀਤੋ

ਗੁਰਮੀਤ ਕੌਰ ਨੇ ਭੈਰੋਂ ਮਿੱਟੀ ਚੁੱਕੀ ਹੋਈ ਸੀ। ਉਹ ਆਪਣੇ ਆਪ ਨੂੰ ਖੱਬੀ ਖਾਨ ਸਮਝਦੀ ਸੀ ਅਤੇ ਆਪਣੇ ਛੇ ਫੁੱਟੇ ਅਤੇ ਤੈਹੜ ਵਰਗੇ ਜੁਆਨ ਆਦਮੀ ਨੂੰ ਉਹਨੇ ਕਾਬੂ ਕੀਤਾ ਪਿਆ ਸੀ। ਉਹਦਾ ਆਦਮੀ ਉਹਦੇ ਇਸ਼ਾਰਿਆਂ ਤੇ ਨੱਚਦਾ ਸੀ। ਉਹ ਨਿੱਕੀ ਨਿੱਕੀ ਗੱਲ ਤੇ ਆਪਣੇ ਘਰਵਾਲੇ ਨੂੰ ਝਈਆਂ ਲੈ ਕੇ ਪੈਂਦੀ ਅਤੇ ਉਹ ਮੂਹਰਿਉਂ ਖੀਂ ਖੀਂ ਕਰ ਦੰਦੀਆਂ ਕੱਢਦਾ ਰਹਿੰਦਾ ਸੀ। ਮਸੀਂ ਲਾਅ ਪਾ ਕੇ ਪੰਜ ਫੁੱਟ ਕੱਦ ਵਾਲੀ ਗੁਰਮੀਤ ਨੇ ਆਪਣੇ ਤਿੰਨ ਮੁੰਡੇ ਅਤੇ ਇੱਕ ਕੁੜੀ ਵੀ ਪੂਰੀ ਤਰ੍ਹਾਂ ਆਪਣੇ ਵੱਸ 'ਚ ਕੀਤੇ ਹੋਏ ਸਨ। ਮਜ਼ਾਲ ਆ ਕੋਈ ਨਿਆਣਾ ਉਹਦੀ ਘੂਰੀ ਤੋਂ ਨਾਂ ਡਰੇ। ਗੁਰਮੀਤ ਕੌਰ ਨ੍ਹੇਰੀ ਵਾਂਗ ਦੌੜੀ ਭੱਜੀ ਫਿਰਦੀ ਸੀ ਜਿੱਦਾਂ ਕਿਤੇ ਉਹਨੇ ਰਣ ਜਿੱਤਣਾ ਹੋਵੇ। ਉਹਨੂੰ ਲਗਦਾ ਸੀ ਕਿ ਦੁਨੀਆਂ ਵਿਚ ਇਕੱਲੀ ਉਹ ਈ ਠੀਕ ਆ ਅਤੇ ਉਹਦਾ ਤਾਨਾਸ਼ਾਹੀ ਡੰਕਾ ਵਜਦਾ ਰਹਿਣਾ ਚਾਹੀਦਾ ਹੈ। ਗੁਰਮੀਤ ਨੂੰ ਸਿਰਫ ਇਹ ਹੰਕਾਰ ਸੀ ਕਿ ਉਹ ਕੀਨੀਆ ਤੋਂ ਇੰਗਲੈਂਡ ਆਈ ਸੀ। ਬਸ ਇਹ ਈ ਉਸ ਅਣਪੜ੍ਹ ਥੋਥੀ ਦੀ ਕੁਆਲੀਫੀਕੇਸ਼ਨ ਸੀ, ਡਿਗਰੀ ਸੀ ਅਤੇ ਪੜ੍ਹਾਈ ਸੀ। ਸਕੂਲ ਦਾ ਤਾਂ ਉਹਨੇ ਕਦੇ ਮੂੰਹ ਵੀ ਨਹੀਂ ਸੀ ਦੇਖਿਆ। ਘਰ 'ਚ ਪੂਰੀ ਸਰਦਾਰੀ ਚੱਲਣ ਕਰਕੇ ਇਸ "ਮਾਂ ਦੀ ਮੀਤੋ" ਨੇ ਕਦੇ ਘਰੋਂ ਬਾਹਰ ਕਿਸੇ ਫੈਕਟਰੀ 'ਚ ਕੰਮ ਵੀ ਨਹੀਂ ਸੀ ਕੀਤਾ। ਕੀਨੀਆ ਵਿਚ ਤਾਂ ਕੰਮ ਕਰਨ ਦਾ ਸੁਆਲ ਈ ਨਹੀਂ ਸੀ ਪੈਦਾ ਹੁੰਦਾ। ਉਥੇ ਤਾਂ ਇਹਨੇ ਘਰ ਦਾ ਕੰਮ ਕਰਨ ਲਈ ਵੀ ਕਾਲੇ ਨੌਕਰ ਰੱਖੇ ਹੋਏ ਸਨ। ਗੁਰਮੀਤ ਕੌਰ ਨੂੰ ਇਹ ਵੀ ਮਾਣ ਸੀ ਕਿ ਉਹਨੇ ਤਿੰਨ ਮੁੰਡੇ ਜੰਮੇ ਸਨ, ਤਿੰਨ ਕੁੜੀਆਂ ਨਹੀਂ ਅਤੇ ਉਹ ਆਪਣੇ ਜਾਣਦਿਆਂ ਬੁੱਝਦਿਆਂ ਵਿਚ ਇਸ ਗੱਲ ਦੀ ਪੈਂਠ ਵੀ ਬਣਾਉਂਦੀ ਸੀ। ਧੰਨ ਸੀ ਉਹਦਾ ਘਰਵਾਲਾ ਸੁਰਜੀਤ ਸਿੰਘ ਜੇਹੜਾ ਇਸ ਕੁਲੱਛਣੀ ਤੀਂਵੀਂ ਨਾਲ ਕੱਟ ਗਿਆ ਸੀ। ਕੋਈ ਹੋਰ ਹੁੰਦਾ ਤਾਂ ਇਹਨੂੰ ਬਹੁਤ ਦੇਰ ਦਾ ਘਰੋਂ ਤੋਰਿਆ ਹੁੰਦਾ।

ਗੁਰਮੀਤ ਕੌਰ ਦੇ ਖਰੂਦੀ ਸੁਭਾਅ ਦਾ ਨਤੀਜਾ ਇਹ ਨਿਕਲਿਆ ਕਿ ਵੱਡਾ ਮੁੰਡਾ ਸਿੱਧੜ ਬਣ ਗਿਆ ਅਤੇ ਉਹਦੀ ਸ਼ਖਸ਼ੀਅਤ ਬੌਣੀ ਰਹਿ ਗਈ। ਉਹ ਸਕੂਲ ਪਾਸ ਵੀ ਨਾਂ ਕਰ ਸਕਿਆ ਅਤੇ ਮਾਂ ਦੇ ਗੋਡੇ ਮੁੱਢ ਬੈਠਣ ਜੋਗਾ ਰਹਿ ਗਿਆ। ਡਾਕਟਰਾਂ, ਹਸਪਤਾਲਾਂ ਅਤੇ ਦਵਾਈਆਂ ਦੇ ਚੱਕਰਾਂ ਨੇ ਉਹਦੀ ਸੇਹਤ ਤੇ ਵੀ ਬੜਾ ਮਾੜਾ ਅਸਰ ਪਾਇਆ ਅਤੇ ਉਹ ਨੀਮ-ਪਾਗਲ ਹੋ ਗਿਆ ਸੀ। ਸਭ ਤੋਂ ਛੋਟਾ ਮੁੰਡਾ ਚੋਰੀਆਂ ਚਕਾਰੀਆਂ 'ਚ ਜਾ ਫਸਿਆ ਅਤੇ ਪੁਲੀਸ ਦੇ ਢੈਹੇ ਚੜ੍ਹ ਗਿਆ। ਉਹਦਾ ਬਹੁਤਾ ਸਮਾਂ ਸਕੂਲ ਦੀ ਬਜਾਏ ਬੱਚਿਆਂ ਦੀਆਂ ਜੇਲ੍ਹਾਂ ਅਤੇ ਠਾਣਿਆਂ ਅੰਦਰ ਬੀਤਿਆ। ਗੱਭਲਾ ਕਾਕਾ ਚੁਸਤ ਨਿਕਲਿਆ ਪਰ ਪੜ੍ਹਾਈ ਉਹ ਵੀ ਕੋਈ ਨਾਂ ਕਰ

ਸਕਿਆ। ਮਾੜਾ ਮੋਟਾ ਖੇਡਾਂ ਵੱਲ ਜ਼ਰੂਰ ਧਿਆਨ ਦਿੱਤਾ ਅਤੇ ਕਰਾਟੀ ਕੰਗਫੂ ਸਿੱਖ ਗਿਆ। ਘਰ ਵਿਚ ਸਿਰਫ ਕੁੜੀ ਹੀ ਸਕੂਲ ਪਾਸ ਕਰ ਸਕੀ। ਕੁੜੀ ਦੇਖਣ ਪਾਖਣ ਨੂੰ ਵੀ ਵਾਹਵਾ ਸੀ ਅਤੇ ਕੱਦ ਕਾਠ ਵੀ ਉਹਦਾ ਪਿਉ ਤੇ ਗਿਆ ਸੀ, ਮਾਂ ਤੇ ਨਹੀਂ। ਦੂਰੋਂ ਪਾਰੋਂ ਇੱਕ ਰਿਸ਼ਤੇਦਾਰੀ 'ਚ ਉਹਦਾ ਇੱਕ ਜਾਅਲੀ ਆਏ ਨਾਲ ਜਦ ਕਾਨੂੰਨੀ ਵਿਆਹ ਕਰ ਦਿੱਤਾ ਗਿਆ ਤਾਂ ਉਹਦੀ ਉਮਰ ਸਤਾਰ੍ਹਾਂ ਕੁ ਵਰ੍ਹਿਆਂ ਦੀ ਸੀ। ਉਸ ਜਾਅਲੀ ਆਏ "ਭੌਰ" ਨੂੰ ਵੀ ਮਾਂ ਧੀ ਨੇ ਦਿਨੇ ਤਾਰੇ ਦਿਖਾ ਦਿੱਤੇ। ਉਹਨੂੰ ਵਸ ਕਰਨ ਲਈ ਇਹਨਾਂ ਕਈ ਹੱਥ ਕੰਡੇ ਵਰਤੇ ਅਤੇ ਜਦ ਉਹ ਇਹਨਾਂ ਦੇ ਜਾਲ ਚੋਂ ਤਿਲਕਦਾ ਦਿਸਿਆ ਤਾਂ ਉਹਨੂੰ ਦਾਖੂ ਦਾਣਾਂ ਚਬਾਉਣ ਲਈ ਉਹਦੀ ਪੁਲੀਸ ਕੋਲ ਜਾਅਲੀ ਹੋਣ ਦੀ ਸ਼ਕਾਇਤ ਕਰ ਦਿੱਤੀ। ਪੁਲੀਸ ਨੇ ਮਹੀਨਾ ਕੁ ਜੇਲ੍ਹ 'ਚ ਰੱਖਣ ਬਾਦ ਫਸੇ "ਫੌਜੀ" ਨੂੰ ਵਾਪਿਸ ਭਾਰਤ ਭੇਜ ਦਿੱਤਾ। ਫਿਰ ਨੱਕ ਨਾਲ ਲਕੀਰਾਂ ਘਢਾਉਣ ਅਤੇ ਡੇਢ ਕੁ ਸਾਲ ਖੱਜਲ ਖੁਆਰ ਕਰਨ ਬਾਦ ਵਾਪਿਸ ਮੰਗਾ ਲਿਆ ਕਿ,"ਦੇਖੇ ਸਾਡੇ ਹੱਥ! ਅਸੀਂ ਤਾਂ ਤੈਨੂੰ ਤੱਕਲੇ ਵਾਂਗ ਸਿੱਧਾ ਕਰ ਦਿਆਂਗੇ।" ਜਦ "ਬਹਿਮਾਤਾ-ਗੁਰਮੀਤੋ" ਦਾ ਜੁਆਈ ਵਾਪਿਸ ਆਇਆ ਤਾਂ ਉਹਦੇ ਪਾਸਪੋਰਟ ਤੇ ਪੱਕੀ ਮੋਹਰ ਲੱਗ ਚੁੱਕੀ ਸੀ। ਜਿਸ ਤਰ੍ਹਾਂ ਕਹਿੰਦੇ ਹਨ ਕਿ "ਕੁੱਤੇ ਦੀ ਪੂਛ ਨੂੰ 12 ਵਰ੍ਹੇ ਭੂਕਨੇ 'ਚ ਪਾਈ ਰੱਖਿਆ ਪਰ ਉਹ ਸਿੱਧੀ ਨਾਂ ਹੋਈ ਸਗੋਂ ਉਲਟਾ ਭੂਕਨਾ ਵਿੰਗਾ ਹੋ ਗਿਆ।" ਇਹ ਹਾਲ ਈ ਗੁਰਮੀਤੋ ਅਤੇ ਉਹਦੀ ਫੜ੍ਹਾਂ ਮਾਰਨੀ ਧੀ ਦਾ ਸੀ। ਜਦ ਮਾਵਾਂ ਧੀਆਂ ਦੇਖਿਆ ਕਿ, "ਜੁਆਈ" ਅਜੇ ਵੀ ਕਾਬੂ ਨਹੀਂ ਆ ਰਿਹਾ ਤਾਂ ਧੀ ਨੇ ਹੋਮ ਹੌਫਿਸ ਕੋਲ ਫਿਰ ਸ਼ਕਾਇਤ ਕਰ ਦਿੱਤੀ ਕਿ "ਇਹਨੂੰ ਬੰਦੇ ਦਾ ਪੁੱਤ" ਬਨਾਉਣ ਲਈ ਫਿਰ ਵਾਪਿਸ ਭਾਰਤ ਭੇਜਿਆ ਜਾਵੇ। ਇਮੀਗਰੇਸ਼ਨ ਅਫਸਰ ਜਦ ਪੁੱਛ ਪੜਤਾਲ ਕਰਨ ਆਇਆ ਤਾਂ ਪਾਸਪੋਰਟ ਦੇਖ ਖੋਟੇ ਪੈਸੇ ਵਾਂਗ ਵਾਪਿਸ ਮੁੜ ਗਿਆ। ਗੁਰਮੀਤੋ ਦਾ ਜੁਆਈ, ਜਸਬੀਰ ਭਾਵੇਂ ਵਲੈਤ 'ਚ ਪੱਕਾ ਸੀ ਪਰ ਉਹਦੇ ਜੀਉਂਦੇ ਰਹਿਣ ਦਾ ਕੋਈ ਚੱਜ ਨਹੀਂ ਸੀ। ਗੁਰਮੀਤੋ ਦੀ ਲਾਡਲੀ ਧੀ, ਸੱਜਰੇ ਜੁਆਈ ਨੂੰ ਅੰਗਰੇਜ਼ੀ ਅਤੇ ਪੰਜਾਬੀ 'ਚ ਗਾਲ੍ਹਾਂ ਕੱਢਦੀ ਅਤੇ ਉਹਦੇ ਬਦਮਾਸ਼ ਭਰਾ ਉਹਨੂੰ ਮਾਰਨ ਦੀਆਂ ਧਮਕੀਆਂ ਦਿੰਦੇ। ਜਸਬੀਰ ਇੰਡਿਆ ਤੋਂ ਬੀ. ਏ. ਪਾਸ ਕਰਕੇ ਆਇਆ ਸੀ ਪਰ "ਮਾਤਾ ਗੁਰਮੀਤੋ" ਉਹਨੂੰ ਅਕਸਰ ਕਹਿੰਦੀ, "ਇੰਡਿਆ ਦੀਆਂ ਬੜੀਆਂ ਬੀਆ ਨੂੰ ਇੰਗਲੈਂਡ 'ਚ ਕੌਣ ਪੁਛਦੈ। ਬੀਆ ਪਾਸ ਤਾਂ ਇਥੇ ਝੱਖ ਝੋਕਦੇ ਫਿਰਦੇ ਆ।" ਮਾਂ ਧੀ ਦਾ ਬਕੜਵਾਹ ਜਸਬੀਰ ਦੇ ਹਿਰਦੇ ਨੂੰ ਛਲਣੀ ਕਰਕੇ ਰੱਖ ਦਿੰਦਾ ਅਤੇ ਉਹਦਾ ਮਨ ਦੁੱਖ ਦੀ ਭੱਠੀ 'ਚ ਤਾਰ-ਤਾਰ ਹੋਇਆ ਪਿਆ ਸੀ। ਜਸਬੀਰ ਦੇ ਟੁੱਚੇ ਰਿਸ਼ਤੇਦਾਰ ਜਸਬੀਰ ਨੂੰ ਈ ਮਾੜਾ ਕਹਿੰਦੇ। ਜਸਬੀਰ ਦੀ ਹਾਲਤ ਕੁੱਕੜਾਂ ਹੱਥ ਚੂਹੇ ਵਰਗੀ ਸੀ ਜੋ ਤੇਜ਼ ਵਾਛੜ ਵਾਂਗ ਉਹਦੇ ਹਰ ਪਾਸਿਉਂ ਸੂਲਾਂ ਵਰਗੀਆਂ ਤਿੱਖੀਆਂ ਚੁੰਝਾਂ ਮਾਰ ਰਹੇ ਸਨ। ਜਸਬੀਰ ਦੇ ਲਹੂ-ਲਿਹਾਣ ਹਿਰਦੇ 'ਤੇ ਪੱਟੀ ਕਰਨ ਵਾਲਾ ਤਾਂ ਕੋਈ ਕੀ ਹੋਣਾਂ, ਉਹਦੇ ਤਾਂ ਪੀੜ-ਭਕੁੰਨੇ-ਜਖ਼ਮਾਂ ਨੂੰ ਸਪਿਰਟ ਦਾ ਤੂੰਬਾਂ ਲਾ ਕੇ ਸਾਫ ਕਰਨ ਵਾਲਾ ਵੀ ਕੋਈ ਨਹੀਂ ਸੀ। ਉਹ ਦਿਨ ਰਾਤ ਤੜਪਦਾ ਪਰ ਉਹਨੂੰ ਕਿਤੋਂ ਕੋਈ ਢੋਈ ਨਹੀਂ ਮਿਲ ਰਹੀ ਸੀ। ਆਖਰ ਉਹਦਾ ਕੜ ਪਾਟ ਗਿਆ ਅਤੇ ਵਿਆਹ ਟੁੱਟ ਗਿਆ। ਇਸੇ ਸਮੇਂ ਦੌਰਾਨ ਗੁਰਮੀਤ ਕੌਰ ਨੇ ਆਪਣੇ ਵੱਡੇ ਨੀਮ-ਪਾਗਲ ਕਾਕੇ ਲਈ ਇੰਡਿਆ ਤੋਂ ਕੁੜੀ ਫਸਾ ਲਿਆਂਦੀ ਸੀ। ਲਾਡਾਂ ਪਿਆਰਾਂ ਅਤੇ ਚਾਵ੍ਹਾਂ ਨਾਲ ਪਾਲੀ ਸੁਵਿੰਦਰ

ਇਸ ਔਜੜ ਪਰਿਵਾਰ 'ਚ ਆ ਫਸੀ ਸੀ। ਇੰਡਿਆ ਤੋਂ ਉਹਨੇ ਵੀ ਬੀ. ਏ. ਪਾਸ ਕੀਤੀ ਸੀ ਅਤੇ ਅਗਾਂਹ ਐਮ. ਏ. 'ਚ ਦਾਖਲਾ ਲੈਣ ਬਾਰੇ ਤਿਆਰੀ ਕਰ ਰਹੀ ਸੀ ਕਿ ਉਹਦਾ ਰਿਸ਼ਤਾ ਵਲੈਤ 'ਚ ਹੋ ਗਿਆ ਸੀ। ਦੂਰ ਪਾਰ ਦੇ ਦੱਸ ਪਾਉਣ ਵਾਲੇ ਵਿਚੋਲੇ-ਰਿਸ਼ਤੇਦਾਰ ਨੇ ਮਾਸੂਮ ਜਿੰਦ ਨਾਲ ਧੋਖਾ ਕੀਤਾ ਸੀ। ਸੁਵਿੰਦਰ ਦੇ ਗੁੰਦੇ ਅਰਮਾਨ ਤਾਂ ਉਸ ਵੇਲੇ ਈ ਖੱਖੜੀਆਂ ਹੋ ਗਏ ਸਨ ਜਦ ਉਹ ਪਹਿਲੀ ਵਾਰ ਏਅਰਪੋਰਟ ਤੇ ਆਪਣੇ "ਢੋਲ ਸਿਪਾਹੀ" ਨੂੰ ਮਿਲੀ ਸੀ। ਸੁਵਿੰਦਰ ਦੇ ਕੰਤ ਨੂੰ ਉਹਦੇ ਆਉਣ ਦਾ ਕੋਈ ਚਾਅ ਜਾਂ ਖੁਸ਼ੀ ਨਹੀਂ ਸੀ। ਉਹ ਇੱਕ ਪਾਲਤੂ ਕੁੱਤੇ ਵਾਂਗ ਵਰਤਾਵ ਕਰ ਰਿਹਾ ਸੀ। ਇਸ ਵਿਚ ਉਹਦਾ ਕੋਈ ਕਸੂਰ ਵੀ ਨਹੀਂ ਸੀ। ਰੋਜ਼ ਦੀਆਂ ਰੰਗ ਬਰੰਗੀਆਂ ਦਸ ਤਾਂ ਉਹ ਗੋਲੀਆਂ ਖਾਂਦਾ ਸੀ ਤਾਂ ਕਿ ਉਹਦੇ ਪਾਗਲਪਣ ਨੂੰ ਕਾਬੂ 'ਚ ਰੱਖਿਆ ਜਾ ਸਕੇ। ਸੁਵਿੰਦਰ ਦੀ ਹਾਲਤ "ਫਸ ਗਈ ਤਾਂ ਫਟਕਣ ਕੀ" ਵਾਲੀ ਸੀ। ਹਫਤੇ 'ਚ ਈ ਉਹਨੂੰ ਇਸ ਘਰ ਦੀ ਸਾਰੀ ਹਾਲਤ ਸਮਝ ਲੱਗ ਗਈ ਅਤੇ ਉਹ ਇਹ ਸਭ ਸਮਝ ਕੇ ਘੁੱਟੀ ਵੱਟੀ ਗਈ ਸੀ। ਗੁਰਮੀਤੋ ਨੇ ਸੁਵਿੰਦਰ ਦੇ ਆਉਣ ਦਾ ਬਹੁਤਾ ਰੌਲਾ ਵੀ ਨਾਂ ਪਾਇਆ ਕਿ ਕਿਤੇ ਉਹਦੇ ਮੁੰਡੇ ਦਾ ਕੰਮ ਖਰਾਬ ਨਾ ਹੋ ਜਾਵੇ। ਫੀਆਂਸੀ (FIANCEE) ਦੇ ਤੌਰ ਤੇ ਆਈ ਸੁਵਿੰਦਰ ਦਾ ਤਿੰਨ ਕੁ ਹਫਤਿਆਂ ਬਾਦ ਈ ਕਾਨੂੰਨੀ ਵਿਆਹ ਕਰ ਦਿੱਤਾ। ਗੁਰਮੀਤੋ ਨੇ ਆਪਣੇ ਘਰ ਸਿਰਫ ਉਹਨਾਂ ਖਾਸ ਖਾਸ ਲੋਕਾਂ ਨੂੰ ਸੱਦਿਆ ਜੇਹਨਾਂ ਤੇ ਉਹਦਾ ਪੂਰਾ ਰੋਹਬ ਸੀ ਅਤੇ ਉਹ ਉਹਦੇ ਮੂਹਰੇ ਕੁਸਕਦੇ ਤਕ ਨਹੀਂ ਸੀ। ਜਸਬੀਰ ਦਾ ਅਜੇ ਵਿਆਹ ਪੂਰੀ ਤਰ੍ਹਾਂ ਤਿੜਕਿਆ ਨਹੀਂ ਸੀ ਅਤੇ ਲੋਕ-ਲਾਜ ਲਈ "ਜੁਆਈ-ਰਾਜਾ" ਵੀ ਖਾਸ ਲੋਕਾਂ ਵਿਚ ਸ਼ਾਮਲ ਸੀ। ਘਰ ਆਏ ਪਰਿਵਾਰਕ ਦੋਸਤ ਸਰਦੂਲ ਸਿੰਘ ਨੂੰ ਸਤਿ ਸ੍ਰੀ ਆਕਾਲ ਕਰਨ ਬਾਦ ਜਦ ਜਸਬੀਰ ਨੇ ਸੁਭੈਅਕੇ ਈ ਪੁੱਛ ਲਿਆ ਕਿ, "ਆਂਟੀ ਜੀ ਨਹੀਂ ਆਏ?" ਤਾਂ ਉਹਦੇ ਜੁਆਬ ਦੇਣ ਤੋਂ ਪਹਿਲਾਂ ਈ ਉਥੇ ਬੈਠੀ ਗੁਰਮੀਤੋ ਬੋਲ ਪਈ, "ਆਹ ਤੇਰੇ ਸਾਹਮਣੇ ਬੈਠੀ ਤਾਂ ਆ ਧੱਖ ਜੇਹੀ, ਤੈਨੂੰ ਦਿਸਦੀ ਨਹੀਂ।" ਜਸਬੀਰ ਨੂੰ ਬੜਾ ਬੁਰਾ ਲੱਗਾ ਕਿ ਮੈਂ ਕਿਉਂ ਇਹ ਪੁੱਛ ਲਿਆ ਸੀ। ਉਹ ਸਰਦੂਲ ਅਤੇ ਉਹਦੀ ਪਤਨੀ ਦੀ ਹੋਈ ਬੇਇਜ਼ਤੀ ਦਾ ਕਾਰਨ ਵੀ ਆਪਣੇ ਆਪ ਨੂੰ ਸਮਝਣ ਲੱਗ ਪਿਆ। ਸਰਦੂਲ ਉੱਠ ਕੇ ਘਰੋਂ ਬਾਹਰ ਚਲਾ ਗਿਆ ਅਤੇ ਉਹਦੀ ਸਾਥਣ ਬਾਥਰੂਮ ਦਾ ਬਹਾਨਾ ਬਣਾ ਉੱਠ ਗਈ। ਸੁਵਿੰਦਰ ਚੁੱਪ ਚਾਪ ਇੱਕ ਖੂੰਜੇ 'ਚ ਬੈਠੀ ਸੀ ਅਤੇ ਜਸਬੀਰ ਹੁਣ ਉਹਦੇ ਨਾਲ "ਹੈਲੋ ਹਾਏ" ਕਰਨ ਲੱਗ ਪਿਆ। ਇਹ ਗੱਲ ਵੀ ਗੁਰਮੀਤੋ ਨੂੰ ਰਾਸ ਨਾਂ ਆਈ ਤਾਂ ਉਹਨੇ ਸੁਵਿੰਦਰ ਨੂੰ ਹੁਕਮ ਦਿੱਤਾ, "ਕੁੜੀਏ ਜਾ ਉੱਠ ਸਾਰਿਆਂ ਲਈ ਚਾਹ ਲੈ ਕੇ ਆ।" ਜਸਬੀਰ ਦੇ ਵਿਆਹ ਦਾ ਪੂਰੀ ਤਰ੍ਹਾਂ ਭੋਗ ਪੈਣ ਤੋਂ ਪਹਿਲਾਂ ਦੋ ਕੁ ਵਾਰ ਫਿਰ ਉਹ ਸੁਵਿੰਦਰ ਨੂੰ ਸਹੁਰਿਆਂ ਦੇ ਘਰ ਸਭ ਦੇ ਸਾਹਮਣੇ ਮਿਲਿਆ ਸੀ।

ਸੁਵਿੰਦਰ ਦੇ ਵਿਆਹ ਦਾ ਕੰਮ ਨਿਬੜਨ ਤੋਂ ਹਫਤੇ ਕੁ ਬਾਦ ਈ ਉਹਨੂੰ ਇੱਕ ਦੇਸੀ ਕੱਪੜੇ ਸੀਉਣ ਵਾਲੀ ਫੈਕਟਰੀ 'ਚ ਕੰਮ ਤੇ ਲੁਆ ਦਿੱਤਾ। ਉਹ ਸਵੇਰੇ ਸੁਵੱਖਤੇ ਕੰਮ ਤੇ ਚਲੀ ਜਾਂਦੀ ਅਤੇ ਤਿਕਾਲਾਂ ਪਈਆਂ ਘਰ ਆਉਂਦੀ। ਘਰ ਆ ਕੇ ਸੁਵਿੰਦਰ ਨੂੰ ਰੋਟੀ ਪਾਣੀ ਦਾ ਆਹਰ ਵੀ ਕਰਨਾ ਪੈਂਦਾ। ਗੁਰਮੀਤੋ ਸਾਰਾ ਦਿਨ ਖ੍ਰੀਦਾ ਫਰੋਸ਼ੀ ਕਰਦੀ ਰਹਿੰਦੀ ਜਾਂ ਟੀ. ਵੀ. ਦੇਖ ਛੱਡਦੀ। ਗੁਰਮੀਤੋ, ਸੁਵਿੰਦਰ ਨੂੰ ਇਹ ਵੀ ਹਦਾਇਤਾਂ ਦਿੰਦੀ ਰਹਿੰਦੀ, "ਫੈਕਟਰੀ 'ਚ ਕਿਸੇ ਨਾਲ ਬਹੁਤਾ ਗੁੱਡੀ ਜੋੜ ਨਾਂ ਰੱਖੀਂ।

ਆਪਣੀਆਂ ਤੀਵੀਆਂ ਨੂੰ ਪੁੱਠੀ ਪੱਟੀ ਪੜ੍ਹਾਉਣ ਦੀ ਬੜੀ ਮਾੜੀ ਆਦਤ ਆ। ਬਸ ਆਪਣੇ ਕੰਮ ਨਾਲ ਵਾਸਤਾ ਰੱਖਿਆ ਕਰ।" ਹਫਤੇ ਬਾਦ ਮਿਲਦਾ ਪੇ-ਪੈਕਿਟ ਗੁਰਮੀਤੋ ਸ਼ੁਕਰਵਾਰ ਸ਼ਾਮ ਨੂੰ ਈ ਲੈ ਲੈਂਦੀ। ਸੁਵਿੰਦਰ ਦੀ ਹਾਲਤ ਮੁੱਲ ਦੀ ਤੀਵੀਂ ਵਰਗੀ ਸੀ। ਉਹਦਾ ਹਾਲ ਗੁਲਾਮਾਂ ਵਰਗਾ ਸੀ ਜਿਵੇਂ ਉਹ ਲੱਕੜ ਦੀ ਕੱਠਪੁਤਲੀ ਹੋਵੇ ਅਤੇ ਰੀਮੋਟ ਕੰਟਰੋਲ ਨਾਲ ਚੱਲਦੀ ਹੋਵੇ। ਚੰਗੀ ਭਲੀ ਅਤੇ ਠੀਕ ਠਾਕ ਸੁਵਿੰਦਰ ਘਰ 'ਚ ਗੂੰਗੀ ਬਣੀ ਰਹਿੰਦੀ। ਉਹ ਕਦੇ ਕੋਈ ਗੱਲ ਕਰਦੀ ਤਾਂ "ਸੱਸੂਮਾਤਾ" ਉਹਨੂੰ ਚੁੱਪ ਕਰਾ ਦਿੰਦੀ। ਗੁਰਮੀਤੋ ਦੀ ਲਾਡੋਰਾਣੀ ਧੀ ਵੀ ਬਹੁਤਾ ਸਮਾਂ ਮਾਂ ਪਿਉ ਦੇ ਘਰ ਈ ਰਹਿੰਦੀ ਕਿਉਂਕਿ ਉਹਦਾ ਜਸਬੀਰ ਨਾਲ ਇੱਟ-ਖੜਿਕਾ ਚਲਦਾ ਰਹਿੰਦਾ ਸੀ। ਉਹ ਵੀ ਆਪਣਾ ਨਜ਼ਲਾ ਸੁਵਿੰਦਰ ਤੇ ਸਿੱਟਦੀ। ਮਾਂ ਧੀ ਦੇ ਕਬੋਲ ਸੁਵਿੰਦਰ ਨੂੰ ਚੀਰਕੇ ਰੱਖ ਦਿੰਦੇ। ਸੁਵਿੰਦਰ ਨੂੰ ਇਹ ਗੱਲ ਘੜੀ ਮੁੜੀ ਜਤਾਈ ਜਾਂਦੀ ਕਿ, "ਤੈਨੂੰ ਅਸੀਂ ਨਰਕ ਚੋਂ ਸੁਰਗ 'ਚ ਲਿਆਂਦਾ। ਵਲੈਤ ਆਉਣ ਨੂੰ ਤਾਂ ਲੋਕੀਂ ਤਰਸਦੇ ਫਿਰਦੇ ਆ। ਨਾਲੇ ਤੇਰੇ ਮਾਪਿਆਂ ਕੋਲ ਹੈ ਈ ਕੀ ਸੀ? ਡੰਗ ਦੀ ਡੰਗ ਤਾਂ ਉਹਨਾਂ ਦੀ ਰੋਟੀ ਚਲਦੀ ਆ। ਸ਼ੁਕਰ ਕਰ, ਤੂੰ ਵਲੈਤ ਆ ਗਈਂ ਆਂ।" ਸੁਵਿੰਦਰ ਤੇ ਭਾਵੇਂ ਕਦੇ ਕਿਸੇ ਨੇ ਹੱਥ ਨਹੀਂ ਸੀ ਚੁੱਕਿਆ ਪਰ ਕੁਰੱਖਤ ਬੋਲਾਂ ਦਾ ਅਸਰ ਸਰੀਰਕ ਮਾਰ ਕੁਟਾਈ ਨਾਲੋਂ ਜ਼ਿਆਦਾ ਗਹਿਰਾ ਸੀ। ਸੁਵਿੰਦਰ ਅਤੇ ਉਹਦੇ ਮਾਪਿਆਂ ਦੀ ਪੁੱਣ ਛਾਣ ਵਾਲੇ ਬੋਲ ਉਹਦੇ ਦਿਮਾਗ ਤੇ ਛਾਪੇ ਵਾਂਗ ਛਾਪੇ ਗਏ ਸਨ ਜੋ ਉਹਦੇ ਦਿਮਾਗ ਨੂੰ ਹਰ ਵੇਲੇ ਕੁਰੇਦਦੇ ਸਨ। ਫੈਕਟਰੀ 'ਚ ਸੁਵਿੰਦਰ ਨੇ ਇੱਕ ਦੋ ਔਰਤਾਂ ਨਾਲ ਆਪਣਾ ਦੁੱਖ ਸਾਂਝਾ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹਨਾਂ ਵੀ ਪੱਲਾ ਝਾੜ ਦਿੱਤਾ, "ਤੂੰ ਤਾਂ ਕੁੜੀਏ ਇਥੇ ਆ ਕੇ ਫਸ ਗਈ। ਤੇਰੀ ਗਦੂਦ ਸੱਸ ਬਾਰੇ ਅਸੀਂ ਕੀ ਕਹੀਏ, ਸਾਨੂੰ ਤਾਂ ਲੱਗਦਾ ਆ ਡਰ। ਬਸ ਮਾੜੇ ਤੋਂ ਡਰਨਾ ਹਰ ਹਰ ਕਰਨਾ ਵਾਲੀ ਗੱਲ ਆ।" ਇੱਕ ਦਿਨ ਵਾਹਵਾ ਬਰਫਬਾਰੀ ਹੁੰਦੀ ਰਹੀ ਸੀ ਅਤੇ ਸਾਰੀ ਰਾਤ ਹੀ ਇਹ ਸਿਲਸਿਲਾ ਚਲਦਾ ਰਿਹਾ ਸੀ ਜੇਹਦਾ ਨਤੀਜਾ ਇਹ ਹੋਇਆ ਕਿ ਬਾਹਰ ਸਭ ਕੁੱਝ ਜੰਮਿਆ ਪਿਆ ਸੀ। ਸੁਵਿੰਦਰ ਜਦ ਸਵੇਰੇ ਕੰਮ ਤੇ ਜਾਣ ਲੱਗੀ ਤਾਂ ਮਾਂ ਧੀ ਨੇ ਉਹਦੇ ਨਾਲ ਉੱਠਦੇ ਈ ਬੋਲ ਕਬੋਲ ਕਰਨਾਂ ਸ਼ੁਰੂ ਕਰ ਦਿੱਤਾ ਕਿ, "ਉਹਨਾਂ ਲਈ ਚਾਹ ਕਿਉਂ ਨਹੀਂ ਸੀ ਬਣਾਈ?" ਸੁਵਿੰਦਰ ਦਾ ਅਗਲਾ ਪਿਛਲਾ ਸਾਜਰੇ ਈ ਫਰੋਲ ਮਾਰਿਆ ਅਤੇ ਉਹ ਰੋਂਦੀ ਕੁਰਲਾਂਦੀ ਕੰਮ ਤੇ ਚਲੀ ਗਈ। ਇੱਕ ਦੋ ਬੀਬੀਆਂ ਭੈਣਾਂ ਉਹਦੀਆਂ ਰੋ ਕੇ ਹੋਈਆਂ ਲਾਲ ਅੱਖਾਂ ਦੇਖੀਆਂ ਤਾਂ ਗੱਲ ਤੋਰਨ ਲਈ ਕਿਹਾ, "ਸਨੋਅ ਨਾਲ ਤਾਂ ਸਭ ਕੁੱਛ ਈ ਜੰਮ ਗਿਆ, ਐਨੀ ਸਨੋਅ ਤਾਂ ਅੱਗੇ ਕਦੇ ਨਹੀਂ ਸੀ ਪਈ।" ਬਲੀ ਜਲੀ ਸੁਵਿੰਦਰ ਤੋਂ ਰਹਿ ਨਾਂ ਹੋਇਆ ਅਤੇ ਉਹ ਬੋਲੀ, "ਸਨੋਅ ਤਾਂ ਮੈਂ ਉਸ ਦਿਨ ਪਈ ਮੰਨੂੰ ਜਿੱਦਣ ਮੇਰੀ ਸੱਸ ਅਤੇ ਨਨਾਣ ਦੀਆਂ ਜੁਬਾਨਾਂ ਜੰਮ ਜਾਣਗੀਆਂ।" ਸੁਵਿੰਦਰ ਦੀ ਗੱਲ ਸੁਣ ਸਭ ਹੱਸ ਪਈਆਂ ਪਰ ਸੁਵਿੰਦਰ ਅੱਕੀ ਪਈ ਸੀ ਅਤੇ ਫਿਰ ਬੋਲੀ, "ਐਹੋ ਜੇਹੀਆਂ ਲੁਤਰੀਆਂ ਤੀਵੀਂਆਂ ਮੈਂ ਕਦੇ ਨਹੀਂ ਦੇਖੀਆਂ। ਘਰ ਸਾਰਾ ਦਿਨ ਬੈਠੀਆਂ ਸੈਟੀਆਂ ਤੋੜਦੀਆਂ ਰਹਿੰਦੀਆਂ, ਕੋਈ ਕੰਮ ਨਾਂ ਕਾਰ। ਬਸ ਮੈਨੂੰ ਦੇਖ ਮੱਚ ਉੱਠਦੀਆਂ ਜਿੱਦਾਂ ਮੈਂ ਕੋਈ ਇਹਨਾਂ ਦਾ ਘੇ ਦਾ ਘੜਾ ਡੋਲ੍ਹ ਦਿੱਤਾ ਹੋਵੇ।" ਕੰਮ ਕਰਨ ਵਾਲੀਆਂ ਨਾਲ ਦੀਆਂ ਜ਼ਨਾਨੀਆਂ ਸੁਵਿੰਦਰ ਨੂੰ ਮਾੜੀ ਮੋਟੀ ਤਸੱਲੀ ਦਿਤੀ ਪਰ ਉਹਦਾ ਮਨ ਸੜਿਆ ਪਿਆ ਸੀ। ਨਾਲੇ ਇਹ ਕਹਾਣੀ ਇਕ ਦਿਨ ਦੀ ਥੋੜੋ ਸੀ, ਹਰ ਰੋਜ਼ ਦਾ ਕਿੱਸਾ ਸੀ।

ਉਹ ਸ਼ਕਾਇਤ ਕਰੇ ਤਾਂ ਕਰੇ ਕੇਹਦੇ ਕੋਲ? ਉਹਦਾ ਆਦਮੀ ਤਾਂ ਪਹਿਲਾਂ ਈ ਦੁਆਈਆਂ ਤੇ ਸੀ। ਇਹਨਾ ਦਿਨਾਂ 'ਚ ਸੁਵਿੰਦਰ ਗਰਭਵਤੀ ਹੋ ਗਈ ਅਤੇ ਸਾਲ ਕੁ ਬਾਦ ਉਹਨੇ ਇੱਕ ਬੱਚੀ ਨੂੰ ਜਨਮ ਦਿੱਤਾ। ਸੁਵਿੰਦਰ ਨੇ ਸੋਚਿਆ ਸੀ ਕਿ ਘਰ 'ਚ ਨਵਾਂ ਜੀਅ ਆਉਣ ਤੇ ਉਹਦੇ ਨਾਲ ਹੁੰਦੇ ਵਰਤਾਵ 'ਚ ਸ਼ਾਇਦ ਕੁੱਝ ਨਰਮੀ ਆ ਜਾਵੇ ਪਰ ਇਹ ਉਹਦੀ ਗਲਤਫਹਿਮੀ ਸੀ। ਕੁੜੀ ਜੰਮਣ ਤੇ ਘਰ 'ਚ ਸੁਵਿੰਦਰ ਤੋਂ ਬਿਨਾਂ ਕੋਈ ਵੀ ਖੁਸ਼ ਨਹੀਂ ਸੀ। ਸੁਵਿੰਦਰ ਦਾ ਬੱਚੀ ਦੀ ਆਮਦ ਤੇ ਥੋੜਾ ਜਿਹਾ ਦਿਲ ਲੱਗਣਾ ਸ਼ੁਰੂ ਹੋ ਗਿਆ ਸੀ। ਆਪਣੇ ਮਾਂ ਪਿਉ ਨੂੰ ਉਹਨੇ ਕਦੇ ਆਪਣੇ ਨਾਲ ਹੁੰਦੇ ਗਲਤ ਵਰਤਾਵ ਬਾਰੇ ਨਹੀਂ ਸੀ ਦੱਸਿਆ ਪਰ ਐਤਕੀ ਉਹਨੇ ਜ਼ਰੂਰ ਚਿੱਠੀ 'ਚ ਲਿਖ ਦਿੱਤਾ ਸੀ ਕਿ, "ਕੁੜੀ ਜੰਮਣ ਤੇ ਇਥੇ ਘਰ 'ਚ ਕੋਈ ਖੁਸ਼ ਨਹੀਂ।" ਬੱਚੀ ਦੇ ਜਨਮ ਤੋਂ ਡੇਢ ਕੁ ਮਹੀਨੇ ਬਾਦ ਈ ਸੁਵਿੰਦਰ ਨੇ ਫਿਰ ਕੰਮ ਤੇ ਜਾਣਾਂ ਸ਼ੁਰੂ ਕਰ ਦਿੱਤਾ। ਸੱਸ ਗੁਰਮੀਤ ਕੌਰ ਬੱਚੀ ਦੀ ਦੇਖਭਾਲ ਕਰਨ ਲਈ ਇਸ ਕਰਕੇ ਰਾਜ਼ੀ ਹੋ ਗਈ ਸੀ ਕਿਉਂਕਿ ਘਰ 'ਚ ਹੁਣ ਹਰ ਹਫਤੇ ਪੈਸੇ ਨਹੀਂ ਸਨ ਆ ਰਹੇ। ਘਰ 'ਚ ਸਿਰਫ ਦੋ ਜਣੇ ਈ ਤਾਂ ਕੰਮ ਕਰਦੇ ਸਨ, ਸੁਵਿੰਦਰ ਅਤੇ ਉਹਦਾ ਸਹੁਰਾ, ਬਾਕੀ ਚੌਣਾਂ ਮੁਫਤ ਦੀਆਂ ਰੋਟੀਆਂ ਤੋੜ ਰਿਹਾ ਸੀ। ਸੁਵਿੰਦਰ ਨੂੰ ਆਪਣੇ ਗਰੀਬ ਮਾਂ ਬਾਪ ਅਤੇ ਤਿੰਨ ਭੈਣਾਂ ਅਤੇ ਤਿੰਨ ਭਰਾਵਾਂ ਦਾ ਫਿਕਰ ਸੀ। ਸੱਤਾਂ ਨਿਆਣਿਆਂ ਚੋਂ ਸੁਵਿੰਦਰ ਈ ਸਭ ਤੋਂ ਵੱਡੀ ਸੀ। ਸੁਵਿੰਦਰ ਨੇ ਆਪਣੀਆਂ ਭੈਣਾਂ ਭਰਾਵਾਂ ਅਤੇ ਮਾਂ ਪਿਉ ਨੂੰ ਤਸੱਲੀਆਂ ਦਿੱਤੀਆਂ ਸਨ ਕਿ ਵਲੈਤ ਪਹੁੰਚ ਕੇ ਉਹ ਉਹਨਾਂ ਸਭ ਨੂੰ ਮੰਗਾਅ ਲਵੇਗੀ, ਪਰ ਇਹ ਉਹਦੀ ਖੁਸ਼ਫਹਿਮੀ ਹੋ ਨਿਬੜੀ। ਨਹੀਂ ਤਾਂ ਵਲੈਤ ਆਈਆਂ ਕਈ ਬਟਲੌਰੀਆਂ ਨੇ ਆਦਮੀ ਨੂੰ ਬਸ ਕਰਕੇ ਆਪਣਾ ਸਾਰਾ ਜੀਅ ਜੰਤ ਵਲੈਤ ਮੰਗਾ ਲਿਆ ਸੀ ਅਤੇ ਆਦਮੀ ਦੇ ਭੈਣ ਭਰਾਵਾਂ ਅਤੇ ਮਾਂ ਪਿਉ ਨੂੰ ਠੁੱਠ ਦਿਖਾ ਦਿੱਤਾ ਸੀ। ਪਰ ਸੁਵਿੰਦਰ ਨੂੰ ਤਾਂ ਆਪਣੀ ਜਾਨ ਦੇ ਲਾਲ੍ਹੇ ਪਏ ਸੀ ਕਿ ਇਸ ਚਿੱਕੜ ਚੋਂ ਕਿਸੇ ਤਰ੍ਹਾਂ ਬਾਹਰ ਨਿਕਲਿਆਂ ਜਾਵੇ। ਇਸ ਉਧੇੜ ਬੁਣ 'ਚ ਈ ਉਹਦੇ ਪੰਜ ਸਾਲ ਨਿਕਲ ਗਏ। ਇਹਨਾਂ ਪੰਜਾਂ ਸਾਲਾਂ ਵਿਚ ਹਰ ਵਰਿਆਈ ਗਾਂ, ਮੱਝ ਵਾਂਗ ਸੁਵਿੰਦਰ ਨੇ ਚਾਰ ਬੱਚੀਆਂ ਨੂੰ ਜਨਮ ਦਿੱਤਾ। ਚੌਥੀ ਬੱਚੀ ਵੇਲੇ ਹਸਪਤਾਲ 'ਚ ਕਿਸੇ ਦੇਸੀ ਹਮਦਰਦ ਨਰਸ ਦੇ ਕਹਿਣ ਤੇ ਸੁਵਿੰਦਰ ਨੇ ਆਪਣਾ ਉਪਰੇਸ਼ਨ ਕਰਾ ਲਿਆ। ਨਰਸ ਕਿਹਾ, "ਭੈਣੇਂ ਤੈਨੂੰ ਇਹ ਕਸਾਈ ਮਾਰ ਦੇਣਗੇ। ਤੂੰ ਇਹਨਾਂ ਨੂੰ ਕਦੇ ਖੁਸ਼ ਨਹੀਂ ਕਰ ਸਕਦੀ। ਆਪਣੇ ਸਰੀਰ ਦਾ ਹਾਲ ਤਾਂ ਦੇਖ, ਕਿਵੇਂ ਨੁੱਚੜ ਗਿਆ। ਤੂੰ ਕੋਈ ਨਿਆਣੇ ਪੈਦਾ ਕਰਨ ਵਾਲੀ ਮਸ਼ੀਨ ਥੋੜੀ ਆਂ। ਆਪਣੀ ਸੇਹਤ ਦਾ ਖਿਆਲ ਰੱਖ। ਜੇ ਆਪਣੇ ਲਈ ਨਹੀਂ ਤਾਂ ਆਪਣੀਆਂ ਮਾਸੂਮ ਜਿੰਦਾਂ ਦਾ ਤਾਂ ਕੁੱਝ ਖਿਆਲ ਕਰ। ਮੁੰਡਾ ਹੋਣ ਤੇ ਇਹਨਾਂ ਕਿਹੜਾ ਤਗਮਾ ਦੇ ਦੇਣੈਂ। ਪੱਕ ਚੁੱਕੀਆਂ ਆਦਤਾਂ ਨਹੀਂ ਕਦੇ ਬਦਲਦੀਆਂ ਹੁੰਦੀਆਂ।" ਨਰਸ ਦੀਆ ਗੱਲਾਂ ਦਾ ਸੁਵਿੰਦਰ ਤੇ ਬੜਾ ਡੂੰਘਾ ਅਸਰ ਪਿਆ ਸੀ ਅਤੇ ਇਸ ਕਰਕੇ ਉਪਰੇਸ਼ਨ ਲਈ ਉਹਨੇ ਹਾਂ ਕਰ ਦਿੱਤੀ ਸੀ ਘਰ ਦਾ ਮਾਹੌਲ ਪਹਿਲਾਂ ਵਰਗਾ ਸੀ ਅਤੇ ਸੁਵਿੰਦਰ ਨੇ ਫਿਰ ਕੰਮ ਤੇ ਜਾਣਾ ਸ਼ੁਰੂ ਕਰ ਦਿੱਤਾ ਸੀ। ਸੁਵਿੰਦਰ ਨੂੰ ਤਾਜ਼ਾ ਹਵਾ ਦੀ ਲੋੜ ਸੀ ਤਾਂ ਕਿ ਇਸ ਕਾਲਖ ਨਾਲ ਭਰੇ ਮਾਹੌਲ ਚੋਂ ਕਿਤੇ ਔਕਸੀਜ਼ਨ ਮਿਲ ਸਕੇ। ਉਹਨੂੰ ਆਪਣੇ ਮਾਂ ਪਿਉ ਅਤੇ ਭੈਣ-ਭਰਾ ਬਾਰ ਬਾਰ ਯਾਦ ਆ ਰਹੇ ਸਨ। ਉਹਨਾਂ ਨੂੰ ਮਿਲਿਆਂ ਪੰਜ ਸਾਲ ਹੋ ਗਏ ਸਨ ਅਤੇ ਸੁਵਿੰਦਰ ਦਾ

ਮਨ ਕਰਦਾ ਸੀ ਕਿ ਉਹ ਇੰਡਿਆ ਫੇਰਾ ਪਾ ਆਵੇ। ਅਚਾਨਕ ਇਕ ਦਿਨ ਉਹਦੇ ਪੇਟ 'ਚ ਦਰਦ ਹੋਣਾ ਸ਼ੁਰੂ ਹੋ ਗਿਆ ਤਾਂ ਉਹਨੂੰ ਹਸਪਤਾਲ ਲਿਜਾਣਾ ਪਿਆ। ਉਹਦੀ ਨਨਾਣ ਉਹਦੇ ਨਾਲ ਚਲੀ ਗਈ। ਹਸਪਤਾਲ 'ਚ ਚੈੱਕ ਅੱਪ ਵੇਲੇ ਦੇਖਿਆ ਕਿ ਪਹਿਲਾਂ ਕੀਤੇ ਉਪਰੇਸ਼ਨ 'ਚ ਇਨਫੈਕਸ਼ਨ ਸੀ। ਇਸ ਬਾਰੇ ਜਦ ਨਨਾਣ ਨੂੰ ਪਤਾ ਲੱਗਾ ਤਾਂ ਉਹਨੇ ਸਭ ਦੇ ਸਾਹਮਣੇ ਈ ਬਕੜਵਾਹ ਕਰਨਾ ਸ਼ੁਰੂ ਕਰ ਦਿੱਤਾ। ਡਾਕਟਰਾਂ ਅਤੇ ਨਰਸਾਂ ਨੇ ਸੁਵਿੰਦਰ ਨੂੰ ਦਵਾਈ ਦੇ ਕੇ ਘਰ ਤੋਰ ਦਿੱਤਾ। ਘਰ ਪਹੁੰਚ ਜਦ ਉਪਰੇਸ਼ਨ ਬਾਰੇ ਅਵੈੜ-ਮਾਤਾ-ਗੁਰਮੀਤ ਕੌਰ ਨੂੰ ਪਤਾ ਲੱਗਾ ਤਾਂ ਉਹਨੇ ਕਲੇਸ਼ ਕਰ ਲਿਆ। ਮਾਂ ਧੀ ਨੇ ਰਲ ਕੇ ਸੁਵਿੰਦਰ ਦੀ ਬੁਰੀ ਤਰ੍ਹਾਂ ਗੱਤ ਬਣਾਈ ਅਤੇ ਉਹ ਗਰੀਬਣੀਂ ਇਕ ਪਾਸੇ ਬੈਠੀ ਰੋਂਦੀ ਰਹੀ। ਉਸ ਦਿਨ ਉਹਨੇ ਕੁੱਝ ਨਾ ਖਾਧਾ ਪੀਤਾ।

ਦੂਜੇ ਦਿਨ ਕੰਮ ਤੋਂ ਵਾਪਿਸ ਆਉਂਦਿਆਂ ਸਰਦੂਲ ਸਿੰਘ ਮਿਲ ਪਿਆ ਅਤੇ ਗੱਲਾਂ ਗੱਲਾਂ 'ਚ ਸੁਵਿੰਦਰ ਨੇ ਜਸਬੀਰ ਬਾਰੇ ਪੁੱਛ ਲਿਆ ਕਿ ਉਹ ਕਿਥੇ ਰਹਿੰਦਾ ਸੀ। ਸਰਦੂਲ ਨੇ ਜਸਬੀਰ ਦਾ ਪਤਾ ਦੱਸ ਦਿੱਤਾ ਅਤੇ ਸੁਵਿੰਦਰ ਨੇ ਸਰਦੂਲ ਸਿੰਘ ਨਾਲ ਪੱਕੀ ਠੱਕੀ ਕੀਤੀ ਕਿ ਇਕ ਵਾਰ ਮੈਨੂੰ ਜਸਬੀਰ ਨਾਲ ਮਿਲਾ ਦੇਵੇ। ਸਰਦੂਲ ਕੋਲੋਂ ਸੁਵਿੰਦਰ ਦਾ ਦੁੱਖ ਸਹਾਰ ਨਾ ਹੋਇਆ ਅਤੇ ਉਹਨੇ ਖਤਰਾ ਮੁੱਲ ਲੈ ਕੇ ਜਸਬੀਰ ਦੇ ਘਰ ਮੂਹਰੇ ਇਕ ਦਿਨ ਕਾਰ 'ਚ ਲੈ ਆਂਦਾ। ਉਸ ਦਿਨ ਸੁਵਿੰਦਰ ਘਰੋਂ ਗੁਰਦੁਆਰੇ ਜਾਣ ਦਾ ਬਹਾਨਾ ਬਣਾ ਮਿਥੀ ਸਕੀਮ ਮੁਤਾਬਕ ਸਰਦੂਲ ਨੂੰ ਬਾਹਰ ਇਕ ਜਗ੍ਹਾ ਮਿਲ ਪਈ ਸੀ। ਜਸਬੀਰ ਨੇ ਜਦ ਅਚਾਨਕ ਦੇਖਿਆ ਤਾਂ ਹੱਕਾ ਬੱਕਾ ਰਹਿ ਗਿਆ। ਸੁਵਿੰਦਰ ਨੇ ਤਰਲਾ ਕੀਤਾ, "ਭਾਅ ਜੀ, ਮੇਰੀ ਮਦਦ ਕਰੋ।" ਪਰ ਜਸਬੀਰ ਆਪ ਬੁਰੀ ਤਰ੍ਹਾਂ ਫਸਿਆ ਪਿਆ ਸੀ। ਉਹਦੇ ਤੇ ਉਹਦੇ ਸਹੁਰੇ ਨੇ ਮੁੱਕਦਮਾ ਕੀਤਾ ਹੋਇਆ ਸੀ ਕਿ, "ਜਸਬੀਰ ਇੰਡਿਆ ਵਿਆਹ ਕਰਨ ਦੇ 10 ਲੱਖ ਰੁਪਏ ਅਤੇ ਵੀਹ ਤੋਲਾ ਸੋਨਾ ਦਵੇ।" ਜਸਬੀਰ ਨੇ ਆਪਣੀ ਮਜ਼ਬੂਰੀ ਦੱਸੀ ਅਤੇ ਸੁਵਿੰਦਰ ਖਾਲੀ ਹੱਥ ਘਰ ਵਾਪਿਸ ਆ ਗਈ। ਸਰਦੂਲ ਜਦ ਸੁਵਿੰਦਰ ਨੂੰ ਵਾਪਿਸ ਛੱਡਣ ਆਇਆ ਤਾਂ ਉਹਨੂੰ ਘਰ ਦੇ ਕੋਲ ਈ ਗੁਰਮੀਤੋ ਮਿਲ ਪਈ ਅਤੇ ਉਹਨੂੰ ਸਭ ਸੱਚ ਸੱਚ ਦੱਸਣਾ ਪਿਆ। ਘਰ ਪਹੁੰਚ ਸੁਵਿੰਦਰ ਦਾ ਬਹੁਤ ਬੁਰਾ ਹਾਲ ਕੀਤਾ ਗਿਆ ਅਤੇ ਉਹਦਾ ਨਾ ਜਸਬੀਰ ਨਾਲ ਜੋੜ ਕੇ ਬੜੇ ਮੇਹਣੇ ਦਿੱਤੇ ਗਏ। ਦੋ ਹਫਤਿਆਂ ਬਾਦ ਸੁਵਿੰਦਰ ਨੂੰ ਸਿੰਗਲ ਟਿਕਟ ਤੇ ਭਾਰਤ ਭੇਜ ਦਿੱਤਾ ਅਤੇ ਉਹ ਮੁੜ ਵਾਪਿਸ ਨਾ ਆਈ। ਗੁਰਮੀਤੋ ਤੇ ਸੁਵਿੰਦਰ ਅਤੇ ਚਾਰ ਮਾਸੂਮ ਬੱਚੀਆਂ ਦੀਆਂ ਆਹਾਂ ਦਾ ਕੋਈ ਅਸਰ ਨਹੀਂ ਸੀ।

# ਦਿਵੀਆ

ਕੁਲਦੀਪ ਦੀ ਪਹਿਲੇ ਦਿਨ ਤੋਂ ਈ ਆਪਣੀ ਤੀਵੀਂ ਗੁਰਨਾਮ ਨਾਲ ਨਹੀਂ ਸੀ ਬਣੀ। ਉਹ ਨਿੱਕੀ ਨਿੱਕੀ ਗੱਲ ਤੋਂ ਖਹਬਿੜ ਪੈਂਦੇ ਅਤੇ ਫਿਰ ਗੱਲ ਵੱਧਦੀ ਈ ਤੁਰੀ ਜਾਂਦੀ। ਬੇਲਗਾਮ ਗੁਰਨਾਮ ਟੁੱਟੇ ਛਿਤਰ ਵਾਂਗ ਸੀ ਅਤੇ ਉਹ ਹਰ ਵੇਲੇ ਕੁਲਦੀਪ ਦੇ ਮਾਂ ਪਿਉ, ਭੈਣ ਭਰਾਵਾਂ ਅਤੇ ਸਾਰੇ ਖਾਨਦਾਨ ਨੂੰ ਪੁਣਦੀ ਛਾਣਦੀ ਰਹਿੰਦੀ। ਕੁਲਦੀਪ ਨੂੰ ਗੁੱਸਾ ਤਾਂ ਬੜਾ ਆਉਂਦਾ ਪਰ ਫਿਰ ਚੁੱਪ ਕਰ ਰਹਿੰਦਾ ਕਿ ਵਲੈਤੀ ਕਾਨੂੰਨ ਉਹਦੇ ਖਿਲਾਫ ਈ ਭੁਗਤਣੇ ਕਿਉਂਕਿ ਗੋਰਿਆਂ ਨੂੰ ਪਤਾ ਹੈ ਕਿ ਬਹੁਤੇ ਏਸ਼ੀਅਨ ਮਰਦ ਆਪਣੀਆਂ ਘਰਵਾਲੀਆਂ ਨਾਲ ਧੱਕਾ ਕਰਦੇ ਹਨ। ਕੁਲਦੀਪ ਦੇ ਮਾਂ ਬਾਪ ਉਹਨਾਂ ਦੇ ਨਾਲ ਰਹਿੰਦੇ ਸਨ ਅਤੇ ਉਹ ਵੀ ਇਸ ਰੋਜ਼ ਦੀ ਤੂੰ ਤੂੰ ਮੈਂ ਮੈਂ ਤੋਂ ਤੰਗ ਆ ਗਏ ਸਨ। ਕਈ ਵਾਰ ਕੁਲਦੀਪ ਅਤੇ ਗੁਰਨਾਮ ਦੇ ਝਗੜਿਆਂ ਵਿਚ ਉਹ ਭਲੇਮਾਣਸ ਬਜ਼ੁਰਗ ਵੀ ਲਪੇਟੇ ਜਾਂਦੇ ਅਤੇ ਉਹਨਾਂ ਹੁਣ ਕੁਲਦੀਪ ਨਾਲ ਸਲਾਹ ਕਰਕੇ ਜੁੱਦੇ ਘਰ 'ਚ ਰਹਿਣ ਦਾ ਫੈਸਲਾ ਕਰ ਲਿਆ ਸੀ। ਬਜ਼ੁਰਗਾਂ ਇਹ ਵੀ ਸੋਚਿਆ ਕਿ ਸ਼ਾਇਦ ਇਹ ਦੋਵੇਂ ਇਕੱਲੇ ਰਹਿ ਕੇ ਠੀਕ ਹੋ ਜਾਣ। ਪਰ ਵਾਦੜੀਆਂ ਸੁਜਾਦੜੀਆਂ ਨਿਭਣ ਸਿਰਾਂ ਦੇ ਨਾਲ ਅਨੁਸਾਰ ਗੁਰਨਾਮ ਕਿਥੇ ਸੁਧਰਨ ਵਾਲੀ ਸ਼ੈਅ ਸੀ। ਕੁਲਦੀਪ ਨੇ ਤਿੰਨ ਚਾਰ ਵਾਰ ਗੁਰਨਾਮ ਦੀ ਮਾਤਾ ਜੀ ਨੂੰ ਵੀ ਸ਼ਕਾਇਤੀ ਲਹਿਜੇ 'ਚ ਕਿਹਾ ਕਿ, "ਉਹ ਗੁਰਨਾਮ ਨੂੰ ਕਹਿਣ ਕਿ ਘਰ 'ਚ ਸ਼ਾਂਤੀ ਰੱਖਿਆ ਕਰੇ। ਘਰ 'ਚ ਕਲੇਸ਼ ਠੀਕ ਨਹੀਂ ਹੁੰਦਾ।" ਪਰ ਸੱਸੂ ਮਾਤਾ ਨੇ ਤਾਂ ਆਪ ਸਾਰੀ ਉਮਰ ਆਪਣੇ ਘਰ ਆਪਣਾ ਈ ਡੰਕਾ ਚਲਾਇਆ ਸੀ, ਉਹ ਕਿਥੇ ਕੁਲਦੀਪ ਦੀ ਸੁਣਨ ਵਾਲੀ ਸੀ। ਉਹਨੇ ਫੱਟ ਜੁਆਬ ਦੇ ਦਿੱਤਾ ਕਿ, "ਗੁਰਨਾਮ ਨੇ ਤਾਂ ਇਦਾਂ ਈ ਕਰਨੀਆ ਤੂੰ ਜੋ ਜ਼ੋਰ ਲਾਉਣਾ ਲਾ ਲੈ।" ਬੱਚਾ ਘਰੋਂ ਈ ਬਹੁਤੀਆਂ ਆਦਤਾਂ ਸਿੱਖਦਾ ਅਤੇ ਇਸ ਦਿੱਤੀ ਹੱਲਾਸ਼ੇਰੀ ਨੇ ਗੁਰਨਾਮ ਨੂੰ ਹੋਰ ਚਮਲਾ ਦਿੱਤਾ। ਗੁਰਨਾਮ ਦੀ ਮਾਂ ਉਹਨੂੰ ਸਮਝਾਉਂਦੀ ਕਿ, "ਮਰਦ ਤਾਂ ਗੂਠੇ ਹੇਠ ਰੱਖਿਆ ਈ ਸੂਤ ਰਹਿੰਦੇ ਆ। ਤੂੰ ਆਪਣੀ ਕਮਾਈ ਕਰਦੀ ਆਂ। ਤੇਰੇ ਤੇ ਕਿਸੇ ਦਾ ਕੋਈ ਅਹਿਸਾਨ ਨਹੀਂ। ਕਿਸੇ ਦੀ ਈਨ ਮੰਨਣ ਦੀ ਤੈਨੂੰ ਕੁੜੀਏ ਕੋਈ ਲੋੜ ਨਹੀਂ। ਤੂੰ ਆਪਣੀ ਐਸ਼ ਕਰ।"

ਕੁਲਦੀਪ ਅਤੇ ਗੁਰਨਾਮ ਦੇ ਵਿਆਹ ਤੋਂ ਸਾਲ ਕੁ ਬਾਦ ਜਦ ਉਹਨਾਂ ਦੇ ਘਰ ਬੇਟੀ ਦਿਵੀਆ ਨੇ ਜਨਮ ਲਿਆ ਤਾਂ ਕੁਲਦੀਪ ਅਤੇ ਉਹਦੇ ਮਾਂ ਬਾਪ ਬੜੇ ਖੁਸ਼ ਹੋਏ ਕਿ, "ਘਰ 'ਚ ਨਵਾਂ ਜੀਅ ਆਇਆ।" ਉਹਨਾਂ ਸਾਰਿਆਂ ਬੜਾ ਚਾਅ ਕੀਤਾ। ਏਸ਼ੀਅਨ ਦੇਸੀ ਰਿਵਾਜ਼ ਤੋਂ ਉਲਟ ਉਹਨਾਂ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਪਾਰਟੀ ਦਿੱਤੀ ਅਤੇ ਮਠਿਆਈਆਂ ਵੰਡੀਆਂ। ਪਰ ਗੁਰਨਾਮ ਅਤੇ ਉਹਦੇ ਪਰਵਾਰ

ਬਿਲਕੁਲ ਖੁਸ਼ੀ ਨਾਂ ਮਨਾਈ ਸਗੋਂ ਉਲਟਾ ਕੁਲਦੀਪ ਅਤੇ ਉਹਦੇ ਮਾਪਿਆਂ ਨੂੰ ਕਿਹਾ, "ਤੁਸੀਂ ਤਾਂ ਪੁੱਠੀਆਂ ਗੱਲਾਂ ਕਰਦੇ ਆਂ। ਕੋਈ ਕੁੜੀ ਜੰਮੀ ਤੇ ਵੀ ਖੁਸ਼ੀ ਮਨਾਉਂਦਾ? ਲੋਕੀਂ ਤਾਂ ਕੁੜੀ ਦਾ ਪਤਾ ਲੱਗਣ ਤੇ ਜੰਮਣ ਤੋਂ ਪਹਿਲਾਂ ਈ ਪੇਟ ਦੀ ਸਫਾਈ ਕਰਾ ਦਿੰਦੇ ਆ।" ਕੁਲਦੀਪ ਕਿਹਾ, "ਮਾਤਾ ਜੀ, ਤੁਸੀਂ ਵੀ ਤਾਂ ਕਿਸੇ ਦੀ ਕੁੜੀ ਆ ਅਤੇ ਤੁਹਾਡੀ ਗੁਰਨਾਮ ਵੀ ਤਾਂ ਕੁੜੀ ਈ ਆ।" ਕੁਲਦੀਪ ਦੀ ਗੱਲ ਦਾ ਹੁਣ ਸੱਸੂਮਾਤਾ ਜੀ ਕੋਲ ਕੋਈ ਜੁਆਬ ਨਹੀਂ ਸੀ। ਪਰ ਉਹ ਪਿੱਛੇ ਹਟਣ ਵਾਲੀ ਕਿਥੇ ਸੀ। ਮੂੰਹ ਬੁਲ੍ਹ ਅਟੇਰਦੀ ਕਿਹਾ, "ਤੇਰੀ ਤਾਂ ਬਿਲਕੁਲ ਈ ਮੱਤ ਮਾਰੀ ਗਈ ਆ। ਤੈਨੂੰ ਤਾਂ ਜਮਾਂ ਈ ਅਕਲ ਨਹੀਂ। ਤੂੰ ਤਾਂ ਖਾਲੀ ਭਾਂਡਾ ਤੇ ਤੇਰੇ ਵਾਂਗ ਈ ਤੇਰੇ ਚੌਲ ਦਾੜੇ ਮਾਪੇ ਆ।" ਸੱਸੂਮਾਤਾ ਨੇ ਆਪਣੇ ਆਦਮੀ ਨੂੰ ਪਹਿਲਾਂ ਈ ਗੁੱਠੇ ਲਾਇਆ ਹੋਇਆ ਸੀ, ਇਸੇ ਕਰਕੇ ਕੋਲ ਬੈਠਾ ਹੋਣ ਦੇ ਬਾਵਜੂਦ ਵੀ ਉਹ ਕੁੱਝ ਨਾ ਬੋਲਿਆ ਪਰ ਗੁਰਨਾਮ ਬੇਸ਼ਰਮਾਂ ਵਾਂਗ ਦੰਦੀਆ ਕੱਢਦੀ ਰਹੀ। ਕੁਲਦੀਪ ਦੇ ਮਾਂ ਪਿਉ ਵੀ ਚੁੱਪ ਰਹੇ ਕਿ, ਇਸ ਨਖੁਸੜੀ ਤੀਵੀਂ ਨਾਲ ਕੀ ਮੱਥਾ ਲਾਉਣਾਂ।"

ਕੁਲਦੀਪ ਨੂੰ ਸ਼ੱਕ ਤਾਂ ਰੀਂਗਦੀ ਰੀਂਗਦੀ ਪਹਿਲਾਂ ਵੀ ਸੀ ਕਿ ਗੁਰਨਾਮ ਦਾ ਕਿਸੇ ਗੋਰੇ ਨਾਲ ਇਸ਼ਕ ਚੱਲ ਰਿਹਾ। ਪਰ ਉਸ ਦਿਨ ਤਾਂ ਗੱਲ ਧੁੱਪ ਵਾਂਗ ਸਾਫ ਈ ਹੋ ਗਈ ਜਿਸ ਦਿਨ ਕੁਲਦੀਪ ਕੰਮ ਤੇ ਠੀਕ ਮਹਿਸੂਸ ਨਾਂ ਕਰਦਾ ਹੋਇਆ ਆਮ ਆਉਣ ਵਾਲੇ ਸਮੇਂ ਤੋਂ ਦੋ ਘੰਟੇ ਪਹਿਲਾਂ ਘਰ ਆ ਗਿਆ ਤਾਂ ਗੁਰਨਾਮ ਨੂੰ ਇੱਕ ਗੋਰੇ ਨਾਲ ਰੰਗੇ ਹੱਥੀ ਫੜ ਲਿਆ। ਬੇਸ਼ਰਮਾਂ ਵਾਂਗ ਗੁਰਨਾਮ ਸਾਫ ਕਹਿ ਦਿੱਤਾ ਕਿ, "ਮੈਂ ਤਾਂ ਇਦਾਂ ਈ ਕਰਨੈ। ਜੋ ਤੂੰ ਕਰਨਾਂ ਕਰ ਲੈ।" ਗੱਲ ਦਾ ਪਸਾਰਾ ਜਦ ਮਾਂ ਪਿਉ ਅਤੇ ਸੱਸੂਮਾਤਾ ਤਕ ਪਹੁੰਚਾ ਤਾਂ ਉਹਨੇ ਵੀ ਪਟੱਕ ਜੁਆਬ ਦੇ ਦਿੱਤਾ ਕਿ, "ਸਾਡੀ ਕੁੜੀ ਤਾਂ ਉਦਾਂ ਈ ਕਰੂ ਜੋ ਉਹਨੂੰ ਚੰਗਾ ਲੱਗੂ।"

ਮਰਦ ਸਰੀਰਕ ਜਾਂ ਮਾਨਸਿਕ ਪੱਖੋਂ ਜਿਨ੍ਹਾਂ ਮਰਜ਼ੀ ਕਮਜ਼ੋਰ ਹੋਵੇ ਪਰ ਗੈਰ-ਮਰਦ ਨਾਲ ਆਪਣੀ ਔਰਤ ਦੇ ਸੰਬਧਾਂ ਨੂੰ ਬਰਦਾਸ਼ਤ ਨਹੀਂ ਕਰਦਾ ਅਤੇ ਫਿਰ ਦੇਸੀ ਮਰਦ ਇਹ ਗੱਲ ਕਿਵੇਂ ਸਹਾਰ ਲਊ? ਅਜੇ ਦੇਸੀ ਮਰਦ ਬਾਹਰ ਮੂੰਹ ਮਾਰਦਾ ਹੋਵੇ ਤਾਂ ਔਰਤ ਨੂੰ ਪਤਾ ਲੱਗਣ ਤੇ ਉਹ ਬਹੁਤੇ ਕੇਸਾਂ ਵਿਚ ਮੁਆਫ ਕਰ ਦਿੰਦੀ ਆ ਪਰ ਮਰਦ ਦੇ ਇਹ ਗੱਲ ਸੰਘੋਂ ਨਹੀਂ ਲੱਥਦੀ। ਘਰ 'ਚ ਹੁਣ ਲੜਾਈ ਝਗੜਾ ਹੋਰ ਵਧ ਗਿਆ ਅਤੇ ਫਿਰ ਇੱਕ ਦਿਨ ਗੁਰਨਾਮ ਆਪਣਾ ਬਸਤਾ ਲਪੇਟ ਘਰੋਂ ਤੁਰ ਗਈ। ਸਾਲ ਕੁ ਦੀ ਮਾਸੂਮ ਬੱਚੀ ਦਿਵੀਆ ਦਾ ਵੀ ਉਹਨੂੰ ਕੋਈ ਮੋਹ ਨਾਂ ਆਇਆ। ਇਸ ਮਾਸੂਮ ਬੋਟ ਨੂੰ ਹੁਣ ਕੁਲਦੀਪ ਦੇ ਮਾਂ ਪਿਉ ਪਾਲਣਾਂ ਸ਼ੁਰੂ ਕਰ ਦਿੱਤਾ। ਤਲਾਕ ਵੇਲੇ ਵੀ ਗੁਰਨਾਮ ਨੇ ਕਹਿ ਦਿੱਤਾ ਕਿ, "ਉਹ ਆਪਣੀ ਬੱਚੀ ਨੂੰ ਆਪਣੇ ਕੋਲ ਨਹੀਂ ਰੱਖਣਾ ਚਾਹੁੰਦੀ।" ਮਹੀਨ ਜਜ਼ਬਾਤਾਂ ਵਾਲਾ ਕੁਲਦੀਪ ਬੜਾ ਦੁੱਖੀ ਸੀ। ਉਹਨੇ ਆਪਣੀ ਪੂਰੀ ਟਿਲ ਲਾ ਦਿੱਤੀ ਕਿ ਕਿਤੇ ਉਹਦੀ ਬੇਟੀ ਸਰਕਾਰੀ ਹਿਫ਼ਾਜ਼ਤ 'ਚ ਨਾਂ ਚਲੇ ਜਾਵੇ। ਅਗਰ ਕਿਤੇ ਇਸ ਤਰ੍ਹਾਂ ਹੋ ਗਿਆ ਤਾਂ ਉਹ ਆਪਣੇ ਆਪ ਨੂੰ ਸਾਰੀ ਉਮਰ ਮੁਆਫ ਨਹੀਂ ਕਰ ਸਕੇਗਾ। ਕੁਲਦੀਪ ਦੇ ਮਾਂ ਪਿਉ ਨੇ ਆਪਣੇ ਪੁੱਤ ਦਾ ਪੂਰਾ ਸਾਥ ਦਿੱਤਾ ਅਤੇ ਵੈਲਫੇਅਰ ਅਫਸਰ ਨੂੰ ਤਸੱਲੀ ਕਰਵਾ ਦਿੱਤੀ ਕਿ, "ਉਹ ਆਪਣੀ ਪੋਤੀ ਨੂੰ ਫੁੱਲਾਂ ਵਾਂਗ ਪਾਲਣਗੇ।" ਵਲੈਤੀ ਕਾਨੂੰਨਾਂ ਨੂੰ ਜਦ ਸਾਰੇ ਪਾਸਿਉਂ ਸੰਤੁਸ਼ਟੀ ਹੋ ਗਈ ਤਾਂ ਬੇਟੀ ਦਿਵੀਆ ਕੁਲਦੀਪ ਨੂੰ ਮਿਲ ਗਈ। ਮਾਂ ਗੁਰਨਾਮ ਨੇ ਬੱਚੀ ਦਿਵੀਆ

ਨੂੰ ਕਦੇ ਮਿਲਣ ਤੋਂ ਵੀ ਇਨਕਾਰ ਕਰ ਦਿੱਤਾ। ਇਸ ਕੁਰੱਖਤ ਅਤੇ ਜ਼ਾਲਮ ਔਰਤ ਨੇ ਜਦ ਦਿਵੀਆ ਨੂੰ ਕੁਲਦੀਪ ਦੇ ਸਪੁੱਰਦ ਕੀਤਾ ਤਾਂ ਡੇਢ ਸਾਲ ਦੀ ਜਿੰਦ ਦੇ ਹੱਥ ਸੜੇ ਹੋਏ ਸਨ ਅਤੇ ਉਹਨਾਂ ਉੱਪਰ ਸੜਨ ਨੂੰ ਠੀਕ ਕਰਨ ਵਾਲੀ ਦਵਾਈ ਲਾਈ ਹੋਈ ਸੀ। ਮੇਚ ਤੋਂ ਛੋਟਾ ਘਸਿਆ ਹੋਇਆ ਫਰਾਕ ਅਤੇ ਪੈਰ੍ਹਾਂ 'ਚ ਵੀ ਮੇਚ ਤੋਂ ਛੋਟੇ ਜੁੱਤੇ ਪਾਏ ਹੋਏ ਸਨ। ਕੁਲਦੀਪ ਵੱਲ ਦੇਖ ਬੱਚੀ ਦਿਵੀਆ ਚੁੰਬਕ ਵਾਂਗ ਚੰਬੜ ਗਈ ਅਤੇ ਆਪਣੀ ਬੱਚੀ ਦੀ ਹਾਲਤ ਦੇਖ ਕੁਲਦੀਪ ਕਈ ਮਿੰਟ ਬੋਲ ਨਾਂ ਸਕਿਆ। ਉਹਦਾ ਮਨ ਰੋਹ ਨਾਲ ਭਰਿਆ ਪਿਆ ਸੀ ਅਤੇ ਨਾਲ ਈ ਸੰਵੇਦਨਸ਼ੀਲ ਕੁਲਦੀਪ ਅੱਖਾਂ ਭਰ ਲਈਆਂ ਸਨ। ਉਹ ਵੈਲਫੇਅਰ ਅਫਸਰ ਗੋਰੀ ਸਾਹਮਣੇ ਚਾਹੁੰਦਾ ਹੋਇਆ ਵੀ ਆਪਣੇ ਜਜ਼ਬਾਤ ਨਾਂ ਰੋਕ ਸਕਿਆ। ਉਹਦੀਆਂ ਗੱਲ੍ਹਾਂ ਤੇ ਅੱਥਰੂਆਂ ਦੀਆਂ ਘਰਾਲਾਂ ਵਗ ਤੁਰੀਆਂ ਸਨ। ਵੈਲਫੇਅਰ ਅਫਸਰ ਵੀ ਉਹਨੂੰ ਕੁੱਝ ਨਾਂ ਕਿਹਾ ਅਤੇ ਤਿੰਨ ਚਾਰ ਮਿੰਟ ਬਾਦ ਵੈਲਫੇਅਰ ਅਫਸਰ ਕੁਲਦੀਪ ਨੂੰ ਆਪਣੇ ਬੈਗ ਚੋਂ ਕੱਢੇ ਕੇ ਟਿਸ਼ੂ ਦਿੱਤਾ ਅਤੇ ਵਿਦਾਇਗੀ ਲੈ ਘਰੋਂ ਚਲੇ ਗਈ।

ਡੈਂਹਬਰੀ ਹੋਈ ਦਿਵੀਆ ਆਲਾ ਦੁਆਲਾ ਨਹਾਰਦੀ ਅਤੇ ਕੁਲਦੀਪ ਦੇ ਮਾਂ ਪਿਉ ਵੱਲ ਬੜਾ ਓਪਰਾ ਓਪਰਾ ਦੇਖਦੀ। ਬੱਚਾ ਤਾਂ ਪਿਆਰ ਦਾ ਭੁੱਖਾ ਹੁੰਦਾ ਅਤੇ ਕੁਲਦੀਪ ਦੀ ਮਾਂ ਦੇ ਦਿੱਤੇ ਪਿਆਰ ਨੇ ਦਿਵੀਆ ਨੂੰ ਸਭ ਕੁੱਝ ਭੁਲਾ ਦਿੱਤਾ। ਕੁਲਦੀਪ ਉਹਦਾ ਪਲ ਭਰ ਵੀ ਵਸਾਹ ਨਾ ਕਰਦਾ। ਆਪਣੀ ਬੱਚੀ ਨੂੰ ਛਾਤੀ ਨਾਲ ਲਾਈ ਰੱਖਦਾ। ਦਿਵੀਆ ਹੁਣ ਵੱਡੀ ਹੋ ਰਹੀ ਸੀ ਤਾਂ ਕੁਲਦੀਪ ਦੇ ਮਾਪਿਆਂ ਉਹਦੇ ਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ, "ਉਹ ਪਹਾੜ ਜਿੱਡੀ ਉਮਰ ਇਕੱਲਾ ਕਿਵੇਂ ਗੁਜ਼ਾਰੇਗਾ, ਅਜੇ ਤਾਂ ਉਹ ਤੀਹਾਂ ਵਰ੍ਹਿਆਂ ਦਾ ਵੀ ਨਹੀਂ ਹੋਇਆ।" ਕੁਲਦੀਪ ਖੁੱਦ ਵੀ ਮਹਿਸੂਸ ਕਰਦਾ ਸੀ ਕਿ ਪਹਿਲਾ ਵਿਆਹ ਵੀ ਕੋਈ ਵਿਆਹ ਸੀ, ਉਹ ਤਾਂ ਇੱਕ ਕਿਸਮ ਦਾ ਸੈਂਹਸੀਆਂ ਦੇ ਟੱਬਰ ਨਾਲ ਵਾਸਤਾ ਪੈ ਗਿਆ ਸੀ। ਓਜੜ ਮਾਪਿਆਂ ਦੀ ਓਜੜ ਕੁੜੀ ਨੇ ਉਹਦੀ ਅਤੇ ਦਿਵੀਆ ਦੀ ਜ਼ਿੰਦਗੀ ਭਸਨਾਭੂਸ ਕਰਕੇ ਰੱਖ ਦਿੱਤੀ ਸੀ। ਵਿਆਹ ਦਾ ਕੋਈ ਸੁਆਦ ਨਹੀਂ ਸੀ ਆਇਆ। ਗੁਰਨਾਮ ਦੇ ਵੱਸਣ ਦੇ ਚਾਲੇ ਨਹੀਂ ਸਨ ਅਤੇ ਮਾੜੀ ਗੱਲ ਇਹ ਵੀ ਸੀ ਕਿ ਗੁਰਨਾਮ ਦੀ ਮੰਨੋਪੈਣੀ ਮਾਂ ਨੇ ਵੀ ਕੁੜੀ ਦਾ ਘਰ ਵਸਾਉਣ 'ਚ ਕੋਈ ਬਾਹਰ ਪੈਹਰਿਆਂ ਨਹੀਂ ਸੀ ਕੀਤਾ। ਇਸ ਸਾਰੇ ਤਮਾਸ਼ੇ 'ਚ ਸਭ ਤੋਂ ਜ਼ਿਆਦਾ ਨੁਕਸਾਨ ਦਿਵੀਆ ਦਾ ਈ ਹੋਇਆ ਸੀ। ਉਸ ਬੱਚੀ ਦਾ ਇਸ ਆਵਾਗੌਣ 'ਚ ਤਿਲ ਭਰ ਵੀ ਕਸੂਰ ਨਹੀਂ ਸੀ।

ਹੁਣ ਕੁਲਦੀਪ ਚਾਹੁੰਦਾ ਸੀ ਕਿ, "ਉਹ ਇੰਡੀਆ ਤੋਂ ਕੋਈ ਸੁਚੱਜੀ ਵਹੁਟੀ ਲੈ ਕੇ ਆਵੇ ਜੋ ਉਹਦੀ ਦਿਵੀਆ ਨੂੰ ਵੀ ਸਾਂਭੇ ਅਤੇ ਉਹਨੂੰ ਪੂਰੀ ਤਰ੍ਹਾਂ ਅਪਨਾ ਲਵੇ ਅਤੇ ਉਹਦਾ ਸਦਾ ਲਈ ਘਰ ਵੀ ਵਸਾਵੇ।" ਕੁਲਦੀਪ ਦੇ ਮਾਂ ਪਿਉ ਵੀ ਇਸ ਤਰ੍ਹਾਂ ਹੀ ਚਾਹੁੰਦੇ ਸਨ ਕਿ ਵਲੈਤੀ ਰੰਗ ਉਹਨਾਂ ਦੇਖ ਲਏ ਸਨ ਅਤੇ ਹੁਣ ਦੁਆਰਾ ਇਥੇ ਇਹ ਕੰਮ ਨਹੀਂ ਸਹੇੜਨਾ ਸੀ। ਕੁਲਦੀਪ ਦੇ ਮਾਂ ਪਿਉ ਨੇ ਆਪਣੇ ਕੁੱਝ ਰਿਸ਼ਤੇਦਾਰਾਂ ਨੂੰ ਪਹੁੰਚ ਕੀਤੀ ਤਾਂ ਉਹਨਾਂ ਰਿਸ਼ਤੇਦਾਰੀ ਵਿਚੋਂ ਹੀ ਇੱਕ ਐਮ. ਏ. ਪਾਸ ਕੁੜੀ ਦੀ ਦੱਸ ਪਾਈ। ਕੁਲਦੀਪ ਦੇ ਜਦ ਵਿਆਹ ਬਾਰੇ ਗੱਲ ਪੱਕ ਠੱਕ ਹੋ ਰਹੀ ਸੀ ਤਾਂ ਉਹਦੇ ਮਾਂ ਪਿਉ ਅਤੇ ਦਿਵੀਆ ਵੀ ਨਾਲ ਸਨ। ਕੁਲਦੀਪ ਨੇ ਕੁੜੀ ਵਾਲਿਆਂ ਨੂੰ ਸਭ ਕੁੱਝ ਸਾਫ ਸਾਫ ਦੱਸ ਦਿੱਤਾ ਸੀ ਅਤੇ ਬੇਟੀ ਦਿਵੀਆ ਨੂੰ ਵੀ

ਦਿਖਾ ਦਿੱਤਾ ਸੀ।

ਪਰ ਕੁੜੀ ਦੇ ਮਾਪਿਆਂ ਕਿਸੇ ਕੋਲ ਵੀ ਭਿਣਕ ਨਾਂ ਪੈਣ ਦਿੱਤੀ ਕਿ, "ਉਹ ਆਪਣੀ ਕੁੜੀ ਦਾ ਰਿਸ਼ਤਾ ਵਲੈਤੋਂ ਆਏ ਉਸ ਮੁੰਡੇ ਨਾਲ ਕਰ ਰਹੇ ਹਨ ਜੇਹਦੇ ਕੋਲ ਪਹਿਲੇ ਵਿਆਹ ਦੀ ਕੁੜੀ ਵੀ ਹੈ।" ਭਾਰਤੀ ਸਮਾਜ 'ਚ ਇਹ ਗੱਲ ਅਜੇ ਪਰਵਾਨ ਨਹੀਂ ਹੋ ਰਹੀ ਕਿ ਕਿਸੇ ਮੁੰਡੇ ਜਾਂ ਕੁੜੀ ਦਾ ਵਿਆਹ ਦੁਹਾਜੂ, ਤੁਹਾਜੂ ਜਾ ਚੌਹਾਜੂ ਨਾਲ ਕੀਤਾ ਜਾਵੇ ਜਦੋਂ ਕਿ ਬਰਤਾਨਵੀ ਸਮਾਜ 'ਚ ਇਹ ਆਮ ਜੇਹੀ ਗੱਲ ਹੈ। ਭਾਰਤੀ ਸੱਭਿਆਚਾਰ ਦੇ ਇਜ਼ਤ ਦੇ ਲਾਟੂ ਦਾ ਫ਼ਿਊਜ਼ ਕਦ ਉੱਡੇਗਾ, ਇਸ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ ਕਿਉਂਕਿ ਭਾਰਤੀ ਸਮਾਜ ਦੀਆਂ ਕਦਰਾਂ ਕੀਮਤਾਂ ਅਗਾਂਹ ਜਾਣ ਦੀ ਬਜਾਏ ਪਿਛਲ-ਖੁਰੀ ਹੋ ਤੁਰੀਆਂ ਹਨ। ਧਰਮ ਦੀ ਰੰਗਤ ਨੇ ਮਾਨਸਿਕ ਵਿਕਾਸ ਨੂੰ ਗੰਧਲਾ ਕਰਕੇ ਰੱਖ ਦਿੱਤਾ ਹੈ। ਇਸ ਜਿਲ੍ਹਣ ਚੋਂ ਕਦੇ ਭਾਰਤ ਵਾਸੀਆਂ ਦਾ ਛੁਟਕਾਰਾ ਵੀ ਹੋਵੇਗਾ ਦੀ ਆਸ ਨੇੜਲੇ ਭਵਿੱਖ 'ਚ ਨਜ਼ਰ ਨਹੀਂ ਆਉਂਦੀ। ਜਗੀਰੂ ਕਦਰਾਂ ਕੀਮਤਾਂ ਅਤੇ ਲੋਕ-ਦੋਖੀ ਸਰਕਾਰਾਂ ਇਸ ਕੰਮ 'ਚ ਬੜਾ ਵੱਡਾ ਰੋੜਾ ਹਨ। ਪਰ ਇਸ ਸਭ ਦੇ ਬਾਵਜੂਦ ਪੇਟ ਦੀ ਭੁੱਖ ਅਤੇ ਵਧੀਆ ਭਵਿੱਖ ਦੀ ਆਸ ਨੇ ਭਾਰਤੀ ਸਮਾਜ ਦੀਆਂ ਪ੍ਰਮਾਣਿਤ ਕਦਰਾਂ ਕੀਮਤਾਂ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ। ਇਹ ਹੀ ਕਾਰਨ ਸੀ ਕਿ ਕੁਲਦੀਪ ਦਾ ਵਿਆਹ ਸੁਜਾਤਾ ਨਾਲ ਹੋ ਗਿਆ ਸੀ। ਪਰ ਸੁਜਾਤਾ ਦੇ ਮਾਪਿਆਂ 'ਚ ਇੰਨ੍ਹੀ ਜ਼ੁਅਰਤ ਨਹੀਂ ਸੀ ਕਿ ਰਿਸ਼ਤੇਦਾਰਾਂ ਅਤੇ ਬਾਕੀ ਲੋਕਾਂ ਨੂੰ ਕੁਲਦੀਪ ਬਾਰੇ ਸਾਫ ਸਾਫ ਦੱਸ ਸਕਣ। ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀ ਅਖੌਤੀ-ਇਜ਼ਤ ਦਾ ਅਲਾਰਮ ਬੋਲਣ ਲੱਗ ਪੈਣਾ ਸੀ।

ਸੁਜਾਤਾ ਦਾ ਵਿਆਹ ਕੁਲਦੀਪ ਨਾਲ ਸਾਦੇ ਜਹੇ ਢੰਗ ਨਾਲ ਇੱਕ ਹੋਟਲ ਵਿਚ ਕਰ ਦਿੱਤਾ ਗਿਆ ਜੇਹਦੇ ਵਿਚ ਦੋਵਾਂ ਪਾਸਿਆਂ ਤੋਂ ਚੀਂਦਾ ਚੀਂਦਾ ਰਿਸ਼ਤੇਦਾਰ ਈ ਸੱਦੇ ਗਏ ਸਨ। ਕੁਲਦੀਪ ਅਤੇ ਉਹਦੇ ਮਾਪਿਆਂ ਦਾਜ ਨਾਂ ਲੈਣਾਂ ਸੀ ਅਤੇ ਨਾਂ ਹੀ ਲਿਆ। ਸਰਕਾਰੀ ਅਫਸਰ ਕੁਲਦੀਪ ਵਿਆਹ ਕਰਾਕੇ ਹਫਤੇ ਬਾਦ ਈ ਵਾਪਿਸ ਇੰਗਲੈਂਡ ਆ ਗਿਆ। ਉਹਨੇ ਆਉਂਦਿਆਂ ਈ ਲੋੜੀਂਦੇ ਸਰਕਾਰੀ ਕਾਗਜ਼ ਪੱਤਰ ਸੁਜਾਤਾ ਨੂੰ ਸਣੇ ਟਿਕਟ ਭੇਜ ਦਿੱਤੇ ਅਤੇ ਸੁਜਾਤਾ ਦੋ ਮਹੀਨਿਆਂ ਦੇ ਅੰਦਰ ਈ ਫੀਐਂਸੀ (FIANCEE) ਦੇ ਤੌਰ ਤੇ ਇੰਗਲੈਂਡ ਆ ਗਈ। ਵਿਆਹ ਤੋਂ ਬਾਦ ਦੋ ਮਹੀਨੇ ਸੁਜਾਤਾ ਅਤੇ ਉਹਦੇ ਮਾਪਿਆਂ ਨੂੰ ਰਿਸ਼ਤੇਦਾਰਾਂ ਅਤੇ ਆਂਢ ਗੁਆਂਢ ਦੇ ਅਖੌਤੀ-ਹਿੱਤੂਆਂ ਤੋਂ ਕਈ ਤਰ੍ਹਾਂ ਤੀ ਵਾਛੜ ਸੁਣਨ ਨੂੰ ਮਿਲੀ, "ਵਲੈਤੋਂ ਆਏ ਮੁੰਡੇ, ਕੁੜੀਆਂ ਨੂੰ ਦਾਗੀ ਕਰਕੇ ਛੱਡ ਜਾਂਦੇ ਆ। ਕੀ ਤੁਸੀਂ ਮੁੰਡੇ ਬਾਰੇ ਚੰਗੀ ਤਰ੍ਹਾਂ ਖੋਜ ਛਾਣ ਵੀ ਕੀਤੀ ਸੀ? ਮੁੰਡਾ, ਕੁੜੀ ਨੂੰ ਨਾਲ ਕਿਉਂ ਨਹੀਂ ਸੀ ਲੈ ਕੇ ਗਿਆ? ਇੰਗਲੈਂਡ ਮੰਗਵਾਉਣ ਨੂੰ ਕਿਤੇ ਦੋ ਮਹੀਨੇ ਲੱਗਦੇ ਆ?" ਅਤੇ ਹੋਰ ਵੀ ਕਈ ਚਕੂੰਦਰਾਂ ਨੇ ਸੁਜਾਤਾ ਅਤੇ ਉਹਦੇ ਮਾਪਿਆਂ ਨੂੰ ਨਿਰਾਸ਼ ਕਰੀ ਰੱਖਿਆ ਸੀ। ਗੱਲਾਂ ਕਰਨ ਵਾਲੇ ਵੀ ਸੱਚੇ ਸੀ ਕਿਉਂਕਿ ਐਹੋ ਜੇਹੇ ਕਈ ਕੌਤਕ ਕਈ ਵਲੈਤੀ ਕੁਨਸਲਾਂ ਨੇ ਕੀਤੇ ਵੀ ਤਾਂ ਹਨ ਅਤੇ ਇਸ ਦਾ ਖਮਿਆਜ਼ਾ ਚੰਗੇ ਭਲੇ ਅਤੇ ਸੱਚੇ ਸੁੱਚੇ ਲੋਕਾਂ ਨੂੰ ਭੁਗਤਣਾਂ ਪੈਂਦਾ ਹੀ ਹੈ ਅਤੇ ਕੁਲਦੀਪ ਵੀ ਇਸੇ ਹਾਰ ਦਾ ਮਣਕਾ ਸੀ।

ਸੁਜਾਤਾ ਨੇ ਵਲੈਤ ਪਹੁੰਚ, ਵਲੈਤ ਦੇ ਨਵੇਂ ਢੰਗ ਤਰੀਕੇ ਸਿਖਣੇ ਸ਼ੁਰੂ ਕਰ ਦਿੱਤੇ ਸਨ ਅਤੇ ਦਿਵੀਆ ਦੀ ਸੰਭਾਲ ਵੱਲ ਵੀ ਹੰਭਲਾ ਮਾਰਨਾ ਸ਼ੁਰੂ ਕਰ ਦਿੱਤਾ

ਸੀ। ਦਿਵੀਆ ਨੇ ਹੁਣ ਸੁਜਾਤਾ ਨੂੰ ਮੰਮੀ ਕਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਕੁਲਦੀਪ ਨੂੰ ਮਹਿਸੂਸ ਹੋ ਰਿਹਾ ਸੀ ਕਿ ਗੱਡੀ ਠੀਕ ਰਾਹੇ ਪੈ ਗਈ ਹੈ। ਪਰ ਕਈ ਵਾਰ ਉਹਨੂੰ ਇਹ ਵੀ ਮਹਿਸੂਸ ਹੁੰਦਾ ਕਿ ਸੁਜਾਤਾ ਦਾ ਰਵੱਈਆ ਦਿਵੀਆ ਵੱਲ ਜਿਆਦਾ ਈ ਸਖਤ ਹੈ। ਪਰ ਵਕਤ ਆਪਣੀ ਚਾਲੇ ਲੰਘ ਰਿਹਾ ਸੀ। ਸੁਜਾਤਾ ਦੇ ਜਦ ਸਾਲ ਕੁ ਬਾਦ ਈਸ਼ਾ ਬੇਟੀ ਨੇ ਜਨਮ ਲਿਆ ਤਾਂ ਉਹਦਾ ਬਹੁਤਾ ਸਮਾਂ ਉਹਦੀ ਪਰਵਿਸ਼ ਵਿਚ ਗੁਜ਼ਰਨ ਲੱਗਾ। ਆਪਣੇ। ਕੰਮਾਂ ਕਾਰਾਂ 'ਚ ਮਸ਼ਰੂਫ ਕੁਲਦੀਪ ਤੋਂ ਵੀ ਦਿਵੀਆ ਵੱਲ ਜ਼ਿਆਦਾ ਧਿਆਨ ਨਾ ਦੇ ਹੋਇਆ। ਕੁਲਦੀਪ ਦੇ ਬਜ਼ੁਰਗ ਮਾਂ ਪਿਉ ਸਭ ਦੇਖ ਪਾਖ ਰਹੇ ਸਨ ਅਤੇ ਉਹ ਵੱਧ ਤੋਂ ਵੱਧ ਦਿਵੀਆ ਨੂੰ ਪਿਆਰ ਦਿੰਦੇ ਸਨ। ਕਈ ਵਾਰ ਛੋਟੀ ਛੋਟੀ ਗੱਲ ਤੇ ਜਦ ਦਿਵੀਆ ਨੂੰ ਸੁਜਾਤਾ ਸਖਤੀ ਨਾਲ ਪੇਸ਼ ਆਉਂਦੀ ਤਾਂ ਕੁਲਦੀਪ ਦੇ ਮਾਪਿਆਂ ਦਾ ਕਲੇਜਾ ਮੂੰਹ ਨੂੰ ਆ ਜਾਂਦਾ। ਪਰ ਉਹ ਜ਼ਾਬਤਾ ਰੱਖਦੇ ਅਤੇ ਘਰ ਦੇ ਵਾਤਾਵਰਣ 'ਚ ਖਟਾਸ ਪੈਦਾ ਨਾਂ ਹੋਣ ਦਿੰਦੇ। ਸੁਜਾਤਾ ਦੇ ਵਰਤਾਵ ਦੀਆਂ ਕਈ ਗੱਲਾਂ ਕੁਲਦੀਪ ਨੂੰ ਵੀ ਪ੍ਰੇਸ਼ਾਨ ਕਰਦੀਆਂ ਅਤੇ ਬਹੁਤੀ ਵਾਰ ਉਹ ਤੜਫ਼ ਕੇ ਰਹਿ ਜਾਂਦਾ। ਉਹਨੇ ਨੀਵੇਂ ਸੁਰ 'ਚ ਕਈ ਵਾਰ ਸੁਜਾਤਾ ਨੂੰ ਇਸ ਬਾਰੇ ਕਿਹਾ ਵੀ ਪਰ ਉਹਦੇ ਤੇ ਇਹਦਾ ਕੋਈ ਅਸਰ ਨਹੀਂ ਸੀ ਹੋਇਆ। ਕੁਲਦੀਪ ਨੇ ਜਦ ਭਾਂਪਿਆ ਕਿ ਗੱਲ ਜ਼ਿਆਦਾ ਈ ਵਿਗੜਦੀ ਜਾ ਰਹੀ ਆ ਤਾਂ ਆਪਣੇ ਮਾਪਿਆਂ ਨਾਲ ਸਲਾਹ ਕਰਕੇ ਦਿਵੀਆ ਨੂੰ ਮਾਪਿਆਂ ਕੋਲ ਰਹਿਣ ਲਈ ਭੇਜ ਦਿੱਤਾ। ਬਜ਼ੁਰਗ ਮਾਂ ਬਾਪ ਆਪਣੀ ਮਾਂ-ਮਹਿਟਰ ਪੋਤੀ ਨੂੰ ਆਪਣੇ ਢੰਗ ਤਰੀਕਿਆਂ ਲਾਲ ਪਾਲਣਾ ਸ਼ੁਰੂ ਕਰ ਦਿੱਤਾ। ਹੁਣ ਦਿਵੀਆ ਅਤੇ ਈਸ਼ਾ ਵੱਡੀਆਂ ਹੋ ਰਹੀਆਂ ਸਨ। ਈਸ਼ਾ ਤੇ ਵਲੈਤੀ ਮਾਹੌਲ ਨੇ ਰੋਗਨ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਉਹ ਆਪਣੀ ਮਾਂ ਨੂੰ ਹਰ ਗੱਲ ਤੇ ਸੁਆਲ ਕਰਦੀ। ਦਿਵੀਆ ਨੇ ਹੁਣ ਸੈਕੰਡਰੀ ਸਕੂਲ 'ਚ ਦਾਖਲਾ ਲੈ ਲਿਆ ਸੀ। ਪੜ੍ਹਨ ਨੂੰ ਭਾਵੇਂ ਉਹ ਉਪਰਲੀ ਬਰੈਕਟ ਵਿਚ ਤਾਂ ਨਹੀਂ ਸੀ ਆਉਂਦੀ ਪਰ ਐਨੀ ਨਲਾਇਕ ਵੀ ਨਹੀਂ ਸੀ ਕਿ ਸਭ ਤੋਂ ਹੇਠਲੇ ਗਰੁੱਪ 'ਚ ਗਿਣਿਆ ਜਾਵੇ। ਦਿਵੀਆ ਆਪਣੇ ਬਾਬੇ ਅਤੇ ਦਾਦੀ ਦੇ ਘਰ ਸਕੂਨ ਨਾਲ ਰਹਿ ਰਹੀ ਸੀ। ਮਾਂ ਦੇ ਪਿਆਰ ਦੀ ਚੀਸ ਤਾਂ ਉਹਨੂੰ ਹਰ ਵੇਲੇ ਸੂਲ ਵਾਂਗ ਤੜਪਾਉਂਦੀ ਸੀ ਪਰ ਉਹ ਬੇਵਸ ਮਾਸੂਮ ਜਿੰਦ ਕੀ ਕਰ ਸਕਦੀ ਸੀ। ਘਰ ਦਾ ਸਾਰਾ ਕੰਮ ਕੁਲਦੀਪ ਦੀ ਮਾਂ ਨੇ ਦਿਵੀਆ ਨੂੰ ਸਿਖਾ ਦਿੱਤਾ ਸੀ। ਘਰ ਦੀ ਸਫਾਈ ਅਤੇ ਰੋਟੀ ਪਾਣੀ ਦਾ ਆਹਰ ਵੀ ਦਿਵੀਆ ਕਰਨ ਲੱਗ ਪਈ ਸੀ। ਹਰ ਗੱਲ ਵਿਚ ਜੀ ਜੀ ਕਰਦੀ ਫਿਰਦੀ ਅਤੇ ਜਿਸ ਦਿਨ ਉਹ ਆਪਣੇ ਪਿਉ ਦੇ ਘਰ ਜਾਂਦੀ ਤਾਂ ਆਪਣੀ ਮਤਰੇਈ ਮਾਂ ਦੀ ਵੀ ਕੰਮ ਕਾਰ 'ਚ ਮੱਦਦ ਕਰਦੀ। ਈਸ਼ਾ ਜਾਂ ਤਾਂ ਟੀ. ਵੀ. ਦੇਖਦੀ ਰਹਿੰਦੀ ਅਤੇ ਜਾਂ ਆਪਣੇ ਕਮਰੇ ਵਿਚ ਬੈਠੀ ਕੰਮਪਿਊਟਰ ਤੇ ਗੇਮਾਂ ਖੇਡਦੀ ਰਹਿੰਦੀ। ਨਿੱਕੀ ਮੋਟੀ ਗੱਲ ਤੇ ਖਾਂਊ ਵੱਢੂ ਕਰਦੀ ਅਤੇ ਮਾਂ ਨੂੰ ਪਟੱਕ ਜੁਆਬ ਦਿੰਦੀ। ਸਕੂਲ ਤੋਂ ਆਈਆਂ ਰਿਪੋਰਟਾਂ ਨੇ ਵੀ ਇਹ ਜ਼ਾਹਿਰ ਕਰ ਦਿੱਤਾ ਸੀ ਕਿ ਈਸ਼ਾ ਕੋਈ ਜ਼ਿਆਦਾ ਹੁਸ਼ਿਆਰ ਬੱਚਾ ਨਹੀਂ ਅਤੇ ਕਲਾਸ ਵਿਚ ਅਵਾ ਤਵਾ ਬੋਲਣ ਕਰਕੇ ਕਈ ਵਾਰ ਸਜ਼ਾ ਵੀ ਭੁਗਤ ਚੁੱਕੀ ਸੀ। ਈਸ਼ਾ ਨੇ ਹੁਣ ਫੈਸ਼ਨ ਵੱਲ ਵੀ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ ਸਨ ਜਦੋਂ ਕਿ ਦਿਵੀਆ ਬੜੀ ਸਾਦੀ ਅਤੇ ਸਾਧਾਰਨ ਕੁੜੀਆਂ ਵਾਂਗ ਸੀ। ਉਹ ਜਾਂ ਤਾਂ ਘਰ ਦਾ ਕੰਮ ਕਰਦੀ ਅਤੇ ਜਾਂ ਫਿਰ ਆਪਣੀ ਪੜ੍ਹਾਈ 'ਚ ਮਸਤ ਰਹਿੰਦੀ। ਕੁਲਦੀਪ ਦੇ ਮਾਪਿਆਂ ਦਿਵੀਆ

ਨੂੰ ਇੱਕ ਘਰੇਲੂ ਅਤੇ ਸਾਊ ਕੁੜੀ ਬਣਾ ਦਿੱਤਾ ਸੀ। ਦਿਵੀਆ ਹੁਣ ਏ ਲੇਵਲ ਕਰ ਰਹੀ ਸੀ ਅਤੇ ਚਾਹੁੰਦੀ ਸੀ ਕਿ ਸੋਸ਼ਲ ਵਰਕਰ ਦੀ ਡਿਗਰੀ ਕਰੇ। ਉਹਦੇ ਦਿਲ ਦਿਮਾਗ ਤੇ ਆਪਣੀ ਜਨਮ-ਮਾਂ ਦੇ ਵਿਛੋੜੇ ਦਾ ਸੱਲ ਸੀ ਅਤੇ ਉਹ ਵੱਡੀ ਹੋ ਕੇ ਲੋਕਾਂ ਦੀ ਮਦਦ ਕਰਨਾ ਚਾਹੁੰਦੀ ਸੀ ਤਾਂ ਕਿ ਕੋਈ ਉਹਦੇ ਵਾਂਗ ਦੁੱਖ ਦੀ ਚੱਕੀ 'ਚ ਨਾਂ ਪੀਸ ਹੋਵੇ। ਏ ਲੇਵਲ 'ਚ ਚੰਗੇ ਨੰਬਰ ਲੈ ਕੇ ਦਿਵੀਆ ਨੇ ਯੂਨੀਵਰਸਿਟੀ 'ਚ ਦਾਖਲਾ ਲੈ ਕੇ ਤਿੰਨਾ ਸਾਲਾਂ ਬਾਦ ਸੋਸ਼ਲ ਵਰਕਰ  ਦੀ ਡਿਗਰੀ ਹਾਸਲ ਕਰ ਲਈ ਸੀ। ਡਿਗਰੀ ਲੈਣ ਵਾਲੇ ਦਿਨ ਕੁਲਦੀਪ ਅਤੇ ਉਹਦੇ ਮਾਂ ਬਾਪ ਬੜੇ ਖੁਸ਼ ਸਨ। ਦਿਵੀਆ ਨੂੰ ਆਪਣੀ ਮਾਂ ਦੀ ਅਣਹੋਂਦ ਤਾਂ ਜਾਪੀ ਸੀ ਪਰ ਹੁਣ ਉਹ ਸਿਆਣੀ ਹੋ ਗਈ ਸੀ ਕਿ, "ਦੁਨੀਆਂ ਵਿਚ ਬਹੁਤ ਐਹੋ ਜੇਹੇ ਲੋਕ ਹਨ ਜੇਹਨਾਂ ਕੋਲ ਮਾਵਾਂ ਨਹੀਂ ਹਨ।" ਘੱਟੋ ਘੱਟ ਉਹਦੇ ਕੋਲ ਉਹਦਾ ਬਾਪ ਅਤੇ ਬਾਬਾ ਦਾਦੀ ਹਨ। ਹੁਣ ਦਿਵੀਆ ਨੂੰ ਆਪਣੇ ਈ ਸ਼ਹਿਰ ਵਿਚ "ਬੱਚਿਆਂ ਅਤੇ ਪਰਿਵਾਰਾਂ" ਨਾਲ ਕੰਮ ਕਰਨ ਦੀ ਨੌਕਰੀ ਮਿਲ ਗਈ ਸੀ। ਦਿਵੀਆ ਨੇ ਕੁੱਝ ਬਣ ਕੇ ਦਿਖਾ ਦਿੱਤਾ ਸੀ। ਰਿਸ਼ਤੇਦਾਰਾਂ ਦੇ ਮੂੰਹ ਨੂੰ ਝਾਬੂ ਲਾ ਦਿੱਤਾ ਸੀ। ਹੁਣ ਚੜ੍ਹਿਆ ਸੂਰਜ ਦੇਖ ਸਭ ਦਿਵੀਆ ਦੇ ਗੁਣ ਗਾਣ ਕਰ ਰਹੇ ਸਨ। ਦੂਜੇ ਪਾਸੇ ਈਸ਼ਾ ਨੇ ਜਦ ਸਕੂਲ ਪਾਸ ਕਰ ਲਿਆ ਤਾਂ ਅਗਾਂਹ ਪੜ੍ਹਨ ਤੋਂ ਇਨਕਾਰ ਕਰ ਦਿੱਤਾ ਅਤੇ ਟਿਸਕੋ ਸੁਪਰ ਸਟੋਰ ਵਿਚ ਸੇਲਜ਼ਗਰਲ ਦੀ ਨੌਕਰੀ ਕਰ ਲਈ। ਕੁਲਦੀਪ, ਸੁਜਾਤਾ, ਦਿਵੀਆ ਅਤੇ ਬਾਬਾ ਦਾਦੀ ਉਹਨੂੰ ਬਥੇਰਾ ਕਿਹਾ ਪਰ ਉਹਨੇ ਕਿਸੇ ਦੀ ਗੱਲ ਨਾ ਸੁਣੀ। ਇਸ ਗੱਲ ਦਾ ਸੁਜਾਤਾ ਤੇ ਬੜਾ ਵੱਡਾ ਅਸਰ ਪਿਆ। ਉਹ ਆਪਣੇ ਆਪ ਨੂੰ ਕੋਸਣ ਲੱਗ ਪਈ ਕਿ, "ਉਹਨੇ ਦਿਵੀਆ ਨਾਲ ਸਦਾ ਮਤਰੇਈ ਮਾਂ ਵਾਲਾ ਸਲੂਕ ਕੀਤਾ ਸੀ ਅਤੇ ਜਿਸ ਆਪਣੀ ਬੱਚੀ ਨੂੰ ਉਹਨੇ ਤੱਤੀ ਵਾ ਨਹੀਂ ਸੀ ਲੱਗਣ ਦਿੱਤੀ, ਉਹਨੇ ਉਹਦਾ ਥੱਲਾ ਲਾ ਦਿੱਤਾ ਸੀ।" ਰਹਿੰਦੀ ਕਸਰ ਉਸ ਵੇਲੇ ਪੂਰੀ ਹੋ ਗਈ ਜਦ ਈਸ਼ਾ ਨੇ ਕਿਸੇ ਗੈਰ-ਜਾਤ ਵਾਲੇ ਮੁੰਡੇ ਨਾਲ ਪਿਆਰ ਪੀਘਾਂ ਪਾ ਲਈਆਂ ਸਨ ਅਤੇ ਉਹਦੇ ਨਾਲ ਵਿਆਹ ਕਰਾਉਣ ਦੀਆਂ ਸੌਂਹਾਂ ਖਾ ਲਈਆਂ ਸਨ। ਜਦੋਂ ਕਿ ਦਿਵੀਆ ਘਰਦਿਆਂ ਦੀ ਸਲਾਹ ਨਾਲ ਵਿਆਹ ਕਰਾਉਣ ਲਈ ਰਾਜ਼ੀ ਸੀ। ਸੁਜਾਤਾ ਨੂੰ ਉਦਾਸ ਦੇਖ ਦਿਵੀਆ ਹੌਂਸਲਾ ਦਿੰਦੀ ਤੇ ਇੱਕ ਦਿਨ ਸੁਜਾਤਾ ਫਿਸ ਪਈ, "ਦਿਵੀਆ ਬੇਟੀ ਮੈਨੂੰ ਮੁਆਫ ਕਰ ਦੇਈਂ। ਮੈਂ ਤੇਰੇ ਨਾਲ ਇਨਸਾਫ ਨਹੀਂ ਕਰ ਸਕੀ। ਇਸ ਮੁਲਕ ਤੋਂ ਮੈਂ ਬੜਾ ਕੁੱਝ ਸਿਖਿਆ। ਮੈਂ ਤੇਰੀ ਗੁਨਾਹਗਾਰ ਆਂ।" ਹੁਣ ਸੁਜਾਤਾ ਅਤੇ ਦਿਵੀਆ ਦੇ ਹੰਝੂਆਂ ਦੀਆਂ ਘਰਾਲਾਂ ਛੁੱਟ ਪਈਆਂ ਸਨ।

# ਪ੍ਰੇਮ

ਜਿਸ ਦਿਨ ਮੈਨੂੰ ਇਹ ਪਤਾ ਲੱਗਾ ਕਿ ਮੇਰੀ ਹਮਸਫਰ ਨੀਰਨ ਦੀ ਦਿੱਲੀ ਰਹਿੰਦੀ ਸਹੇਲੀ ਪ੍ਰੇਮ ਕੌਮੇ ਵਿਚ ਹੈ ਤਾਂ ਮੈਨੂੰ ਬੜਾ ਧੱਕਾ ਲੱਗਾ। 52 ਵਰ੍ਹਿਆਂ ਦੀ ਪ੍ਰੇਮ ਨੂੰ ਕੀ ਹੋ ਗਿਆ ਸੀ? ਅਜੇ ਦੋ ਸਾਲ ਹੋਏ ਤਾਂ ਅਸੀਂ ਉਹਨੂੰ ਮਿਲ ਕੇ ਆਏ ਸੀ। ਉਸ ਵੇਲੇ ਉਹ ਚੰਗੀ ਭਲੀ ਸੀ। ਜਿਸ ਤਰ੍ਹਾਂ ਦੀ ਪ੍ਰੇਮ ਆਮ ਸਾਊ ਸੀ ਉਸੇ ਤਰ੍ਹਾਂ ਦਾ ਹੀ ਉਹਦਾ ਆਪ ਲੱਭਿਆ ਪਤੀ ਸੀ। ਪ੍ਰੇਮ ਦਾ ਪਤੀ ਵੀ ਪ੍ਰੇਮ ਵਾਂਗ ਬੜਾ ਮਿਲਣਸਾਰ ਸੀ। ਦਿੱਲੀ ਦੀ ਗਰਮੀ ਅਤੇ ਉਹ ਵੀ ਅਗਸਤ ਮਹੀਨੇ ਦੀ, ਸੋਚ ਕੇ ਹੀ ਪਸੀਨੇ ਛੁੱਟਦੇ ਹਨ ਪਰ ਉਹ ਮਾਂ ਦਾ ਲਾਲ ਸਾਨੂੰ ਆਪਣੀ ਕਾਰ ਵਿਚ ਦਿੱਲੀ ਘੁੰਮਾਉਂਦਾ ਰਿਹਾ। ਕਾਰ ਵਿਚ ਲੁਆਇਆ ਛੋਟਾ ਪੱਖਾ ਉਹਨੇ ਮੇਰੇ ਵੱਲ ਕਰ ਦਿੱਤਾ, “ਭਾਈ ਸਾਹਿਬ ਤੁਸੀਂ ਇੰਗਲੈਂਡ ਤੋਂ ਆਏ ਆਂ ਤੁਹਾਨੂੰ ਗਰਮੀ ਜ਼ਿਆਦਾ ਲੱਗਦੀ ਹੋਣੀ ਆਂ।” ਮੈਂ ਬਥੇਰਾ ਕਿਹਾ ਕਿ, “ਇਹਨੂੰ ਸੈਂਟਰ ਵਿਚ ਈ ਰਹਿਣ ਦਿਉ ਤਾਂਕਿ ਸਾਰਿਆਂ ਨੂੰ ਹਵਾ ਆ ਸਕੇ” ਪਰ ਉਹ ਨਾਂ ਮੰਨਿਆ। ਮੈਨੂੰ ਵੈਸੇ ਵੀ ਗਰਮੀ ਜ਼ਿਆਦਾ ਲੱਗਦੀ ਆ ਸ਼ਾਇਦ ਜੁੱਸਾ ਗਰਮ ਆ। ਮੇਰੀ ਮਾਂ ਅਕਸਰ ਕਹਿੰਦੀ ਹੁੰਦੀ ਸੀ, “ਇਹ ਹਾੜ ਦਾ ਜੰਮਿਐ ਤਾਂਹੀਓਂ ਗਰਮੀ ਜਾਦਾ ਮੰਨਦੈ।”

ਸੱਚੀ ਸੁੱਚੀ ਪ੍ਰੇਮ ਬੁਸੇ ਹੋਏ ਰੀਤੀ ਰਿਵਾਜ਼ਾਂ ਦੇ ਖਿਲਾਫ ਸੀ। ਦੋ ਛੋਟੇ ਭਰਾਵਾਂ ਦੀ ਵੱਡੀ ਭੈਣ ਨੇ ਜਦ “ਪਿਆਰ ਵਿਆਹ” ਬਾਰੇ ਆਪਣੇ ਮਾਂ ਬਾਪ ਨੂੰ ਦੱਸਿਆ ਸੀ ਤਾਂ ਮਾਂ ਬਾਪ ਨੇ ਘੱਟ ਪਰ ਬਾਕੀ ਦੇ ਸਕਿਆਂ ਵਾਹਵਾ ਖੌਰੂ ਪਾਇਆ ਸੀ। ਪ੍ਰੇਮ ਨੇ ਆਪਣੇ ਮਾਂ ਬਾਪ ਨੂੰ ਠੋਕ ਬਜਾ ਕੇ ਕਹਿ ਦਿੱਤਾ ਸੀ ਮੇਰਾ ਪਸੰਦ ਕੀਤਾ ਲੜਕਾ ਮੇਰੇ ਵਾਂਗ ਖੱਤਰੀਆਂ ਦਾ ਮੁੰਡਾ ਆ। ਮੇਰੇ ਵਾਂਗ ਸਰਕਾਰੀ ਨੌਕਰੀ ਕਰਦਾ ਅਤੇ ਪੁੱਜ ਕੇ ਭਲਾ ਮਾਣਸ ਆ। ਸ਼ਰਾਬ ਮਾਸ ਸਿਰਗਟ ਦੇ ਲਾਗੇ ਨਹੀਂ ਜਾਂਦਾ। ਕਮਾਊ ਪੁੱਤ ਆ। ਜੇਹੜੇ ਸਕਿਆਂ ਦੀ ਤੁਸੀਂ ਪ੍ਰਵਾਹ ਕਰਦੇ ਫਿਰਦੇ ਹੋ ਉਹਨਾਂ ਸਾਡਾ ਕੀਤਾ ਈ ਕੀ ਐ? ਦੁੱਖ ਦੇਣ ਤੋਂ ਬਿਨਾਂ ਇਸ ਚੰਡਾਲ ਚੌਕੜੀ ਨੇ ਸਾਨੂੰ ਅਜੇ ਤਕ ਕੀ ਦਿੱਤੈ? ਨਾਲੇ ਸਕਿਆਂ ਦੇ ਆਪਾਂ ਸਕ ਲਾਹੁਣੇ ਆ? ਜਾਣ ਭਾੜ 'ਚ। ਮੈਂ ਨਹੀਂ ਸੱਦਣੇ ਆਪਣੇ ਵਿਆਹ ਤੇ। ਮੈਨੂੰ ਨਹੀਂ ਚਾਹੀਦਾ ਇਹਨਾਂ ਦਾ ਸ਼ਗਨ ਸ਼ੁਗਨ। ਚਾਰ ਛਿੱਲੜ ਦੇ ਕੇ ਸਾਰੀ ਉਮਰ ਰਾਗਨੀ ਗਾਉਂਦੇ ਰਹਿਣਗੇ।” ਪ੍ਰੇਮ ਦੇ ਮਾਂ ਬਾਪ ਖਰੀਆਂ ਖਰੀਆਂ ਦਲੀਲਾਂ ਸੁਣ ਨਿਰਉਤਰ ਹੋ ਗਏ ਸਨ।

ਸਰਕਾਰੀ ਕੁਆਰਟਰ ਵਿਚ ਰਹਿੰਦੀ ਪ੍ਰੇਮ ਆਪਣੇ ਪਤੀ ਅਤੇ 18 ਸਾਲਾ ਲੜਕੀ ਸ਼ਾਲਨੀ ਨਾਲ ਬੜੀ ਖੁਸ਼ ਸੀ। ਪ੍ਰੇਮ ਨੇ ਆਪਣੇ ਮਾਂ ਬਾਪ ਦੀ ਸਦਾ ਮਦਦ ਕੀਤੀ ਸੀ। ਪ੍ਰੇਮ ਦੇ ਪਤੀ ਵਿਨੋਦ ਨੇ ਵੀ ਕਦੇ ਮੱਥੇ ਤੇ ਤਿਊੜੀ ਨਹੀਂ ਸੀ ਪਾਈ।

ਇਹਦਾ ਇੱਕ ਕਾਰਨ ਇਹ ਵੀ ਸੀ ਕਿ ਉਹਨੇ ਆਪਣੇ ਪਤੀ ਦੇ ਪਰਿਵਾਰ ਵੱਲ ਵੀ ਸਦਾ ਸਵੱਲੀ ਨਜ਼ਰ ਰੱਖੀ ਸੀ। ਪ੍ਰੇਮ ਨੇ ਆਪਣੇ ਫਰਜ਼ਾਂ ਤੋਂ ਕਦੇ ਕੁਤਾਹੀ ਨਹੀਂ ਸੀ ਕੀਤੀ। ਜੇਕਰ ਉਹਨੂੰ ਆਪਣੇ ਛੋਟੇ ਭਰਾਵਾਂ ਦਾ ਫਿਕਰ ਸੀ ਤਾਂ ਆਪਣੇ ਛੋਟੇ ਦਿਉਰ ਦਾ ਵੀ ਪੂਰਾ ਪੂਰਾ ਖਿਆਲ ਰੱਖਦੀ ਸੀ। ਪ੍ਰੇਮ ਉਹਨਾਂ ਭਰਜਾਈਆਂ ਵਿਚੋਂ ਨਹੀਂ ਸੀ ਜੇਹੜੀਆਂ ਵਿਆਹ ਤੋਂ ਬਾਦ ਪਹਿਲਾਂ ਦਿਉਰਾਂ, ਨਨਾਣਾਂ ਅਤੇ ਸੱਸਾਂ ਸਹੁਰੇ ਦਾ ਫਸਤਾ ਵੱਢਦੀਆਂ ਹਨ ਤਾਂਕਿ ਆਪਣੇ ਖਲਣੇ ਦਾ ਰਾਹ ਸਾਫ ਹੋ ਸਕੇ। ਫਿਰ ਝੁੱਡੂ ਪਤੀ ਨੂੰ ਨਕੇਲ ਪਾ ਕੇ ਸਿਰਫ ਆਪਣੇ ਈ ਪਰਿਵਾਰ ਦਾ ਖਿਆਲ ਕਰਦੀਆਂ ਹਨ। ਐਹੋ ਜੇਹੀਆਂ ਫੱਫੇਕੁੱਟਣੀਆਂ ਦਾ ਭਾਰਤ ਜਾਂ ਇੰਗਲੈਂਡ 'ਚ ਘਾਟਾ ਨਹੀਂ। ਅਗਰ ਅਸੀਂ ਆਪਣੇ ਆਪਣੇ ਘਰਾਂ ਵੱਲ ਨਿਗਾਹ ਮਾਰੀਏ ਤਾਂ ਇਹ "ਪੂਛਾਂ" ਤੁਹਾਨੂੰ ਝੱਟ ਲੱਭ ਜਾਣਗੀਆਂ।

ਜਿੱਥੇ ਪ੍ਰੇਮ ਨੇ ਆਪਣੇ ਛੋਟੇ ਭਰਾਵਾਂ ਅਤੇ ਦਿਉਰਾਂ ਨੂੰ ਪੜ੍ਹਨ 'ਚ ਮਦਦ ਕੀਤੀ, ਉਥੇ ਨੌਕਰੀ ਦੁਆਉਣ 'ਚ ਵੀ ਕਈ ਪਾਸੇ ਹੱਥ ਪੈਰ ਮਾਰੇ। ਪ੍ਰੇਮ ਅਤੇ ਵਿਨੋਦ ਦੀ ਇੱਕੋ ਇੱਕ ਲੜਕੀ ਸ਼ਾਲਨੀ ਅਜੇ ਦਸ ਵਰ੍ਹਿਆਂ ਦੀ ਹੀ ਸੀ ਕਿ ਪ੍ਰੇਮ ਦੇ ਪਿਤਾ ਜੀ ਨੇ ਆਪਣੇ ਵੱਡੇ ਲੜਕੇ ਦਾ ਵਿਆਹ ਕਰ ਦਿੱਤਾ। ਪ੍ਰੇਮ ਅਤੇ ਵਿਨੋਦ ਨੇ ਮੋਹਰੀ ਰੋਲ ਨਿਭਾਇਆ ਅਤੇ ਵਿਆਹ 'ਚ ਵੱਧ ਚੜ੍ਹ ਕੇ ਮਦਦ ਕੀਤੀ। ਵਿਆਹ ਦੇ ਚਾਅ ਅਤੇ ਖੁਸ਼ੀਆਂ ਵਿਚ ਛੇ ਮਹੀਨੇ ਬੜੇ ਸੋਹਣੇ ਨਿਕਲ ਗਏ। ਹੋਰ ਛੇ ਮਹੀਨਿਆਂ ਤਕ ਪ੍ਰੇਮ ਦੇ ਪਿਤਾ ਜੀ ਦੀ ਰੀਟਾਇਰਮੈਂਟ ਹੋਣ ਵਾਲੀ ਸੀ। ਸਰਕਾਰੀ ਹਦਾਇਤਾਂ ਮੁਤਾਬਕ ਉਹਨਾਂ ਨੂੰ ਸਰਕਾਰੀ ਕੁਆਰਟਰ ਛੱਡਣਾ ਪੈਣਾਂ ਸੀ। ਇਸ ਹਾਲਾਤ ਵਿਚ ਜਾਂ ਤਾਂ ਸਾਰੇ ਪਰਿਵਾਰ ਨੂੰ ਕਿਸੇ ਕਰਾਏ ਦੇ ਘਰ 'ਚ ਰਹਿਣਾ ਪੈਣਾਂ ਸੀ ਜਾਂ ਆਪਣੇ ਖ੍ਰੀਦੇ ਮਕਾਨ ਵਿਚ। ਪ੍ਰੇਮ ਦੇ ਪਿਤਾ ਜੀ ਕੋਲ ਐਨੇ ਪੈਸੇ ਨਹੀਂ ਸਨ ਕਿ ਉਹ ਆਪਣਾ ਮਕਾਨ ਖ੍ਰੀਦ ਕੇ ਉਥੇ ਰਹਿ ਸਕਣ। ਉਹਨਾਂ ਕੋਲ ਜੋੜਿਆ ਹੋਇਆ ਸਿਰਫ 10 ਲੱਖ ਰੁਪਿਆ ਸੀ। ਦੋਵੇਂ ਭਰਾ ਪਿਉ ਦੇ ਗਲ ਗੂਠਾ ਵੀ ਦੇ ਰਹੇ ਸਨ ਕਿ ਪੈਸੇ ਉਹਨਾਂ ਨੂੰ ਦੇ ਦਿੱਤੇ ਜਾਣ ਕਿਉਂਕਿ ਉਹਨਾਂ ਨੂੰ ਇਸ ਵੇਲੇ ਪੈਸੇ ਦੀ ਜ਼ਰੂਰਤ ਹੈ ਤਾਂ ਕਿ ਉਹ ਕਿਤੇ ਕੋਈ ਪਲਾਟ ਖ੍ਰੀਦ ਸਕਣ ਜਿਥੇ ਭਵਿੱਖ 'ਚ ਮਕਾਨ ਉਸਾਰਿਆ ਜਾ ਸਕੇ। ਭਰਾਵਾਂ ਦੀ ਦਲੀਲ ਇਹ ਵੀ ਸੀ ਕਿ ਪਿਤਾ ਜੀ ਜੀਉਂਦੇ ਜੀਅ ਪੈਸਿਆਂ ਦਾ ਬਟਵਾਰਾ ਕਰ ਜਾਣ ਨਹੀਂ ਤਾਂ ਬਾਦ 'ਚ ਲੜਾਈਆਂ ਝਗੜੇ ਹੁੰਦੇ ਹਨ। ਦੋਵਾਂ ਭਰਾਵਾਂ ਇਸ ਗੱਲ ਦਾ ਵੀ ਬਚਨ ਦਿੱਤਾ ਕਿ ਉਹ ਆਪਣੇ ਮਾਂ ਬਾਪ ਦੀ ਜੀਉਂਦੇ ਜੀਅ ਸੇਵਾ ਕਰਨਗੇ ਅਤੇ ਆਪਣੇ ਕੋਲ ਰੱਖਣਗੇ। ਮਾਂ ਬਾਪ, ਪ੍ਰੇਮ ਅਤੇ ਵਿਨੋਦ ਨੂੰ ਇਹ ਤੌਖਲਾ ਸੀ ਕਿ ਕਿਤੇ ਗੜਬੜ ਨਾਂ ਹੋ ਜਾਵੇ। ਮਾਂ ਬਾਪ ਦੀ ਸਾਰੀ ਉਮਰ ਦੀ ਕੀਤੀ ਕਮਾਈ ਹੜੱਪ ਹੋ ਜਾਣ ਤੋਂ ਬਾਦ ਕਿਤੇ ਉਹ ਸੜਕ ਤੇ ਨਾਂ ਆ ਜਾਣ ਕਿਉਂਕਿ ਉਹ ਕੁੱਛ ਐਸੇ ਕੇਸਾਂ ਦੇ ਵਾਕਿਫ ਸਨ ਜਿਥੇ ਪੈਸੇ ਮਿਲਣ ਤੇ ਪੁੱਤਾਂ ਮਾਂ ਬਾਪ ਘਰੋਂ ਬਾਹਰ ਵਗਾਹ ਮਾਰੇ ਸਨ ਤੇ ਫਿਰ ਉਹ ਧੀਆਂ ਨੇ ਸਾਂਭੇ ਸਨ। ਸ਼ਾਇਦ ਇਸੇ ਕਰਕੇ ਇਹ ਕਹਾਵਤ ਬਣੀ ਆ ਕਿ, "ਬਾਵਲਾ, ਪੁੱਤਾਂ ਤੇਰਾ ਵੇਹੜਾ ਵੰਡਣਾ ਅਤੇ ਧੀਆਂ ਤੇਰਾ ਦੁੱਖ," ਪਰ ਕੁੱਝ ਬਿੱਜੂ ਭਾਰਤੀ ਪੰਜਾਬੀ ਲੋਕ ਅਜੇ ਵੀ ਮੱਥੇ ਰਗੜਦੇ ਸਾਹ ਨਹੀਂ ਲੈਂਦੇ ਕਿ "ਸਾਨੂੰ ਪੁੱਤ ਦੀ ਦਾਤ ਮਿਲੇ" ਅਤੇ ਬਾਦ 'ਚ ਆਪਦਾ ਝਾਟਾ ਪਟਾਉਂਦੇ ਫਿਰਦੇ ਹਨ। ਧੀਆਂ ਦੇ ਪੱਕੇ ਦੁਸ਼ਮਣ ਤਾਂ ਪੇਟ ਵਿਚ ਈ ਹੱਤਿਆ ਕਰਵਾ ਦਿੰਦੇ ਹਨ

ਅਤੇ ਪੜ੍ਹੇ ਲਿਖੇ ਇਹ ਕੰਮ ਜ਼ਿਆਦਾ ਕਰਦੇ ਹਨ। ਘਰ ਦੀ ਇਸ ਸਾਰੀ ਸਮੱਸਿਆ ਵਿਚ ਪ੍ਰੇਮ ਅਤੇ ਵਿਨੋਦ ਨੇ ਸਹਿੰਦਾ ਸਹਿੰਦਾ ਯੋਗਦਾਨ ਪਾਇਆ ਸੀ ਤਾਂ ਕਿ ਖਾਹ-ਮ-ਖਾਹ ਲੱਤ ਅੜਾਉਣੀ ਨਾਂ ਹੋ ਜਾਏ। ਮਾਂ ਬਾਪ ਅਤੇ ਵਿਨੋਦ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਕਿ, "ਅਸੀਂ ਬਿਲਕੁਲ ਖੁਸ਼ ਹਾਂ, ਸਾਨੂੰ ਸਿਰਫ ਤੁਹਾਡੀ ਖੁਸ਼ੀ ਚਾਹੀਦੀ ਆ।" ਘਰ ਵਿਚ ਦੂਜਾ ਅਹਿਮ ਫੈਸਲਾ ਇਹ ਕੀਤਾ ਗਿਆ ਕਿ ਸਰਕਾਰੀ ਕੁਆਰਟਰ ਵੱਡੇ ਵਿਆਹੇ ਵਰ੍ਹੇ ਮੁੰਡੇ ਦੇ ਨਾਂ ਤੇ ਕਰਵਾ ਦਿੱਤਾ ਜਾਵੇ ਅਤੇ ਕੁਆਰਟਰ ਦਾ ਕਰਾਇਆ ਦੋਵੇਂ ਭਰਾ ਦਿਆ ਕਰਨਗੇ। ਇਸ ਗੱਲ ਤੇ ਸਾਰੇ ਸਹਿਮਤ ਸਨ। ਪ੍ਰੇਮ ਦੇ ਪਿਤਾ ਜੀ ਨੇ ਸਰਕਾਰੀ ਕੁਆਰਟਰ ਵੱਡੇ ਮੁੰਡੇ ਦੇ ਨਾਂ ਤੇ ਕਰ ਦਿੱਤਾ ਅਤੇ ਚਾਰ ਚਾਰ ਲੱਖ ਰੁਪਇਆ ਦੋਵਾਂ ਮੁੰਡਿਆਂ ਨੂੰ ਦੇ ਕੇ ਦੋ ਲੱਖ ਰੁਪਿਆ ਆਪਣੇ ਕੋਲ ਰੱਖ ਲਿਆ।

ਪੈਸੇ ਅਤੇ ਮਕਾਨ ਮਿਲਣ ਤੇ ਵੱਡੇ ਮੁੰਡੇ ਦੇ ਤੌਰ ਬਦਲ ਗਏ। ਪ੍ਰੇਮ ਨੇ ਪਿਤਾ ਜੀ ਦੀ ਰੀਟਾਇਰਮੈਂਟ ਤੋਂ ਤਿੰਨ ਮਹੀਨਿਆਂ ਬਾਦ ਈ ਵੱਡੇ ਮੁੰਡੇ ਨੇ ਆਪਣੇ ਮਾਂ ਬਾਪ ਅਤੇ ਛੋਟੇ ਭਰਾ ਨੂੰ ਘਰੋਂ ਕੱਢ ਦਿੱਤਾ। ਪ੍ਰੇਮ ਅਤੇ ਵਿਨੋਦ ਨੇ ਉਹਨੂੰ ਬਥੇਰਾ ਸਮਝਾਇਆ ਪਰ ਉਹਨੇ ਕਿਸੇ ਦੀ ਕੋਈ ਗੱਲ ਨਾਂ ਮੰਨੀ। ਅਜੇ ਪ੍ਰੇਮ ਨੇ ਮਹੀਨਾ ਪਹਿਲਾਂ ਉਹਨੂੰ ਕਿਸੇ ਅਫਸਰ ਦੀਆਂ ਮਿੰਨਤਾਂ ਤਰਲੇ ਕਰਕੇ ਸਰਕਾਰੀ ਨੌਕਰੀ ਦੁਆਈ ਸੀ। ਪਰ ਉਹਦੇ ਤੇ ਕਿਸੇ ਗੱਲ ਦਾ ਕੋਈ ਅਸਰ ਨਹੀਂ ਸੀ। ਪ੍ਰੇਮ ਦੇ ਭਰਾ ਵਰਗੇ ਅਕ੍ਰਿਤਘਣਾਂ ਦਾ ਤਜ਼ੁਰਬਾ ਵਲੈਤ 'ਚ ਆਮ ਲੋਕਾਂ ਨੂੰ ਹੈ। ਜਿਸ ਕਿਸੇ ਨੇ ਵੀ ਆਪਣੇ ਰਿਸ਼ਤੇਦਾਰ ਵਲੈਤ ਮੰਗਵਾਏ ਬਾਦ 'ਚ ਉਹਨਾਂ ਨੂੰ ਦੁੱਖ ਈ ਹੋਇਆ ਕਿ "ਐਹੋ ਜੇਹੇ ਜੇ ਇੰਡਿਆ ਰਹਿੰਦੇ ਤਾਂ ਚੰਗਾ ਸੀ। ਨਾਲੇ ਤਾਂ ਪੈਸੇ ਵੱਲੋਂ ਬਚਾਅ ਰਹਿੰਦਾ ਅਤੇ ਨਾਲੇ ਬਦਖੋਹੀਆਂ ਨਾਂ ਸੁਣਨੀਆਂ ਪੈਂਦੀਆਂ।" ਪਰ ਦੇਖਣ 'ਚ ਇਹ ਵੀ ਆਇਆ ਹੈ ਕਿ ਅਕ੍ਰਿਤਘਣਾਂ ਦਾ ਕਦੇ ਕੁੱਝ ਬਣਦਾ ਜੁੜਦਾ ਨਹੀਂ। ਅਕ੍ਰਿਤਘਣ ਨੂੰ ਤਾਂ ਬਾਣੀ 'ਚ ਵੀ ਫਿਟਕਾਰ ਪਾਈ ਗਈ ਆ।

ਹੁਣ ਜਦ ਪ੍ਰੇਮ ਨੂੰ ਆਪਣੇ ਭਰਾ ਦੀ ਅਕ੍ਰਿਤਘਣਤਾ ਦਾ ਪਤਾ ਲੱਗਾ ਤਾਂ ਉਹਦਾ ਮਨ ਰੋ ਪਿਆ। ਹਾਲਾਤ ਨੂੰ ਸੰਭਾਂਲਦਿਆਂ, ਪ੍ਰੇਮ ਨੇ ਆਪਣੇ ਮਾਂ ਬਾਪ ਅਤੇ ਛੋਟੇ ਭਰਾ ਨੂੰ ਆਪਣੇ ਘਰ ਲੈ ਆਂਦਾ। ਵਿਨੋਦ ਨੂੰ ਇਸ ਬਾਰੇ ਕੋਈ ਇਤਰਾਜ਼ ਨਹੀਂ ਸੀ। ਵਿਨੋਦ ਦੇ ਮਾਂ ਬਾਪ ਬਹੁਤ ਦੇਰ ਦੇ ਪੂਰੇ ਹੋ ਚੁੱਕੇ ਸਨ ਅਤੇ ਉਹਦਾ ਇੱਕੋ ਇੱਕ ਛੋਟਾ ਭਰਾ ਪਹਿਲਾਂ ਈ ਉਹਨਾਂ ਦੇ ਨਾਲ ਰਹਿੰਦਾ ਸੀ। ਪ੍ਰੇਮ ਦੇ ਪਿਤਾ ਜੀ 'ਤੇ ਆਪਣੇ ਵੱਡੇ ਮੁੰਡੇ ਦੀ ਕਰਤੂਤ ਦਾ ਬੜਾ ਬੁਰਾ ਅਸਰ ਹੋਇਆ। ਪ੍ਰੇਮ ਕੋਲ ਰਹਿੰਦਿਆਂ ਅਜੇ ਉਹਨਾਂ ਨੂੰ ਦੋ ਮਹੀਨੇ ਹੀ ਹੋਏ ਸਨ ਕਿ ਉਹਨਾਂ ਨੂੰ ਐਸਾ ਜ਼ੋਰਦਾਰ ਹਾਰਟ ਅਟੈਕ ਹੋਇਆ ਕਿ ਉਹ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ। ਪ੍ਰੇਮ ਬੁਰੀ ਤਰ੍ਹਾਂ ਝੰਜੋੜੀ ਗਈ ਪਰ ਭਾਣਾਂ ਵਰਤ ਚੁੱਕਾ ਸੀ। ਸਮਸ਼ਾਨਘਾਟ ਤੇ ਜਦ ਪਿਤਾ ਜੀ ਨੂੰ ਅਗਨੀ ਦੇਣ ਦੀ ਗੱਲ ਆਈ ਤਾਂ ਪੰਡਿਤ ਕਹਿਣ ਲੱਗਾ ਕਿ, "ਘਰ ਦਾ ਲੜਕਾ ਅਗਨੀ ਦੇਵੇ।" ਪ੍ਰੇਮ ਸ਼ੇਰਨੀ ਵਾਂਗ ਗਰਜੀ, "ਪੰਡਤ ਜੀ, ਆਪਣੇ ਪਿਤਾ ਜੀ ਨੂੰ ਅਗਨੀ ਮੈਂ ਦੇਵਾਂਗੀ। ਇਹ ਕਪੁੱਤ ਨਹੀਂ ਜੇਹਨੇ ਮੇਰੇ ਪਿਉ ਦਾ ਸਭ ਕੁੱਝ ਹੜੱਪ ਕਰਕੇ ਉਹਨੂੰ ਘਰੋਂ ਵਗਾਹ ਮਾਰਿਆ? ਐਹੋ ਜੇਹੇ ਪੁੱਤ ਤਾਂ ਕਿਸੇ ਵੈਰੀ ਦੁਸ਼ਮਣ ਦੇ ਵੀ ਨਾਂ ਜੰਮਣ।" ਪੰਡਤ ਨਿਰਉੱਤਰ ਹੋ ਗਿਆ। ਪ੍ਰੇਮ ਦੇ ਇਸ ਅਣਖੀਲੇ ਅਤੇ ਬਗਾਵਤੀ

ਸੁਭਾਅ ਨੇ ਮੈਨੂੰ ਕੀਲ ਲਿਆ ਸੀ। ਵੈਸੇ ਵੀ ਮਨੋਵਿਗਿਆਨਕ ਕਹਿੰਦੇ ਹਨ ਕਿ "ਬਗਾਵਤੀ ਬੱਚੇ ਸਦਾ ਸਮਝਦਾਰ ਅਤੇ ਜ਼ਿਆਦਾ ਅਕਲ ਦੇ ਮਾਲਕ ਹੁੰਦੇ ਹਨ। ਬਗਾਵਤੀ ਬੱਚੇ ਈ ਵੱਡੇ ਹੋ ਕੇ ਨਵੀਆਂ ਪੈੜਾਂ ਪਾਉਂਦੈ ਹਨ।"

ਪ੍ਰੇਮ ਦੇ ਪਿਤਾ ਜੀ ਦੀ ਮੌਤ ਤੋਂ ਬਾਦ ਭਾਰਤ ਫੇਰੀ ਵੇਲੇ ਜਦੋਂ ਅਸੀਂ ਉਹਨੂੰ ਉਹਦੇ ਘਰ ਮਿਲਣ ਗਏ ਤਾਂ ਪ੍ਰੇਮ ਦੱਸਿਆ ਕਿ, "ਪਿਤਾ ਜੀ ਦੀ ਮੌਤ ਤੋਂ ਛੇ ਮਹੀਨਿਆਂ ਬਾਦ ਈ ਉਹਦੇ ਭਰਾ ਦੀ ਐਕਸੀਡੈਂਟ ਨਾਲ ਮੌਤ ਹੋ ਗਈ।" ਪ੍ਰੇਮ ਦੀ ਮਾਤਾ ਜੀ ਨਾਲ ਜਦ ਅਸੀਂ ਅਫਸੋਸ ਕੀਤਾ ਤਾਂ ਉਹ ਪੱਥਰ ਵਾਂਗ ਚੁੱਪ ਚਾਪ ਬੈਠੇ ਰਹੇ। ਸ਼ਾਇਦ ਗਮ ਨੂੰ ਸਹਾਰਨ ਦਾ ਇਹ ਵੀ ਇੱਕ ਤਰੀਕਾ ਹੈ।

ਪ੍ਰੇਮ ਨਾਲ ਰਹਿੰਦੇ ਛੋਟੇ ਦਿਉਰ ਨੇ ਇੱਕ ਬੰਗਾਲਣ ਕੁੜੀ ਨਾਲ ਇਸ਼ਕ ਲੜਾ ਲਿਆ ਸੀ ਅਤੇ ਉਹ ਅਜੇ ਪ੍ਰੇਮ ਹੋਰਾਂ ਨਾਲ ਈ ਰਹਿੰਦੇ ਸਨ। ਪ੍ਰੇਮ ਅਤੇ ਵਿਨੋਦ ਨੇ ਬੰਗਾਲਣ ਕੁੜੀ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਸੀ। ਉਹ ਦੋਵੇਂ ਉਹਦੀਆਂ ਸਿਫਤਾਂ ਈ ਕਰੀਂ ਜਾਂਦੇ ਸਨ। ਕੁਦਰਤ ਦੇ ਰੰਗ ਦੇਖੋ ਪ੍ਰੇਮ ਦਾ ਛੋਟਾ ਭਰਾ ਵੀ ਇੱਕ ਦਿਨ ਕਾਰ ਐਕਸੀਡੈਂਟ ਵਿਚ ਮਾਰਿਆ ਗਿਆ। ਪ੍ਰੇਮ ਅਤੇ ਉਹਦੀ ਬੁੱਢੀ ਮਾਂ ਇਸ ਸਾੜਸਤੀ ਨਾਲ ਬੁਰੀ ਤਰ੍ਹਾਂ ਝੰਬੀਆਂ ਗਈਆਂ। ਪਰ ਪ੍ਰੇਮ ਅਜੇ ਵੀ ਕਾਇਮ ਸੀ ਅਤੇ ਉਹ ਡੋਲੀ ਨਹੀਂ ਸੀ। ਮੈਂ ਹੈਰਾਨ ਸੀ ਕਿ ਇਸ ਔਰਤ ਵਿਚ ਦੁੱਖ ਜਰਨ ਦਾ ਕਿਨ੍ਹਾਂ ਜੇਰ੍ਹਾ ਹੈ।

ਹੁਣ ਪਿਛੇ ਜਦ ਅਸੀਂ ਇੱਕ ਦਿਨ ਘਰ ਦਿੱਲੀ ਫੋਨ ਕੀਤਾ ਤਾਂ ਸਾਨੂੰ ਦੱਸਿਆ ਗਿਆ ਕਿ, "ਪ੍ਰੇਮ ਕੌਮੇ 'ਚ ਆ।" ਜਦ ਮੈਂ ਹੋਰ ਘੋਖ ਕੀਤੀ ਤਾਂ ਦੱਸਿਆ ਗਿਆ ਕਿ, "ਪ੍ਰੇਮ ਦਾ ਦਿਉਰ ਜੇਹਨੂੰ ਉਹਨੇ ਪੁੱਤਾਂ ਵਾਂਗ ਪਾਲਿਆ ਸੀ ਟਰੱਕ ਐਕਸੀਡੈਂਟ 'ਚ ਮਾਰਿਆ ਗਿਆ ਅਤੇ ਪ੍ਰੇਮ ਇਸੇ ਗਮ ਨਾਲ ਕੌਮੇ 'ਚ ਚਲੀ ਗਈ ਆ।" ਅਸੀਂ ਪ੍ਰੇਮ ਦੀ ਲੜਕੀ ਸ਼ਾਲਨੀ ਅਤੇ ਵਿਨੋਦ ਨਾਲ ਫੋਨ ਤੇ ਕਈ ਵਾਰ ਸੰਪਰਕ ਕਰਕੇ ਹੌਂਸਲਾ ਦਿੱਤਾ। ਪ੍ਰੇਮ ਚਾਰ ਮਹੀਨੇ ਕੌਮੇ 'ਚ ਰਹਿ ਕੇ ਸਾਨੂੰ ਸਭ ਨੂੰ ਇੱਕ ਦਿਨ ਤੜਪਦਾ ਛੱਡ ਤੁਰ ਗਈ। ਪ੍ਰੇਮ ਦਾ ਪਤੀ ਵਿਨੋਦ, ਬੇਟੀ ਸ਼ਾਲਨੀ ਅਤੇ ਮਾਤਾ ਜੀ ਉਸੇ ਦਿਨ ਦੇ ਈ ਬਾਂਵਰੇ ਹੋਏ ਫਿਰਦੇ ਹਨ।

# ਪਿਆਰ ਦਾ ਕਤਲ

ਕਾਂਤੀ ਪਟੇਲ ਇੱਕ ਯੂਨੀਵਰਸਿਟੀ ਵਿਚ ਸੀਨੀਅਰ ਲੈਕਚਰਾਰ ਸੀ ਅਤੇ ਉਹਦੀ ਪਤਨੀ ਰੇਖਾ ਪਟੇਲ ਸਰਕਾਰੀ ਸੀਨੀਅਰ ਅਫਸਰ। ਜੇ ਕਾਂਤੀ ਪਟੇਲ ਦਿੱਖ ਪੱਖੋਂ ਸੋਹਣਾ ਸੀ ਤਾਂ ਰੇਖਾ ਵੀ ਘੱਟ ਨਹੀਂ ਸੀ। ਇੱਥੇ ਗੱਲ ਜੋੜੀਆਂ ਜਗ ਥੋੜੀਆਂ ਤੇ ਨਰੜ ਬਥੇਰੇ ਵਾਲੀ ਨਹੀਂ ਸੀ ਸਗੋਂ ਇਹ ਇੱਕ ਵਧੀਆ ਜੋੜੀ ਸੀ। ਇੰਗਲੈਂਡ 'ਚ ਰਹਿੰਦਿਆਂ ਵੀ ਉਹਨਾਂ ਨੂੰ ਚਾਰ ਦਹਾਕੇ ਹੋ ਗਏ ਸਨ ਅਤੇ ਉਹਨਾਂ ਦਾ ਵਿਆਹ ਪੱਚੀ ਸਾਲ ਪਹਿਲਾਂ ਹੋਇਆ ਸੀ। ਰਿਸ਼ਤੇਦਾਰਾਂ ਬਥੇਰਾ ਰੌਲਾ ਪਾਇਆ ਕਿ ਵਿਆਹ ਤੇ ਵੱਡੀ ਪਾਰਟੀ ਕੀਤੀ ਜਾਵੇ ਪਰ ਉਹਨਾਂ ਕੁੱਝ ਚੋਣਵੇਂ ਜਹੇ ਲੋਕ ਸੱਦ ਕੇ ਵਿਆਹ ਕਰ ਲਿਆ ਸੀ।

ਕਾਂਤੀ ਅਤੇ ਰੇਖਾ ਦਾ ਪਰਿਵਾਰ ਵੀ ਪੜ੍ਹਿਆ ਲਿਖਿਆ ਸੀ। ਉਹਨਾਂ ਦੇ ਬਹੁਤੇ ਰਿਸ਼ਤੇਦਾਰ ਜਾਂ ਤਾਂ ਮੈਡੀਕਲ ਡਾਕਟਰ ਸਨ ਅਤੇ ਜਾਂ ਵਕੀਲ। ਇਹ ਇੱਕ ਕਿਸਮ ਦਾ ਹਾਈਫਾਈ ਪਰਿਵਾਰ ਸੀ। ਅੱਜ ਕੱਲ੍ਹ ਗੋਰੇ ਗੋਰੀਆਂ ਅਤੇ ਪੜ੍ਹੇ ਲਿਖੇ ਦੇਸੀ ਪਰਿਵਾਰਾਂ ਵਿਚ ਵੀ ਇਹ ਸਮਝ ਬਣ ਗਈ ਹੈ ਕਿ ਜ਼ਿਆਦਾ ਬੱਚੇ ਨਾਂ ਪੈਦਾ ਕੀਤੇ ਜਾਣ। ਜ਼ਿਆਦਾ ਤੋਂ ਜ਼ਿਆਦਾ ਦੋ ਜਾਂ ਤਿੰਨ। ਉਹ ਈ ਦੇਸੀ ਪਰਿਵਾਰ ਚਾਰ ਚਾਰ ਪੰਜ ਪੰਜ ਬੱਚੇ ਪੈਦਾ ਕਰਦੇ ਹਨ ਜੋ ਕੁੜੀਆਂ ਹੋਣ ਤੇ ਮੁੰਡੇ ਦੀ ਤਾਂਘ ਵਿਚ ਇਹ ਸਿਲਸਿਲਾ ਜਾਰੀ ਰੱਖਦੇ ਹਨ। ਕਈ ਜੋੜੇ ਭਾਂਵੇ ਰੋਜ਼ ਗੁਰਦੁਆਰੇ, ਮੰਦਰ ਜਾਂਦੇ ਹਨ ਪਰ ਜਦ ਇਹ ਪਤਾ ਲੱਗਾ ਕਿ ਪੇਟ ਵਿਚ ਬੱਚੀ ਆ ਤਾਂ ਉਹਦਾ ਸਫਾਇਆ ਕਰਾਉਣ ਲੱਗੇ ਇੱਕ ਮਿੰਟ ਨਹੀਂ ਲਾਉਂਦੇ। ਬਹੁਤੇ ਅਜੇ ਇਹਨਾਂ ਚੋਂ ਮਾਤਾ ਦੇ ਭਗਤ ਵੀ ਹੁੰਦੇ ਹਨ। ਹਰ ਗੱਲ ਤੇ ਪਾਖੰਡ ਅਤੇ ਝੂਠ ਬੋਲਣਾ ਇਹਨਾਂ ਦਾ ਕੁਦਰਤੀ ਸੁਭਾਅ ਬਣ ਗਿਆ ਹੁੰਦਾ ਹੈ। ਪਰ ਕਾਂਤੀ ਅਤੇ ਰੇਖਾ ਸੀਮਤ ਪਰਿਵਾਰ 'ਚ ਹੀ ਯਕੀਨ ਰੱਖਦੇ ਸਨ। ਕਾਂਤੀ ਅਤੇ ਰੇਖਾ ਆਪਣੇ ਆਪ ਨੂੰ ਮੌਡਰਨ ਕਹਾਉਂਦੇ ਸਨ ਭਾਂਵੇ ਕਿ ਉਹਨਾਂ ਤੇ ਸੰਸਕਾਰਾਂ ਦਾ ਅਸਰ ਅਜੇ ਵੀ ਸੀ। ਨਾਲੇ ਵਗਦੇ ਹੜ੍ਹ ਦੇ ਖਿਲਾਫ ਤਰਨਾ ਜਣੇ ਖਣੇ ਦਾ ਕੰਮ ਵੀ ਤਾਂ ਨਹੀਂ ਹੁੰਦਾ। ਇਹ ਗੱਲ ਗੋਰੇ ਗੋਰੀਆਂ ਤੋਂ ਸਿੱਖਣ ਵਾਲੀ ਹੈ। ਗੋਰਿਆਂ ਦੀ ਜਨਸੰਖਿਆ ਦਿਨੋ ਦਿਨ ਘੱਟ ਰਹੀ ਹੈ। ਇਹਦਾ ਇੱਕ ਕਾਰਨ ਇਹ ਵੀ ਹੈ ਕਿ ਇਹ ਸੋਚਦੇ ਹਨ ਕਿ ਬੱਚੇ ਪਾਲਣਾ ਬੜਾ ਔਖਾ ਕੰਮ ਹੈ ਅਤੇ ਅਸੀਂ ਆਪਣੇ ਆਨੰਦਮਈ ਜੀਵਨ ਨੂੰ ਇਸ ਯਹਿਮਤ 'ਚ ਕਿਉਂ ਪਾਈਏ? ਕਈ ਲੋਕ ਇਹਨੂੰ ਸੁਆਰਥੀ ਝੁਕਾਅ ਵੀ ਕਹਿ ਸਕਦੇ ਹਨ ਪਰ ਗੋਰੇ ਗੋਰੀਆਂ ਦਾ ਕਹਿਣਾਂ ਹੈ ਕਿ, "ਜ਼ਿੰਦਗੀ ਇੱਕ ਵਾਰ ਆਉਂਦੀ ਹੈ ਅਤੇ ਇਹਨੂੰ ਰੱਜ ਕੇ ਆਜ਼ਾਦੀ ਨਾਲ ਜੀਆ ਜਾਏ" ਨਾ ਕਿ ਬਹੁਤੇ ਦੇਸੀ ਲੋਕਾਂ ਵਾਂਗ ਜੂਨ ਕੱਟੀ ਜਾਵੇ ਅਤੇ ਮਰਯਾਦਾ ਪਾਲਣ

ਦੇ ਚੱਕਰ ਵਿਚ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਜਾਣ। ਵਲੈਤ ਵਿਚ ਬਹੁਤੇ ਦੇਸੀ ਲੋਕ ਇਸੇ ਕਰਕੇ ਦੁਖੀ ਹਨ ਕਿ ਉਹ ਪੜ੍ਹੇ ਲਿਖੇ ਹੋ ਕੇ ਵੀ ਆਪਣੇ ਪੁਰਾਣੇ ਰੀਤੀ ਰਿਵਾਜ਼ ਅਤੇ ਸੰਸਕਾਰ ਛੱਡ ਨਹੀਂ ਰਹੇ ਅਤੇ ਇੱਥੇ ਜੰਮੇ ਪਲੇ ਬੱਚੇ ਉਹਨਾਂ ਦੀਆਂ ਘਸੀਆਂ ਪਿਟੀਆਂ ਉਮੀਦਾਂ ਤੇ ਖਰੇ ਨਹੀਂ ਉੱਤਰਦੇ। ਇਸ ਟਕਰਾਅ ਚੋਂ ਈ ਸੰਤਾਪ ਅਤੇ ਕਲੇਸ਼ ਪੈਦਾ ਹੁੰਦਾ। ਇਹ ਟਕਰਾਅ ਮਨ ਦੀ ਸ਼ਾਂਤੀ ਨੂੰ ਭੰਗ ਕਰਦਾ। ਖੁਸ਼ੀਆਂ ਨੂੰ ਖੇਰੂੰ ਖੇਰੂੰ ਕਰਦਾ। ਇਸ ਤੋਂ ਬਿਨਾਂ ਇੱਕ ਵੱਡਾ ਫਰਕ ਇਹ ਵੀ ਆ ਕਿ ਦੇਸੀ ਲੋਕ ਸੰਸਕਾਰਾਂ ਦੇ ਅਸਰ ਹੇਠ ਬੱਚਿਆਂ ਨੂੰ ਆਪਣੀ ਜਾਇਦਾਦ ਸਮਝਦੇ ਹਨ ਜਦੋਂ ਕਿ ਪੱਛਮੀ ਮੁਲਕਾਂ ਵਿਚ ਬੱਚਿਆਂ ਨੂੰ ਮਾਪਿਆਂ ਦੀ ਜਾਇਦਾਦ ਨਹੀਂ ਸਮਝਿਆ ਜਾਂਦਾ ਸਗੋਂ ਉਹਨਾਂ ਨੂੰ ਇੱਕ ਵਧੀਆ ਇਨਸਾਨ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੋ ਵੀ ਬੱਚਾ ਚਾਹੁੰਦਾ ਹੈ, ਉਹਨੂੰ ਉਹ ਕਰਨ ਲਈ ਉਤਸ਼ਾਹ ਦਿੱਤਾ ਜਾਂਦਾ ਹੈ ਕਿ, "ਇਹ ਇਸ ਬੱਚੇ ਦੀ ਆਪਣੀ ਜ਼ਿੰਦਗੀ ਹੈ ਜੋ ਉਹਨੇ ਵੱਡੇ ਹੋ ਕੇ ਜਿਉਣੀ ਹੈ।" ਦੇਸੀ ਜਨਤਾ ਬੱਚਿਆਂ ਤੇ ਆਪਣੇ ਅਰਮਾਨਾਂ ਅਤੇ ਦੱਬੀਆਂ ਖਾਹਸ਼ਾਂ ਠੋਸਦੇ ਹਨ ਕਿ ਉਹਨਾਂ ਨੂੰ ਵਕੀਲ, ਡਾਕਟਰ ਬਣਾਉਣਾ ਹੈ ਭਾਂਵੇ ਕਿ ਬੱਚੇ ਦੀ ਇਹ ਕੰਮ ਕਰਨ ਲਈ ਵੱਢੀ ਰੂਹ ਨਾਂ ਕਰਦੀ ਹੋਵੇ। ਪੱਛਮੀ ਲੋਕ ਬੱਚੇ ਦੀ ਖੁਸ਼ੀ ਵਿਚ ਈ ਖੁਸ਼ੀ ਮਹਿਸੂਸ ਕਰਦੇ ਹਨ।

ਕਾਂਤੀ ਅਤੇ ਰੇਖਾ ਨੇ ਸਿਰਫ ਦੋ ਬੱਚੇ ਈ ਪੈਦਾ ਕੀਤੇ। ਲੜਕਾ ਸਤੀਸ਼ ਤੇ ਬੇਟੀ ਅਨੀਤਾ। ਕਾਂਤੀ ਅਤੇ ਰੇਖਾ ਨੇ ਵੀ ਬੱਚਿਆਂ ਨੂੰ ਬਹੁਤੇ ਦੇਸੀ ਲੋਕਾਂ ਵਾਂਗ ਡਾਕਟਰ ਬਣਾਉਣਾ ਚਾਹਿਆ ਪਰ ਏ ਲੇਵਲ ਦੇ ਨਤੀਜ਼ਿਆਂ ਬੱਚਿਆਂ ਨੂੰ ਮਜ਼ਬੂਰ ਕਰ ਦਿੱਤਾ ਕਿ ਸਤੀਸ਼ ਫਾਰਮੇਸੀ ਦੀ ਪੜ੍ਹਾਈ ਕਰੇ ਅਤੇ ਅਨੀਤਾ ਬਾਇਉ ਕੈਮਿਸਟਰੀ ਦੀ ਡਿਗਰੀ। ਕਾਂਤੀ ਅਤੇ ਰੇਖਾ ਭਾਂਵੇ ਦਿਲੋਂ ਖੁਸ਼ ਨਹੀਂ ਸਨ ਪਰ ਭਾਣਾਂ ਮੰਨਣ ਤੋਂ ਬਿਨਾਂ ਉਹਨਾਂ ਕੋਲ ਹੋਰ ਕੋਈ ਚਾਰਾ ਵੀ ਤਾਂ ਨਹੀਂ ਸੀ। ਬੱਚਿਆਂ ਤੇ ਉਹਨਾਂ ਦੇ ਚਾਚੇ, ਤਾਏ, ਮਾਮੇ ਅਤੇ ਭੂਆ ਦੇ ਬੱਚਿਆਂ ਦਾ ਦਬਾਅ ਸੀ ਜੋ ਡਾਕਟਰ ਬਨਣ ਦੀ ਪੜ੍ਹਾਈ ਕਰ ਰਹੇ ਸਨ। ਨਾਲੇ ਦੇਸੀ ਲੋਕਾਂ ਵਿਚ ਆਪਣੇ ਬੱਚਿਆਂ ਬਾਰੇ ਝੂਠ ਸੱਚ ਦਾ ਗੁਤਾਵਾ ਕਰਕੇ ਹੁੱਬ ਕੇ ਚੌਂਹ ਬੰਦਿਆਂ 'ਚ ਗੱਲ ਕਰਨ ਦਾ ਵੀ ਤਾਂ ਰਿਵਾਜ਼ ਹੈ ਅਤੇ ਉਸ ਵੇਲੇ ਕਾਂਤੀ ਅਤੇ ਰੇਖਾ ਨੂੰ ਥੋੜ੍ਹੀ ਜੇਹੀ ਚੁੱਭਣ ਜ਼ਰੂਰ ਹੁੰਦੀ ਸੀ। ਚਾਹੇ ਕਾਂਤੀ, ਰੇਖਾ ਅਤੇ ਉਹਨਾਂ ਦਾ ਪਰਿਵਾਰ ਕਾਫੀ ਪੜ੍ਹੇ ਲਿਖੇ ਸਨ ਪਰ ਹਿੰਦੂ ਧਾਰਮਿਕ ਰੀਤੀ ਰਿਵਾਜ਼ਾਂ ਦੀ ਪੀਡੀ ਜਕੜ ਵਿਚੋਂ ਅਜੇ ਬਾਹਰ ਨਹੀਂ ਸਨ ਨਿਕਲ ਸਕੇ। ਇਸੇ ਕਰਕੇ ਉਹਨਾਂ ਆਪਣੇ ਬੱਚਿਆਂ ਸਤੀਸ਼ ਅਤੇ ਅਨੀਤਾ ਨੂੰ ਵੀ ਇੱਕ ਵਧੀਆ ਇਨਸਾਨ ਬਨਾਉਣ ਦੀ ਬਜਾਏ ਹਿੰਦੂ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਵਲੈਤ ਵਿਚ ਰਹਿੰਦਿਆਂ ਇਹ ਗੱਲ ਅਸੰਭਵ ਤਾਂ ਭਾਂਵੇ ਨਹੀਂ ਹੈ ਪਰ ਬਹੁਤੇ ਕੇਸਾਂ ਵਿਚ ਔਖੀ ਜ਼ਰੂਰ ਹੈ। ਕਈ ਦੇਸੀ ਜੋੜੇ ਜਦ ਜਾਤ ਪਾਤ ਦੀ ਸੜਿਆਂਦ ਦੇ ਤੂੰਬੇ ਬੱਚਿਆਂ ਉੱਪਰ ਲਾਉਣ ਦੀ ਕੋਸ਼ਿਸ਼ ਕਰਦੇ ਹਨ ਤਾਂ ਇਹ ਗੰਦਗੀ ਹਵਾ 'ਚ ਕਾਫੂਰ ਹੋ ਜਾਂਦੀ ਹੈ। ਬੱਚੇ ਜਦ ਸੁਆਲ ਕਰਦੇ ਹਨ ਕਿ, "ਤੁਸੀਂ ਇੰਗਲੈਂਡ ਵਿਚ ਬਰਾਬਰੀ ਦੇ ਹੱਕ ਮਾਣ ਰਹੇ ਹੋ ਅਤੇ ਜੇਕਰ ਕੋਈ ਗੋਰਾ ਗੋਰੀ ਤੁਹਾਡੇ ਨਾਲ ਰੰਗ ਨਸਲ ਤੇ ਵਿਤਕਰਾ ਕਰੇ ਤਾਂ ਤੁਸੀਂ ਚੀਕਾਂ ਮਾਰਦੇ ਹੋ ਤਾਂ ਫਿਰ ਤੁਸੀਂ ਆਪ ਆਪਣੀ ਹੀ ਨਸਲ, ਰੰਗ ਅਤੇ ਧਰਮ ਦੇ ਲੋਕਾਂ ਨਾਲ ਵਿਤਕਰਾ ਕਿਉਂ ਕਰਦੇ ਹੋ" ਦਾ ਮਾਪਿਆਂ ਕੋਲ ਕੋਈ

ਜੁਆਬ ਨਹੀਂ ਹੁੰਦਾ। ਬੱਚੇ ਦੋਹਰੇ ਮਾਪਦੰਡ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਅਤੇ ਕਈ ਵਾਰ ਤਾਂ ਉਹ ਇਥੋਂ ਤੱਕ ਕਹਿ ਦਿੰਦੇ ਹਨ ਕਿ, "ਬਹੁਤੀਆਂ ਬੀਮਾਰੀਆਂ ਤੁਸੀਂ ਆਪ ਈ ਸਹੇੜੀਆਂ ਅਤੇ ਤੁਹਾਡਾ ਸੱਭਿਆਚਾਰ ਇਹਦੇ ਤੇ ਵਾਰ ਵਾਰ ਦੋਹਰ ਪਾਈ ਜਾਂਦਾ। ਇਸ ਜਰਮਾਂ ਨਾਲ ਭਰੇ ਕੋਟ ਨੂੰ ਲਾਹ ਕੇ ਵਗਾਹ ਮਾਰੋ। ਇਹਨੇ ਤੁਹਾਨੂੰ ਰੂੜਵਾਦੀ ਅਤੇ ਪਿਛਾਂਹ ਖਿੱਚੂ ਬਣਾ ਦਿੱਤਾ ਆ।" ਪਰ ਬੱਚਿਆਂ ਦੀਆਂ ਦਲੀਲਾਂ ਦਾ ਕੁੱਝ ਕੁ ਈ ਮਾਪਿਆਂ ਤੇ ਅਸਰ ਹੁੰਦਾ ਹੈ।

ਸਤੀਸ਼ ਨੇ ਹੁਣ ਫਾਰਮੇਸੀ ਦੀ ਡਿਗਰੀ ਕਰ ਲਈ ਸੀ ਅਤੇ ਉਹਦਾ ਮਨ ਬਣ ਗਿਆ ਸੀ ਕਿ ਉਹ ਕਿਤੇ ਨੌਕਰੀ ਕਰਨ ਦੀ ਬਜਾਏ ਆਪਣੀ ਫਾਰਮੇਸੀ ਦੁਕਾਨ ਖੋਹਲੇਗਾ। ਇੱਕ ਤਾਂ ਉਹ ਆਪਣਾ ਬੌਸ ਆਪ ਹੋਵੇਗਾ ਅਤੇ ਦੂਜਾ ਇਸ ਕੰਮ 'ਚ ਪੈਸਾ ਵੀ ਵਾਹਵਾ ਹੈ। ਕਾਂਤੀ ਅਤੇ ਰੇਖਾ ਇਸ ਗੱਲ ਨਾਲ ਸਹਿਮਤ ਸਨ, ਭਾਵੇਂ ਦੁਕਾਨ ਲਈ ਉਹਨਾਂ ਨੂੰ ਪੈਸੇ ਉਧਾਰ ਵੀ ਲੈਣੇ ਪਏ ਸਨ ਕਿਉਂਕਿ ਉਹਨਾਂ ਦਾ ਸਤੀਸ਼ ਅਤੇ ਅਨੀਤਾ ਦੀ ਪੜ੍ਹਾਈ ਤੇ ਵੀ ਕਾਫੀ ਖਰਚਾ ਆ ਗਿਆ ਸੀ। ਇਹ ਦੇਸੀ ਮਾਪਿਆਂ ਦੀ ਆਪਣੇ ਬੱਚਿਆਂ ਲਈ "ਆਪਾਵਾਰੂ ਗੁਣ" ਦੀ ਹੀ ਦੇਣ ਹੈ, ਨਹੀਂ ਤਾਂ ਗੋਰੇ ਬੱਚਿਆਂ ਨੂੰ ਹਜ਼ਾਰਾਂ ਪੌਂਡਾਂ ਦਾ ਹਰ ਸਾਲ ਪੜ੍ਹਨ ਲਈ ਕਰਜ਼ਾ ਲੈਣਾ ਪੈਂਦਾ ਹੈ ਅਤੇ ਪੜ੍ਹਾਈ, ਨੌਕਰੀ ਤੋਂ ਬਾਦ ਕਈ ਕਈ ਵਰ੍ਹੇ ਉਹ ਕਰਜ਼ਾ ਲਾਹੁਣ ਤੇ ਹੀ ਲੱਗੇ ਰਹਿੰਦੇ ਹਨ। ਆਪਣੇ ਬੱਚਿਆਂ ਨੂੰ ਕਾਰ, ਘਰ ਅਤੇ ਦੁਕਾਨ ਲੈ ਕੇ ਦੇਣਾ ਵੀ ਦੇਸੀ ਮਾਪਿਆਂ ਦਾ ਬਹੁਤ ਵੱਡਾ "ਹਾਂ ਪੱਖੀ" ਗੁਣ ਹੈ ਜੇਹਦੀ ਕਈ ਵਾਰ ਦੇਸੀ ਬੱਚੇ ਕਦਰ ਨਹੀਂ ਕਰਦੇ। ਪਰ ਇਹਦਾ ਮਤਲਬ ਇਹ ਵੀ ਨਹੀਂ ਕਿ ਮਾਪੇ ਠੂੰਮਣਾਂ ਬਨਣ ਦੀ ਬਜਾਏ ਜਾਤੀ ਖੁਸ਼ੀ 'ਚ ਰੋੜਕਾ ਬਨਣ। ਸਤੀਸ਼ ਦੀ ਦੁਕਾਨ ਏਸ਼ੀਅਨ ਲੋਕਾਂ ਦੇ ਗੜ੍ਹ ਵਿਚ ਸੀ। ਦੁਕਾਨ ਤੋਂ ਥੋੜ੍ਹੀ ਦੂਰ ਈ ਸੱਤ ਡਾਕਟਰਾਂ ਦੀ ਸਾਂਝੀ ਸਰਜਰੀ ਸੀ ਅਤੇ ਇਸੇ ਕਰਕੇ ਹਫਤੇ ਦੇ ਛੇ ਦਿਨ ਦੁਕਾਨ ਤੇ ਮੇਲਾ ਲੱਗਾ ਰਹਿੰਦਾ। ਸਤੀਸ਼ ਜਿਥੇ ਆਪਣੇ ਮਾਂ ਬਾਪ ਵਾਂਗ ਸੋਹਣਾ ਸੀ ਉਥੇ ਮਿਹਨਤੀ ਵੀ ਸੀ। ਦੁਕਾਨ ਨੂੰ 8 ਵਜੇ ਤਕ ਖੋਹਲੀ ਰੱਖਦਾ ਅਤੇ ਇਹਦਾ ਨਤੀਜਾ ਇਹ ਨਿਕਲਿਆ ਕਿ ਸਤੀਸ਼ ਦੋ ਕੁ ਸਾਲ 'ਚ ਈ ਪੈਰ੍ਹਾਂ ਤੇ ਹੋ ਗਿਆ। ਅੱਧੇ ਨਾਲੋਂ ਜ਼ਿਆਦਾ ਕਰਜ਼ਾ ਲਾਹ ਮਾਰਿਆ ਅਤੇ ਆਪਣੇ ਨਾਮ ਦੀ ਨੰਬਰ ਪਲੇਟ ਵਾਲੀ ਨਵੀਂ ਨਕੋਰ ਮਰਸਡੀਜ਼ ਕਾਰ ਖ੍ਰੀਦ ਲਿਆਂਦੀ। ਮਾਂ ਬਾਪ ਅਤੇ ਸਤੀਸ਼ ਖੁਸ਼ ਸਨ। ਇਸ ਤੋਂ ਅਗਲਾ ਕਦਮ ਵਿਆਹ ਦਾ ਹੁੰਦਾ। ਕਾਂਤੀ ਅਤੇ ਰੇਖਾ ਚਾਹੁੰਦੇ ਸੀ ਕਿ ਜੁਆਨ ਮੁੰਡਾ ਜਲਦੀ ਵਿਆਹ ਦਿੱਤਾ ਜਾਵੇ। ਉਹਨਾਂ ਸਤੀਸ਼ ਨਾਲ ਇੱਕ ਦੋ ਵਾਰ ਗੱਲ ਵੀ ਕੀਤੀ ਪਰ ਉਹਨੇ ਗੱਲ ਆਲੇ ਟਾਲੇ ਪਾ ਦਿੱਤੀ ਕਿ, "ਮੈਨੂੰ ਅਜੇ ਸੈੱਟ ਹੋ ਲੈਣ ਦਿਓ।" ਸਤੀਸ਼ ਨੇ ਅਜੇ ਆਪਣੇ ਮਾਂ ਬਾਪ ਨੂੰ ਇਹ ਨਹੀਂ ਸੀ ਦੱਸਿਆ ਕਿ ਸ਼ਾਮ ਨੂੰ ਹਰ ਰੋਜ਼ ਦੋ ਘੰਟੇ ਅਤੇ ਵੀਕਐਂਡ ਤੇ ਕੰਮ ਕਰਨ ਵਾਲੀ ਪੰਜਾਬੀ ਮੁਟਿਆਰ ਮਮਤਾ ਨਾਲ ਉਹਦਾ ਇਸ਼ਕ ਚੱਲ ਰਿਹਾ ਹੈ। ਮਮਤਾ ਦੀ ਉੱਠਦੀ ਜੁਆਨੀ ਤੇ ਸਤੀਸ਼ ਉਸ ਦਿਨ ਹੀ ਫਿਦਾ ਹੋ ਗਿਆ ਸੀ ਜਿਸ ਦਿਨ ਉਹ ਉਹਦੇ ਕੋਲ ਕੰਮ ਲੱਭਣ ਆਈ ਸੀ। ਮੋਟੀਆਂ ਅੱਖਾਂ, ਗੁੰਦਵਾਂ ਸਰੀਰ, ਤਿੱਖਾ ਨੱਕ, ਲੰਬੀਆਂ ਲੱਤਾਂ, ਸੁਰਾਹੀ ਵਰਗੀ ਗਰਦਨ ਅਤੇ ਪਤਲੇ ਲੱਕ ਨੇ ਸਤੀਸ਼ ਤੇ ਬੁਰੀ ਤਰ੍ਹਾਂ ਜਾਦੂ ਕਰ ਦਿੱਤਾ ਸੀ। 'ਲਵ ਐਟ ਫਰਸਟ ਸਾਈਟ' ਵਾਲੀ ਗੱਲ ਹੋ ਗਈ ਸੀ। ਸਤੀਸ਼ , ਮਮਤਾ ਦੇ ਪਿਆਰ ਵਿਚ ਗੁੰਨਿਆ ਗਿਆ ਸੀ। ਉਹਨੂੰ ਪਿਆਰ ਦੇ ਅਹਿਸਾਸ ਦਾ

ਪਤਾ ਈ ਹੁਣ ਲੱਗਾ ਸੀ ਕਿ ਇਹ ਪਿਆਰ-ਚੰਗਿਆੜਾ ਕਿੱਥੇ ਕਿੱਥੇ ਅਤੇ ਕਿਵੇਂ ਦਿਲ ਦਿਮਾਗ਼ 'ਤੇ ਲਾਂਬੂ ਲਾ ਦਿੰਦਾ ਹੈ। ਨਾਲੇ ਪਿਆਰ ਵੀ ਜੋਸ਼ ਅਤੇ ਹੌਂਸਲੇ ਨਾਲ ਈ ਹੁੰਦਾ, ਬੁਜ਼ਦਿਲ ਅਤੇ ਡਰੂ ਬੰਦਾ ਤਾਂ "ਭੈਣ ਜੀ ਭੈਣ ਜੀ" ਦੇ ਚੱਕਰਾਂ 'ਚ ਈ ਪਿਆ ਰਹਿੰਦਾ। ਸਤੀਸ਼ ਅਤੇ ਮਮਤਾ ਵਿਚ ਤਾਜ਼ਾ ਖ਼ੂਨ ਉਬਾਲੇ ਮਾਰ ਰਿਹਾ ਸੀ। ਉਹਨਾਂ ਨੂੰ ਸਾਰੀ ਦੁਨੀਆਂ ਆਪਣੀ ਮੁੱਠੀ ਵਿਚ ਬੰਦ ਲੱਗਦੀ ਸੀ ਅਤੇ ਇਸ ਕਰਕੇ ਦੁਕਾਨ ਵਿਚ ਵਿਹਲੇ ਸਮੇਂ ਪਿਆਰ ਭਿੱਜੀਆਂ ਗੱਲਾਂ ਕਰਦੇ ਰਹਿੰਦੇ ਅਤੇ ਬਾਕੀ ਸਮਾਂ ਮੋਬਾਈਲ ਫੋਨ ਖੜਕਾਉਂਦੇ ਅਤੇ ਟੈਕਸਟ ਮੈਸਜ਼ ਭੇਜਦੇ। ਉਹਨਾਂ ਦੀਆਂ ਗੱਲਾਂ ਖਤਮ ਨਾਂ ਹੁੰਦੀਆਂ। ਨਿੱਕੇ ਨਿੱਕੇ ਰੋਸੇ, ਹਾਸੇ, ਜੱਫੀਆਂ, ਪੱਪੀਆਂ ਉਹਨਾਂ ਦੀ ਰੋਜ਼ਮਰਾ ਜ਼ਿੰਦਗੀ ਸੀ। ਉਹ ਆਪਣੀ ਦੁਨੀਆਂ ਦੀ ਖੁਸ਼ੀ ਵਿਚ ਅਵਾਰਾ ਬੱਦਲ ਵਾਂਗ ਤਾਰੀਆਂ ਲਾਉਂਦੇ ਫਿਰਦੇ ਸਨ। ਉਹਨਾਂ ਨੂੰ ਆਪਣੇ ਪਿਆਰ ਦੀ ਘੂਕੀ ਵਿਚ ਦੁਨੀਆਂ ਬਾਰੇ ਕੋਈ ਸੁੱਧ ਬੁੱਧ ਨਹੀਂ ਸੀ। ਉਹ ਆਪਣੇ ਆਪ ਨੂੰ ਦੁਨੀਆਂ ਦੇ ਵਿਆਹ ਆਏ ਮਹਿਸੂਸ ਕਰਦੇ ਸਨ। ਉਹਨਾਂ ਨੂੰ ਇਸ ਗੱਲ ਦਾ ਚਿਤ ਚੇਤਾ ਵੀ ਨਹੀਂ ਸੀ ਕਿ ਉਹਨਾਂ ਦਾ ਇਹ ਸੱਜਰਾ ਪਿਆਰ ਉਹਨਾਂ ਨੂੰ ਕਿਥੇ ਲੈ ਜਾਵੇਗਾ। ਉਹਨਾਂ ਤਾਂ ਆਪਣੀਆਂ ਖੁਸ਼ੀਆਂ ਭਰੀ ਜ਼ਿੰਦਗੀ ਦਾ ਸਾਰਾ ਖਾਕਾ ਉਲੀਕ ਛੱਡਿਆ ਸੀ। ਪਰ ਇਹਨਾਂ ਭੋਲੇ ਪੰਛੀਆਂ ਨੂੰ ਨਹੀਂ ਸੀ ਪਤਾ ਕਿ, "ਸਾਡੀਆਂ ਖਾਹਸ਼ਾਂ ਅਤੇ ਉਮੀਦਾਂ ਸਦਾ ਪੂਰੀਆਂ ਨਹੀਂ ਹੁੰਦੀਆਂ। ਜ਼ਿੰਦਗੀ ਸਾਂਵੇ ਤੋਰੇ ਨਹੀਂ ਤੁਰਦੀ ਅਤੇ ਜ਼ਿੰਦਗੀ ਐਨੀ ਰੈਲੀ ਨਹੀਂ ਹੁੰਦੀ ਕਿ ਉਹਨੂੰ ਖਿੰਗਰਾਂ, ਰੋੜਿਆਂ, ਵੱਟੀਆਂ ਅਤੇ ਧੋੜਿਆਂ ਦਾ ਸਾਹਮਣਾ ਨਾਂ ਕਰਨਾਂ ਪਵੇ।"

ਕਾਂਤੀ ਪਟੇਲ ਅਤੇ ਰੇਖਾ ਨੇ ਸਤੀਸ਼ 'ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ, "ਉਹ ਵਿਆਹ ਲਈ ਹਾਂ ਕਰੇ" ਕਿਉਂਕਿ ਉਹਨਾਂ ਨੂੰ ਕਈਆਂ ਲੋਕਾਂ ਪਹੁੰਚ ਕੀਤੀ ਸੀ। ਇੰਗਲੈਂਡ ਵਿਚ ਤੁਹਾਡੇ ਆਸ਼ਿਆਂ ਮੁਤਾਬਕ ਚੰਗਾ ਲੜਕਾ ਲੜਕੀ ਵੀ ਹੁਣ ਸਬੱਬ ਨਾਲ ਈ ਮਿਲਦੈ। ਵਲੈਤ 'ਚ ਸਾਊ ਪੁੱਤਾਂ ਧੀਆਂ ਲਈ ਇਹ ਇੱਕ ਸਮੱਸਿਆ ਬਣ ਗਈਆ ਅਤੇ ਇਸੇ ਕਰਕੇ ਇਸ਼ਤਿਹਾਰਾਂ ਅਤੇ ਡੇਟਿੰਗ ਏਜੰਸੀਆਂ ਧੜਾ ਧੜ ਚਾਂਦੀ ਬਣਾ ਰਹੀਆਂ ਹਨ। ਮਾਂ ਪਿਉ ਦੇ ਜ਼ਿਆਦਾ ਦਬਾਅ ਪਾਉਣ ਤੇ ਸਤੀਸ਼ ਨੇ ਮਮਤਾ ਦੇ ਪਿਆਰ ਵਾਲੀ ਪਟਾਰੀ ਖੋਹਲ ਦਿੱਤੀ। ਇਹ ਗੱਲ ਕਾਂਤੀ ਅਤੇ ਰੇਖਾ ਦੇ ਬਿਲਕੁਲ ਈ ਹਜ਼ਮ ਨਾਂ ਹੋਈ। ਸਤੀਸ਼ ਨੇ ਸੈਂਕੜੇ ਦਲੀਲਾਂ ਦਿੱਤੀਆਂ ਅਤੇ ਤਰਲੇ ਪਾਏ ਪਰ ਉਹ ਬੋਹੜ ਦੀ ਜੜ੍ਹ ਵਾਂਗ ਨਾਂ ਹਿੱਲੇ। ਸਤੀਸ਼ ਕਿਹਾ, "ਤੁਸੀਂ ਮੇਰਾ ਵਿਆਹ ਹਿੰਦੂ ਕੁੜੀ ਨਾਲ ਕਰਨਾ ਚਾਹੁੰਦੇ ਹੋ, ਮਮਤਾ ਵੀ ਹਿੰਦੂ ਪਰਿਵਾਰ ਚੋਂ ਆ। ਉਹ ਵੀ ਉਸੇ ਭਗਵਾਨ ਅਤੇ ਦੇਵੀ ਦੇਵਤਿਆਂ ਨੂੰ ਮੰਨਦੇ ਆ ਜੇਹਨਾਂ ਨੂੰ ਆਪਾਂ। ਉਹ ਵੀ ਸ਼ਾਕਾਹਾਰੀ ਆ ਅਤੇ ਸ਼ਰਾਬ ਨਹੀਂ ਪੀਂਦੇ। ਨਾਲੇ ਅੱਜ ਕੱਲ ਦੇਖੋ ਕਿੰਨੇ ਵਿਆਹ ਪੰਜਾਬੀਆਂ ਅਤੇ ਗੁਜਰਾਤੀਆਂ ਦੇ ਹੋ ਰਹੇ ਆ। ਤੁਸੀਂ ਪੜ੍ਹੇ ਲਿਖੇ ਹੋ ਅਤੇ ਆਪਣੇ ਆਪ ਨੂੰ ਮੌਡਰਨ ਕਹਾਉਂਦੇ ਹੋ।" ਇਹਨਾਂ ਗੱਲਾਂ ਦਾ ਕਾਂਤੀ ਅਤੇ ਰੇਖਾ ਉੱਪਰ ਕੋਈ ਅਸਰ ਨਾਂ ਹੋਇਆ। ਉਹਨਾਂ ਇੱਕ ਈ ਰੱਟ ਲਾਈ ਰੱਖੀ ਕਿ, "ਵਿਆਹ ਗੁਜਰਾਤੀ ਕੁੜੀ ਨਾਲ ਕਰਨੈ"। ਸਤੀਸ਼ ਨੇ ਆਖਰੀ ਦਾਅ ਵਰਤਿਆ, "ਤੁਸੀਂ ਇੱਕ ਵਾਰ ਮਮਤਾ ਨੂੰ ਮਿਲ ਤਾਂ ਲਵੋ, ਕਿਉਂ ਤੁਸੀਂ ਸਾਡੀਆਂ ਜ਼ਿੰਦਗੀਆਂ ਬਰਬਾਦ ਕਰਨ ਤੇ ਤੁਲੇ ਹੋਏ ਹੋ। ਮੈਂ ਬੱਚਾ ਤਾਂ ਹੈ ਨਹੀਂ, ਮੇਰੀ ਇਹ ਗੱਲ ਤਾਂ ਤੁਸੀਂ ਮੰਨ ਲਵੋ।" ਥੋੜੀ ਨਾਂਹ ਨੁਕਰ

ਤੋਂ ਬਾਦ ਕਾਂਤੀ ਪਟੇਲ ਅਤੇ ਰੇਖਾ ਮਮਤਾ ਨੂੰ ਮਿਲਣ ਲਈ ਮੰਨ ਗਏ।

ਮਮਤਾ ਨੂੰ ਮਿਲ ਕੇ ਦੋਵੇਂ ਖੁਸ਼ ਤਾਂ ਹੋਏ ਪਰ ਉਹਨਾਂ ਦੇ ਸੰਸਕਾਰ ਉਹਨਾਂ ਨੂੰ ਆਜ਼ਾਦ ਨਹੀਂ ਸਨ ਕਰ ਰਹੇ। ਕਾਂਤੀ ਨੇ ਮਮਤਾ ਦਾ ਫੋਨ ਨੰਬਰ ਲੈ ਲਿਆ ਅਤੇ ਕਿਹਾ ਕਿ, "ਜਾਂ ਤਾਂ ਉਹ ਸੋਚ ਵਿਚਾਰ ਕੇ ਫੋਨ ਕਰੇਗਾ ਜਾਂ ਟੈਕਸਟ ਮੈਸਜ਼ ਭੇਜ ਦੇਵੇਗਾ।" ਕਾਂਤੀ ਨੇ ਅਖੀਰ 'ਚ ਮਮਤਾ ਨੂੰ ਪੁੱਛਿਆ "ਮਮਤਾ, ਕੀ ਤੂੰ ਆਪਣੇ ਮਾਂ ਬਾਪ ਨੂੰ ਸਤੀਸ਼ ਬਾਰੇ ਦੱਸਿਆ?" "ਨਹੀਂ ਜੀ, ਮੈਂ ਅਜੇ ਕੋਈ ਗੱਲ ਨਹੀਂ ਕੀਤੀ। ਮੈਂ ਤੁਹਾਨੂੰ ਵੀ ਬੇਨਤੀ ਕਰਦੀ ਆਂ ਕਿ ਤੁਸੀਂ ਵੀ ਇਸ ਬਾਰੇ ਉਹਨਾਂ ਨਾਲ ਕੋਈ ਗੱਲ ਨਾ ਕਰਿਉ। ਉਹ ਤਾਂ ਤੁਹਾਡੇ ਜਿੰਨ੍ਹੇ ਪੜ੍ਹੇ ਲਿਖੇ ਵੀ ਨਹੀਂ ਅਤੇ ਨਾਂ ਹੀ ਉਹ ਖੁੱਲ੍ਹੇ ਖਿਆਲਾਂ ਵਾਲੇ ਆ। ਉਹਨਾਂ ਨੂੰ ਜੇ ਪਤਾ ਲੱਗ ਗਿਆ ਤਾਂ ਉਹ ਮੇਰਾ ਬਹੁਤ ਨੁਕਸਾਨ ਕਰ ਸਕਦੇ ਆ।"

ਕਾਂਤੀ ਅਤੇ ਰੇਖਾ ਦੇ ਇਹ ਗੱਲ ਬੜੀ ਫਿੱਟ ਆਈ। ਕਾਂਤੀ ਨੇ ਤੀਜੇ ਦਿਨ ਮਮਤਾ ਨੂੰ ਟੈਕਸਟ ਮੈਸਜ਼ ਭੇਜਿਆ ਕਿ, "ਉਹ ਸਤੀਸ਼ ਨੂੰ ਭੁੱਲ ਜਾਵੇ ਨਹੀਂ ਤਾਂ ਉਹ ਉਹਦੇ ਮਾਪਿਆਂ ਨੂੰ ਦੱਸ ਦੇਵੇਗਾ" ਮਮਤਾ ਇਹ ਜਾਣ ਕੇ ਬਹੁਤ ਦੁੱਖੀ ਹੋਈ। ਉਹਦਾ ਆਲ੍ਹਣਾ ਤੀਲਾ ਤੀਲਾ ਹੋ ਗਿਆ। ਮਮਤਾ ਅਤੇ ਸਤੀਸ਼ ਨੇ ਬੜੀਆਂ ਅਰਜ਼ੋਈਆਂ ਕੀਤੀਆਂ ਪਰ ਉਹਨਾਂ ਦਾ ਕੋਈ ਅਸਰ ਨਾਂ ਹੋਇਆ। ਕਾਂਤੀ ਨੇ ਮਮਤਾ ਨੂੰ ਬਲੈਕ ਮੇਲ ਕਰਨ ਦੀ ਧਮਕੀ ਦਿੱਤੀ ਅਤੇ ਕਿਹਾ, "ਤੂੰ ਇੱਕ ਨਾਗਣ ਆ ਜੇਹਨੇ ਮੇਰੇ ਲੜਕੇ ਨੂੰ ਵਸ ਕਰ ਲਿਆ। ਜੇਕਰ ਤੂੰ ਉਹਦਾ ਪਿੱਛਾ ਨਾਂ ਛੱਡਿਆ ਤਾਂ ਮੈਂ ਤੇਰੇ ਮਗਰ ਬਦਮਾਸ਼ ਪਾ ਦੇਵਾਂਗਾ ਅਤੇ ਤੇਰੇ ਘਰਦਿਆਂ ਦਾ ਵੀ ਨੁਕਸਾਨ ਕਰਵਾ ਦਿਆਂਗਾ।" ਇਹ ਸਿਲਸਿਲਾ ਮਹੀਨਾ ਭਰ ਚੱਲਦਾ ਰਿਹਾ। ਮਮਤਾ ਉੱਪਰ ਇਹਨਾਂ ਧਮਕੀਆਂ ਦਾ ਐਨਾਂ ਤਿੱਖਾ ਅਸਰ ਹੋਇਆ ਕਿ ਉਹਨਾਂ ਉਹਨੇ ਗੈਰਜ਼ ਵਿਚ ਜਾ ਕੇ ਆਪਣੇ ਆਪ ਨੂੰ ਹੈਂਗ ਕਰ ਲਿਆ। ਕਚਹਿਰੀ ਵਿਚ ਜਦ ਮੁੱਕੱਦਮਾ ਚੱਲਿਆ ਤਾਂ ਜੱਜ ਨੇ ਕਾਂਤੀ ਪਟੇਲ ਨੂੰ ਫਿੱਟ ਲਾਹਣਤ ਪਾਉਂਦੇ ਕਿਹਾ, "ਤੂੰ ਸੀਨੀਅਰ ਲੈਕਚਰਾਰ ਆਂ ਅਤੇ ਤੈਨੂੰ ਅਜੇ ਤਕ ਇਹ ਸਮਝ ਨਹੀਂ ਆਈ ਕਿ ਇਸ ਮੁਲਕ ਵਿਚ ਬੱਚੇ, ਜੁਆਨ ਅਤੇ ਬੁੱਢੇ ਆਜ਼ਾਦ ਹਨ। ਉਹਨਾਂ ਨੂੰ ਆਪਣੀ ਜਿੰਦਗੀ ਬਾਰੇ ਫੈਸਲੇ ਲੈਣ ਦੀ ਪੂਰੀ ਖੁੱਲ੍ਹ ਆ। ਸਬੂਤਾਂ ਦੀ ਘਾਟ ਕਰਕੇ ਮੈਂ ਤੈਨੂੰ ਕੋਈ ਸਜ਼ਾ ਤਾਂ ਨਹੀਂ ਦੇ ਸਕਦਾ ਪਰ ਯਾਦ ਰੱਖੀਂ ਤੂੰ ਇੱਕ ਪਿਆਰ ਦਾ ਕਤਲ ਕਰਕੇ ਬਹੁਤ ਵੱਡਾ ਗੁਨਾਹ ਕੀਤੈ।

# ਜਦ ਘਰ ਦੋ ਮੁੰਡੇ ਛੱਡ ਨੀਲਮ ਆਪਣੇ ਆਸ਼ਕ ਗੋਰੇ ਨਾਲ ਓਧਲ ਗਈ

ਸੁਨੀਥ ਨੂੰ ਇੰਗਲੈਂਡ ਜਾਣ ਦੀ ਅੱਚੋਪਾਈ ਲੱਗੀ ਹੋਈ ਸੀ। ਮਾਂ ਪਿਉ ਬਥੇਰਾ ਸਮਝਾਇਆ ਕਿ ਦੋ ਸਾਲ ਹੋਰ ਲਾ ਕੇ ਬੀ. ਏ. ਤਾਂ ਪਾਸ ਕਰ ਲੈ, ਪਰ ਉਹ ਲੋਹੇ ਦਾ ਥਣ ਬਣੀ ਬੈਠਾ ਸੀ। ਸੁਨੀਥ ਤਾਂ ਮਾਪਿਆਂ ਨੂੰ ਕਹਿੰਦਾ ਸੀ ਕਿ, "ਜਦ ਹੁਣ ਵਿਜ਼ਟਰ ਵੀਜ਼ਾ ਮਿਲਦੈ ਤਾਂ ਕਿਉਂ ਨਾ ਇਹਦਾ ਫਾਇਦਾ ਉਠਾਇਆ ਜਾਵੇ। ਆਏ ਦਿਨ ਇੰਗਲੈਂਡ ਦੇ ਕਾਨੂੰਨ ਬਦਲਦੇ ਰਹਿੰਦੇ ਆ ਦੋ ਸਾਲਾਂ ਨੂੰ ਫਿਰ ਗੱਲ ਬਣੇ ਨਾ ਬਣੇ। ਨਾਲ ਪੜ੍ਹਾਈ ਕਰਨ ਤੋਂ ਮੈਂ ਭੱਜਦੈਂ? ਮੈਂ ਉਥੇ ਜਾ ਕੇ ਪੜ੍ਹਾਂਗਾ।" ਜੁਆਨ ਪੁੱਤ ਮੋਹਰੇ ਮਾਪਿਆਂ ਦੀ ਇੱਕ ਨਾ ਚੱਲੀ। ਇਸੇ ਕਰਕੇ ਸੁਨੀਥ ਦੇ ਪਿਤਾ ਜੀ ਨੇ ਆਪਣੇ ਛੋਟੇ ਡਾਕਟਰ ਭਰਾ ਨੂੰ ਫੋਨ ਕੀਤਾ ਕਿ, "ਸੁਨੀਥ ਨੂੰ ਸੈਰ ਬਹਾਨੇ ਇੰਗਲੈਂਡ ਮੰਗਾ ਕੇ ਕਿਸੇ ਤਰ੍ਹਾਂ ਸੈੱਟ ਕਰੋ।"

ਸੁਨੀਥ ਦੇ ਡਾਕਟਰ ਚਾਚੇ ਨੇ ਰਾਹਦਾਰੀ ਭੇਜ ਦਿੱਤੀ। ਨਾਲੇ ਉਸ ਵੇਲੇ ਚਾਚੇ ਦੇ ਮਾਮੇ ਦੇ ਮੁੰਡੇ ਦਾ ਵਿਆਹ ਸੀ। ਮਾਮੇ ਦੇ ਦੋ ਆਏ ਮੁੰਡੇ ਵੀ ਸੈਰ ਨੂੰ ਆਏ ਵਿਆਹ ਕਰਾ ਕੇ ਪੱਕੇ ਹੋ ਗਏ ਸਨ। ਸਰਕਾਰੀ ਕਾਨੂੰਨ ਢੈਲਾ ਹੋਣ ਕਰਕੇ ਸੁਨੀਥ ਨੂੰ ਇੰਟਰੀ ਵੀਜ਼ਾ ਮਿਲ ਗਿਆ ਅਤੇ ਉਹ ਇੰਗਲੈਂਡ ਪਹੁੰਚ ਗਿਆ।

19 ਵਰ੍ਹਿਆਂ ਦਾ ਸੁਨੀਥ ਖੁਸ਼ੀ ਵਿਚ ਪੁੱਠੀਆਂ ਛਾਲਾਂ ਮਾਰਦਾ ਫਿਰੇ। ਤਕਰੀਬਨ ਛੇ ਫੁੱਟ ਲੰਬਾ ਸੁਨੀਥ ਹੱਡਾਂ ਪੈਰਾਂ ਦਾ ਮੋਕਲਾ ਸੀ। ਚੌੜੀ ਛਾਤੀ ਅਤੇ ਭਰਵੇਂ ਸਰੀਰ ਵਾਲਾ ਸੁਨੀਥ ਹਰ ਇਕ ਦੀ ਨਿਗ੍ਹਾ ਆਪਣੇ ਵਲ ਖਿੱਚਦਾ ਸੀ। ਡਾਕਟਰ ਚਾਚੇ ਤੋਂ ਬਿਨ੍ਹਾਂ ਸੁਨੀਥ ਦੇ ਹੋਰ ਦੋ ਚਾਚੇ ਅਤੇ ਤਿੰਨ ਭੂਆ ਵੀ ਇੰਗਲੈਂਡ ਵਿਚ ਸਨ। ਵਧੀਆ ਗੱਲ ਇਹ ਸੀ ਕਿ ਇਸ ਪਰਿਵਾਰ ਦੀ ਆਪਸ ਵਿਚ ਬਣੀ ਹੋਈ ਸੀ ਅਤੇ ਉਹਨਾਂ ਇੰਗਲੈਂਡ ਆਇਆ ਬੰਦਾ ਕਦੇ ਵਾਪਿਸ ਨਹੀਂ ਸੀ ਮੁੜਨ ਦਿੱਤਾ। ਨਹੀਂ ਤਾਂ ਇਥੇ ਆਏ ਕਈ ਪਰਿਵਾਰ ਐਹੋ ਜੇਹੇ ਵੀ ਹਨ ਜੇਹਨਾਂ ਨੂੰ ਰਹਿੰਦਿਆਂ ਅੱਧੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਗਿਆ ਪਰ ਉਹਨਾਂ ਕਦੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਦੀ ਬਾਤ ਤਕ ਨਹੀਂ ਸੀ ਪੁੱਛੀ। ਸਗੋਂ ਕਈ ਤਾਂ ਐਹੋ ਜੇਹੀਆਂ ਗਦੂਦਾਂ ਵੀ ਹਨ ਕਿ ਜੇ ਕਿਸੇ ਗੱਭਰੂ ਨੇ ਜਾਅਲੀ ਆਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨੂੰ ਬਿਲਜ਼ੀਅਮ ਜਾਂ ਹਾਲੈਂਡ ਬੈਠੇ ਨੂੰ ਵੀ ਇਹਨਾਂ ਸ਼ਿਸ਼ਕਾਰਿਆ ਸੀ ਕਿ, "ਹੈਥੋਂ ਈ ਵਾਪਿਸ ਮੁੜ ਜਾ ਇਥੇ ਜਾਅਲੀ ਆ ਕੇ ਸਾਡਾ ਨਾਂ ਬਦਨਾਮ ਕਰੇਂਗਾ।" ਸਗੋਂ ਕਈ ਟੁੱਚੇ ਰਿਸ਼ਤੇਦਾਰਾਂ ਉਹਦੇ ਆਉਣ ਤੇ ਦਿਖਾਵੇ ਵਜੋਂ ਚਾਅ ਕੀਤਾ ਸੀ।

ਸੁਨੀਥ ਦੇ ਡਾਕਟਰ ਚਾਚੇ ਨੇ ਉਹਨੂੰ ਕਿਹਾ, "ਕਾਕਾ ਜੇ ਤੂੰ ਪੜ੍ਹ ਲਵੇਂ ਤਾਂ ਤੇਰੇ ਇਥੇ ਪੱਕੇ ਹੋਣ ਦੇ ਚਾਂਸ ਤਾਂ ਜ਼ਿਆਦਾ ਹੈ ਈ ਸਗੋਂ ਵਿਆਹ ਲਈ ਕੁੜੀ ਵੀ ਜ਼ਿਆਦਾ ਚੰਗੀ ਮਿਲ ਸਕਦੀ ਆ।" ਸੁਨੀਥ ਨੇ ਆਪਣੇ ਚਾਚਾ ਜੀ ਦੀ ਗੱਲ ਮੰਨ ਲਈ ਸੀ ਅਤੇ ਇਕ ਫਰਦਰ ਐਜੂਕੇਸ਼ਨ ਕੌਲਿਜ਼ ਵਿਚ ਦਾਖਲਾ ਲੈ ਲਿਆ ਸੀ। ਸੁਨੀਥ ਨੇ "ਓ ਲੇਵਲ" ਕਰਨੇ ਸ਼ੁਰੂ ਕਰ ਦਿੱਤੇ ਸਨ। ਵਲੈਤੀ ਪੜ੍ਹਾਈ ਦਾ ਫਰਕ ਹੋਣ ਕਰਕੇ ਸੁਨੀਥ ਨੂੰ ਕਾਫੀ ਮੁਸ਼ਕਲ ਆਈ। ਪਹਿਲਾਂ ਪਹਿਲਾਂ ਤਾਂ ਉਹਨੂੰ ਇਥੇ ਦੀ ਅੰਗਰੇਜ਼ੀ ਦੀ ਈ ਸਮਝ ਨਾ ਆਵੇ ਅਤੇ ਫਿਰ ਕੋਰਸ ਵਰਕ, ਅਸਾਇਨਮੈਂਟਸ ਅਤੇ ਪ੍ਰੋਜੈਕਟਾਂ ਨੇ ਸੁਨੀਥ ਦੀ ਮੱਤ ਮਾਰ ਦਿੱਤੀ। ਸੁਨੀਥ ਪਹਿਲੇ ਸਾਲ 'ਚ ਈ ਤਵਲੇ ਮੂਧੇ ਕਰ ਗਿਆ। ਡਾਕਟਰ ਚਾਚੇ ਅਤੇ ਬਾਕੀ ਰਿਸ਼ਤੇਦਾਰਾਂ ਵੀ ਉਹਨੂੰ ਹੌਸਲਾ ਦਿੱਤਾ ਕਿ, "ਉਹ ਕੋਸ਼ਿਸ਼ ਜ਼ਾਰੀ ਰੱਖੇ" ਪਰ ਉਹਦੇ ਵਿਚ ਵਲੈਤੀ ਪੜ੍ਹਾਈ ਨਾਲ ਦਸਤ ਪੰਜਾ ਲੈਣ ਲਈ ਹੁਣ ਸਾਹ ਸਤ ਨਹੀਂ ਸੀ ਰਿਹਾ। ਉਹ "ਢੇਰੀ ਢਾਹ ਚੁੱਕਾ ਸੀ। ਪੜ੍ਹਾਈ ਵੱਲੋਂ ਉਹਨੇ ਬਸਤਾ ਬੰਨ੍ਹ ਦਿੱਤਾ ਸੀ।

ਹੁਣ ਸੁਨੀਥ ਦੇ ਰਿਸ਼ਤੇਦਾਰਾਂ ਉਹਨੂੰ ਇਕ ਦੋ ਕੁੜੀਆਂ ਦਿਖਾਈਆਂ ਪਰ ਉਹ ਉਹਦੇ ਨੱਕ ਹੇਠ ਨਾ ਆਈਆਂ। ਸੁਨੀਥ ਤਾਂ ਕਿਸੇ ਹੂਰਾਂ ਪਰੀ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ ਤੇ ਆਖਰ ਉਹਨੂੰ ਹੂਰਾਂ ਪਰੀ ਮਿਲ ਗਈ। ਗੋਭਲਾ ਜੇਹੀ ਨੀਲਮ, ਨੱਖਰਿਆਂ ਨਾਲ ਉਤਪੋਤ! ਕੱਦ ਤਾਂ ਭਾਵੇਂ ਸੁਨੀਥ ਦੇ ਹਾਣ ਦਾ ਨਹੀਂ ਸੀ ਪਰ ਸੀ ਨੀਲਮ ਸੋਹਣੀ। ਕਪੜੇ ਪਾਏ ਉਹਨੂੰ ਭੱਬਦੇ ਸਨ। ਸੁਨੀਥ ਨੇ ਝੱਟ ਹਾਂ ਕਰ ਦਿੱਤੀ। ਰਿਸ਼ਤੇਦਾਰਾਂ ਰਲ ਕੇ ਵਿਆਹ ਕਰ ਦਿੱਤਾ ਅਤੇ ਫਿਰ ਸਾਲ ਕੁ 'ਚ ਈ ਉਹ ਇੰਗਲੈਂਡ 'ਚ ਪੱਕਾ ਹੋ ਗਿਆ। ਵਿਆਹ ਤੋਂ ਸਾਲ ਬਾਦ ਉਹਦੇ ਘਰ "ਕਾਕਾ ਜੀ" ਨੇ ਜਨਮ ਲਿਆ। "ਕਾਕਾ ਜੀ" ਦੇ ਜਨਮ ਤੇ ਬੜੀ ਵੱਡੀ ਪਾਰਟੀ ਕੀਤੀ ਗਈ। ਇੰਡਿਆ ਤੋਂ ਸੁਨੀਥ ਦੇ ਮਾਂ ਪਿਉ ਵੀ ਆਏ। ਉਹਨਾਂ ਵੀ ਆਪਣੇ ਪੋਤੇ ਅਤੇ ਨੂੰਹ ਰਾਣੀ ਦਾ ਬੜਾ ਚਾਅ ਕੀਤਾ। ਉਹ ਛੇ ਮਹੀਨੇ ਰਹਿ ਕੇ ਵਾਪਿਸ ਇੰਡਿਆ ਚਲੇ ਗਏ।

ਸੁਨੀਥ ਹੁਣ ਇਕ ਫੈਕਟਰੀ ਵਿਚ ਕੰਮ ਕਰਦਾ ਸੀ। ਉਹਦੀ ਹਰ ਹਫਤੇ ਸਿਫ਼ਟ ਬਦਲਦੀ। ਕਦੇ 6 ਬਜੇ ਸਵੇਰ ਤੋਂ ਦੁਪਿਹਰ ਦੇ ਦੋ ਬਜੇ ਤਕ ਅਤੇ ਕਦੇ 2 ਬਜੇ ਦੁਪਿਹਰ ਤੋਂ ਰਾਤ ਦੇ 10 ਬਜੇ ਤਕ ਅਤੇ ਤੀਜੇ ਹਫਤੇ ਰਾਤ ਦੇ 10 ਬਜੇ ਤੋਂ ਸਵੇਰ ਦੇ 6 ਵਜੇ ਤਕ, ਉਹ ਹੁਣ ਇਸ ਗਧੀਗੇੜ ਵਿਚ ਪੈ ਗਿਆ ਸੀ। ਆਪਣਾ ਘਰ ਉਹਨੇ ਲੈ ਲਿਆ ਸੀ। ਹਰ ਮਹੀਨੇ ਘਰ ਦੀ ਕਿਸ਼ਤ, ਗੈਸ, ਬਿਜਲੀ, ਟੈਲੀਫੋਨ ਦੇ ਬਿੱਲ ਅਤੇ ਘਰ ਦੇ ਲੂਣ ਤੇਲ ਨੇ ਉਹਦਾ ਗੇੜਾ ਬੰਨ ਦਿੱਤਾ। ਇਸ ਗਿੱਲੇ ਪੀਹਣ 'ਚੋਂ ਉਹ ਕਿੱਥੇ ਨਿਕਲ ਸਕਦਾ ਸੀ। ਉਹਦੇ ਮਨ 'ਚ ਵੀ ਵਧੀਆ ਚੀਜ਼ਾਂ ਲੈਣ ਦੀਆਂ ਖਾਹਿਸ਼ਾਂ ਜਾਗ ਉੱਠੀਆਂ ਸਨ। ਪਰ ਇਕੱਲੇ ਬੰਦੇ ਦੀ ਕਮਾਈ ਨਾਲ ਸਰ ਨਹੀਂ ਸੀ ਰਿਹਾ। ਰਿਸ਼ਤੇਦਾਰਾਂ ਦੀ ਮਦਦ ਨਾਲ ਉਹਨੇ "ਨਿਊਜ਼ ਪੇਪਰ" ਦੀ ਦੁਕਾਨ ਲੈ ਲਈ। ਇਹ ਕੰਮ ਵੀ ਸੌਖਾ ਨਹੀਂ ਸੀ। ਸਵੇਰੇ ਪੰਜ ਬਜੇ ਉੱਠ ਕੇ ਦੁਕਾਨ ਖੋਹਲਣੀ ਪੈਂਦੀ ਅਤੇ ਨਾਲ ਔਫਲਸੰਸ ਹੋਣ ਕਰਕੇ ਰਾਤ ਦੇ 10 ਵਜੇ ਬੰਦ ਕਰਨੀ ਪੈਂਦੀ। ਇਹ ਗੇੜਾ ਸੱਤੇ ਦਿਨ ਬੱਝਿਆ ਰਹਿੰਦਾ। ਦੁਕਾਨ ਘਰ ਤੋਂ ਥੋੜੀ ਦੂਰ ਸੀ। ਕਦੇ-ਕਦੇ ਨੀਲਮ ਵੀ ਦੁਕਾਨ 'ਚ ਮੱਦਦ ਲਈ ਆ ਜਾਂਦੀ ਪਰ ਛੋਟੇ ਬੱਚੇ ਨੂੰ ਸਾਂਭਣਾ ਵੀ ਫੁੱਲਟਾਈਮ ਜੌਬ ਸੀ। ਡੇਢ ਕੁ ਸਾਲ ਬਾਦ ਨੀਲਮ ਨੇ ਦੂਜੇ ਲੜਕੇ ਨੂੰ ਜਨਮ ਦੇ ਦਿੱਤਾ। ਨੀਲਮ ਦਾ

ਘਰ 'ਚ ਕੰਮ ਹੁਣ ਹੋਰ ਵੱਧ ਗਿਆ। ਸੁਨੀਥ ਵੀ ਘਰ ਥੱਕਿਆ ਟੁੱਟਿਆ ਆਉਂਦਾ। ਬੀਅਰ ਦੇ ਦੋ ਡੱਬੇ ਪੀ. ਰੋਟੀ ਖਾ ਕੇ ਸੌਂ ਜਾਂਦਾ। ਨੀਲਮ ਅਤੇ ਸੁਨੀਥ ਦੀ ਕੁਆਲਟੀ ਔਫ ਲਾਈਫ ਤਹਿਸ਼ ਨਹਿਸ਼ ਹੋ ਗਈ ਸੀ। ਉਹ ਦੋਵੇਂ ਈ ਅੱਕੇ ਪਏ ਸਨ ਅਤੇ ਇਸੇ ਕਰਕੇ ਟੈਨਸ ਰਹਿੰਦੇ ਅਤੇ ਇਕ ਦੂਜੇ ਨੂੰ ਖਾਊ ਵੱਢੂੰ ਕਰਨ ਲੱਗ ਪਏ ਸਨ। ਨੀਲਮ ਇੰਗਲੈਂਡ ਦੀ ਜੰਮੀ ਪਲੀ ਹੋਣ ਕਰਕੇ ਐਹੋ ਜੇਹੀ ਜ਼ਿੰਦਗੀ ਤੋਂ ਤਬਦੀਲੀ ਚਾਹੁੰਦੀ ਸੀ। ਉਹ ਆਂਢ ਗੁਆਂਢ ਗੋਰੇ ਗੋਰੀਆਂ ਨੂੰ ਦੇਖਦੀ ਜੋ ਆਏ ਦਿਨ ਛੁੱਟੀਆਂ ਤੇ ਤੁਰੇ ਰਹਿੰਦੇ ਸਨ। ਸ਼ਾਮ ਨੂੰ ਇਕੱਠੇ ਪੱਬਾਂ ਕਲੱਬਾਂ ਵਿਚ ਜਾਂਦੇ। ਵੀਕਐਂਡ ਤੇ ਬਾਹਰ ਕਿਸੇ ਰੈਸਟੋਰੈਂਟ 'ਚ ਖਾਣਾ ਖਾਂਦੇ ਅਤੇ ਕਿਸੇ ਨਾ ਕਿਸੇ ਪਾਸੇ ਤੁਰੇ ਰਹਿੰਦੇ। ਨੀਲਮ ਵੀ ਚਾਹੁੰਦੀ ਸੀ ਕਿ ਉਹ ਐਸ਼ ਕਰੇ ਪਰ ਉਹਨੂੰ ਐਸ਼ ਵਾਲਾ ਦਰਵਾਜ਼ਾ ਖੁੱਲ੍ਹਦਾ ਨਜ਼ਰ ਨਹੀਂ ਸੀ ਆ ਰਿਹਾ। ਇਸ ਰੋਜ਼ ਰੋਜ਼ ਦੀ ਘੈਂਸ ਘੈਂਸ ਤੋਂ ਉਹ ਅੱਕ ਗਈ। ਇੱਕ ਗੋਰੇ ਨਾਲ ਉਹਦਾ ਅੱਖ ਮਟੱਕਾ ਸ਼ੁਰੂ ਹੋਇਆ ਅਤੇ ਫਿਰ ਉਹ ਇਸ਼ਕ ਵਿਚ ਰੁੱਝ ਗਈ। ਸੁਨੀਥ ਨੂੰ ਕਿਸੇ ਨੇ ਇਸ ਬਾਰੇ ਦੱਸਿਆ ਤਾਂ ਸੱਤੀਂ ਕਪੜੀ ਅੱਗ ਲੱਗ ਗਈ। ਉਹਨੇ ਇਕ ਦੋ ਵਾਰ ਦੁਕਾਨ ਬੰਦ ਕਰਕੇ ਘਰ ਛਾਪਾ ਮਾਰਿਆ ਤਾਂ ਨੀਲਮ ਨੂੰ ਉਹਦੇ ਆਸ਼ਕ ਗੋਰੇ ਨਾਲ ਰੰਗੀ ਹੱਥੀਂ ਫੜ ਲਿਆ। ਗਾਲੀ ਗਲੋਚ ਤੋਂ ਬਿਨਾਂ ਸੁਨੀਥ ਨੇ ਗੋਰਾ ਅਤੇ ਨੀਲਮ ਥਾਫੜ ਸੁੱਟੇ। ਗੱਲ ਪੁਲਸ ਕੋਲ ਪਹੁੰਚ ਗਈ। ਪੁਲਸ ਨੇ ਸੁਨੀਥ ਨੂੰ ਚਾਰਜ਼ ਕਰ ਲਿਆ। ਗੱਲ ਬਦ ਤੋਂ ਬਦਤਰ ਹੋ ਗਈ ਸੀ। ਕਚਿਹਰੀ ਵਿਚ ਕੇਸ ਲੱਗਣ ਦੀ ਤਾਰੀਖ ਆ ਗਈ ਪਰ ਕਚਿਹਰੀ ਵਿਚ ਜਾਣ ਤੋਂ ਪਹਿਲਾਂ ਹੀ ਨੀਲਮ ਦੋਵੇਂ ਮੁੰਡੇ ਘਰ ਛੱਡ ਗੋਰੇ ਨਾਲ ਉਧਲ ਗਈ। ਸੁਨੀਥ ਦਾ ਸਭ ਕੁਝ ਕੀਤਾ ਕਰਾਇਆ ਮਲੀਆਮੇਟ ਹੋ ਗਿਆ। ਕੇਸ ਵਿਚ ਸੋਸ਼ਲ ਸਰਵਿਸਜ਼ ਦਾ ਦਖਲ ਹੋ ਗਿਆ। ਬੱਚਿਆਂ ਦੀ ਹਿਫਾਜ਼ਤ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਦੋਵੇਂ ਮੁੰਡੇ ਸਰਕਾਰੀ ਕੇਅਰ ਵਿਚ ਚਲੇ ਗਏ। ਸੁਨੀਥ ਨੂੰ ਦੁਕਾਨ ਬੰਦ ਕਰਕੇ ਕੌਡੀਆਂ ਦੇ ਭਾਅ ਵੇਚਣੀ ਪਈ। ਉਹਦਾ ਸਭ ਕੁੱਝ ਲੁੱਟਿਆ ਪੁੱਟਿਆ ਗਿਆ। ਆਪਣੇ ਦੋਵੇਂ ਮੁੰਡਿਆਂ ਨੂੰ ਸੁਨੀਥ ਮਿਲਣ ਜਾਂਦਾ ਪਰ ਨੀਲਮ ਨੇ ਬੱਚਿਆਂ ਨਾਲ ਕੋਈ ਸੰਪਰਕ ਨਾ ਰੱਖਿਆ। ਮੁੰਡਿਆਂ ਨਾਲ ਖਾਸ ਕਰਕੇ ਮੋਹ ਵਾਲੀ ਭਾਰਤੀ ਸੱਭਿਆਚਾਰ ਦੀ ਧਾਰਨਾ ਭੁੱਲ ਗਈ ਸੀ। ਨੀਲਮ ਦਾ ਮੁੜ ਕਦੇ ਪਤਾ ਨਾ ਲੱਗਾ ਕਿ ਉਹ ਗੋਰੇ ਆਸ਼ਕ ਨਾਲ ਕਿਥੇ ਚਲੇ ਗਈ ਸੀ। ਸੁਨੀਥ ਨੂੰ ਜਦ ਇਹ ਪਤਾ ਲੱਗਾ ਕਿ ਸੋਸ਼ਲ ਸਰਵਿਸਜ਼ ਵਾਲੇ ਦੋਵਾਂ ਮੁੰਡਿਆਂ ਨੂੰ ਮਤਬੰਨਾ (ਅਡੌਪਸ਼ਨ) ਬਣਾਉਣ ਬਾਰੇ ਸੋਚ ਰਹੇ ਹਨ ਤਾਂ ਉਹਦੀ ਖਾਨਿਉਂ ਗਈ। ਉਹਨੇ ਆਪਣੇ ਰਿਸ਼ਤੇਦਾਰਾਂ ਨਾਲ ਸਲਾਹ ਕਰਕੇ ਤਲਾਕ ਦਾ ਕੰਮ ਇਕ ਪਾਸੇ ਕਰ ਇੰਡਿਆ ਜਾ ਕੇ ਚੁੱਪ ਚਾਪ ਵਿਆਹ ਕਰਾ ਲਿਆ। ਦੂਜੀ ਪਤਨੀ ਇੰਗਲੈਂਡ ਆਉਣ ਤੇ ਦੋਵੇਂ ਬੱਚੇ ਸੁਨੀਥ ਨੂੰ ਵਾਪਿਸ ਮਿਲ ਗਏ ਅਤੇ ਅੱਜ ਕੱਲ੍ਹ ਉਹ ਆਪਣੇ ਪਰਿਵਾਰ ਨਾਲ ਠੀਕ ਠਾਕ ਰਹਿ ਰਿਹਾ ਹੈ।

# ਧੋਖੇਬਾਜ਼

ਸੁਰਜੀਤ ਸਿੰਘ ਦਾ ਮੁੰਡਾ ਨਵਜੀਤ ਵਿਆਹ ਲਈ ਹੁਣ ਮਨ ਗਿਆ ਸੀ। ਨਵਜੀਤ ਨੇ ਕੰਪਿਊਟਰ ਦੀ ਪੜ੍ਹਾਈ ਕਰ ਲਈ ਸੀ ਅਤੇ ਇਕ ਫਰਮ ਵਿਚ ਨੌਕਰੀ ਵੀ ਕਰਨ ਲੱਗ ਪਿਆ ਸੀ। ਨਵਜੀਤ ਇਸ ਗੱਲ ਲਈ ਵੀ ਤਿਆਰ ਸੀ ਕਿ ਇੰਡਿਆ ਜਾ ਕੇ ਉਹਦਾ ਵਿਆਹ ਕਰਾ ਦਿੱਤਾ ਜਾਵੇ। ਕਿਉਂਕਿ ਇੰਗਲੈਂਡ ਜੰਮੀਆਂ ਪਲੀਆਂ ਕਈ ਕੁੜੀਆਂ ਦੇ ਲੱਛਣ ਉਹਨੂੰ ਚੰਗੇ ਨਹੀਂ ਸਨ ਲੱਗਦੇ ਭਾਵੇਂ ਕਿ ਇੰਡਿਆ ਦੀਆਂ ਸਾਰੀਆਂ ਕੁੜੀਆਂ ਵੀ ਦੁੱਧ ਧੋਤੀਆਂ ਨਹੀਂ ਹੁੰਦੀਆਂ ਤੇ ਇਸ ਗੱਲ ਬਾਰੇ ਲੂਟਾ ਜੇਹਾ ਨਵਜੀਤ ਅਜੇ ਅਣਜਾਣ ਸੀ। ਨਵਜੀਤ ਦੀ ਮਾਂ ਖੁਸ਼ ਸੀ ਕਿ ਘਰ 'ਚ ਨੂੰਹ ਰਾਣੀ ਆਵੇਗੀ ਅਤੇ ਉਹਨਾਂ ਨੂੰ ਵੀ ਖੁਸ਼ੀਆਂ ਦੇਖਣ ਨੂੰ ਮਿਲਣਗੀਆਂ। 26 ਵਰ੍ਹਿਆਂ ਦੇ ਨਵਜੀਤ ਦੇ ਵਿਆਹ ਵਾਲੀ ਗੱਲ ਸੁਰਜੀਤ ਅਤੇ ਉਹਦੇ ਘਰ ਵਾਲੀ ਮਨਜੀਤ ਲਈ ਬੜੀ ਅਹਿਮ ਘਟਨਾ ਸੀ ਅਤੇ ਉਹ ਦੋਵੇਂ ਜੀਅ ਇਹ ਖੁਸ਼ੀ ਦੇਖਣ ਲਈ ਤਰਸ ਗਏ ਸਨ। ਇਹ ਇਸ ਲਈ ਸੀ ਕਿ ਸੁਰਜੀਤ ਦੇ ਵੱਡੇ ਮੁੰਡੇ ਦਾ ਦੁੱਖ ਉਹਨਾਂ ਨੂੰ ਪਲ ਪਲ ਚੀਰਦਾ ਰਹਿੰਦਾ ਸੀ ਵੱਡੇ ਮੁੰਡੇ ਦੇ ਦਿਮਾਗ ਵਿਚ ਰਸੌਲੀ ਹੋਣ ਕਰਕੇ ਅਪਰੇਸ਼ਨ ਕਰਾਉਣਾ ਪਿਆ ਸੀ। ਇਹ ਸਮਾਂ ਸਾਰੇ ਪਰਿਵਾਰ ਲਈ ਹੀ ਦੁੱਖਾ ਭਰਿਆ ਸੀ। ਸੁਰਜੀਤ ਅਤੇ ਉਹਦੀ ਸਾਥਣ ਮਨਜੀਤ ਦਿਨ ਰਾਤ ਜਾਗ ਜਾਗ ਕੇ ਕਈ ਸਾਲ ਇਹ ਸੰਤਾਪ ਭੋਗਿਆ ਸੀ। ਸਾਰੇ ਪਰਿਵਾਰ ਲਈ ਇਹ ਗੱਲ ਇਕ ਲੱਤ ਭਾਰ ਖੜ੍ਹੇ ਹੋਣ ਵਾਲੀ ਸੀ। ਉਹਨਾਂ ਦਾ ਗੇੜਾ ਸਮੈਦਿਕ, ਸੈਂਡਵਿਲ ਵਿਚਲੇ ਬਰੇਨ ਹਸਪਤਾਲ ਦਾ ਬੱਝਾ ਰਹਿੰਦਾ ਪਰ ਕਾਬਲ ਡਾਕਟਰ ਮੁੰਡੇ ਨੂੰ ਬਚਾਅ ਨਾ ਸਕਿਆ। ਵੱਡੇ ਮੁੰਡੇ ਦੀ ਮੌਤ ਦਾ ਸਲ ਸਾਰੇ ਪਰਿਵਾਰ 'ਤੇ ਬੱਜਰ ਵਾਂਗ ਡਿੱਗਿਆ ਸੀ ਜੇਹਨੇ ਸਦਾ ਲਈ ਦਿਲ ਦਿਮਾਗ 'ਤੇ ਬਹੁਤ ਗਹਿਰੇ ਜ਼ਖਮ ਕਰ ਦਿੱਤੇ ਸਨ। ਮਨਜੀਤ ਤਾਂ ਫਿਰ ਵੀ ਆਪਣੇ ਆਪ ਨੂੰ "ਰੱਬ ਦਾ ਭਾਣਾ" ਮਨ ਕੇ ਧਰਵਾਸਾ ਦੇ ਲੈਂਦੀ ਸੀ। ਪਰ ਸੁਰਜੀਤ ਲਈ ਇਸ ਦੁੱਖ ਨੂੰ ਪਚਾਉਣਾ ਬੜਾ ਮੁਸ਼ਕਲ ਸੀ। ਪ੍ਰਗਤੀਸ਼ੀਲ ਸੋਚ ਨੂੰ ਪ੍ਰਨਾਏ ਸੁਰਜੀਤ ਕੋਲ ਤਾਂ ਰੱਬ ਨੂੰ ਮਿਹਣਾਂ ਦੇਣ ਲਈ ਵੀ ਕੁੱਝ ਨਹੀਂ ਸੀ ਕਿਉਂਕਿ ਰੱਬ ਅਤੇ ਕਰਤਾਰੀ ਸ਼ਕਤੀਆਂ ਦੀ ਹੋਂਦ ਤੋਂ ਉਹ ਮੁਨਕਰ ਸੀ। ਧੰਨ ਸੀ ਸੁਰਜੀਤ ਜੇਹਨੇ ਇਸ ਗਮ ਨੂੰ ਚੁੱਪ ਚਪੀਤੇ ਪੀ ਲਿਆ ਸੀ। ਉਹਦੀ ਜਰਨ ਦੀ ਸ਼ਕਤੀ ਦੇਖ ਅੱਜ ਵੀ ਕੰਬਣੀ ਆਉਂਦੀ ਹੈ। ਤੇ ਹੁਣ ਜਦ ਨਵਜੀਤ ਵਿਆਹ ਕਰਾਉਣਾ ਚਾਹੁੰਦਾ ਸੀ ਤਾਂ ਦੋਵੇਂ ਜੀਉੜੇ ਖੁਸ਼ੀ ਨਾਲ ਫੁੱਲੇ ਨਹੀਂ ਸਨ ਸਮਾ ਰਹੇ। ਵੈਸੇ ਵੀ ਸੁਰਜੀਤ ਹੁਣ ਕੰਮ ਤੋਂ ਰੀਟਾਇਰ ਹੋ ਗਿਆ ਸੀ। ਸਾਰੀ ਉਮਰ ਲੇਖਾ ਦਿੱਤਾ ਸੀ ਗੋਰੀਆਂ ਅਤੇ ਗੋਰਿਆਂ ਦੇ ਮੁਲਕ ਦਾ। ਕਦੇ ਫੈਕਟਰੀਆਂ 'ਚ ਅਤੇ ਕਦੇ ਬੱਸ ਡਰਾਈਵਰੀ ਕੀਤੀ ਸੀ। ਇਸ ਤੋਂ

ਬਿਨਾਂ ਜਲਸੇ ਜਲੂਸ ਅਤੇ ਮੀਟਿੰਗਾਂ 'ਚ ਉਹ ਕਦੇ ਪਿੱਛੇ ਨਹੀਂ ਸੀ ਰਿਹਾ। ਆਖਰ ਨੂੰ ਸਰੀਰ ਤਾਂ ਸਰੀਰ ਹੈ, ਇਹ ਕੇਹੜਾ ਸਟੀਲ ਦਾ ਬਣਿਆ, ਸੁਰਜੀਤ ਪਿੱਠ ਦਰਦ ਸਹੇੜ ਬੈਠਾ ਸੀ ਅਤੇ ਇਹਦੇ ਨਾਲ ਮੋਢਿਆਂ ਅਤੇ ਬਾਂਹ ਦਾ ਦਰਦ ਉਹਦਾ ਹਰ ਸੈਕਿੰਡ ਅੜਾਹਟ ਕਢਾਉਂਦਾ ਸੀ। ਸਦਕੇ ਸੁਰਜੀਤ ਦੇ, ਉਹ ਅਜੇ ਵੀ ਚੜ੍ਹਦੀ ਕਲਾ 'ਚ ਰਹਿੰਦਾ ਸੀ ਅਤੇ ਲੋਕ ਹਿਤੂ ਕੰਮਾਂ 'ਚ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਸੀ। ਹੁਣ ਨਵਜੀਤ ਦੇ ਵਿਆਹ ਲਈ ਵੀ ਉਹਨੇ ਆਪਣੇ ਯਾਰਾਂ ਮਿੱਤਰਾਂ ਨੂੰ ਅਗਾਊਂ ਹੀ ਸੱਦਾ ਦੇ ਦਿੱਤਾ ਸੀ ਕਿ, "ਫਿਰ ਨਾ ਕਿਹੋ ਕਿ ਪਹਿਲਾਂ ਕਿਉਂ ਨਾ ਦੱਸਿਆ?" ਜਿਸ ਦਿਨ ਸੁਰਜੀਤ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਖੁਸ਼ੀ ਸਾਂਝੀ ਕਰਦਿਆਂ ਹਲਕੀ ਜੇਹੀ ਚੇਤਾਵਨੀ ਵੀ ਦਿੱਤੀ, "ਸੁਰਜੀਤ ਖਿਆਲ ਰੱਖੀਂ ਕਿਤੇ ਆਪਾਂ ਨੂੰ ਲੈਣੇ ਦੇ ਦੇਣੇ ਨਾ ਪੈ ਜਾਣ। ਹੁਣ ਜ਼ਮਾਨਾ ਬਦਲ ਗਿਆ ਹੈ। ਪੰਜਾਬ ਵਾਲੇ ਮੁੰਡੇ ਕੁੜੀਆਂ ਦਾ ਨਜ਼ਰੀਆ ਹੁਣ ਪਹਿਲਾਂ ਵਾਲਾ ਨਹੀਂ ਰਿਹਾ ਖਾਸ ਕਰਕੇ ਕੁੜੀਆਂ ਦਾ ਕਿ ਸਤਬਚਨ ਕਹਿ ਕੇ ਸਭ ਕੁੱਝ ਪ੍ਰਵਾਨ ਕਰ ਲਿਆ ਜਾਵੇ। ਮੁੰਡਿਆਂ ਦੇ ਤਾਂ ਪਹਿਲਾਂ ਵੀ ਬਥੇਰੇ ਕਿੱਸੇ ਸੁਣੀਦੇ ਸੀ। ਅੱਜ ਕੱਲ੍ਹ ਤਾਂ ਪੰਜਾਬ ਤੋਂ ਲਿਆਂਦੀਆਂ ਕੁੜੀਆਂ ਪਹਿਲਾਂ ਈ ਕਿਤੇ ਕੁੰਡੀ 'ਚ ਫਸੀਆਂ ਹੁੰਦੀਆਂ ਹਨ ਅਤੇ ਉਹਨਾਂ ਦਾ ਵਲੈਤ ਆ ਕੇ ਮੰਤਵ ਸਿਰਫ ਪੱਕਾ ਈ ਹੋਣਾ ਹੁੰਦਾ ਹੈ ਤੇ ਫਿਰ ਪੱਕੇ ਹੋ ਕੇ ਆਪਣੇ ਯਾਰਾਂ ਨੂੰ ਮੰਗਾ ਲੈਂਦੀਆਂ ਹਨ। ਇੱਜ਼ਤਾਂ ਉਜ਼ਤਾਂ ਵਾਲੀਆਂ ਗੱਲਾਂ ਹੁਣ ਤਾਂ ਲੱਦ ਗਈਆਂ। ਸਗੋਂ ਇਹੋ ਜੇਹੇ ਕੇਸਾਂ ਵਿਚ ਬਹੁਤੀ ਵਾਰੀ ਕੁੜੀ ਦੇ ਮਾਂ ਪਿਓ ਵੀ ਨਾਲ ਰਲੇ ਹੁੰਦੇ ਆ। ਅਜੇ ਪਿਛਲੇ ਹਫਤੇ ਈ ਮੇਰਾ ਲੰਦਨ ਰਹਿੰਦਾ ਦੋਸਤ ਸੁਖਦੇਵ ਮੈਨੂੰ ਦੱਸ ਰਿਹਾ ਸੀ ਕਿ, "ਉਹਨਾਂ ਦੀ ਰਿਸ਼ਤੇਦਾਰੀ ਵਿਚੋਂ ਇੱਕ ਮੁੰਡਾ ਇੰਡੀਆ ਤੋਂ ਕੁੜੀ ਵਿਆਹ ਕੇ ਲਿਆਇਆ ਸੀ। ਮੁੰਡੇ ਵਾਲਿਆਂ 'ਚ ਵੀ ਬੜੀ ਗੱਜ-ਵੱਜ ਕੇ ਰੀਸੈਪਸ਼ਨ ਪਾਰਟੀ ਦਿੱਤੀ ਸੀ। ਲੰਦਨ ਦਾ ਮਸ਼ਹੂਰ ਰੇਸ ਕੋਰਸ ਬੁੱਕ ਕਰਾਇਆ ਅਤੇ ਹਜ਼ਾਰ ਤੋਂ ਉੱਪਰ ਲੋਕਾਂ ਨੂੰ ਸੱਦਿਆ। ਗਾਉਣ ਵਜਾਉਣ, ਖਾਣ ਪੀਣ ਅਤੇ ਦਾਰੂ ਬੱਤੇ 'ਤੇ ਉਹਨਾਂ ਡੱਟ ਕੇ ਖਰਚਾ ਕੀਤਾ। ਸਰਦਾ ਪੁੱਜਦਾ ਪਰਵਾਰ ਹੋਣ ਕਰਕੇ ਭਾਵੇਂ 30 ਹਜ਼ਾਰ ਪੌਂਡ ਦਾ ਖਰਚ ਉਹਨਾਂ ਨੂੰ ਦੁਖਿਆ ਨਹੀਂ ਸੀ ਪਰ ਮਾੜੀ ਗੱਲ ਇਹ ਹੋਈ ਕਿ ਦੋ ਸਾਲ ਬਾਦ ਜਦ ਕੁੜੀ ਦੇ ਪਾਸਪੋਰਟ ਤੇ ਮੋਹਰ ਲੱਗ ਗਈ ਤਾਂ ਘਰ ਦੀਆਂ ਸਾਰੀਆਂ ਖੁਸ਼ੀਆਂ ਹਨੇਰੀ 'ਚ ਪੱਤਿਆਂ ਵਾਂਗ ਉੱਡ ਗਈਆਂ। ਵਿਸਾਖੀ ਵਾਲੇ ਦਿਨ "ਬੀਬੀ ਰਾਣੀ" ਸਿਰ ਦੇ ਵਾਲ ਕਟਾ ਕੇ ਘਰ ਆ ਗਈ। ਘਰਦਿਆਂ ਜਦ ਕਿੰਤੂ ਪ੍ਰੰਤੂ ਕੀਤਾ ਤਾਂ ਬੈਗ ਚੁੱਕ ਕੇ ਘਰੋਂ ਬਾਹਰ ਹੋ ਗਈ। ਸਾਰਾ ਟੱਬਰ ਦੇਖਦਾ ਈ ਰਹਿ ਗਿਆ। ਇਹ ਉਸ "ਲਾਡੋ ਰਾਣੋ" ਦੀ ਮਿਥੀ ਚਾਲ ਸੀ ਤਾਂ ਕਿ ਬਹਾਨਾ ਬਣਾ ਸਕੇ ਕਿ 'ਮੇਰੀ ਜ਼ਾਤੀ ਅਜ਼ਾਦੀ 'ਚ ਦਖਲ ਅੰਦਾਜ਼ੀ ਕੀਤੀ ਜਾ ਰਹੀ ਸੀ ਅਤੇ ਮੇਰੇ ਤੋਂ ਮੇਰਾ ਜੀਊਣ ਦਾ ਹੱਕ ਖੋਹਿਆ ਜਾ ਰਿਹਾ ਸੀ।' ਇਹ ਰਿਸ਼ਤਾ ਵੀ ਰਿਸ਼ਤੇਦਾਰੀ 'ਚੋਂ ਈ ਦੂਰੋਂ ਪਾਰੋਂ ਕਿਸੇ ਜਾਣਦੇ ਨੇ ਕਰਾਇਆ ਸੀ। ਸੋ ਭਰਾਵਾ ਖਿਆਲ ਰੱਖੀਂ। ਨਾਲੇ ਇਹੋ ਜੇਹੇ ਕਈ ਕੇਸ ਆ ਅਤੇ ਇਹ ਕੰਮ ਹਰ ਸ਼ਹਿਰ 'ਚ ਈ ਹੋ ਰਿਹਾ।" ਮੇਰੀ ਗੱਲ ਸੁਣ ਸੁਰਜੀਤ ਕਿਹਾ, "ਗੱਲ ਤਾਂ ਤੇਰੀ ਠੀਕ ਆ। ਪਰ ਇਥੇ ਵੀ ਹਾਲ ਮੰਦਾ ਈ ਆ। ਹਜ਼ਾਰਾਂ ਪੌਂਡਾਂ ਦਾ ਖਰਚ ਕਰਨ ਬਾਦ ਵਿਆਹ ਤੋਂ ਮਹੀਨਾ ਬਾਦ ਈ ਤਲਾਕ ਹੋ ਜਾਂਦੈ। ਕਰੀਏ ਤਾਂ ਕੀ ਕਰੀਏ? ਇਹ ਹਾਲ "ਪ੍ਰਬੰਧਕ ਵਿਆਹਾਂ" ਦਾ ਈ ਨਹੀਂ ਸਗੋਂ ਉਹਨਾਂ ਦਾ ਵੀ ਆ ਜਿਥੇ "ਲਵ ਯੂ, ਲਵ ਯੂ" ਹਰ ਮਿੰਟ ਬਾਦ

ਹੁੰਦਾ। ਮੇਰੇ ਕੋਲ ਕੋਈ ਅੰਕੜੇ ਤਾਂ ਨਹੀਂ ਪਰ ਜੇਕਰ ਗੋਰੇ ਗੋਰੀਆਂ ਦੇ ਅੱਧੇ ਕੁ ਵਿਆਹ ਤਿੜਕ ਰਹੇ ਆ ਤਾਂ ਆਪਣੇ ਤਲਾਕਾਂ ਦੀ ਵੀ ਦਰ ਇਹ ਤੋਂ ਘੱਟ ਨਹੀਂ। ਵਿਆਹ ਤਾਂ ਹੁਣ ਇਕ "ਹਾਈ ਫਾਈ ਜੂਆ" ਬਣ ਗਿਆ। ਪਿਆਰ ਪੁਆਰ ਵਾਲਾ ਸੰਕਲਪ ਸਭ ਤੋਂ ਵੱਡਾ ਧੋਖਾ: ਇਸ ਸੰਕਲਪ ਨੇ ਪਤਾ ਨੀ ਕਿੰਨੇ ਘਰ ਬਰਬਾਦ ਕਰਕੇ ਖੱਖੜੀਆਂ ਕਰ ਦਿੱਤੇ ਆ ਅਤੇ ਕਿੰਨੇ ਲੋਕਾਂ ਦੇ ਸੀਨਿਆਂ 'ਤੇ ਡੂੰਘੇ ਘਾਤ ਲਾਏ ਆ। ਪਰ ਦੂਜੇ ਪਾਸੇ ਇਹ ਵੀ ਗੱਲ ਆ ਕਿ ਜੇਕਰ ਆਪਾਂ ਹਰ ਗੱਲ ਦਾ ਨਾਂਹ ਪੱਖ ਈ ਦੇਖੀ ਜਾਈਏ ਤਾਂ ਜ਼ਿੰਦਗੀ ਦੀ ਗੱਡੀ ਚਲਾਈ ਨਹੀਂ ਜਾ ਸਕਦੀ। ਰਿਸਕ ਤਾਂ ਲੈਣਾ ਈ ਪੈਂਦਾ। ਜਿੱਦਾਂ ਅੰਗਰੇਜ਼ੀ 'ਚ ਕਹਿੰਦੇ ਆ, 'ਨੋ ਰਿਸਕ ਨੋ ਗੇਨ' ਯਾਨਿ ਖਤਰਾ ਮੁੱਲ ਲਏ ਤੋਂ ਬਿਨਾਂ ਫਾਇਦਾ ਨਹੀਂ ਹੁੰਦੈ। ਨਾਲੇ ਪੰਜੇ ਉਂਗਲਾਂ ਇਕੋ ਜੇਹੀਆਂ ਨਹੀਂ ਹੁੰਦੀਆਂ। ਚੰਗਿਆਈ ਦਾ ਅਜੇ ਕੇਹੜਾ ਬੀਜ ਨਾਸ ਹੋ ਗਿਆ। ਦੁਨੀਆਂ ਚੰਗਿਆਈ ਤੇ ਈ ਟਿਕੀ ਆ ਨਹੀਂ ਤਾਂ ਹੁਣ ਨੂੰ ਪਰਲੋ ਆ ਜਾਂਦੀ। ਵੈਸੇ ਵੀ ਆਪਾਂ ਤਾਂ "ਆਸ਼ਾਵਾਦੀ" ਲੋਕ ਆਂ। ਮੁਸੀਬਤਾਂ ਅਤੇ ਬੇਇਨਸਾਫ਼ੀਆਂ ਨਾਲ ਮੱਥਾ ਲਾਉਣਾ ਆਪਣਾ ਰੋਜ਼ ਦਾ ਈ ਕੰਮ ਆ। ਸਾਰੀ ਉਮਰ ਐਹੋ ਕੁੱਝ ਈ ਤਾਂ ਖੱਟਿਆ ਕਮਾਇਆ। "ਮੈਂ ਇਹ ਕਹਿ ਗੱਲ ਖਤਮ ਕਰ ਦਿੱਤੀ ਕਿ, "ਕੁੜੀ ਬਾਰੇ ਘੋਖ ਪੜਤਾਲ ਕਰ ਲਈਂ ਅਤੇ ਕੁੜੀ ਦੇ ਮਾਪਿਆਂ ਦਾ ਵੀ ਅੱਗਾ ਪਿੱਛਾ ਚੰਗੀ ਤਰ੍ਹਾਂ ਪੁਣ ਛਾਣ ਲਈਂ।" ਸੁਰਜੀਤ ਨੇ 'ਸਤ ਬਚਨ' ਕਹਿ ਫੋਨ ਰੱਖ ਦਿੱਤਾ।

ਸੁਰਜੀਤ, ਮਨਜੀਤ, ਨਵਜੀਤ, ਅਤੇ ਉਹਦੀਆਂ ਦੋ ਭੈਣਾਂ ਜਦ ਨਵਜੀਤ ਦਾ ਵਿਆਹ ਕਰਨ ਜਲੰਧਰ ਪੰਜਾਬ ਗਏ ਤਾਂ ਵਿਆਹ 'ਚ ਸ਼ਾਮਲ ਹੋਣ ਲਈ ਇੰਗਲੈਂਡ ਤੋਂ ਵੀ ਸੁਰਜੀਤ ਦੇ ਕਈ ਸਾਥੀ ਗਏ। ਇੰਡਿਆ ਤੋਂ ਵੀ ਸੁਰਜੀਤ ਨੇ ਅਗਾਂਹਵਧੂ ਸੋਚ ਵਾਲੇ ਚਿੰਤਕ ਦੋਸਤ ਵਿਆਹ 'ਚ ਸੱਦੇ ਤਾਂ ਕਿ ਚਿਰ ਬਾਦ ਮਿਲੀ ਖੁਸ਼ੀ ਨੂੰ ਮਿੱਤਰ ਪਿਆਰਿਆਂ ਨਾਲ ਸਾਂਝਿਆਂ ਕੀਤਾ ਜਾ ਸਕੇ। ਨਵਜੀਤ ਦਾ ਰਿਸ਼ਤਾ ਵੀ ਦੂਰੋਂ ਪਾਰੋਂ ਇਕ ਰਿਸ਼ਤੇਦਾਰ ਰਾਹੀਂ ਹੋਇਆ। ਇਸ ਰਿਸ਼ਤੇਦਾਰ ਦਾ ਇਕ ਦੋਸਤ "ਮੈਰਿਜ਼ ਬਿਊਰੋ" ਦਾ ਕਾਰੋਬਾਰ ਕਰਦਾ ਸੀ ਤੇ ਬਸ ਫਿਰ ਮੈਰਿਜ਼ ਬਿਊਰੋ ਰਾਹੀਂ ਨਵਜੀਤ ਵਿਆਹਿਆ ਗਿਆ ਸੀ। ਨਵਜੀਤ ਦੀ ਪਤਨੀ ਦਲਜੀਤ ਸਭ ਨੂੰ ਪਸੰਦ ਆ ਗਈ ਸੀ ਜੋ ਮਾਂ ਪਿਓ ਦੀ ਇਕੋ ਇਕ ਕੁੜੀ ਸੀ। ਸਖੀ ਦਿਲ ਸੁਰਜੀਤ ਉਸ ਵੇਲੇ ਪਸੀਜ ਗਿਆ ਜਦ ਦਲਜੀਤ ਦੇ ਮਾਪਿਆਂ ਕਿਹਾ, "ਸਾਨੂੰ ਵੈਸੇ ਤਾਂ ਇਹ ਗੱਲ ਕਰਦਿਆਂ ਵੀ ਸ਼ਰਮ ਆਉਂਦੀ ਆ ਪਰ ਦਲਜੀਤ ਦਾ ਵਿਆਹ ਇਨ੍ਹੀ ਜਲਦੀ ਹੋ ਰਿਹਾ ਕਿ ਅਸੀਂ ਪੈਸਿਆਂ ਦਾ ਤਾਂ ਬੰਦੋਬਸਤ ਨਹੀਂ ਕਰ ਸਕਦੇ। ਦਸ ਮਰਲੇ ਦੇ ਇਕ ਪਲਾਟ ਨੂੰ ਅਸੀਂ ਵੇਚਣ ਤੇ ਲਾਇਆ ਹੋਇਆ। ਜਿੱਦਣ ਵਿਕ ਗਿਆ, ਤੁਹਾਨੂੰ ਪੈਸੇ ਦੇ ਦਿਆਂਗੇ। ਤੁਸੀਂ ਸਾਡੀ ਹੁਣ ਵਿਆਹ ਲਈ 5000 ਕੁ ਪੌਂਡ ਦੀ ਮੱਦਦ ਜ਼ਰੂਰ ਕਰੋ।" ਸੁਰਜੀਤ ਅਤੇ ਮਨਜੀਤ ਨੇ ਬਿਨਾਂ ਸਲਾਹ ਕੀਤਿਆਂ ਈ ਝੱਟ 'ਹਾਂ' ਕਰ ਦਿੱਤੀ ਕਿ 'ਰਿਸ਼ਤੇਦਾਰੀਆਂ ਵਿਚ ਲੈਣ ਦੇਣ ਬਣਿਆ ਹੀ ਹੁੰਦੈ ਅਤੇ ਜੇਕਰ ਅਸੀਂ ਲੋੜ ਵੇਲੇ ਇਕ ਦੂਜੇ ਦੇ ਕੰਮ ਨਾ ਆਏ ਤਾਂ ਫਿਰ ਰਿਸ਼ਤੇਦਾਰੀਆਂ ਦਾ ਕੀ ਮਤਲਬ ਹੋਇਐ?" ਦਲਜੀਤ ਦੇ ਮਾਪਿਆਂ ਨੂੰ ਪੈਸੇ ਮਿਲਣ ਬਾਦ ਵਿਆਹ ਵਾਲਾ ਕੰਮ ਮੁਕੰਮਲ ਹੋ ਗਿਆ। ਸੁਰਜੀਤ ਨੇ ਆਪਣੀ ਵਾਕਿਫੀ ਅਤੇ ਪੈਸੇ ਦੇ ਜ਼ੋਰ ਨਾਲ ਦਲਜੀਤ ਦਾ ਪਾਸਪੋਰਟ ਕੁੱਝ ਹੀ ਦਿਨਾਂ 'ਚ ਤਿਆਰ ਕਰਵਾ ਦਿੱਤਾ ਅਤੇ ਫਿਰ ਵਿਆਹ ਦਾ ਸਰਟੀਫਿਕੇਟ

ਅਤੇ ਬ੍ਰਿਟਸ਼ ਹਾਈ ਕਮਿਸ਼ਨ ਕੋਲੋਂ ਇੰਟਰਵਿਊ ਦੀ ਤਾਰੀਖ ਲੈ ਦਿੱਤੀ। ਛੇ ਹਫਤੇ ਇੰਡਿਆ ਰਹਿ ਕੇ ਸਾਰਾ ਪਰਿਵਾਰ ਵਾਪਿਸ ਇੰਗਲੈਂਡ ਆ ਗਿਆ। ਇੰਗਲੈਂਡ ਵਾਪਿਸ ਆ ਕੇ ਨਵਜੀਤ ਆਪਣੀ ਪਤਨੀ ਦਲਜੀਤ ਨੂੰ ਘੰਟਾ-ਘੰਟਾ ਮੋਬਾਇਲ ਤੇ ਫੋਨ ਕਰਦਾ ਰਹਿੰਦਾ। ਮਹੀਨੇ ਕੁ ਬਾਦ ਨਵਜੀਤ ਦਾ ਟੈਲੀਫੋਨ ਦਾ ਬਿੱਲ ਈ 600 ਪੌਂਡ ਸੀ। ਇਸ ਤੋਂ ਬਿਨਾਂ ਸੁਰਜੀਤ ਅਤੇ ਮਨਜੀਤ ਵੀ ਆਪਣੇ ਨਵੇਂ ਬਣੇ ਰਿਸ਼ਤੇਦਾਰਾਂ ਨੂੰ ਹਫਤੇ 'ਚ ਦੋ ਵਾਰੀ ਲੰਬਾ ਸਮਾਂ ਫੋਨ ਕਰਦੇ ਰਹਿੰਦੇ। ਘਰ ਦੇ ਫੋਨ ਦਾ ਬਿੱਲ ਵੀ ਹਰ ਮਹੀਨੇ 200 ਪੌਂਡ ਆਉਣ ਲੱਗ ਪਿਆ। ਇੰਗਲੈਂਡ ਵਾਪਿਸ ਆਉਣ ਵੇਲੇ ਸੁਰਜੀਤ ਅਤੇ ਨਵਜੀਤ ਹਜ਼ਾਰ ਪੌਂਡ ਦਲਜੀਤ ਨੂੰ ਦੇ ਆਏ ਸੀ ਕਿ 'ਉਹਨੂੰ ਕਿਸੇ ਤਰ੍ਹਾਂ ਦੀ ਤੰਗੀ ਨਾ ਰਹੇ।' ਸੁਰਜੀਤ ਦਾ ਆਪਣੇ ਮੁੰਡੇ ਦੇ ਵਿਆਹ ਤੇ ਪੱਚੀ ਹਜ਼ਾਰ ਪੌਂਡ ਕੁੱਲ ਖਰਚ ਹੋ ਗਿਆ ਸੀ। ਜੇਹੜੀ ਪੈਨੀ-ਪੈਨੀ ਕਰਕੇ ਰਕਮ ਜੋੜੀ ਸੀ, ਉਹ ਪਾਣੀ ਵਾਂਗ ਵਹਾਅ ਦਿੱਤੀ ਗਈ ਸੀ ਪਰ ਸੁਰਜੀਤ ਅਤੇ ਮਨਜੀਤ ਫਿਰ ਵੀ ਖੁਸ਼ ਸਨ ਕਿ ਉਹਨਾਂ ਇਹ ਖਰਚਾ ਆਪਣੀ ਅਤੇ ਆਪਣੇ ਮੁੰਡੇ ਦੀ ਖੁਸ਼ੀ ਲਈ ਕੀਤਾ ਸੀ। ਉਹ ਇਹ ਵੀ ਕਹਿੰਦੇ ਸਨ ਕਿ, "ਐਹੋ ਜੇਹੇ ਖੁਸ਼ੀ ਦੇ ਮੌਕੇ ਕੇਹੜੇ ਵਾਰ ਵਾਰ ਆਉਂਦੇ ਆ।"

ਦਲਜੀਤ ਜਦ ਇੰਟਰਵਿਊ ਲਈ ਬ੍ਰਿਟਸ਼ ਹਾਈ ਕਮਿਸ਼ਨ ਗਈ ਤਾਂ ਉਹਨਾਂ ਸਾਰੇ ਕਾਗਜ਼ ਪੱਤਰ ਦੇਖ ਅਤੇ ਕੁੱਝ ਸੁਆਲਾਂ ਬਾਦ ਤਸੱਲੀ ਕਰ ਲਈ ਕਿ 'ਵਿਆਹ ਠੀਕ ਈ ਹੋਇਐ' ਅਤੇ ਦਲਜੀਤ ਦੇ ਪਾਸਪੋਰਟ ਤੇ ਸਾਲ ਦੀ ਇੰਟਰੀ ਲਾ ਦਿੱਤੀ। ਸੁਰਜੀਤ ਨੇ ਏਅਰ ਇੰਡਿਆ ਦੀ ਟਿਕਟ ਭੇਜ ਦਿੱਤੀ ਅਤੇ ਦਲਜੀਤ ਇੰਗਲੈਂਡ ਆ ਗਈ ਸੀ। ਲਾਡਾਂ ਨਾਲ ਪਾਲਿਆ ਨਵਜੋਤ ਆਪਣਾ ਸਾਰਾ ਆਪਾ ਹੀ ਦਲਜੀਤ ਨੂੰ ਦੇ ਚੁੱਕਾ ਸੀ ਅਤੇ ਆਪਣੀ ਖਿਆਲਾਂ ਦੀ ਦੁਨੀਆਂ ਵਿਚ ਪਿਆਰ ਉਡਾਰੀਆਂ ਮਾਰ ਰਿਹਾ ਸੀ। ਉਹ ਦਿਨ ਰਾਤ ਇਸ ਪਿਆਰ ਗੜੂੰਦ 'ਚ ਡੁੱਬਕੀਆਂ ਲਾ ਰਿਹਾ ਸੀ ਕਿ ਉਹ ਦੋਵੇਂ ਜ਼ਿੰਦਗੀ 'ਚ ਇੰਝ ਕਰਨਗੇ, ਉਂਝ ਕਰਨਗੇ। ਨਵਜੀਤ ਨੇ ਬੜੀਆਂ ਸਕੀਮਾਂ ਬਣਾਈਆਂ ਹੋਈਆਂ ਸਨ ਜੇਹੜੀਆਂ ਉਹ ਦਲਜੀਤ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਸੀ। ਸੁਰਜੀਤ ਅਤੇ ਮਨਜੀਤ ਆਪਣੇ ਅਰਮਾਨ ਗੁੰਦੀ ਫਿਰਦੇ ਸਨ ਕਿ ਉਹ ਆਪਣੇ ਚਾਅ ਮਲਾਰ ਆਪਣੇ ਪੋਤੇ ਪੋਤੀਆਂ ਨਾਲ ਖੇਡ ਕੇ ਲਾਹੁਣਗੇ। ਇਨਸਾਨ ਦੀਆਂ ਖਾਹਿਸ਼ਾਂ ਦਾ ਵੀ ਕੋਈ ਪਾਰ ਉਤਾਰਾ ਨਹੀਂ ਹੈ ਅਤੇ ਅਸੀਂ ਤ੍ਰਿਪਤ ਹੋਣ ਦੀ ਬਜਾਏ ਇਹਨਾਂ ਦੇ ਦਿਨੋ ਦਿਨ ਵਧ ਰਹੇ ਜੰਜਾਲ ਵਿਚ ਹੋਰ ਅੰਦਰ ਨੂੰ ਧੱਕੇ ਜਾਂਦੇ ਹਾਂ।

ਦਲਜੀਤ ਦੇ ਇੰਗਲੈਂਡ ਆਉਣ ਤੇ ਮਹੀਨਾ ਕੁ ਬਾਦ ਉਹਨੂੰ ਅੰਗਰੇਜ਼ੀ ਦੀ ਮੁਹਾਰਤ ਤੇਜ਼ ਕਰਨ ਵਾਲੀਆਂ ਕਲਾਸਾਂ ਵਿਚ ਦਾਖਲਾ ਦਿਵਾ ਦਿੱਤਾ ਗਿਆ। ਦਾਖਲੇ ਵੇਲੇ ਜਦ ਦਲਜੀਤ ਕੋਲੋਂ ਉਹਦੀ ਬੀ. ਏ. ਕੀਤੀ ਪੜ੍ਹਾਈ ਵਾਲਾ ਸਰਟੀਫਿਕੇਟ ਮੰਗਿਆ ਗਿਆ ਤਾਂ ਉਸਨੇ ਕਿਹਾ ਕਿ ਉਹ ਇੰਡਿਆ ਛੱਡ ਆਈ ਆ।" ਭਾਵੇਂ ਬੀ. ਏ. ਜਾਂ ਕਿਸੇ ਹੋਰ ਪੜ੍ਹਾਈ ਦਾ ਸਰਟੀਫਿਕੇਟ ਦਿਖਲਾਉਣਾ ਜ਼ਰੂਰੀ ਨਹੀਂ ਸੀ ਪਰ ਅਧਿਆਪਕਾ ਨੇ ਵੈਸੇ ਈ ਪੁੱਛ ਲਿਆ ਸੀ ਤਾਂ ਕਿ ਦਲਜੀਤ ਦੇ ਪਿਛੋਕੜ ਬਾਰੇ ਜਾਣਿਆ ਜਾ ਸਕੇ। ਦਲਜੀਤ ਦੇ ਨਾਲ ਗਏ ਸੁਰਜੀਤ ਮਨਜੀਤ ਅਤੇ ਨਵਜੀਤ ਨੂੰ ਦਲਜੀਤ ਦੀ ਇਸ ਬਿਆਨ ਬਾਜ਼ੀ ਤੇ ਝਟਕਾ ਜ਼ਰੂਰ ਲੱਗਾ ਸੀ ਕਿ, "ਦਲਜੀਤ

ਨੇ ਬੀ. ਏ. ਪਾਸ ਕੀਤੀ ਆ ਜਾਂ ਐਵੇਂ ਕੌਡਾਂ ਸੁਟ ਰਹੀ ਆ। ਕਿਉਂਕਿ ਉਹਨਾਂ ਨੂੰ ਇਕ ਐਸੀ ਰਿਸ਼ਤੇਦਾਰਨ ਚਲਾਕੋ-ਮਾਸੀ-ਬੀਬੀ ਦਾ ਪਤਾ ਸੀ ਜੇਹਨੇ ਇੰਡਿਆ ਤੋਂ ਬੀ. ਏ. ਕਰਨ ਦਾ ਢੌਂਗ ਰਚਿਆ ਸੀ ਅਤੇ ਉਹਦਾ ਭਾਂਡਾ ਉਸ ਵੇਲੇ ਫੁੱਟ ਗਿਆ ਸੀ ਜਦ ਚਲਾਕੋ-ਮਾਸੀ-ਬੀਬੀ ਨੂੰ ਟਿਊਸ਼ਨ ਪੜ੍ਹਾਉਣ ਵਾਲਾ ਮਾਸਟਰ ਉਹਦੇ ਸਹੁਰੇ ਘਰ ਪਿੰਡ ਟਿਊਸ਼ਨ ਦੇ ਪੈਸੇ ਲੈਣ ਆ ਗਿਆ ਸੀ। ਇਹ ਗੱਲ ਟਿਊਸ਼ਨ ਮਾਸਟਰ ਨੇ ਈ ਦੱਸੀ ਸੀ ਕਿ ਮਹਾਂ ਨਲਾਇਕ ਚਲਾਕੋ-ਮਾਸੀ-ਬੀਬੀ ਕਈ ਵਾਰ ਫੇਲ੍ਹ ਹੋਈ ਸੀ ਅਤੇ ਬੀ. ਏ. ਵਾਲਾ ਡੰਡਾ ਉਹ ਚੜ੍ਹ ਨਹੀਂ ਸੀ ਸਕੀ।" ਕਾਮਰੇਡ ਸੁਰਜੀਤ ਦਾ ਸ਼ੱਕ ਹੋਰ ਵੀ ਪੱਕਾ ਹੋ ਗਿਆ ਸੀ ਕਿਉਂਕਿ ਇੰਡੀਆ 'ਚ ਜਦ ਦਲਜੀਤ ਕੋਲੋਂ ਬੀ. ਏ. ਪਾਸ ਦਾ ਸਰਟੀਫਿਕੇਟ ਮੰਗਿਆ ਗਿਆ ਸੀ ਤਾਂ ਉਹਨੇ ਇਹ ਕਹਿ ਟਾਲ ਦਿੱਤਾ ਸੀ ਕਿ" ਮੇਰਾ ਸਰਟੀਫਿਕੇਟ ਕਿਤੇ ਗੁਆਚ ਗਿਆ ਸੀ ਅਤੇ ਹੁਣ ਦੁਆਰਾ ਫਿਰ ਅਰਜ਼ੀ ਦਿੱਤੀ ਆ ਅਤੇ ਸਰਟੀਫਿਕੇਟ ਅਜੇ ਆਇਆ ਨਹੀਂ।"

ਹੁਣ ਸ਼ਾਮ ਨੂੰ ਦਲਜੀਤ ਅੰਗਰੇਜ਼ੀ ਦੀ ਪੜ੍ਹਾਈ ਕਰਨ ਜਾਣ ਲੱਗ ਪਈ ਸੀ। ਦਲਜੀਤ ਨੇ ਹੁਣ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਦਿਨ ਵੇਲੇ ਘਰ ਬੈਠੀ ਉਕਤਾ ਜਾਂਦੀ ਆ ਇਸ ਕਰਕੇ ਉਹਨੂੰ ਕਿਤੇ ਕੰਮ ਤੇ ਲੁਆ ਦਿੱਤਾ ਜਾਵੇ। ਮਨਜੀਤ ਅਤੇ ਸੁਰਜੀਤ ਨੇ ਆਪਣੀ ਵਾਕਫੀ ਦੇ ਸਿਰ ਦਲਜੀਤ ਨੂੰ ਇਕ ਬੇਕਰੀ ਵਿਚ ਕੰਮ ਤੇ ਲੁਆ ਦਿੱਤਾ। ਦਲਜੀਤ ਦੇ ਇੰਗਲੈਂਡ ਆਉਣ ਤੇ ਦੋ ਕੁ ਮਹੀਨੇ ਤਾਂ ਘਰ ਦਾ ਮਾਹੌਲ ਠੀਕ ਠਾਕ ਰਿਹਾ ਪਰ ਫਿਰ ਮਨਜੀਤ ਅਤੇ ਸੁਰਜੀਤ ਨੂੰ ਇਉਂ ਲੱਗਾ ਕਿ ਘਰ 'ਚ ਰੱਖੇ ਹੋਏ ਖੁੱਲ੍ਹੇ ਪੈਸੇ ਚੋਰੀ ਹੋਣ ਲੱਗ ਪਏ ਆ। ਉਹਨਾਂ ਇਕ ਦੋ ਵਾਰ ਦਲਜੀਤ ਨੂੰ ਅਤੇ ਨਵਜੀਤ ਨੂੰ ਵੀ ਇਸ ਚੋਰੀ ਵਾਰੇ ਪੁੱਛਿਆ ਪਰ ਉਹਨਾਂ ਇਸ ਵਾਰੇ ਸਾਫ ਜੁਆਬ ਦੇ ਦਿੱਤਾ ਕਿ, "ਤੁਹਾਨੂੰ ਭੁਲੇਖਾ ਲੱਗਾ ਹੋਣੈ। ਪੈਸੇ ਚੋਰੀ ਕਰਕੇ ਕਿਸੇ ਨੇ ਕੀ ਕਰਨੇ ਆ?" "ਉਲਟਾ ਨਵਜੀਤ ਆਪਣੇ ਮਾਂ ਬਾਪ ਨਾਲ ਖਫਾ ਹੋ ਗਿਆ ਸੀ ਕਿ, 'ਇਹ ਕੰਮ ਸਾਡੇ ਘਰ ਅੱਜ ਤਕ ਨਹੀਂ ਸੀ ਹੋਇਆ"ਤੇ ਉਹ ਦਲਜੀਤ ਤੇ ਐਵੇਂ ਸ਼ੱਕ ਨਾ ਕਰਨ।' ਦਲਜੀਤ ਨੂੰ ਆਪਣੇ ਪਤੀ ਦੀ ਪੂਰੀ ਸ਼ਹਿ ਮਿਲਣ ਤੇ ਸੁਰਜੀਤ ਅਤੇ ਮਨਜੀਤ ਚੁੱਪ ਕਰ ਗਏ। ਪਰ ਉਹ ਦੋਵੇਂ ਪੈਸਿਆਂ ਵਲੋਂ ਖਬਰਦਾਰ ਜ਼ਰੂਰ ਰਹਿਣ ਲੱਗ ਪਏ। ਨਵਜੀਤ ਨੇ ਦਲਜੀਤ ਨੂੰ 'ਗਸ਼ਤੀ ਫੋਨ' ਲੈ ਦਿੱਤਾ ਸੀ ਅਤੇ ਉਹਦੇ ਵਿਚ ਹਰ ਮਹੀਨੇ ਪੈਸੇ ਪੁਆ ਦਿੰਦਾ ਸੀ। ਦਲਜੀਤ ਦਾ ਫੋਨ ਖਰਚਾ ਵਧ ਗਿਆ ਸੀ ਅਤੇ ਇਸੇ ਕਰਕੇ ਉਹ ਘਰ ਚੋਰੀ ਕਰਕੇ ਫੋਨ-ਬਿਲ ਤਾਰਨ ਲੱਗ ਪਈ ਸੀ। ਨਵਜੀਤ ਨੂੰ ਉਹਨੇ ਬੇਵਕੂਫ ਬਣਾਈ ਰੱਖਿਆ ਸੀ ਕਿ ਉਹਦਾ ਫੋਨ ਖਰਚਾ ਦਸ ਪੌਂਡ ਈ ਆਉਂਦਾ ਹੈ।

ਦਲਜੀਤ ਹੁਣ ਦਿਨ ਵੇਲੇ ਬੇਕਰੀ 'ਚ ਕੰਮ ਕਰਦੀ ਅਤੇ ਦੋ ਵਾਰੀ ਹਫਤੇ 'ਚ ਸ਼ਾਮ ਨੂੰ ਅੰਗਰੇਜ਼ੀ ਦੀਆਂ ਕਲਾਸਾਂ 'ਚ ਜਾਂਦੀ। ਸ਼ਨਿਚਰਵਾਰ ਨੂੰ ਉਹ ਕਦੇ ਕਦੇ ਲਾਇਬ੍ਰੇਰੀ ਜਾਂਦੀ ਕਿ ਉਹਨੇ ਅੰਗਰੇਜ਼ੀ ਦੀ ਪੜ੍ਹਾਈ ਵਾਲੀਆਂ ਕਿਤਾਬਾਂ ਲਿਆਉਣੀਆਂ। ਸੁਰਜੀਤ ਅਕਸਰ ਲਾਇਬ੍ਰੇਰੀ 'ਚ ਜਾਂਦਾ ਅਤੇ ਜੇਕਰ ਉਹ ਦਲਜੀਤ ਨਾਲ ਚਲੇ ਜਾਂਦਾ ਤਾਂ ਦਲਜੀਤ ਸ਼ਕਾਇਤ ਕਰਨ ਲੱਗ ਪੈਂਦੀ ਕਿ, "ਮੇਰਾ ਪਿੱਛਾ ਕੀਤਾ ਜਾ ਰਿਹੈ।" ਇਸ ਗੱਲ ਤੇ ਸੁਰਜੀਤ ਨੇ ਲਾਇਬ੍ਰੇਰੀ ਜਾਣ ਦਾ ਸਮਾਂ ਬਦਲ ਲਿਆ ਕਿ ਘਰ 'ਚ ਖਿੱਚੋਤਾਣ ਨੂੰ ਵਧਾਇਆ ਨਾ ਜਾਵੇ। ਹੁਣ ਦਲਜੀਤ ਨੇ ਕਈ ਸਹੇਲੀਆਂ ਬਣਾ

ਲਈਆਂ ਸਨ ਅਤੇ ਉਹਨਾਂ ਤੋਂ ਪੁੱਛਣਾ ਸ਼ੁਰੂ ਕਰ ਦਿੱਤਾ ਸੀ ਕਿ, "ਵਲੈਤ 'ਚ ਪੱਕੇ ਤੌਰ 'ਤੇ ਕਿਵੇਂ ਰਿਹੈ ਜਾ ਸਕਦੈ।" ਉੱਡਦੀਆਂ ਉੱਡਦੀਆਂ ਇਹ ਗੱਲਾਂ ਮਨਜੀਤ ਨੂੰ ਪਹੁੰਚ ਰਹੀਆਂ ਸਨ। ਮਨਜੀਤ ਅਤੇ ਸੁਰਜੀਤ ਨੇ ਜਦ ਆਪਣਾ ਤੌਖਲਾ ਆਪਣੇ ਪੁੱਤ ਨਵਜੀਤ ਨਾਲ ਸਾਂਝਾ ਕੀਤਾ ਤਾਂ ਉਹਨੇ 'ਰਬਸ਼' ਕਹਿ ਗੱਲ ਟਾਲ ਦਿੱਤੀ ਕਿ, 'ਉਹ ਐਵੇਂ ਪੁੱਠੀਆਂ ਗੱਲਾਂ ਸੋਚਦੇ ਰਹਿੰਦੇ ਆ।

ਦਲਜੀਤ ਦੀ ਦੋਸਤੀ ਹੁਣ ਇਕ ਚੰਟ ਕੁੜੀ ਜਸਵੀਰ ਨਾਲ ਹੋ ਗਈ ਸੀ ਜੋ ਉਹਨੂੰ ਨਵੇਂ ਨਵੇਂ ਗੁਰ ਸਿਖਾ ਰਹੀ ਸੀ। ਲੰਦਨੋ ਆਈ ਜਸਵੀਰ ਵੀ ਦਲਜੀਤ ਨਾਲ ਬੇਕਰੀ 'ਚ ਕੰਮ ਕਰਦੀ ਸੀ। ਦਲਜੀਤ ਨੇ ਹੁਣ ਜਸਵੀਰ ਨਾਲ ਸਾਰੀ ਸਕੀਮ ਗੁੰਦ ਲਈ ਸੀ। ਦਲਜੀਤ ਹੁਣ ਘਰ 'ਚ ਵੀ ਕੋਈ ਕੰਮ ਨਹੀਂ ਸੀ ਕਰਦੀ। ਅਗਰ ਉਹਨੂੰ ਕਿਸੇ ਕੰਮ ਲਈ ਕਿਹਾ ਜਾਂਦਾ ਤਾਂ ਉਹ ਮੂਹਰਿਉਂ ਪੁੱਠਾ ਬੋਲਦੀ। ਫਿਰ ਨਵਜੀਤ ਨੂੰ ਚਾਰ ਕੋਲੋਂ ਲਾ ਕੇ ਦੱਸਦੀ ਤੇ ਨਵਜੀਤ ਆਪਣੇ ਮਾਂ ਬਾਪ ਨਾਲ ਝਗੜਦਾ ਕਿ, 'ਉਹ ਦਲਜੀਤ ਨੂੰ ਖਾਹ-ਮ-ਖਾਹ ਪ੍ਰੇਸ਼ਾਨ ਕਰ ਰਹੇ ਆ। ਸੁਰਜੀਤ ਨੇ ਤਾਂ ਸਗੋਂ ਮੇਰੇ ਨਾਲ ਗੱਲ ਕੀਤੀ ਸੀ ਕਿ, 'ਦਲਜੀਤ ਨੂੰ ਕੋਈ ਕੋਰਸ ਕਰਵਾ ਦਿੱਤਾ ਜਾਵੇ ਤਾਂ ਕਿ ਬੇਕਰੀਆਂ ਅਤੇ ਫੈਕਟਰੀਆਂ 'ਚੋਂ ਉਹਦਾ ਛੁਟਕਾਰਾ ਹੋ ਸਕੇ।' ਮੈਂ ਸੁਰਜੀਤ ਅਤੇ ਮਨਜੀਤ ਨੂੰ ਦੋ ਚਾਰ ਵਾਰ ਕਹਿ ਵੀ ਚੁੱਕਾ ਸੀ ਕਿ, 'ਵਿਆਂਦੜ ਜੋੜੇ ਨੂੰ ਮੇਰੇ ਘਰ ਲੈ ਕੇ ਆਵੇ, ਬੈਠ ਕੇ ਗੱਲਬਾਤ ਕਰਾਂਗੇ।" ਪਰ ਗੱਲ ਲਟਕਦੀ ਜਾ ਰਹੀ ਸੀ। ਇਕ ਦਿਨ ਜਦ ਮੈਂ ਫਿਰ ਹਾਲ ਚਾਲ ਪੁੱਛਣ ਲਈ ਫੋਨ ਕੀਤਾ ਤਾਂ ਸੁਰਜੀਤ ਅਤੇ ਮਨਜੀਤ ਕਿਹਾ, "ਪਹਿਲਾਂ ਤੁਸੀਂ ਸਾਡੇ ਘਰ ਆਵੋ। ਫਿਰ ਅਸੀਂ ਸਾਰੇ ਆਵਾਂਗੇ।" ਮੈਂ ਅਤੇ ਮੇਰੀ ਸਾਥਣ ਇਸ ਗੱਲ ਨੂੰ ਮੰਨ ਗਏ। ਅਸੀਂ ਇਕ ਵੀਕਐਂਡ ਤੇ ਜਦ ਮਿਲਣ ਗਏ ਤਾਂ ਸੁਰਜੀਤ ਨੇ ਹਰ ਵਾਰੀ ਵਾਂਗ ਐਂਤਕੀ ਫਿਰ ਬੜਾ ਚਾਅ ਕੀਤਾ। ਰੋਆਇਲ ਸਲੂਟ ਵਿਸਕੀ ਦੀ ਬੋਤਲ ਕੱਢ ਲਈ ਭਾਂਵੇਂ ਕਿ ਉਹਨੂੰ ਪਤਾ ਕਿ ਮੈਂ ਪੀਣ ਦਾ ਸ਼ੁਕੀਨ ਨਹੀਂ ਹਾਂ। ਜ਼ੋਰ ਪਾਉਣ ਤੇ ਮੈਂ ਥੋੜ੍ਹੀ ਜੇਹੀ ਇਹ ਟੌਪ ਦੀ ਵਿਸਕੀ ਲੈ ਲਈ। ਦਲਜੀਤ ਨੂੰ ਮਿਲਣ ਤੇ ਮੈਂ ਉਹਨੂੰ ਸਮਝਾਉਣ ਲੱਗ ਪਿਆ ਕਿ, "ਉਹ ਸੋਸ਼ਲ ਕੇਅਰ ਐਂਡ ਹੈਲਥ 'ਚ ਕੋਈ ਵੀ ਕੋਰਸ ਕਰ ਲਵੇ। ਜੇਕਰ ਕੰਮ ਨਹੀਂ ਛੱਡਣਾ ਤਾਂ ਓਪਨ ਯੂਨੀਵਰਸਿਟੀ ਰਾਂਹੀਂ ਕੋਰਸ ਕਰ ਸਕਦੀ ਆ। "ਓਪਨ ਯੂਨੀਵਰਸਿਟੀ" ਬਰਤਾਨੀਆਂ ਦੀਆਂ ਪੰਜ ਟੌਪ ਦੀਆਂ ਯੂਨੀਵਰਸਿਟੀਆਂ 'ਚੋਂ ਇਕ ਆ ਅਤੇ ਉਹ ਡਾਕਟਰੇਟ ਲੇਵਲ ਤਕ ਪੜ੍ਹਾਈ ਕਰਾਉਂਦੇ ਆ, ਹਜ਼ਾਰਾਂ ਵਿਦਿਆਰਥੀ ਘਰ ਬੈਠੇ ਈ ਪੜ੍ਹਦੇ ਆ। ਸਲੇਬਸ ਦੀਆਂ ਸਾਰੀਆਂ ਕਿਤਾਬਾਂ ਅਤੇ ਹੋਰ ਮਟੀਰੀਅਲ ਘਰ ਪਹੁੰਚਾ ਦਿੰਦੇ ਆ ਅਤੇ ਵਿਦਿਆਰਥੀਆਂ ਨੂੰ ਮਹੀਨੇ ਕੁ ਬਾਦ ਮਿਲਦੇ ਆ। ਟਿਊਟਰ ਨਾਲ ਸੰਪਰਕ ਫੋਨ ਅਤੇ ਈਮੇਲ ਰਾਹੀਂ ਲਗਾਤਾਰ ਰਹਿੰਦਾ। ਮੈਂ ਦਲਜੀਤ ਨੂੰ ਕਿਹਾ, "ਬੇਟਾ ਮੈਂ ਤੇਰੀ ਹਰ ਤਰ੍ਹਾਂ ਦੀ ਮਦਦ ਕਰਾਂਗਾ ਕਿ ਐਕਡੈਮਿਕ ਅਸਾਈਨਮੈਂਟ ਕਿਵੇਂ ਲਿਖੀ ਦੀਆਂ, ਰੈਫਰੈਂਸ ਕਿਵੇਂ ਵਰਤੇ ਜਾਂਦੇ ਆ ਅਤੇ ਉਦਾਹਰਨਾਂ ਨਾਲ ਆਪਣੇ ਵਿਚਾਰਾਂ ਦੀ ਬਹਿਸ ਨੂੰ ਕਿਵੇਂ ਮਜ਼ਬੂਤ ਕੀਤਾ ਜਾਂਦੈ। ਯੂਨੀਵਰਸਿਟੀ ਦਾ ਪਰੋਸਪੈਕਟਸ ਮੰਗਾਉਣ ਲਈ ਮੈਂ ਫੋਨ ਲਿਖਾ ਦਿੱਤਾ ਅਤੇ ਦਲਜੀਤ ਲਈ ਕੇਹੜਾ ਕੋਰਸ ਠੀਕ ਰਹੇਗਾ ਉਸ ਬਾਰੇ ਵੀ ਸਮਝਾ ਦਿੱਤਾ। ਸੁਰਜੀਤ ਮਨਜੀਤ ਅਤੇ ਦਲਜੀਤ ਖੁਸ਼ ਲੱਗ ਰਹੇ ਸਨ। ਵਿਆਹ ਵਾਲੀਆਂ ਵੀਡਿਓ ਦੇਖੀਆਂ ਅਤੇ ਖੁਸ਼ੀ-ਖੁਸ਼ੀ ਹੱਸਦੇ ਖੇਡਦੇ, ਰੋਟੀ ਖਾ ਕੇ ਅਸੀਂ ਮੀਆਂ ਬੀਵੀ

ਘਰ ਵਾਪਿਸ ਆ ਗਏ।

ਸਾਡੇ ਜਾਣ ਤੋਂ ਤਿੰਨ ਕੁ ਹਫਤਿਆਂ ਬਾਦ ਸੁਰਜੀਤ ਦਾ ਫੋਨ ਆਇਆ ਕਿ, "ਕੰਮ ਖਰਾਬ ਹੋ ਗਿਆ।" ਮੈਂ ਪੁੱਛਿਆ, "ਕੀ ਗੱਲ ਹੋ ਗਈ ਸੁਰਜੀਤ?" "ਕੰਮ ਕੁੱਝ ਜ਼ਿਆਦਾ ਵਿਗੜ ਗਿਆ। ਦਲਜੀਤ ਘਰੋਂ ਚਲੇ ਗਈ।" "ਹੈਂ! ਇਹ ਕੀ ਤੂੰ ਕਹਿ ਰਿਹਾਂ?" "ਗੱਲ ਅਸਲ 'ਚ ਇਸ ਤਰ੍ਹਾਂ ਸੀ ਕਿ ਉਹਦੇ ਚਾਲੇ ਤਾਂ ਪਹਿਲਾਂ ਵੀ ਠੀਕ ਨਹੀਂ ਸਨ। ਪਰ ਮੈਂ ਤੇਰੇ ਨਾਲ ਸਾਰੀ ਗੱਲ ਖੋਹਲੀ ਨਹੀਂ ਸੀ। ਦਲਜੀਤ ਨੇ ਪੁਲਿਸ ਕੋਲ ਜਾ ਕੇ ਸ਼ਿਕਾਇਤ ਕਰ ਦਿੱਤੀ ਆ ਕਿ ਅਸੀਂ ਸਾਰਾ ਟੱਬਰ ਉਹਨੂੰ ਕੁੱਟਦੇ ਮਾਰਦੇ ਰਹੇ ਆ ਅਤੇ ਇਹਤੋਂ ਬਿਨਾਂ ਉਹਨੇ ਮੇਰੇ ਤੇ ਬਲਾਤਕਾਰ ਦਾ ਦੋਸ਼ ਲਾ ਦਿੱਤਾ। ਦਲਜੀਤ ਨੇ ਪੁਲੀਸ ਕੋਲ ਜਾ ਕੇ ਇਹ ਵੀ ਕਿਹਾ ਹੈ ਕਿ ਉਹਦਾ ਪਤੀ ਨਵਜੀਤ ਵੀ ਉਹਦੀ ਰਜ਼ਾ ਤੋਂ ਬਿਨਾਂ ਉਹਦੇ ਨਾਲ ਜ਼ਬਰਦਸਤੀ ਕਰਦਾ ਰਿਹਾ। ਉਹਨੇ ਆਪਣੇ ਕੇਸ ਨੂੰ ਹੋਰ ਮਜ਼ਬੂਤ ਬਣਾਉਣ ਲਈ ਆਪਣੀਆਂ ਬਾਹਾਂ ਅਤੇ ਸਰੀਰ ਤੇ ਗਰਮ ਚਾਕੂ ਨਾਲ ਸੜਣ ਦੇ ਦਾਗ ਲਾ ਲਏ ਆ ਕਿ ਮੈਨੂੰ ਇਹ ਸਾਰਾ ਟੱਬਰ ਤਸੀਹੇ ਦਿੰਦਾ ਰਿਹਾ। ਜਾਣ ਤੋਂ ਪਹਿਲਾਂ ਰਾਤ ਨੂੰ ਆਪਣੇ ਸਾਰੇ ਕਪੜੇ ਕੱਢ ਕੇ ਬਾਹਰ ਕਮਰੇ ਵਿਚ ਖਲੇਰ ਗਈ। ਇਹ ਸਾਰਾ ਕੰਮ ਗਿਣੀ ਮਿਥੀ ਚਾਲ ਨਾਲ ਹੋਇਆ। ਪੁਲੀਸ ਅੱਜ ਘਰ ਆਈ ਸੀ ਤਾਂ ਦਲਜੀਤ ਦੇ ਕਪੜੇ ਚੁੱਕ ਕੇ ਲੈ ਗਈ ਆ ਅਤੇ ਸਾਨੂੰ ਤਿੰਨਾਂ ਨੂੰ ਚਾਰਜ਼ ਕਰ ਲਿਆ ਨਾਲੇ ਸਾਨੂੰ ਪੁਲੀਸ ਸਟੇਸ਼ਨ ਇੰਟਰਵਿਊ ਲਈ ਵਰੰਟ ਦੇ ਗਈ ਆ।" ਇਹ ਸਭ ਕੁੱਝ ਸੁਣ ਕੇ ਮੈਂ ਸੁੰਨ ਹੋ ਗਿਆ ਕਿ, ਕੀ ਦਾ ਕੀ ਹੋ ਗਿਆ ਸੀ।'

ਸੁਰਜੀਤ ਦਾ ਸਭ ਕੁੱਝ ਲੁੱਟਿਆ ਪੁੱਟਿਆ ਗਿਆ ਸੀ। ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਉਹਨੂੰ ਕਿਵੇਂ ਧਰਵਾਸਾ ਦੇਵਾਂ। ਮੈਂ ਸਿਰਫ ਇੰਨਾ ਈ ਕਹਿ ਸਕਿਆ, "ਸੁਰਜੀਤ ਝੂਠ ਦੇ ਪੈਰ ਨਹੀਂ ਹੁੰਦੇ। ਇਹ ਇੰਗਲੈਂਡ ਆ। ਵਕੀਲ ਤਾਂ ਸੱਚ ਝੂਠ ਦਾ ਨਤਾਰਾ ਕਰ ਦੇਣਗੇ। ਉਹ ਦਲਜੀਤ ਦੀਆਂ ਚੁਸਤੀਆਂ ਨੂੰ ਜੜੋਂ ਪੁੱਟ ਦੇਣਗੇ। ਤੁਸੀਂ ਕਾਇਮ ਰਹੋ, ਮੈਂ ਤੁਹਾਡੇ ਨਾਲ ਆਂ। ਕੋਈ ਚੰਗਾ ਜੇਹਾ ਵਕੀਲ ਜ਼ਰੂਰ ਕਰ ਲਵੋ।" ਮੈਂ ਫੋਨ ਤੋਂ ਬਾਦ ਇਹ ਸਾਰੀ ਗੱਲ ਆਪਣੀ ਸਾਥਣ ਨਾਲ ਸਾਂਝੀ ਕੀਤੀ ਤਾਂ ਸਾਡਾ ਹਿਰਦਾ ਪਾਟ ਗਿਆ ਕਿ ਅਸੀਂ ਉਹਨਾਂ ਦੀ ਕਿਵੇਂ ਮੱਦਦ ਕਰੀਏ। 15-20 ਸਾਲ ਦੀ ਸਾਡੀ ਇਕ ਦੂਜੇ ਦੇ ਘਰ ਆਉਣੀ ਜਾਣੀ ਆ ਅਤੇ ਇੰਨਾ ਵੱਡਾ ਸੰਗੀਨ ਜ਼ੁਰਮ ਸੁਰਜੀਤ ਤੇ ਲਾਉਣਾ, ਮੇਰੀ ਤਾਂ ਸੋਚ ਕੇ ਸੁੱਧ ਬੁੱਧ ਭੁੱਲ ਗਈ ਕਿ, ਕੀ ਕੋਈ ਐਨਾ ਵੀ ਗਿਰ ਸਕਦਾ। ਸੁਰਜੀਤ ਨੂੰ ਲਗਾਤਾਰ ਹੌਂਸਲਾ ਦਿੰਦਾ ਰਿਹਾ ਕਿ, "ਐਹੋ ਜਿਹੇ ਝੂਠੇ ਕੇਸਾਂ ਵਿਚੋਂ ਕੁੱਝ ਨਹੀਂ ਨਿਕਲਦਾ ਹੁੰਦੈ ਅਤੇ ਉਹ ਬਿਲਕੁੱਲ ਨਾ ਘਾਬਰੇ।" ਗੱਲਾਂ-ਗੱਲਾਂ ਵਿਚ ਸੁਰਜੀਤ ਨੇ ਦੱਸਿਆ ਕਿ ਨਵਜੀਤ ਵੀ ਬਹੁਤ ਪ੍ਰੇਸ਼ਾਨ ਆ ਕਿ ਵਿਆਹ ਤੋਂ ਪਹਿਲਾਂ ਵੀ ਘੰਟਾ-ਘੰਟਾ ਭਰ ਦਲਜੀਤ ਨਾਲ 'ਗਸ਼ਤੀ ਫੋਨ' ਤੇ ਗੱਲਾਂ ਕਰਦਾ ਰਿਹਾ ਸੀ ਅਤੇ ਉਹਦੇ ਨਾਲ ਸੱਚੇ ਦਿਲੋਂ ਪਿਆਰ ਕਰਦਾ ਸੀ। ਨਵਜੀਤ ਨੇ ਤਾਂ ਸਾਨੂੰ ਹੁਣ ਦਸਿਆ ਕਿ ਉਹਨੂੰ ਦਲਜੀਤ ਕਹਿੰਦੀ ਸੀ ਕਿ, 'ਨਵਜੀਤ ਦੀ ਅੰਗਰੇਜ਼ੀ ਦੀ ਸਮਝ ਨਹੀਂ ਸੀ ਲੱਗਦੀ ਤੇ ਉਹ ਐਂਵੇ ਈ "ਯੇਅ ਯੇਅ" ਕਰਦੀ ਰਹਿੰਦੀ ਸੀ।' ਨਵਜੀਤ ਤਾਂ ਉਸ ਦਿਨ ਦਾ ਡਿਪਰੈਸ਼ਨ 'ਚ ਚਲਾ ਗਿਆ। ਬੈੱਡ ਤੇ ਪਿਆ ਰਹਿੰਦਾ, ਖਾਂਦਾ ਪੀਂਦਾਂ ਵੀ ਨਹੀਂ।" ਮੈਂ ਸੁਰਜੀਤ ਨੂੰ ਕਿਹਾ ਕਿ, "ਉਹ ਡਾਕਟਰ ਦੀ ਸਲਾਹ ਜ਼ਰੂਰ ਲੈ ਲੈਣ ਹੋਰ ਨਾ ਆਪਾਂ ਮੁੰਡਾ ਈ ਗੁਆ ਬੈਠੀਏ।" ਸੁਰਜੀਤ ਨੇ ਮੇਰੀ ਗੱਲ ਦੀ ਹਾਮੀ ਭਰੀ ਅਤੇ ਫੋਨ ਰੱਖ ਦਿੱਤਾ।

ਪੁਲੀਸ ਦੀ ਇੰਟਰਵਿਊ ਦੀ ਤਾਰੀਖ ਤੋਂ ਬਾਦ ਜਦ ਮੈਂ ਫੋਨ ਕੀਤਾ ਤਾਂ ਸੁਰਜੀਤ ਦੱਸਿਆ ਕਿ ਪੁਲੀਸ ਨੇ ਅਗਾਂਹ ਦੀ ਹੋਰ ਤਾਰੀਖ ਦੇ ਦਿੱਤੀ ਸੀ ਕਿ, "ਉਹਨਾਂ ਦੀ ਤਪਤੀਸ਼ ਅਜੇ ਪੂਰੀ ਨਹੀਂ ਹੋਈ।" ਇਹ ਸਾਰਾ ਸਮਾਂ ਸੁਰਜੀਤ ਅਤੇ ਉਹਦੇ ਪਰਵਾਰ ਲਈ ਤਾਂ ਕਸ਼ੀਦਗੀ ਭਰਿਆ ਹੈ ਈ ਸੀ ਪਰ ਮੈਂ ਦੋਸਤ ਹੋਣ ਕਰਕੇ ਵੀ ਬੜਾ ਦੁਖੀ ਸੀ ਕਿ ਇਹ ਬਿਪਤਾ ਕਿਥੋਂ ਆ ਪਈ ਆ। ਬੰਦਾ ਸੋਚਦਾ ਕੁੱਝ ਆ ਅਤੇ ਹੋ ਕੁੱਝ ਹੋਰ ਈ ਜਾਂਦੈ। ਅਸਲ 'ਚ ਜੇਹੋ ਜੇਹੀ ਇਨਸਾਨ ਦੀ ਬਿਰਤੀ ਹੁੰਦੀ ਆ ਉਸੇ ਛਾਨਣੇ ਰਾਹੀਂ ਈ ਉਹ ਸੋਚਦੈ। ਸੁਹਿਰਦ ਅਤੇ ਸਾਫ ਦਿਲ ਇਨਸਾਨ ਹਰ ਵਾਰੇ ਆਪਣੇ ਵਾਂਗ ਈ ਸੋਚਦੈ ਪਰ ਮੰਦ ਬੁੱਧੀ ਅਤੇ ਮਾਰ 'ਤੇ ਰਹਿਣ ਵਾਲਾ ਸਦਾ ਆਪਣਾ ਤੀਰ ਆਪਣੇ ਨਿਸ਼ਾਨੇ ਤੇ ਸੇਧਤ ਕਰੀ ਰੱਖਦਾ। ਇਸੇ ਕਰਕੇ ਜਦ ਮੈਂ ਆਪਣੀ ਜ਼ਿੰਦਗੀ ਬਾਰੇ ਸੋਚਦਾ ਤਾਂ ਮਹਿਸੂਸ ਕਰਦਾ ਕਿ ਮੇਰੀਆਂ ਚੰਗਿਆਈਆਂ ਈ ਮੇਰੇ ਲਈ ਬਹੁਤੀ ਵਾਰੀ ਨਾਸੂਰ ਸਿੱਧ ਹੋਈਆਂ। ਜੇਹੜੇ ਦੋਸਤਾਂ ਅਤੇ ਰਿਸ਼ਤੇਦਾਰਾਂ ਅਤੇ ਆਮ ਲੋਕਾਂ ਦਾ ਮੈਂ ਕੰਮ ਤੇ ਬੜਾ ਭਲਾ ਕੀਤਾ, ਮਤਲਬ ਨਿਕਲਣ ਤੇ ਉਹ ਈ ਮੇਰੇ ਖਿਲਾਫ ਭੁਗਤੇ। ਖੈਰ-ਖੁਆਹ ਜਾਂ ਸ਼ੁਕਰ ਗੁਜ਼ਾਰ ਤਾਂ ਕੀ ਹੋਣੈਂ ਉਲਟਾ ਮੇਰੇ ਖਿਲਾਫ ਭੰਡੀ ਪ੍ਰਚਾਰ ਕੀਤੇ। ਐਹੋ ਜੇਹੀਆਂ ਗਦੂਦਾਂ ਸਾਨੂੰ ਕਈ ਵਾਰ ਹੋਰਾਂ ਦਾ ਭਲਾ ਕਰਨ ਤੋਂ ਵੀ ਵਾਰ ਵਾਰ ਵਰਜਦੀਆਂ ਤੇ ਬੰਦਾ ਲੱਸੀ ਨੂੰ ਵੀ ਫੂਕਾਂ ਮਾਰ ਮਾਰ ਕੇ ਪੀਂਦਾ ਕਿ, 'ਇਹ ਜਾਣ ਸਾਰੇ ਢੱਠੇ ਖੂਹ 'ਚ ਕੁੱਝ ਐਹੋ ਜੇਹੀ ਹਾਲਤ ਹੁਣ ਸੁਰਜੀਤ ਦੀ ਸੀ। ਚੜ੍ਹਦੀ ਕਲਾ ਵਿਚ ਰਹਿਣ ਵਾਲਾ ਸੁਰਜੀਤ ਅਤੇ ਮੈਂ ਖੁਦ ਢਹਿੰਦੀ ਕਲਾ ਵੱਲ ਤਿਲ੍ਹਕਦੇ ਜਾ ਰਹੇ ਸਾਂ। ਐਹੋ ਜੇਹੇ ਨਿਰਾਸ਼ਾ ਵਾਲੇ ਪਲਾਂ ਵਿਚ ਮੈਨੂੰ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਅਤੇ ਕਿਤਾਬਾਂ ਬੜਾ ਆਸਰਾ ਦਿੰਦੀਆਂ ਹਨ। ਖਾਸ ਕਰਕੇ ਆਪਣੇ ਹੀਰੋ ਗੁਰੂ ਗੋਬਿੰਦ ਸਿੰਘ ਜੀ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ, ਮੈਂ ਇਸੇ ਕਰਕੇ ਫੋਨ 'ਤੇ ਸੁਰਜੀਤ ਨੂੰ ਆਪਣੇ ਰਾਹ-ਦਰਸਾਊ ਲੋਕਾਂ ਬਾਰੇ ਗੱਲਾਂ ਕਰਦਾ ਅਤੇ ਕਿਤਾਬਾਂ ਪੜ੍ਹਨ ਲਈ ਕਹਿੰਦਾ ਕਿ ਉਹ ਮੈਕਸਿਮ ਗੋਰਕੀ ਨੈਲਸਨ ਮੰਡੇਲਾ ਜਾਂ ਮਨੋਵਿਗਿਆਨਕ ਕਿਤਾਬਾਂ ਪੜ੍ਹੇ ਜਿਵੇਂ ਡੇਲ ਕਾਰਨਿਜ਼ ਦੀ ਹਾਉ ਟੂ ਸਟੌਪ ਵਰੀਇੰਗ ਐਂਡ ਸਟਾਰਟ ਲਿਵਿੰਗ (How To Stop Worrying And Start Living) ਜ਼ਿੰਦਗੀ ਦੇ ਢਾਹੂ ਸਮਿਆਂ ਵਿਚ ਮਨੋਬਲ ਨੂੰ ਲੇਵਲ ਤੇ ਰੱਖਣ ਲਈ ਇਮਾਨਦਾਰੀ ਨਾਲ ਹੌਸਲੇ ਵਾਲੀਆਂ ਗੱਲਾਂ ਕਰਨੀਆਂ ਬੜੀਆਂ ਜ਼ਰੂਰੀ ਹੁੰਦੀਆਂ ਹਨ ਅਤੇ ਸਮੱਸਿਆ ਦੀ ਸਹੀ ਚੀਰ ਫਾੜ ਕਰਕੇ ਤਰਕਸ਼ੀਲ ਨਤੀਜੇ ਕੱਢਣੇ ਸਭ ਤੋਂ ਜ਼ਿਆਦਾ ਅਹਿਮ ਹੁੰਦੇ ਹਨ। ਇਸ ਤੋਂ ਜ਼ਿਆਦਾ ਹੋਰ ਅਸੀਂ ਕੁੱਝ ਕਰ ਵੀ ਨਹੀਂ ਸਕਦੇ ਹੁੰਦੇ। ਇਸੇ ਵਰਤਾਵ ਨੂੰ ਅੰਗਰੇਜ਼ੀ ਵਿਚ ਕਾਂਉਸਲਿੰਗ ਕਹਿੰਦੇ ਹਨ। ਹੋਰ ਕਾਂਉਸਲਿੰਗ ਕੋਈ ਅਲਾਦੀਨ ਦਾ ਚਿਰਾਗ ਨਹੀਂ ਜੋ ਛੂ ਮੰਤਰ ਕਰਕੇ ਮਨੋ-ਇੱਛਾ ਪੂਰੀ ਕਰ ਦਏ। ਸਾਡੇ ਵਿਚ ਜ਼ਰਨ ਦੀ ਸ਼ਕਤੀ ਬਹੁਤ ਹੈ। ਸਿਰਫ ਠੀਕ ਬਟਨਾਂ ਨੂੰ ਸਮੇਂ ਸਿਰ ਢੁੱਕਵੀ ਤੋਰ ਦੇਣ ਵਾਲੀ ਗੱਲ ਹੁੰਦੀ ਹੈ।

ਹੁਣ ਪੁਲੀਸ ਵਾਲਿਆਂ ਇੰਟਰਵਿਊ ਲਈ ਦਿੱਤੀਆਂ ਤਾਰੀਖਾਂ ਫਿਰ ਅਗਾਂਹ ਪਾ ਦਿੱਤੀਆਂ। ਇਹ ਤਮਾਸ਼ਾ ਦੋ ਤਿੰਨ ਵਾਰ ਕੀਤਾ ਅਤੇ ਦੁੱਖ ਦਾ ਸਮਾਂ ਤਿੰਨ ਮਹੀਨੇ ਤਕ ਲਟਕਦਾ ਰਿਹਾ। ਅਖੀਰ ਜਿਸ ਦਿਨ ਸੁਰਜੀਤ ਉਹਦੀ ਪਤਨੀ ਮਨਜੀਤ ਅਤੇ ਬੇਟਾ ਨਵਜੀਤ ਪੁਲੀਸ ਸਟੇਸ਼ਨ ਆਪਣੇ ਵਕੀਲ ਨਾਲ ਗਏ ਤਾਂ ਪੁਲੀਸ ਕਹਿ ਦਿਤਾ

ਕਿ, "ਸਾਨੂੰ ਆਪਣੀ ਕੀਤੀ ਛਾਣ-ਬੀਣ 'ਚੋਂ ਕੁੱਝ ਨਹੀਂ ਲੱਭਾ। ਇਸ ਕਰਕੇ ਦਲਜੀਤ ਦੇ ਲਾਏ ਇਲਜ਼ਾਮ ਬੇ-ਬੁਨਿਆਦ ਸਨ।" ਇਹ ਗੱਲ ਸੁਣ ਸਾਰੇ ਪਰਵਾਰ ਤੋਂ ਮਣਾਂ-ਮੂੰਹੀ ਭਾਰ ਲੱਥ ਗਿਆ ਪਰ ਦਲਜੀਤ ਦਾ ਘਰੋਂ ਚਲੇ ਜਾਣਾਂ ਅਤੇ ਇਹ ਕੀਤੀ ਸਾਰੀ ਚੁੱਸਤੀ ਉਹਨਾਂ ਤੇ ਅਮਿੱਟ ਛਾਪ ਛੱਡ ਗਈ। ਦਲਜੀਤ ਦੇ ਮਾਪਿਆਂ ਨਾਲ ਸੰਪਰਕ ਕਰਨ ਤੇ ਉਹਨਾਂ ਸਾਫ ਝੱਗਾ ਝਾੜ ਦਿੱਤਾ ਕਿ, "ਸਾਨੂੰ ਇਸ ਵਾਰੇ ਕੋਈ ਇਲਮ ਨਹੀਂ"। ਜਦੋਂ ਕਿ ਘਰ ਦੇ ਫੋਨ 'ਚੋਂ ਦਲਜੀਤ ਦੇ ਘਰ ਦਾ ਫੋਨ ਮਿਲ ਗਿਆ ਸੀ।

# ਜਦ ਕੁਲਿਹਣੇ ਪਰਿਵਾਰ ਨੇ ਸ਼ਰਨਜੀਤ ਦੀ ਜ਼ਿੰਦਗੀ ਬਰਬਾਦ ਕਰ ਦਿਤੀ

ਇੰਡਿਆ ਤੋਂ ਵਿਆਹ ਕੇ ਲਿਆਂਦੀ ਸ਼ਰਨਜੀਤ ਦੇ ਹੁਣ ਤਿੰਨ ਬੱਚੇ ਸਨ। ਦੋ ਵੱਡੀਆਂ ਕੁੜੀਆਂ ਅਤੇ ਇਕ ਮੁੰਡਾ। ਸ਼ਰਨਜੀਤ ਦਾ ਵਲੈਤ 'ਚ ਪੱਕੇ ਤੌਰ ਤੇ ਰਹਿੰਦਾ ਘਰ ਵਾਲਾ ਕੇਵਲ ਪੰਜਾਬ ਦੇ ਜ਼ਿਲ੍ਹਾ ਲੁਧਿਆਣੇ ਤੋਂ ਸੀ। ਕੇਵਲ ਦੀਆਂ ਦੋ ਭੈਣਾਂ ਵੀ ਵਲੈਤ 'ਚ ਵਿਆਹੀਆਂ ਹੋਈਆਂ ਸਨ ਅਤੇ ਉਹ ਰਹਿੰਦੀਆਂ ਵੀ ਭਰਾ ਤੋਂ ਥੋੜ੍ਹੀ ਦੂਰ ਹੀ ਇਕੋ ਸ਼ਹਿਰ 'ਚ ਹੀ ਸਨ। ਵੱਡੀ ਭੈਣ ਦਾ ਹੁਣ ਤਲਾਕ ਹੋ ਗਿਆ ਸੀ। ਪਰ ਛੋਟੀ ਅਜੇ ਠੀਕ ਠਾਕ ਸੀ। ਐਹੋ ਜੇਹਾ ਕੁਲਿਹਣਾ ਟੱਬਰ ਮੈਂ ਪਹਿਲੀ ਵਾਰ ਇੰਗਲੈਂਡ 'ਚ ਵੇਖਿਆ ਸੀ ਜੇਹਨਾ ਰਲ ਕੇ ਸ਼ਰਨਜੀਤ ਦਾ ਜੀਉਣਾ ਮੁਹਾਲ ਕਰ ਰੱਖਿਆ ਸੀ। ਛਟੀਆਂ ਭੈਣਾਂ ਅਤੇ ਛਟਿਆ ਭਰਾ!

ਕੇਵਲ ਸ਼ਰਾਬ 'ਚ ਦਿਨ ਰਾਤ ਗੁੱਟ ਰਹਿੰਦਾ। ਉਹਦਾ ਦਿਨ ਸ਼ਰਾਬ ਨਾਲ ਈ ਸ਼ੁਰੂ ਹੁੰਦਾ ਅਤੇ ਹਰ ਸ਼ਾਮ ਪੱਬ 'ਚ ਈ ਗੁਜ਼ਰਦੀ। ਐਹੋ ਜੇਹੇ ਅਮਲੀ ਨੇ ਕੰਮ ਕੀ ਕਰਨਾ ਸੀ। ਸਰਕਾਰੀ ਮਿਲਦੇ ਭੱਤਿਆਂ ਤੇ ਗੋਰਿਆਂ ਦੇ ਮੁਲਕ 'ਚ ਜੁਆਈਆਂ ਵਾਂਗ ਰਹਿ ਰਿਹਾ ਸੀ। ਮੰਦਾ ਬੋਲਦਾ ਅਤੇ ਚੰਗਾ ਖਾਂਦਾ। ਸ਼ਰਨਜੀਤ ਨੂੰ ਕੁੱਟ ਮਾਰ ਕਰਕੇ ਉਹਦੇ ਪੈਸੇ ਵੀ ਮੜੁੱਛ ਲੈਂਦਾ। ਸ਼ਰਨਜੀਤ ਕਿਸੇ ਦੇਸੀ ਫੈਕਟਰੀ 'ਚ ਕੰਮ ਕਰਦੀ ਸੀ। ਪਾਰਟ-ਟਾਈਮ ਕੱਪੜੇ ਸੀਅ ਕੇ ਜਿੰਨੇ ਕੁ ਪੈਸੇ ਉਹ ਲੈ ਕੇ ਆਉਂਦੀ ਕੇਵਲ ਸ਼ੁੱਕਰਵਾਰ ਨੂੰ ਹੀ ਉਹਦੇ ਤੋਂ ਖੋਹ ਲੈਂਦਾ। ਘਰ ਦਾ ਰੋਟੀ ਪਾਣੀ ਬੱਚਿਆਂ ਦੇ ਮਿਲਦੇ ਪੈਸਿਆਂ ਨਾਲ ਮਸੀਂ ਤੁਰਦਾ। ਸ਼ਰਨਜੀਤ ਪੋਟਾ ਪੋਟਾ ਦੁੱਖੀ ਸੀ। ਰੋਜ਼ ਦੀ ਬਕੜਵਾਹ, ਬੱਚਿਆਂ ਨੂੰ ਸਾਂਭਣਾ, ਕੇਵਲ ਦੀ ਕੁੱਟਮਾਰ ਅਤੇ ਉਹਦੀਆਂ ਭੈਣਾਂ ਦਾ ਵੀ ਕੇਵਲ ਦਾ ਸਾਥ ਦੇਣਾ, ਸ਼ਰਨਜੀਤ ਲਈ ਜੀਉਂਦੇ ਰਹਿਣ ਦਾ ਕੋਈ ਹੱਜ ਨਹੀਂ ਸੀ। ਸ਼ਰਨਜੀਤ ਦਾ ਇਥੇ ਕੋਈ ਨਹੀਂ ਸੀ। ਉਹਨੂੰ ਕਿਤੋਂ ਵੀ ਢੋਈ ਨਹੀਂ ਸੀ ਮਿਲ ਰਹੀ। ਇਸ ਸਿਲਸਿਲੇ ਨੂੰ ਚੱਲਦਿਆਂ ਹੁਣ ਸੱਤ ਸਾਲ ਹੋ ਗਏ ਸਨ ਅਤੇ ਹੁਣ ਸ਼ਰਨਜੀਤ ਤੋਂ ਇਹ ਬਰਦਾਸ਼ਤ ਨਹੀਂ ਸੀ ਹੋ ਰਿਹਾ। ਇਕ ਦਿਨ ਰਲ ਕੇ ਕੇਵਲ ਅਤੇ ਉਹਦੀਆਂ ਦੋਵੇਂ ਭੈਣਾਂ ਸ਼ਰਨਜੀਤ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਜਦ ਛੋਟੇ-ਛੋਟੇ ਤਿੰਨ ਬੱਚਿਆਂ ਚੀਖ-ਚਿਹਾੜਾ ਪਾਉਣਾ ਸ਼ੁਰੂ ਕੀਤਾ ਤਾਂ ਗੁਆਂਢਣ ਗੋਰੀ ਨੇ ਪੁਲੀਸ ਦੀ ਘੰਟੀ ਖੜਕਾ ਦਿਤੀ ਅਤੇ ਮਿੰਟਾਂ ਸਕਿੰਟਾਂ 'ਚ ਪੁਲੀਸ ਦੀਆਂ ਤਿੰਨ ਕਾਰਾਂ ਸ਼ਰਨਜੀਤ ਦੇ ਦਰਾਂ ਮੂਹਰੇ ਆ ਖੜ੍ਹੀਆਂ। ਪੁਲੀਸ ਨੇ ਕੇਵਲ ਅਤੇ ਉਹਦੀਆਂ ਦੋਵਾਂ ਭੈਣਾਂ ਨੂੰ ਕਾਰਾਂ 'ਚ ਬੈਠਾ ਪੁਲੀਸ ਸਟੇਸ਼ਨ ਲੈ ਆਂਦਾ। ਕੇਵਲ ਨੇ ਸਾਰਾ ਦੋਸ਼ ਆਪਣੇ ਸਿਰ ਲੈ ਲਿਆ ਕਿ ਉਹਦੀਆਂ ਭੈਣਾਂ

ਨੇ ਇਸ ਲੜਾਈ ਵਿਚ ਕੋਈ ਹਿੱਸਾ ਨਹੀਂ ਪਾਇਆ। ਭੈਣਾਂ ਦਾ ਤਾਂ "ਚੇਤਾਵਨੀ" ਨਾਲ ਈ ਛੁਟਕਾਰਾ ਹੋ ਗਿਆ ਪਰ ਕੇਵਲ ਨੂੰ ਸੱਟਾਂ ਮਾਰਨ ਕਰਕੇ ਤਿੰਨ ਮਹੀਨੇ ਲਈ ਜੇਲ੍ਹ ਦੀ ਹਵਾ ਖਾਣੀ ਪਈ। ਇਸ ਸਮੇਂ ਦੌਰਾਨ ਸ਼ਰਨਜੀਤ ਦਾ ਪੁਲੀਸ ਨੇ ਸੋਸ਼ਲ ਸਰਵਿਸਜ਼ ਨਾਲ ਮਿਲ ਕੇ ਇਕ ਹੋਸਟਲ 'ਚ ਪ੍ਰਬੰਧ ਕਰ ਦਿੱਤਾ। ਇਸ ਕੇਸ ਨੂੰ ਇਕ ਧੜੱਲੇਦਾਰ ਏਸ਼ੀਅਨ ਔਰਤ ਨਜਿੱਠ ਰਹੀ ਸੀ। ਸੁਰਜੀਤ ਨਾਂ ਦੀ ਇਸ ਏਸ਼ੀਅਨ ਔਰਤ ਦਾ ਐਹੋ ਜੇਹੇ ਕੇਸਾਂ ਵਿਚ ਬਹੁਤ ਤਜ਼ਰਬਾ ਸੀ। ਕਈ ਏਸ਼ੀਅਨ ਲੋਕ ਸੁਰਜੀਤ ਤੇ ਤਰ੍ਹਾਂ ਤਰ੍ਹਾਂ ਦੀਆਂ ਉਂਗਲਾਂ ਕਰਦੇ ਕਿ 'ਇਹਨੇ ਏਸ਼ੀਅਨ ਔਰਤਾਂ ਨੂੰ ਸ਼ਹਿ ਦੇ ਕੇ ਘਰ ਬਰਬਾਦ ਕਰ ਦਿੱਤੇ। ਜਦੋਂਕਿ ਗੱਲ ਇਸ ਤੋਂ ਉਲਟ ਸੀ। ਝੂਠੀਆਂ ਤੌਮਤਾਂ ਸਿਰਫ ਏਸ਼ੀਅਨ ਮਰਦ ਈ ਲਾਉਂਦੇ ਸਨ ਕਿਉਂਕਿ ਉਹਨਾਂ ਦਾ ਖੁਲਾਸਾ ਜਗ ਜ਼ਾਹਿਰ ਹੋ ਰਿਹਾ ਸੀ ਅਤੇ ਉਹ ਠਾਣਿਆਂ ਅਤੇ ਕਚਿਹਰੀਆਂ ਦੇ ਚੱਕਰ ਕੱਟ ਰਹੇ ਸਨ। ਸੁਰਜੀਤ ਨੇ ਮਾਰ ਕੁੱਟ ਖਾ ਰਹੀਆਂ ਏਸ਼ੀਅਨ ਔਰਤਾਂ ਨੂੰ ਇਕ ਨਵਾਂ ਜੀਵਨ ਦੇ ਕੇ ਉਹਨਾਂ ਦੀ ਕਾਇਆ ਪਲਟ ਦਿੱਤੀ ਸੀ। ਮੈਂ ਉਹਦੇ ਵਿਚ ਐਡਾ ਜ਼ੇਰਾ ਦੇਖ ਅਸ਼ ਅਸ਼ ਕਰ ਉੱਠਿਆ। ਉਸ ਵੇਲੇ ਮੈਂ ਸੋਸ਼ਲ ਵਰਕਰ ਦੇ ਡਿਪਲੋਮਾ ਕੋਰਸ ਦੇ ਅਖੀਰਲੇ ਸਾਲ ਦਾ ਵਿਦਿਆਰਥੀ ਸੀ। ਮੇਰੇ ਵਿਚ ਹੋਸ਼ ਨਾਲੋਂ ਜੋਸ਼ ਜ਼ਿਆਦਾ ਸੀ ਅਤੇ ਇਉਂ ਲੱਗ ਰਿਹਾ ਸੀ ਕਿ, ਮੈਂ ਏਸ਼ੀਅਨ ਸਮਾਜ ਦੀਆਂ ਸਭ ਸਮੱਸਿਆਵਾਂ ਝੱਬੇ ਹੀ ਹੱਲ ਕਰ ਦੇਣੀਆਂ। ਪਰ ਇਹ ਮੇਰੀਆਂ ਕੱਚੀ ਉਮਰ ਅਤੇ ਕੱਚੇ ਤਜ਼ਰਬੇ ਦੀਆਂ ਨਿਸ਼ਾਨੀਆਂ ਸਨ। ਕਾਨੂੰਨ ਅਤੇ ਅਸੂਲ ਇਕ ਪਾਸੇ ਹਨ ਪਰ ਜਦ ਇਹਨਾਂ ਬਾਰੀਕੀਆਂ ਨਾਲ ਅਸੀਂ ਬਾਵਸਤਾ ਹੁੰਦੇ ਆ ਤਾਂ ਕਹਾਣੀ ਵਿਚੋਂ ਹੋਰ ਈ ਨਿਕਲ ਦੀ ਆ। ਵੈਸੇ ਵੀ ਜ਼ਿੰਦਗੀ ਸਿੱਧੀ ਲਕੀਰ ਨਹੀਂ ਹੈ, ਇਹਦੇ ਵਿਚ ਕਈ ਧੋੜੇ, ਟਿੱਬੇ, ਮੋੜ ਤਰੋੜ ਆਉਂਦੇ ਹਨ ਜੋ ਜ਼ਿੰਦਗੀ ਦੇ ਰਸ ਨੂੰ ਕੁਸੈਲਾ ਕਰਦੇ ਹਨ।

ਮੈਨੂੰ ਮੇਰੇ ਸ਼ੁਪਰਵਾਈਜ਼ਰ ਨੇ ਇਸ ਬੜੇ ਪੇਚੀਦਾ ਕੇਸ ਵਿਚ ਸੁਰਜੀਤ ਨਾਲ ਕੰਮ ਕਰਨ ਲਈ ਕਿਹਾ ਕਿ, "ਸੁਰਜੀਤ ਨਾਲ ਕੰਮ ਕਰਕੇ ਬੜਾ ਕੁਝ ਸਿੱਖਿਆ ਜਾ ਸਕਦੈ।" ਮੈਂ ਸਤ ਬਚਨ ਕਹਿ ਕੇਸ ਦੀਆਂ ਮੋਟੀਆਂ ਫਾਇਲਾਂ ਪੜ੍ਹਨ ਲੱਗ ਪਿਆ। ਫਾਇਲਾਂ ਪੜ੍ਹਨ ਤੋਂ ਬਾਦ ਸ਼ਰਨਜੀਤ ਨਾਲ ਜਿਥੇ ਮੇਰੀ ਹਮਦਰਦੀ ਹੋਰ ਵੱਧ ਗਈ ਉਥੇ ਦੂਜੇ ਪਾਸੇ ਕੇਵਲ ਨਾਲ ਨਫਰਤ ਉਛਾਲੇ ਮਾਰਨ ਲੱਗੀ ਤੇ ਪਹਿਲੀ ਵਾਰ ਹੋਸਟਲ 'ਚ ਮੈਂ ਸੁਰਜੀਤ ਨਾਲ ਸ਼ਰਨਜੀਤ ਨੂੰ ਮਿਲਣ ਗਿਆ। ਸੁਰਜੀਤ ਨੇ ਮੇਰਾ ਤੁਆਰਫ ਕਰਾਇਆ ਅਤੇ ਮੈਂ ਸ਼ਰਨਜੀਤ ਦੇ ਮੂੰਹੋਂ ਸਾਰੀ ਰਾਮ ਕਹਾਣੀ ਸੁਣੀ। ਸ਼ਰਨਜੀਤ ਨੇ ਹੁਣ ਮਨ ਪੱਕਾ ਕਰ ਲਿਆ ਸੀ ਕਿ ਉਹ ਮੁੜ ਕੇ ਕੇਵਲ ਨਾਲ ਨਹੀਂ ਰਹੇਗੀ। ਇਹ ਗੱਲ ਉਹਨੇ ਬਾਰ ਬਾਰ ਸੁਰਜੀਤ ਨੂੰ ਵੀ ਪਹਿਲਾਂ ਕਹਿ ਦਿੱਤੀ ਸੀ। ਸੋ ਇਸੇ ਕਰਕੇ ਮੇਰੇ ਲਈ ਸਭ ਤੋਂ ਪਹਿਲਾਂ ਕੰਮ ਸ਼ਰਨਜੀਤ ਲਈ ਘਰ ਦਾ ਬੰਦੋਬਸਤ ਕਰਨਾ ਸੀ। ਮੈਂ ਘਰਾਂ ਦੇ ਮਹਿਕਮੇ ਨਾਲ ਸੰਪਰਕ ਕਰਕੇ ਇਕ ਘਰ ਦਾ ਪ੍ਰਬੰਧ ਕਰ ਲਿਆ ਅਤੇ ਉਸ ਘਰ ਨੂੰ ਸ਼ਰਨਜੀਤ ਨੇ ਵੀ ਪਸੰਦ ਕਰ ਲਿਆ। ਸ਼ਰਨਜੀਤ ਅਜੇ ਹੋਸਟਲ ਵਿਚ ਈ ਸੀ ਕਿ ਕੇਵਲ ਜੇਲ੍ਹ ਤੋਂ ਬਾਹਰ ਆ ਗਿਆ। ਉਹਨੂੰ ਕਿਤੋਂ ਭਿਣਕ ਪੈ ਗਈ ਕਿ ਮੈਂ ਸ਼ਰਨਜੀਤ ਨੂੰ ਹੋਸਟਲ ਮਿਲਣ ਗਿਆ ਤਾਂ ਕੇਵਲ ਹੋਸਟਲ ਦੇ ਬਾਹਰ ਗੇੜੇ ਕੱਢਦਾ ਫਿਰੇ। ਉਹਨੂੰ ਇਹ ਵੀ ਪਤਾ ਲੱਗਾ ਸੀ ਕਿ ਸ਼ਰਨਜੀਤ ਦੀ ਮੈਂ ਬਤੌਰ ਸੋਸ਼ਲਵਰਕਰ ਮੱਦਦ ਕਰ ਰਿਹਾਂ। ਉਹ ਸੁਰਜੀਤ ਨੂੰ ਕਈ ਵਾਰ ਗਾਲ੍ਹਾਂ ਬਕ ਚੁੱਕਾ ਸੀ। ਪਰ ਗਾਲ੍ਹਾਂ

ਦਾ ਪ੍ਰਸ਼ਾਦ ਲੈਣ ਦਾ ਮੇਰਾ ਇਹ ਪਹਿਲਾ ਮੌਕਾ ਸੀ। ਮੈਨੂੰ ਦੇਖ ਕੇ ਉਹਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਚੁੱਪ ਰਿਹਾ ਸੀ ਪਰ ਮਨ ਕਰਦਾ ਸੀ ਕਿ ਮੈਂ ਇਹਦੇ ਨਾਲ ਦੋ ਹੱਥ ਕਰ ਈ ਲਵਾਂ। ਪਰ ਮੇਰੀ ਸਰਕਾਰੀ ਨੌਕਰੀ ਦੇ ਫਰਜ਼ਾਂ ਨੇ ਮੈਨੂੰ ਬੰਨ੍ਹਿਆ ਹੋਇਆ ਸੀ। ਸੁੱਕਾ ਜੇਹਾ ਸ਼ਰਾਬ ਅਤੇ ਨਸ਼ਿਆ ਦਾ ਖਾਧਾ ਕੇਵਲ ਐਵੇਂ ਪੀਪਨਾ ਜਿਹਾ ਤਾਂ ਹੈ ਸੀ। ਜੇਕਰ ਮੈਂ ਉਹਦੇ ਚਾਰ ਲੱਫੜ ਜੜ੍ਹ ਦਿੰਦਾ ਤਾਂ ਉਹ ਖਿੱਦੋਂ ਵਾਂਗ ਰਿੜ ਜਾਂਦਾ। ਜਿਨ੍ਹੀ ਦੇਰ ਉਹ ਹੋਸਟਲ ਦੇ ਬਾਹਰੋਂ ਨਾ ਗਿਆ ਮੈਂ ਹੋਸਟਲ ਦੇ ਅੰਦਰ ਈ ਰਿਹਾ ਅਤੇ ਸ਼ਰਨਜੀਤ ਨਾਲ ਗੱਲਾਂ ਬਾਤਾਂ ਈ ਕਰਦਾ ਰਿਹਾ। ਹੁਣ ਮੈਂ ਉਹਨੂੰ ਸਦਾ ਅਣਦੇਖਿਆ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਅਤੇ ਉਹਦੇ ਮੂੰਹ ਨਾ ਲੱਗਦਾ। ਇਕ ਦਿਨ ਮੈਂ ਅਤੇ ਸੁਰਜੀਤ ਜਦ ਸ਼ਰਨਜੀਤ ਨੂੰ ਮਿਲ ਕੇ ਬਾਹਰ ਨਿਕਲੇ ਤਾਂ ਕੇਵਲ ਮੇਰੇ ਵੱਲ ਬੁੜਕਿਆ ਪਰ ਸੁਰਜੀਤ ਦੀ ਗਰਜ਼ ਨੇ ਉਹਨੂੰ ਪਰ੍ਹੇ ਕਰ ਦਿੱਤਾ। ਹੁਣ ਉਹਨੇ ਮੇਰਾ ਨਾਂ ਸ਼ਰਨਜੀਤ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਇਹ ਵੀ ਦੇਸੀ ਬੰਦਿਆਂ ਦਾ ਚਲੰਤ ਜੇਹਾ ਸਭ ਤੋਂ ਘਟੀਆ ਹਥਿਆਰ ਹੁੰਦਾ।

ਸਰਕਾਰੀ ਮਹਿਕਮਿਆਂ 'ਚ ਅਤੇ ਐਹੋ ਜੇਹਾ ਪੇਚੀਦਾ ਕੰਮਾਂ 'ਚ ਤੁਹਾਡੇ ਦੁਸ਼ਮਣ ਸਿਰਫ ਆਪਣੇ ਲੋਕ ਈ ਨਹੀਂ ਹੁੰਦੇ ਸਗੋਂ ਗੋਰੇ ਗੋਰੀਆਂ ਵੀ ਤੁਹਾਡਾ ਹਰ ਪਾਸਿਉਂ ਥੱਲਾ ਲਾਉਣਾ ਚਾਹੁੰਦੇ ਹਨ ਭਾਂਵੇਂ ਕਿ ਇਹ ਤਰਜ਼ ਹਰ ਉਪਰ ਲਾਗੂ ਨਹੀਂ ਹੁੰਦੀ। ਬੱਚਿਆਂ ਨੂੰ ਮਿਲਣ ਦਾ ਅਧਿਕਾਰ ਕੇਵਲ ਕੋਲੋਂ ਖੋਹਿਆ ਨਹੀਂ ਸੀ ਜਾ ਸਕਦਾ ਪਰ ਮੇਰੇ ਵਸ 'ਚ ਐਨ੍ਹਾ ਜ਼ਰੂਰ ਸੀ ਕਿ ਇਹ ਕਰਵਾ ਲਵਾਂ ਕਿ ਜਦ ਉਹ ਬੱਚਿਆਂ ਨੂੰ ਮਿਲਣ ਆਵੇ ਤਾਂ ਸੋਸ਼ਲ ਵਰਕਰ ਦਾ ਉਥੇ ਹੋਣਾ ਜ਼ਰੂਰੀ ਹੈ। ਹੁਣ ਜਦ ਕੇਵਲ ਬੱਚਿਆਂ ਨੂੰ ਮਿਲਦਾ ਤਾਂ ਮੈਂ ਉਥੇ ਹੁੰਦਾ ਅਤੇ ਇਹ ਗੱਲ ਉਹਨੂੰ ਸੂਲ ਵਾਂਗ ਚੁੱਭਦੀ। ਉਹ ਨਿਆਣਿਆਂ ਨੂੰ ਮਿਲਣ ਦੀ ਬਜਾਏ ਬਹੁਤਾ ਸਮਾਂ ਮੈਨੂੰ ਬੁਰਾ ਭਲਾ ਕਹਿੰਦਾ ਰਹਿੰਦਾ ਅਤੇ ਮੈਂ ਉਹਦੀਆਂ ਹਰ ਵਾਰ ਸ਼ਕਾਇਤਾਂ ਲਾਉਂਦਾ ਰਹਿੰਦਾ। ਮੈਂ ਉਹਨੂੰ 'ਬੰਦੇ ਦਾ ਪੁੱਤ' ਬਣਾਉਣ ਲਈ ਉਹਦੀਆਂ ਕਈ ਗੱਲਾਂ ਦਾ ਕੋਈ ਨੋਟਿਸ ਨਹੀਂ ਸੀ ਲੈਂਦਾ। ਉਲਟਾ ਉਹਨੇ ਮੇਰੀ ਸ਼ਕਾਇਤ ਕਰ ਦਿੱਤੀ ਕਿ, 'ਮੇਰੇ ਉਹਦੀ ਔਰਤ ਨਾਲ ਸਬੰਧ ਹਨ।' ਇਕ ਨਸਲਵਾਦੀ ਗੋਰੀ ਨੇ ਹੋਸਟਲ ਤੋਂ ਵੱਡੀ ਮੈਨੇਜਰ ਨੂੰ ਇਸ ਬਾਰੇ ਚਿੱਠੀ ਲਿਖ ਦਿੱਤੀ। ਨਾਲ ਦੋ ਚਾਰ ਗੱਲਾਂ ਆਪਣੇ ਕੋਲੋਂ ਲਿਖ ਦਿੱਤੀਆਂ ਕਿ, 'ਇਹਨੇ ਸ਼ਰਨਜੀਤ ਦਾ ਕੇਸ ਪ੍ਰੋਫੈਸ਼ਨਲ ਤਰੀਕੇ ਨਾਲ ਨਹੀਂ ਕੀਤਾ ਅਤੇ ਇਹ ਕੇਵਲ ਤੋਂ ਵੀ ਆਪਣਾ ਬਚਾਅ ਕਰਦਾ ਰਹਿੰਦਾ।' ਨਸਲਵਾਦੀ ਗੋਰੀ ਵੱਡੀ ਮੈਨੇਜਰ ਨੇ ਚੁੱਕ ਕੇ ਗੱਲ ਅਗਾਂਹ ਮੇਰੇ ਸੁਵਰਵਾਈਜ਼ਰ ਦੇ ਹਵਾਲੇ ਕਰ ਦਿੱਤੀ। ਨਾਲ ਈ ਇਹ ਮਾਮਲਾ ਲਾ ਦਿਤਾ ਕਿ, "ਇਦੇ ਕੇਸ ਨੋਟਸ ਦੀ ਅੰਗਰੇਜ਼ੀ ਵੀ ਪ੍ਰੋਫੈਸ਼ਨਲ ਨਹੀਂ ਹੈ।" ਮੈਨੂੰ ਅਤੇ ਸੁਰਜੀਤ ਨੂੰ ਇਸ ਬਾਰੇ ਕੋਈ ਖਬਰ ਨਹੀਂ ਸੀ ਪਰ ਗੱਲ ਹੁਣ ਬਾਹਰ ਈ ਆ ਗਈ ਸੀ ਤਾਂ ਮੇਰੇ ਸੁਪਰਵਾਈਜ਼ਰ ਨੇ ਸੁਰਜੀਤ ਅਤੇ ਸ਼ਰਨਜੀਤ ਨਾਲ ਇਸ ਬਾਰੇ ਗੱਲ ਕੀਤੀ। ਉਹ ਇਹ ਸ਼ਕਾਇਤਾਂ ਸੁਣ ਕੇ ਹੈਰਾਨ ਰਹਿ ਗਈ ਕਿ ਇਹ ਸਰਾਸਰ ਧੱਕਾ ਸੀ। ਸੁਪਰਵਾਈਜ਼ਰ ਨੇ ਜਦ ਮੇਰੇ ਕੇਸ ਨੋਟਸ ਦੇਖੇ ਤਾਂ ਉਥੇ ਵੀ ਉਹਨੂੰ ਕੋਈ ਨੁਕਸ ਨਾ ਲੱਭਾ। ਮੇਰੇ ਸੁਪਰਵਾਈਜ਼ਰ ਨੇ ਮੇਰੇ ਹੱਕ 'ਚ ਸ਼ਿਕਾਇਤ ਦਾ ਜੁਆਬ ਲਿਖ ਕੇ ਵੱਡੀ ਗੋਰੀ ਮੈਨੇਜਰ ਨੂੰ ਭੇਜ ਦਿੱਤਾ ਅਤੇ ਇਹ ਗੱਲ ਬਰਫ ਵਾਂਗ ਸ਼ਾਂਤ ਹੋ ਗਈ। ਪਰ ਮੇਰਾ ਮਨ ਬੜਾ ਖਰਾਬ ਹੋਇਆ। ਸਰਕਾਰੀ ਅਦਾਰਿਆਂ ਵਿਚ ਨਸਲਵਾਦ ਕਿਵੇਂ

ਵਾਰ ਕਰਦਾ ਮੈਨੂੰ ਇਹਦੇ ਤਜ਼ਰਬੇ ਹੋ ਰਹੇ ਸਨ ਕਿ ਇਹ ਕਿਵੇਂ ਤੁਹਾਡੇ ਦਿਲ ਦਿਮਾਗ ਨੂੰ ਛਲਣੀ ਕਰਦਾ। ਤੁਹਾਡੇ ਆਤਮ-ਵਿਸ਼ਵਾਸ ਤੇ ਸਿੱਧੀ ਸੱਟ ਮਾਰਦਾ ਅਤੇ ਹੀਣਤਾ ਭਾਵ ਨਾਲ ਨਿਤਾਣਾ ਕਰਕੇ ਰੱਖ ਦਿੰਦਾ। ਇਹ ਉਹ ਹਾਲਤ ਹੈ ਜਦ ਤੁਹਾਨੂੰ ਆਪਣੇ ਆਪ 'ਤੇ ਈ ਸ਼ੱਕ ਹੋਣ ਲੱਗ ਪੈਂਦਾ ਕਿ, ਜੋ ਇਹ ਨਸਲਵਾਦੀ ਕਹਿ ਰਹੇ ਹਨ ਸ਼ਾਇਦ ਠੀਕ ਈ ਹੈ। ਮਾਨਸਿਕ ਤੌਰ 'ਤੇ ਕਮਜ਼ੋਰ ਕਰਨ ਦਾ ਇਹ ਇਕ ਬਹੁਤ ਵੱਡਾ ਹਥਿਆਰ ਹੈ। ਜੋ ਜਾਤਾਂ ਪਾਤਾਂ ਦੇ ਨਾਵਾਂ 'ਤੇ ਭਾਰਤੀ ਵੱਡੇ ਵਡੇਰਿਆਂ ਵਰਤਿਆ, ਜੇਹਦਾ ਸੰਤਾਪ ਅਸੀਂ ਹੁਣ ਤਕ ਭੁਗਤ ਰਹੇ ਹਾਂ। ਇਹ ਤੁਹਾਡੀਆਂ ਸ਼ਖਸ਼ੀਅਤਾਂ ਨੂੰ ਬਦਲ ਦਿੰਦਾ ਹੈ ਅਤੇ ਤੁਹਾਡਾ ਤਵਾਜ਼ਨ ਹਿੱਲ ਜਾਂਦਾ ਹੈ। ਇਹ ਗੱਲ ਜਦ "ਵਿਸ਼ਵਾਸ਼" 'ਚ ਬਦਲ ਜਾਂਦੀ ਹੈ ਤਾਂ ਦਲਿਤਾਂ ਦੀਆਂ ਬਸਤੀਆਂ, ਵੇਹੜੇ, ਪਿੰਡੋਂ ਬਾਹਰ ਬਣਦੇ ਹਨ ਅਤੇ ਹਿਟਲਰ ਗੈਰਆਰੀਅਨਾਂ ਦਾ ਖਾਤਮਾ ਕਰਦਾ ਹੈ। ਇਹ 'ਨਸਲਵਾਦੀ ਜਰਾਸੀਮ' ਜ਼ੁਲਮ ਕਰਨ ਅਤੇ ਜ਼ੁਲਮ ਸਹਿਣ ਵਾਲੇ ਦੋਵੇਂ ਤਰ੍ਹਾਂ ਦੇ ਲੋਕਾਂ ਤੇ ਅਸਰ ਕਰਕੇ ਉਹਨਾਂ ਦਾ ਵਰਤਾਵ ਬਦਲ ਦਿੰਦੇ ਹਨ। ਉਦਾਸੀ ਅਤੇ ਘੋਰ ਉਦਾਸੀ ਵਰਗੇ ਮਾਨਸਿਕ ਰੋਗਾਂ ਵਿਚ ਇਹਨਾਂ ਕੀਟਾਣੂਆਂ ਦਾ ਵੀ ਬੜਾ ਵੱਡਾ ਹੱਥ ਹੁੰਦਾ ਹੈ।

ਇਸ ਘਟਨਾ ਦਾ ਅਸਰ ਮੇਰੇ ਤੇ ਇਹ ਹੋਇਆ ਕਿ ਮੈਂ ਹਰ ਇਕ ਤੇ ਸ਼ੱਕ ਕਰਨ ਲੱਗ ਪਿਆ ਪਰ ਸੁਰਜੀਤ ਅਤੇ ਮੇਰੇ ਦੇਸੀ ਸੁਪਰਵਾਈਜ਼ਰ ਨੇ ਮੈਨੂੰ ਬੜਾ ਹੌਸਲਾ ਦਿਤਾ ਅਤੇ ਮੇਰਾ ਮਨੋਬਲ ਟਿਕਾਣੇ ਲਿਆਉਣ 'ਚ ਮੇਰੀ ਮੱਦਦ ਕੀਤੀ। ਮੇਰੇ ਵਿਚ ਦੁਆਰਾ ਜੋਸ਼ ਆ ਗਿਆ ਕਿ, "ਮੈਂ ਇਨਾਂ ਨਸਲਵਾਦੀ ਗੋਰੀਆਂ ਨੂੰ ਗਲਤ ਸਾਬਤ ਕਰ ਦਿਖਾਵਾਂਗਾ।" ਮੈਂ ਆਪਣੇ ਕੰਮ ਤੇ ਹੋਰ ਜ਼ਿਆਦਾ ਮਿਹਨਤ ਕਰਨੀ ਸ਼ੁਰੂ ਕਰ ਦਿਤੀ।

ਸ਼ਰਨਜੀਤ ਨੂੰ ਨਵੇਂ ਘਰ ਸ਼ਿਫਟ ਕਰਵਾ ਦਿਤਾ ਅਤੇ ਉਹਦੇ ਬੱਚਿਆਂ ਦਾ ਨਵੇਂ ਸਕੂਲ ਵਿਚ ਦਾਖਲਾ ਹੋਣ ਤੋਂ ਬਾਦ ਸ਼ਰਨਜੀਤ ਨੂੰ ਮਿਲਦੇ ਭੱਤਿਆਂ ਦਾ ਵੀ ਪ੍ਰਬੰਧ ਕਰ ਦਿਤਾ। ਮੈਂ ਕੇਵਲ ਨੂੰ ਸਬਕ ਸਿਖਾਉਣ ਲਈ ਸਬੂਤਾਂ ਸਮੇਤ ਸ਼ਰਨਜੀਤ ਕੋਲੋਂ ਕਚਿਹਰੀ 'ਚ ਅਰਜ਼ੀ ਦਾਇਰ ਕਰਵਾ ਦਿਤੀ ਕਿ, 'ਕੇਵਲ ਦੇ ਬੱਚਿਆਂ ਨੂੰ ਮਿਲਣ ਤੇ ਉਹਨਾਂ ਉਪਰ ਭੈੜਾ ਅਸਰ ਪੈਂਦਾ। ਇਸ ਕਰਕੇ ਕੇਵਲ ਦਾ ਬੱਚਿਆਂ ਨੂੰ ਮਿਲਣਾ ਖਤਰਨਾਕ ਹੈ।" ਆਪਣੇ ਵਲੋਂ ਮੈਂ ਇਹ ਲਿਖ ਦਿਤਾ ਕਿ, "ਮੈਨੂੰ ਡਰ ਹੈ ਕਿ ਕੇਵਲ ਮੈਨੂੰ ਸਰੀਰਕ ਨੁਕਸਾਨ ਨਾ ਪਹੁੰਚਾ ਦੇਵੇ ਕਿਉਂਕਿ ਉਹਦੀਆਂ ਨਸ਼ਈ ਆਦਤਾਂ ਕਰਕੇ ਉਹ ਦਿਨ-ਬ-ਦਿਨ ਖੂੰਖਾਰ ਹੋ ਰਿਹਾ ਸੀ ਅਤੇ ਸ਼ਾਇਦ ਉਹਨੂੰ ਮਾਨਸਿਕ ਡਾਕਟਰ ਦੀ ਜ਼ਰੂਰਤ ਹੈ।' ਮੇਰੀ ਇਹ ਸਕੀਮ ਕਾਰਗਰ ਸਾਬਤ ਹੋਈ। ਕਾਬਲ ਜੱਜ ਨੇ ਸ਼ਰਨਜੀਤ ਅਤੇ ਮੇਰੀਆਂ ਗੱਲਾਂ ਤੇ ਸਹੀ ਪਾ ਦਿਤੀ ਅਤੇ ਇਹ ਵੀ ਹੁਕਮ ਸਾਦਰ ਕਰ ਦਿਤਾ ਕਿ, "ਕੇਵਲ ਨੂੰ ਆਪਣੇ ਡਾਕਟਰ ਦੀ ਸਲਾਹ ਨਾਲ ਆਪਣੀ ਸ਼ਰਾਬ ਦਾ ਇਲਾਜ ਕਰਾਉਣਾ ਚਾਹੀਦਾ।"

ਸੁਰਜੀਤ, ਸ਼ਰਨਜੀਤ, ਮੇਰਾ ਸੁਪਰਵਾਈਜ਼ਰ ਅਤੇ ਮੈਂ ਇਸ ਪ੍ਰਾਪਤੀ ਤੋਂ ਖੁਸ਼ ਸਾਂ।' ਪਰ ਜਿਵੇਂ ਕਹਿੰਦੇ ਹਨ ਕਿ, "ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ਭਾਂਵੇ ਕੱਟੀਏ ਪੋਰੀਆਂ ਪੋਰੀਆਂ ਜੀ" ਕੇਵਲ ਨੇ ਫਿਰ ਕਚਿਹਰੀ 'ਚ ਅਰਜ਼ੀ ਦਾਇਰ ਕਰਵਾ ਦਿਤੀ ਕਿ ਉਹਦੀ ਭੈਣ ਉਹਦੇ ਬੱਚਿਆਂ ਨੂੰ ਸਾਂਭਣ ਲਈ ਤਿਆਰ ਹੈ, ਇਸ ਕਰਕੇ ਮੁੰਡਾ ਉਹਨੂੰ ਦੇ ਦਿਤਾ ਜਾਵੇ। 'ਮੈਂ ਇਸਦੇ ਜੁਆਬ 'ਚ ਸ਼ਰਨਜੀਤ ਦੇ ਵਕੀਲ ਨਾਲ

ਸਲਾਹ ਕਰਕੇ ਦਲੀਲਾਂ ਨਾਲ ਜੁਆਬ ਦੁਆ ਦਿਤਾ ਕਿ, ਇਕ ਬੱਚੇ ਨੂੰ ਬਾਕੀ ਬੱਚਿਆਂ ਨਾਲੋਂ ਜੁਦਾ ਕਰਨ ਦੀ ਕੋਈ ਤੁੱਕ ਨਹੀਂ ਬਣਦੀ। ਇਸ ਤਰ੍ਹਾਂ ਕਰਨ ਨਾਲ ਇਕੱਲੇ ਮੁੰਡੇ ਦੀ ਸ਼ਖਸ਼ੀਅਤ ਤੇ ਈ ਨਹੀਂ ਸਗੋਂ ਉਹਦੀਆਂ ਦੋਵਾਂ ਭੈਣਾਂ ਤੇ ਬੜਾ ਭੈੜਾ ਅਸਰ ਪਵੇਗਾ। ਨਾਲ ਇਹ ਵੀ ਗੱਲ ਆ ਕਿ ਏਸ਼ੀਅਨ ਸਮਾਜ ਔਰਤ ਨੂੰ ਮਰਦ ਨਾਲੋਂ ਘਟੀਆ ਮਿੱਥਦਾ ਅਤੇ ਇਸ ਕਰਕੇ ਕੇਵਲ ਮੁੰਡੇ ਦੀ ਮੰਗ ਕਰ ਰਿਹਾ ਹੈ।" ਜਦ ਇਹ ਅਰਜ਼ੀ ਜੱਜ ਕੋਲ ਗਈ ਤਾਂ ਉਹਨੇ ਕੇਵਲ ਦੀ ਦਰਖਾਸਤ ਰੱਦ ਕਰ ਦਿੱਤੀ। ਇਸ ਸਾਰੇ ਕੇਸ ਦੀ ਪੈਰਵੀ ਮੇਰੇ ਉਸ ਮੁਸਲਿਮ ਸੁਪਰਵਾਈਜ਼ਰ ਦੀ ਅਗਵਾਈ ਤੋਂ ਬਿਨਾਂ ਮੁਕੰਮਲ ਨਹੀਂ ਸੀ ਹੋ ਸਕਦੀ ਜੋ ਪੈਰ-ਪੈਰ ਤੇ ਮੇਰਾ ਖਿਆਲ ਰੱਖ ਰਿਹਾ ਸੀ। ਸ਼ਰਨਜੀਤ ਆਪਣੇ ਤਿੰਨੇ ਬੱਚਿਆਂ ਨਾਲ ਸੁਖੀ ਅਤੇ ਖੁਸ਼ ਸੀ। ਮੇਰੀ ਪਲੇਸਮੈਂਟ ਦਾ ਸਮਾਂ ਖਤਮ ਹੋ ਗਿਆ ਸੀ। ਯੂਨੀਵਰਸਿਟੀ ਤੋਂ ਚੈੱਕ ਕਰਨ ਆਇਆ ਪ੍ਰੋਫੈਸਰ ਮੇਰੇ ਕੰਮ ਤੋਂ ਖੁਸ਼ ਸੀ ਅਤੇ ਮੇਰੇ ਸੁਪਰਵਾਈਜ਼ਰ ਨੇ ਮੈਨੂੰ ਪਾਸ ਕਰ ਦਿਤਾ ਸੀ। ਜੇਕਰ ਇਹ ਲੱਠ ਵਰਗਾ ਸੁਪਰਵਾਈਜ਼ਰ ਅਤੇ ਸੁਰਜੀਤ ਵਰਗੀ ਸੁਹਿਰਦ ਭੈਣ ਨਾ ਹੁੰਦੀ ਤਾਂ ਮੈਂ ਸੋਸ਼ਲ ਵਰਕਰ ਦਾ ਕੋਰਸ ਪਾਸ ਨਾ ਕਰਦਾ ਅਤੇ ਨਸਲਵਾਦੀ ਢਾਂਚੇ ਦਾ ਮਰੀਜ਼ ਬਣ ਕੇ ਰਹਿ ਜਾਂਦਾ।

ਇਸ ਕੇਸ ਬਾਰੇ ਇਕ ਦਿਨ ਜਦ ਮੈਂ ਪਿੱਛੇ ਜਹੇ ਸੁਰਜੀਤ ਨਾਲ ਗੱਲ ਕੀਤੀ ਤਾਂ ਉਹਨੇ ਦੱਸਿਆ ਕਿ, "ਕੇਵਲ ਤਾਂ ਸ਼ਰਾਬ ਅਤੇ ਹੋਰ ਨਸ਼ਿਆ ਕਰਕੇ ਜਲਦੀ ਹੀ ਚੜ੍ਹਾਈ ਕਰ ਗਿਆ ਸੀ ਪਰ ਉਹਦੀਆਂ ਗਦੂਦ ਭੈਣਾਂ, ਸ਼ਰਨਜੀਤ ਅਤੇ ਉਹਦੇ ਬੱਚਿਆਂ ਨੂੰ ਸਦਾ ਤੰਗ ਕਰੀ ਰੱਖਿਆ। ਇਹਦਾ ਨਤੀਜਾ ਇਹ ਹੋਇਆ ਕਿ ਵੱਡੀ ਲੜਕੀ ਜਦ 18 ਸਾਲ ਦੀ ਹੋਈ ਤਾਂ ਉਹਨੇ ਆਤਮ-ਹੱਤਿਆ ਕਰ ਲਈ।" ਇਹ ਸੁਣ ਮੇਰਾ ਮਨ ਧਾਹੀਂ ਰੋ ਪਿਆ ਅਤੇ ਮੈਂ ਸੁਰਜੀਤ ਨਾਲ ਹੋਰ ਗੱਲ ਨਾ ਕਰ ਸਕਿਆ।

# ਬੱਚੇ ਖੋਹੇ ਜਾਣ ਤੇ ਬਲਜੀਤ ਪਾਗਲ ਹੋ ਗਈ

ਹਰਜੋਤ ਜਦ ਇੰਡਿਆ ਤੋਂ ਬਲਜੀਤ ਨੂੰ ਵਿਆਹ ਕੇ ਲਿਆਇਆ ਸੀ ਤਾਂ ਦੋਵਾਂ ਦੇ ਪਰਿਵਾਰ ਬੜੇ ਖੁਸ਼ ਸਨ। ਹਰਜੋਤ ਅਤੇ ਬਲਜੀਤ ਦੀ ਜੋੜੀ ਵੀ ਫੱਬਦੀ ਸੀ। ਬਲਜੀਤ ਦਾ ਕੋਈ ਰਿਸ਼ਤੇਦਾਰ ਇੰਗਲੈਂਡ ਵਿਚ ਨਹੀਂ ਸੀ ਪਰ ਹਰਜੋਤ ਦਾ ਵੱਡਾ ਭਰਾ ਇਥੇ ਕਾਫੀ ਦੇਰ ਤੋਂ ਰਹਿ ਰਿਹਾ ਸੀ। ਹੁਣ ਵਿਆਹ ਤੋਂ ਬਾਦ ਹਰਜੋਤ ਅਤੇ ਬਲਜੀਤ ਮਹੀਨਾ ਕੁ ਤਾਂ ਆਪਣੇ ਭਰਾ ਕੋਲ ਰਹੇ ਪਰ ਫਿਰ ਦੋਵਾਂ ਭਰਾਵਾਂ ਨੇ ਫੈਸਲਾ ਕੀਤਾ ਕਿ, 'ਬਿਹਤਰ ਇਹ ਹੀ ਹੈ ਕਿ ਇਕੱਠਿਆਂ ਨਾ ਰਿਹਾ ਜਾਵੇ ਨਹੀਂ ਤਾਂ ਬੋਲਚਾਲ ਤੋਂ ਵੀ ਜਾਂਦੇ ਲੱਗਾਂਗੇ।" ਹਰਜੋਤ ਅਤੇ ਬਲਜੀਤ ਨੇ ਇਕ ਕਰਾਏ ਦਾ ਘਰ ਲੈ ਲਿਆ। ਇਹ ਗੱਲ ਉਹਨਾਂ ਭਲੇ ਵੇਲਿਆਂ ਦੀ ਆ ਜਦ ਮਿਡਲੈਂਡਜ਼ ਵਿਚ ਕੱਪੜੇ ਸੀਉਣ ਦੇ ਕੰਮ ਦਾ ਹੜ੍ਹ ਆਇਆ ਹੋਇਆ ਸੀ। ਦੇਸ਼ੀ ਨਵਦੌਲਤੀਆਂ ਥਾਂ ਥਾਂ ਕਪੜੇ ਸੀਉਣ ਦਾ ਕੰਮ ਵਿੱਢਿਆ ਹੋਇਆ ਸੀ ਅਤੇ ਉਹਨਾਂ ਫੈਕਟਰੀਆਂ ਵਿਚ ਪੰਜਾਬੀ ਔਰਤਾਂ ਕੰਮ ਕਰਦੀਆਂ ਸਨ। ਇਹਨਾਂ ਪੰਜਾਬੀ ਔਰਤਾਂ ਇਹਨਾਂ ਨਵਦੌਲਤੀਆਂ ਦਾ ਬੜਾ ਲੇਖਾ ਦਿਤਾ। ਪੰਜਾਬੀ ਪੇਂਡੂ ਔਰਤਾਂ ਨੂੰ ਅੰਗਰੇਜ਼ੀ ਦੀ ਮੁਹਾਰਤ ਨਾ ਹੋਣ ਕਰਕੇ ਗੋਰਿਆਂ ਦੀਆਂ ਫੈਕਟਰੀਆਂ ਵਿਚ ਕੰਮ ਨਾ ਮਿਲਣ ਕਰਕੇ ਦੇਸੀ ਵਿਉਪਾਰੀਆਂ ਦੇ ਇਹ ਬੜੀਆਂ ਰਾਸ ਆਈਆਂ। ਇਹਨਾਂ "ਜੋਕ-ਵਿਉਪਾਰੀਆਂ" ਉਹਨਾਂ ਦੀ ਦੱਬ ਕੇ ਲੁੱਟ ਕੀਤੀ। ਉਹਨਾਂ ਨੂੰ 50 ਪੈਂਸ ਜਾਂ ਵੱਧ ਤੋਂ ਵੱਧ ਇਕ ਪੌਂਡ ਪ੍ਰਤੀ ਘੰਟਾ ਦੇ ਕੇ ਉਹਨਾਂ ਦਾ ਖੂਨ ਪੀਤਾ। "ਮਰਦਾ ਕੀ ਨਾ ਕਰਦਾ" ਮੁਤਾਬਕ ਬਲਜੀਤ ਨੂੰ ਵੀ ਇਹਨਾਂ "ਬੁੱਚੜ-ਵਿਉਪਾਰੀਆਂ" 'ਚੋਂ ਇਕ ਦੇ ਕੰਮ ਮਿਲ ਗਿਆ। ਬਲਜੀਤ ਖੁਸ਼ ਸੀ ਕਿ ਘੱਟੋਂ ਘੱਟ ਕੁੱਝ ਨਾ ਕੁੱਝ ਤਾਂ ਹਰ ਹਫਤੇ ਘਰ 'ਚ ਆ ਰਿਹਾ ਸੀ ਅਤੇ ਨਾਲੇ ਉਹਦਾ ਚਿੱਤ ਲੱਗਾ ਰਹਿੰਦਾ ਸੀ। ਬਲਜੀਤ ਨੂੰ ਵੀ ਬਾਕੀ ਪੰਜਾਬੀ ਭੈਣਾਂ ਵਾਂਗ ਸਵੇਰੇ ਤਾਰਿਆਂ ਦੀ ਛਾਂਵੇ ਕੰਮ ਤੇ ਜਾਣਾ ਪੈਂਦਾ ਅਤੇ ਤਾਰਿਆਂ ਦੀ ਛਾਂਵੇ ਈ ਘਰ ਸ਼ਾਮ ਨੂੰ ਆਉਣਾ ਪੈਂਦਾ। ਬਾਰ੍ਹਾਂ ਘੰਟੇ ਕੰਮ ਅਤੇ ਉਹ ਵੀ ਪੰਜਾਬੀ ਮਾਲਕਾਂ ਨਾਲ, ਬਲਜੀਤ ਨੂੰ ਵਲੈਤ ਨੇ ਉੱਗੀ ਦਾ ਚੱਕ ਦਿਖਾ ਦਿੱਤਾ ਸੀ।

ਹਰਜੋਤ ਇਕ ਗੋਰਿਆਂ ਦੀ ਫੈਕਟਰੀ 'ਚ ਕੰਮ ਕਰਦਾ ਸੀ ਅਤੇ ਉਹਦੀਆਂ ਵੀ ਤਿੰਨ, ਅੱਠ ਘੰਟਿਆਂ ਵਾਲੀ 'ਗੇੜਾ ਦਊ ਸ਼ਿਫਟਾਂ' ਸਨ। ਇਕ ਹਫਤੇ ਸਵੇਰੇ ਸਾਜਰੇ, ਦੂਜੇ ਹਫਤੇ ਬਾਦ ਦੁਪਿਹਰ ਅਤੇ ਤੀਜੇ ਹਫਤੇ ਰਾਤ ਦੀ ਡਿਊਟੀ। ਵਲੈਤ ਨੇ ਇਨਸਾਨਾਂ ਨੂੰ ਮਸ਼ੀਨੀਕਰਨ ਦੇ ਯੁੱਗ 'ਚ ਮਸ਼ੀਨਾ ਬਣਾ ਦਿਤਾ ਸੀ। ਪਰ ਹੋਰ ਕੋਈ ਵੀ ਰਾਹ ਨਹੀਂ ਸੀ। ਘਰ ਦਾ ਕਰਾਇਆ, ਬਿਜਲੀ, ਗੈਸ, ਫੋਨ, ਕਾਰ ਦੀ ਕਿਸ਼ਤ, ਸੋਫੇ ਸੈੱਟ ਅਤੇ ਬਾਕੀ ਘਰ ਦੇ ਲਿਆਂਦੇ ਸਮਾਨ ਦੇ ਹਰ ਮਹੀਨੇ ਜਾਂਦੇ ਪੈਸੇ ਅਤੇ ਘਰ ਦੇ ਰਾਸ਼ਣ ਨੇ ਉਹਨਾਂ ਦੋਵਾਂ ਦੀ ਕਮਾਈ ਦਾ ਗੇੜਾ ਨਹੀਂ ਸੀ ਬੱਝਣ ਦਿਤਾ।

ਦੋਨਾਂ ਨੇ ਓਵਰ ਟਾਈਮ ਲਾ ਲਾ ਕੇ ਜਾਨ ਤੋੜ ਕੇ ਕੰਮ ਕੀਤਾ ਅਤੇ ਡੇਢ ਕੁ ਸਾਲ ਬਾਦ ਕਿਸੇ ਕੋਲੋਂ ਪੈਸੇ ਉਧਾਰ ਲੈ ਕੇ ਘਰ, ਬਿਲਡਿੰਗ ਸੁਸਾਇਟੀ ਰਾਹੀਂ ਮੋਰਡਗੇਜ਼ ਤੇ ਲੈ ਲਿਆ। ਇਹ ਵਲੈਤੀ ਲਏ ਘਰ ਕੇਹੜੇ ਸਾਡੇ ਆਪਣੇ ਹੁੰਦੇ ਆ, ਇਹ ਤਾਂ ਬੈਂਕਾਂ ਅਤੇ ਬਿਲਡਿੰਗ ਸੁਸਾਇਟੀਆਂ ਦੇ ਹੁੰਦੇ ਹਨ। ਜੇਹਨਾਂ ਤੋਂ ਮਹਿੰਗੇ ਸੂਦ ਤੇ 20-25 ਸਾਲ ਦਾ ਕਰਜ਼ਾ ਲਿਆ ਹੁੰਦਾ। ਅਗਰ ਮਹੀਨੇ ਦੀਆਂ ਕਿਸ਼ਤਾਂ ਟੁੱਟ ਜਾਣ ਤਾਂ ਕਰਜ਼ੇ ਵਾਲੇ ਘਰੋਂ ਬਾਹਰ ਤੁਰਦਾ ਕਰਕੇ ਘਰ ਆਪਣੇ ਕਬਜ਼ੇ 'ਚ ਲੈ ਲੈਂਦੇ ਹਨ। ਵਲੈਤੀ ਸਿਸਟਮ ਨੇ ਲੋਕਾਂ ਨੂੰ ਸਾਰੀ ਉਮਰ ਦਾ ਕਰਜਾਈ ਬਣਾ ਕੇ ਰੱਖ ਦਿਤਾ ਹੈ। ਇਸ ਤੋਂ ਬਿਨਾਂ ਪੰਜਾਬ ਭਾਰਤ ਬੈਠੇ ਰਿਸ਼ਤੇਦਾਰ "ਢਿੰਬਰੀ ਟੈਟ" ਕਰੀ ਰੱਖਦੇ ਆ ਕਿ" ਪੈਸੇ ਭੇਜੋ ਜ਼ਮੀਨ ਲੈਣੀ ਆ, ਟਰੈਕਟਰ ਲੈਣਾ ਆ, ਬੰਬੀ ਲੁਆਉਣੀ ਆ, ਸਕੂਟਰ, ਕਾਰ ਲੈਣੀ ਆ", ਉਹਨਾਂ ਨੂੰ ਇਉਂ ਲੱਗਦੈ ਕਿ ਵਲੈਤ 'ਚ ਬੇਸ਼ੁਮਾਰ ਪੌਂਡ ਕਮਾਏ ਜਾਂਦੇ ਆ ਅਤੇ ਉਹਨਾਂ ਦਾ ਖਰਚਾ ਕੋਈ ਨਹੀਂ ਅਗਰ ਹੈ ਤਾਂ ਸ਼ਾਇਦ ਉਹ ਰੁਪਈਆਂ 'ਚ ਹੈ। ਉਹ ਵਲੈਤੀ ਕਮਾਈ ਦਾ ਹਿਸਾਬ ਪੌਂਡਾਂ ਨੂੰ ਰੁਪਈਆਂ ਨਾਲ ਗੁਣਾਂ ਕਰਕੇ ਦੇਖਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਵਲੈਤ 'ਚ ਖਰਚਾ ਵੀ ਪੌਂਡਾਂ 'ਚ ਈ ਹੁੰਦੈ। ਇਹ ਦੁਖਾਂਤ ਬਲਜੀਤ ਅਤੇ ਹਰਜੋਤ ਦਾ ਵੀ ਸੀ। ਹਰਜੋਤ ਦੇ ਮਾਂ ਬਾਪ ਗਲ ਗੂਠਾ ਦੇਈ ਰੱਖਦੇ ਸਨ ਕਿ ਉਹ ਉਹਨਾਂ ਨੂੰ ਹਰ ਮਹੀਨੇ "ਬੱਝਵੀਂ ਤਨਖਾਹ" ਵਾਂਗ ਪੈਸੇ ਭੇਜੇ। ਹਰਜੋਤ ਦੇ ਵੱਡੇ ਭਰਾ ਨੇ ਆਪਣੇ ਮਾਂ ਬਾਪ ਨੂੰ ਪੈਸੇ ਭੇਜਣੇ ਘੱਟ ਕਰ ਦਿਤੇ ਸਨ ਕਿਉਂਕਿ ਉਹਦੇ ਆਪਣੇ ਖਰਚੇ, ਪਰਵਾਰ ਵੱਡਾ ਹੋਣ ਕਰਕੇ ਵੱਧ ਗਏ ਸਨ। ਮਾਂ ਬਾਪ ਉਹਦੀ ਹਾਲਤ ਨੂੰ ਸਮਝਣ ਦੀ ਬਜਾਏ, ਉਹਨੂੰ 'ਕਪੁੱਤ' ਕਹਿਣ ਲੱਗ ਪਏ ਸਨ। ਪਰ ਹਰਜੋਤ ਅਜੇ ਵੀ ਸ਼ਾਇਦ ਛੋਟਾ ਹੋਣ ਕਰਕੇ ਔਖਾ-ਸੌਖਾ ਕਦੇ-ਕਦੇ ਕੁੱਝ ਪੈਸੇ ਪਿੱਛੇ ਭੇਜ ਦਿੰਦਾ ਸੀ। ਇਸੇ ਕਰਕੇ ਉਹ ਅਜੇ "ਛਿੰਦਾ ਪੁੱਤ" ਬਣਿਆ ਹੋਇਆ ਸੀ।

ਬਲਜੀਤ ਨੂੰ ਫੈਕਟਰੀ ਵਿਚ ਜਾਨ ਤੋੜ ਕੰਮ ਤੋਂ ਬਾਦ ਘਰ ਦਾ ਕੰਮ ਵੀ ਕਰਨਾ ਪੈਂਦਾ। ਘਰ ਦੀ ਸਫਾਈ, ਕੱਪੜਿਆਂ ਦੀ ਧੁਲਾਈ, ਪਰੈਸ ਕਰਨਾ ਅਤੇ ਰੋਟੀ ਦਾਲ ਸਬਜ਼ੀ ਦੀ ਸਾਰੀ ਜ਼ੁੰਮੇਵਾਰੀ ਉਸ ਦੇ ਮੋਢਿਆ 'ਤੇ ਸੀ। ਕੰਮ ਤੋਂ ਆ ਕੇ ਹਰਜੋਤ ਪੱਬ ਚਲਾ ਜਾਂਦਾ ਜਾਂ ਘਰ ਬੀਅਰ ਦਾ ਡੱਬਾ ਖੋਹਲ ਕੇ ਟੀ. ਵੀ. ਮੂਹਰੇ ਬੈਠ ਜਾਂਦਾ ਪਰ ਬਲਜੀਤ ਦਾ ਕੰਮ ਕਦੇ ਖਤਮ ਹੋਣ 'ਚ ਨਾ ਆਉਂਦਾ। ਇਹਨਾਂ ਦਿਨਾਂ 'ਚ ਈ ਬਲਜੀਤ ਗਰਭਪਤੀ ਹੋ ਗਈ ਪਰ ਕੰਮ ਵਲੋਂ ਕਿਤੋਂ ਵੀ ਘਟਾ ਨਾ ਹੋਇਆ। ਬਲਜੀਤ ਨੇ ਜਦ ਆਪਣੀ ਪਹਿਲੀ ਬੱਚੀ ਨੂੰ ਜਨਮ ਦਿਤਾ ਤਾਂ ਹਰਜੋਤ ਦੀ ਮਰਦਾਵੀਂ ਸੋਚ ਨੇ ਬਿਲਕੁਲ ਖੁਸ਼ੀ ਨਾ ਮਨਾਈ। ਬਲਜੀਤ ਦਾ ਹੁਣ ਕੰਮ ਤੇ ਜਾਣਾ ਅਸੰਭਵ ਸੀ ਅਤੇ ਉਹਨੇ ਘਰ ਈ ਕਪੜੇ ਸੀਉਣ ਵਾਲੀ ਮਸ਼ੀਨ ਖਰੀਦ ਕੇ ਕੰਮ ਕਰਨਾ ਸ਼ੁਰੂ ਕਰ ਦਿਤਾ। ਬਲਜੀਤ ਜਦ ਕੰਮ 'ਚ ਮਾਹਿਰ ਹੋ ਗਈ ਤਾਂ ਹਰਜੋਤ ਨਾਲ ਸਲਾਹ ਕਰਕੇ ਉਹਨਾਂ ਕੰਮ ਵਧਾ ਲਿਆ। ਘਰ ਦੇ ਪਿਛਲੇ ਪਾਸੇ ਬਰਾਂਡਾ ਬਣਾ ਕੇ ਦੋ ਮਸ਼ੀਨਾਂ ਖਰੀਦ ਲਿਆਂਦੀਆਂ ਅਤੇ ਦੋ ਪੰਜਾਬੀ ਭੈਣਾਂ ਨੂੰ ਕੰਮ 'ਤੇ ਰੱਖ ਲਿਆ। ਹਰਜੋਤ ਪਹਿਲਾਂ ਪਹਿਲਾਂ ਤਾਂ ਕਿਸੇ "ਦੇਸੀ ਵਿਉਪਾਰੀ" ਤੋਂ ਕੰਮ ਦਾ ਆਰਡਰ ਲੈ ਕੇ ਕੰਮ ਕਰਦਾ ਸੀ। ਪਰ ਜਦ ਕੰਮ ਰਿੜ ਪਿਆ ਤਾਂ ਉਹਨੇ ਆਪਣਾ ਕੰਮ ਸ਼ੁਰੂ ਕਰ ਲਿਆ। ਫੈਕਟਰੀ 'ਚੋਂ ਹਟ ਕੇ ਹੁਣ ਹਰਜੋਤ ਅਤੇ ਬਲਜੀਤ ਨੇ ਆਪਣੇ ਘਰ ਈ ਕਪੜੇ ਸੀਉਣ ਦਾ

ਕੰਮ ਜ਼ੋਰਾਂ ਸ਼ੋਰਾਂ ਨਾਲ ਚਾਲੂ ਕਰ ਲਿਆ। ਹਰਜੋਤ ਹੁਣ ਸਿੱਧੀ ਗੱਲ ਵੇਅਰ ਹਾਊਸਾਂ ਨਾਲ ਕਰ ਰਿਹਾ ਸੀ ਅਤੇ ਉਹਨੂੰ ਕੰਮ ਵੀ ਵਾਹਵਾ ਮਿਲਣਾ ਸ਼ੁਰੂ ਹੋ ਗਿਆ ਸੀ। ਡੇਢ ਕੁ ਸਾਲ ਬਾਦ ਬਲਜੀਤ ਫਿਰ ਗਰਭਪਤੀ ਹੋ ਗਈ ਅਤੇ ਐਂਤਕੀ ਫਿਰ ਉਹਨੇ ਦੂਜੀ ਬੱਚੀ ਨੂੰ ਜਨਮ ਦਿੱਤਾ। ਹਰਜੋਤ ਦਾ ਮਨ ਫਿਰ ਮਸੋਸਿਆ ਗਿਆ। ਵੈਸੇ ਅਸੀਂ ਪੰਜਾਬੀ ਪਾਖੰਡੀ ਐਨੇ ਆਂ ਕਿ, "ਮਾਵਾਂ ਠੰਡੀਆਂ ਛਾਂਵਾ" ਦੀ ਮੁਹਾਰਨੀ ਗਾਉਂਦੇ ਸਾਹ ਨਹੀਂ ਲੈਂਦੇ ਅਤੇ ਮੁਸਲਮਾਨ ਕਹਿੰਦੇ ਆ ਕਿ, "ਜੱਨਤ ਮਾਂ ਦੇ ਕਦਮਾਂ 'ਚ ਹੈ। ਪਰ ਔਰਤ ਨੂੰ ਅਸੀਂ ਬਰਾਬਰੀ ਦਾ ਦਰਜਾ ਕਦੇ ਵੀ ਨਹੀਂ ਦਿਤਾ। ਸਮਾਜਿਕ ਸੋਚਣੀ ਅਤੇ ਕੁਰੀਤੀਆਂ ਨੂੰ ਬਦਲਣ ਦੀ ਬਜਾਏ ਅਸੀਂ ਇਹ ਤੇ ਵਾਰ ਵਾਰ ਦੋਹਰ ਪਾਈ ਜਾਂਦੇ ਆ। ਬਲਜੀਤ ਦੀ ਹਾਲਤ ਮਾੜੀ ਸੀ। ਹਰਜੋਤ ਉਹਨੂੰ ਗੱਲ-ਗੱਲ 'ਤੇ ਬੁਰਾ ਕਹਿਣ ਲੱਗ ਪਿਆ ਸੀ ਅਤੇ ਘਰ ਵਿਚ ਤਣਾਅ ਵੱਧ ਗਿਆ ਸੀ। ਬੱਚੀਆਂ ਦੀ ਦੇਖਭਾਲ ਅਤੇ ਘਰ 'ਚ ਵਧਾਏ ਕੱਪੜੇ ਸੀਉਣ ਦੇ ਕੰਮ ਨੇ ਸੁੱਧ ਬੁੱਧ ਭੁਲਾ ਦਿਤੀ ਸੀ। ਪਰ ਉਹਨੇ ਹੌਸਲਾ ਨਹੀਂ ਸੀ ਹਾਰਿਆ ਅਤੇ ਜ਼ਿੰਦਗੀ ਨੂੰ ਰੇੜ੍ਹੇ ਪਾਈ ਰੱਖਿਆ ਸੀ। ਹਰਜੋਤ ਨੇ ਹੁਣ ਸ਼ਰਾਬ ਜ਼ਿਆਦਾ ਈ ਪੀਣੀ ਸ਼ੁਰੂ ਕਰ ਦਿਤੀ ਸੀ। ਉਹਨੂੰ ਇਹ ਝੋਰਾ ਸੀ ਕਿ ਬਲਜੀਤ ਨੇ ਉਹਨੂੰ 'ਮੁੰਡਾ' ਪੈਦਾ ਕਰਕੇ ਨਹੀਂ ਸੀ ਦਿੱਤਾ। ਉਹ ਕੁਰੀਤੀਆਂ ਨਾਲ ਲੱਪੋ-ਲੱਪ ਭਰੇ ਸਮਾਜ 'ਚ ਆਪਣਾ ਨੱਕ ਵੱਢਿਆ ਮਹਿਸੂਸ ਕਰਦਾ ਸੀ। ਬਲਜੀਤ ਦੀ ਹਾਲਤ ਜ਼ਿਆਦਾ ਤਰਸਮਈ ਸੀ। ਅਗਰ ਉਹਦੇ ਵਸ ਹੁੰਦਾ ਤਾਂ ਉਹ ਵੀ ਸ਼ਿਵ ਜੀ ਦੀ ਪਾਰਵਤੀ ਵਾਂਗ ਮੈਲ ਦੇ ਪੂਤਲੇ ਦਾ ਉਹਨੂੰ ਮੁੰਡਾ ਬਣਾ ਕੇ ਦੇ ਦਿੰਦੀ। ਇਹ ਗੱਲ ਨਾ ਤਾਂ ਸ਼ਿਵ ਜੀ ਅਤੇ ਪਾਰਵਤੀ ਦੀ ਮਿਥਹਾਸਿਕ ਕਹਾਣੀ 'ਚ ਕਦੇ ਸੱਚ ਸੀ ਅਤੇ ਨਾ ਹੀ ਅੱਜ ਅਤੇ ਕਲ ਦੇ ਜ਼ਮਾਨੇ 'ਚ ਸੱਚ ਹੋਣੀ ਸੀ।

ਹਰਜੋਤ ਅਤੇ ਬਲਜੀਤ ਨੂੰ ਆਪਣੇ ਕਪੜੇ ਸੀਉਣ ਦੇ ਵਿਉਪਰ ਤੋਂ ਤਸੱਲੀ ਸੀ ਅਤੇ ਉਹਨਾਂ ਕੋਲ ਛੇ ਔਰਤਾਂ ਕੰਮ ਕਰਦੀਆਂ ਸਨ। ਘਰ 'ਚ ਮਾਹੌਲ ਗਾਲੀ ਗਲੋਚ ਅਤੇ ਧੌਲ ਧੱਫੇ ਵਾਲਾ ਸੀ ਪਰ ਬਲਜੀਤ ਇਹ ਸਭ ਦੁੱਖ ਜਰ ਰਹੀ ਸੀ। ਉਹਨੂੰ ਇਹ ਸਮਝ ਨਹੀਂ ਸੀ ਲੱਗ ਰਹੀ ਕਿ, 'ਉਹ ਹਰਜੋਤ ਨੂੰ ਮਿੱਟੀ ਦੇ ਬਾਵੇ 'ਚ ਜਾਨ ਪਾ ਕੇ ਕਿਵੇਂ ਦੇ ਦੇਵੇ।" ਇਸ ਉਧੇੜ ਬੁਣ 'ਚ ਜਦ ਛੋਟੀ ਬੱਚੀ ਡੇਢ ਕੁ ਸਾਲ ਦੀ ਹੋਈ ਤਾਂ ਬਲਜੀਤ ਫਿਰ ਗਰਭਪਤੀ ਹੋ ਗਈ। ਐਂਤਕੀ ਬਲਜੀਤ ਦੇ ਭਾਗ ਖੁੱਲ੍ਹ ਗਏ ਸਨ ਅਤੇ ਉਹਨੇ ਹਰਜੋਤ ਦੀ ਝੋਲੀ "ਕਾਕਾ" ਪਾ ਦਿੱਤਾ। ਹਰਜੋਤ ਨੇ ਲੜਕੇ ਦੇ ਜਨਮ ਦਿਨ ਤੇ ਪਾਰਟੀਆਂ ਕੀਤੀਆਂ, ਅਖੰਡ ਪਾਠ ਰਖਾਇਆ ਅਤੇ ਲੱਡੂ ਵੰਡੇ। ਬਲਜੀਤ ਦੀ ਵੀ ਭੋਰਾ ਕੁ ਕਦਰ ਵੱਧ ਗਈ ਸੀ ਅਤੇ ਉਹ ਵੀ ਆਪਣੇ ਨਵੇਂ ਜੰਮੇ ਪੁੱਤ ਦੀ ਗੱਲ੍ਹ ਤੇ ਕਾਲਖ ਦਾ ਟਿੱਕਾ ਲਾ ਕੇ ਰੱਖਦੀ ਮਤੇ ਉਹਦੇ ਸੁੱਖਾਂ ਲੱਧੇ ਨੂੰ ਕਿਸੇ ਦੀ ਨਜ਼ਰ ਲੱਗ ਜਾਵੇ। ਬੱਚੇ ਹੁਣੇ ਵੱਡੇ ਹੋ ਰਹੇ ਸਨ ਪਰ ਹਰਜੋਤ ਦੀ ਦਾਰੂ ਨਾਲ ਗੁੱਟ ਹੋਣ ਦੀ ਆਦਤ ਘਟਣ ਦੀ ਬਜਾਏ ਵੱਧ ਤਾਂ ਗਈ ਹੀ ਸੀ ਸਗੋਂ ਪੱਕੀ ਵੀ ਹੋ ਗਈ ਸੀ। ਉਹ ਹਰ ਰੋਜ਼ ਬੀਅਰ ਤੋਂ ਬਿਨਾਂ ਵਿਸਕੀ ਦੇ ਵੀ ਦੋ ਘੁੱਟ ਲਾਉਂਦਾ ਅਤੇ ਬਲਜੀਤ ਨਾਲ ਆਢਾ ਲਾਈ ਰੱਖਦਾ। ਕੰਮ ਵਧਣ ਨਾਲ ਤਣਾਅ ਵੀ ਵੱਧ ਗਿਆ ਸੀ ਅਤੇ ਉਹ ਇਸ ਤਣਾਅ ਨੂੰ ਸ਼ਰਾਬ 'ਚ ਡੋਬ ਕੇ ਤਾਰਨਾ ਚਾਹੁੰਦਾ ਸੀ। ਪਰ ਬਲਜੀਤ ਨੂੰ ਸਮਾਜਿਕ ਬਲਗਣਾਂ ਸ਼ਰਾਬ ਵੀ ਨਹੀਂ ਸੀ ਪੀਣ ਦਿੰਦੀਆਂ ਕਿਉਂਕਿ ਇਦੇ ਤੇ ਵੀ ਮਰਦਾਂ ਦੀ ਹੀ ਸਰਦਾਰੀ ਹੈ। ਮਰਦਾਂ ਨੂੰ ਲਗਦੈ ਕਿ "ਔਰਤਾਂ ਨੂੰ ਤਣਾਅ

ਨਹੀਂ ਹੁੰਦੈ। ਸੋਮਰਸ ਸਿਗਰਟਾਂ ਅਤੇ ਡੱਰਗਜ਼ ਸਿਰਫ ਉਹਨਾਂ ਦੀ ਈ ਖੁਰਾਕ ਆ। ਅਗਰ ਔਰਤਾਂ ਇਹਨਾਂ "ਕੁਲੱਛਣੀਆਂ" ਨੂੰ ਮੂੰਹ ਮਾਰ ਲੈਣ ਤਾਂ ਉਹ ਭਿੱਟੀਆਂ ਜਾਂਣਗੀਆਂ। ਉਹਨਾਂ ਦਾ ਰੁਤਬਾ ਘੱਟ ਜਾਵੇਗਾ। ਉਹਨਾਂ ਨੂੰ ਲੁੱਚੀਆਂ, ਬਦਮਾਸ਼ ਅਤੇ ਚਗਲਾਂ ਦਾ ਖਿਤਾਬ ਦਿੱਤਾ ਜਾ ਸਕਦੈ। ਇਹ ਦੂਹਰੇ ਮਾਪਦੰਡ ਸਿਰਫ ਏਸ਼ੀਅਨ ਸਮਾਜ 'ਤੇ ਹੀ ਲਾਗੂ ਹੁੰਦੇ ਆ ਵਲੈਤੀ ਸਮਾਜ 'ਚ ਨਹੀਂ ਜਿਥੇ ਇਹ ਏਸ਼ੀਅਨ ਕਈ ਸਾਲਾਂ ਤੋਂ ਜੀਵਨ ਗੁਜਰ ਕਰ ਰਹੇ ਹਨ। ਗੋਰੇ ਗੋਰੀਆਂ ਤੋਂ ਚੰਗੀਆਂ ਆਦਤਾਂ ਗ੍ਰਹਿਣ ਕਰਨ ਦੀ ਬਜਾਏ ਬਹੁਤੇ ਏਸ਼ੀਅਨਾਂ ਆਪਣੀਆਂ ਮੁਸ਼ਕ ਮਾਰਦੀਆਂ ਰਵਾਇਤਾਂ ਨੂੰ ਤਿਲਾਂਜਲੀ ਨਹੀਂ ਦਿਤੀ ਸਗੋਂ ਪੱਕਿਆਂ ਕੀਤਾ ਹੈ। ਇਸੇ ਕਰਕੇ ਜਾਤ-ਪਾਤ, ਸਿਰਫ ਮੁੰਡੇ ਜੰਮਣ ਤੇ ਪਾਰਟੀਆਂ, ਦਾਜ, ਗਹਿਣੇ, ਦਿਖਾਵਾ ਬਾਜ਼ੀ ਅਤੇ ਵਹਿਮਾਂ ਭਰਮਾਂ ਦੀ ਜਕੜ ਵਲੈਤ 'ਚ ਵਧੀ ਹੈ ਘਟੀ ਬਿਲਕੁਲ ਨਹੀਂ ਅਤੇ ਇਸੇ ਲੈਂਜ ਦੇ ਸ਼ਿਕਾਰ ਬਲਜੀਤ ਅਤੇ ਹਰਜੋਤ ਵੀ ਸਨ।

ਬਲਜੀਤ ਦੇ ਕਾਕੇ ਦੇ ਚਾਵਾਂ ਮਲਾਰਾਂ 'ਚ ਸਾਲ ਕੁ ਤਾਂ ਵਾਹਵਾ ਬੀਤ ਗਿਆ ਪਰ ਫਿਰ ਗੱਡੀ ਪੁਰਾਣੀ ਲੀਹ ਤੇ ਤੁਰ ਪਈ। ਹਰਜੋਤ ਉਹਨੂੰ ਗੱਲ ਗੱਲ ਤੇ ਬੱਚੀਆਂ ਜੰਮਣ ਦੇ ਮੇਹਣੇ ਦਿੰਦਾ ਅਤੇ ਸ਼ਰਾਬ 'ਚ ਟੱਲੀ ਹੋ ਕੇ ਨਿੱਕੀ ਨਿੱਕੀ ਗੱਲ ਤੇ ਕੁੱਟ ਮਾਰ ਛੱਡਦਾ। ਹਰਜੋਤ ਨੂੰ ਇਉਂ ਲੱਗ ਰਿਹਾ ਸੀ ਕਿ "ਬਲਜੀਤ ਨੇ ਦੋ ਬੱਚੀਆਂ ਨੂੰ ਜਨਮ ਦੇ ਕੇ ਉਹਦੀ ਪੈਂਠ ਮਾਰ ਦਿਤੀ ਆ।" ਦੋ ਭੈਣਾਂ ਦਾ ਛੋਟਾ ਵੀਰ ਜਦ ਪੰਜ ਕੁ ਸਾਲ ਦਾ ਹੋਇਆ ਤਾਂ ਬਲਜੀਤ ਇਸ ਰੋਜ਼-ਰੋਜ਼ ਦੇ ਪਿੱਟ ਸਿਆਪੇ ਤੋਂ ਤੰਗ ਆ ਗਈ ਸੀ। ਇਕ ਦਿਨ ਦਾਰੂ 'ਚ ਗੁੱਟ ਹੋ ਕੇ ਜਦ ਹਰਜੋਤ ਨੇ ਬਲਜੀਤ ਨੂੰ ਬਹੁਤ ਮਾਰਿਆ ਤਾਂ ਉਹ ਤਿੰਨੇ ਨਿਆਣੇ ਲੈ ਕੇ ਆਪਣੇ ਜੇਠ ਦੇ ਘਰ ਗੁਆਂਢ ਸ਼ਹਿਰ ਚਲੀ ਗਈ। ਹਰਜੋਤ ਨੂੰ ਜਦੋਂ ਸੁਰਤ ਆਈ ਤਾਂ ਆਪਣਾ ਝੁੱਗਾ ਚੌੜ ਹੋਇਆ ਦੇਖ ਹੱਥਾਂ ਪੈਰਾਂ ਦੀ ਪੈ ਗਈ। ਉਹਦੀ ਸੋਚ ਦੀ ਸੂਈ ਵੱਡੇ ਭਰਾ ਵੱਲ ਈ ਸਿੱਧੀ ਹੋਈ। ਭਰਾ ਦੇ ਘਰ ਜਾ ਕੇ ਮੁਆਫੀਆਂ ਮੰਗਣ ਲੱਗ ਪਿਆ ਅਤੇ ਆਪਣੇ ਕਾਕੇ ਨਾਲ ਜ਼ਿਆਦਾ ਤਿਹੁ ਦਿਖਾਉਂਦਾ ਹੋਇਆ ਉਹਨੂੰ ਨਾਲ ਲੈ ਆਇਆ। ਹਰਜੋਤ ਸੋਚਿਆ ਸੀ ਕਿ, "ਜਦ ਗਾਂ ਦਾ ਵੱਛਾ ਲੈ ਆਵੋ ਤਾਂ ਗਾਂ ਆਪੇ ਮਗਰ ਮਗਰ ਅੜਾਟ ਪਾਉਂਦੀ ਆਵੇਗੀ।" ਪਰ ਗੱਲ ਇਸ ਤਰ੍ਹਾਂ ਬਣੀ ਨਾਂ। ਬਲਜੀਤ ਨੇ ਸੋਸ਼ਲ ਸਰਵਿਸਜ਼ ਦੇ ਦਫਤਰ ਜਾ ਫਰਿਆਦ ਕੀਤੀ ਕਿ, "ਉਹਦੇ ਨਾਲ ਕਈ ਸਾਲਾਂ ਤੋਂ ਕੁੱਤੇਖਾਣੀ ਹੁੰਦੀ ਆ ਅਤੇ ਹੁਣ ਉਹਦਾ ਆਦਮੀ ਉਹਦਾ ਮੁੰਡਾ ਆਪਣੇ ਨਾਲ ਲੈ ਗਿਆ।" ਸੋਸ਼ਲ ਸਰਵਿਸਜ਼ ਦਾ ਮਹਿਕਮਾ ਫੌਰਨ ਫੁਰਤੀ 'ਚ ਆ ਗਿਆ। ਬੱਚਿਆਂ ਦਾ ਮੁਆਮਲਾ ਹੋਣ ਕਰਕੇ ਕੇਸ ਨੂੰ ਝੱਟ ਇਕ ਗੋਰੀ ਸੋਸ਼ਲਵਰਕਰ ਦੇ ਹਵਾਲੇ ਕਰ ਦਿੱਤਾ। ਗੋਰੀ ਸੋਸ਼ਲਵਰਕਰ ਜਦੋਂ ਹਰਜੋਤ ਨਾਲ ਸੰਪਰਕ ਕੀਤਾ ਤਾਂ ਹਰਜੋਤ ਨੇ ਕਹਾਣੀ ਬੁਣ ਲਈ ਕਿ, "ਬਲਜੀਤ ਦਾ ਦਿਮਾਗ ਠੀਕ ਨਹੀਂ, ਅਤੇ ਉਹ ਬੱਚਿਆਂ ਤੇ ਐਂਵੇ ਈ ਦੇਸੀ ਸੱਭਿਆਚਾਰ ਦੀਆਂ ਕਦਰਾਂ ਕੀਮਤਾਂ ਠੋਕਦੀ ਰਹਿੰਦੀ ਆ। ਮੈਂ ਬੱਚਿਆਂ ਦੀ ਪੜ੍ਹਾਈ ਖਰਾਬ ਨਹੀਂ ਕਰਨਾ ਚਾਹੁੰਦੈ। ਮੁੰਡੇ ਨੂੰ ਤਾਂ ਮੈਂ ਨਾਲ ਲੈ ਆਇਆ ਸੀ ਪਰ ਮੈਨੂੰ ਆਪਣੀਆਂ ਦੋਵਾਂ ਬੱਚੀਆਂ ਦੀ ਪੜ੍ਹਾਈ ਦਾ ਵੀ ਫਿਕਰ ਆ। ਬਲਜੀਤ ਤਾਂ ਉਹਨਾਂ ਨੂੰ ਵਲੈਤ 'ਚ ਵੀ 'ਦੇਸੀ ਪੰਜਾਬਣਾ" ਬਣਾਉਣਾ ਚਾਹੁੰਦੀ ਆ।" ਗੋਰੀ ਸੋਸ਼ਲਵਰਕਰ ਨੇ ਇਕ "ਦੁਭਾਸ਼ੀਆ ਬੀਬੀ" ਰਾਹੀਂ ਬਲਜੀਤ ਨੂੰ ਮਿਲ ਕੇ ਆਪਣੀ ਈ ਹਿਸਾਬ ਦੀ

"ਵਿਲਫੇਅਰ ਰੀਪੋਰਟ" ਤਿਆਰ ਕਰ ਲਈ। ਹਰਜੋਤ ਨੇ ਗੋਰੀ ਸੋਸ਼ਲਵਰਕਰ ਨੂੰ ਇਹ ਦਿਖਾ ਦਿੱਤਾ ਕਿ, "ਉਹਦੀ ਗਰਲਫਰੈਂਡ ਉਹਦੇ ਬੱਚਿਆਂ ਦੀ ਦੇਖਭਾਲ ਕਰਨ ਲਈ ਤਿਆਰ ਆ ਅਤੇ ਤਿੰਨੋ ਬੱਚੇ ਉਹਨੂੰ ਮਿਲਣੇ ਚਾਹੀਦੇ ਆ।" ਹਰਜੋਤ ਨੇ ਚੁਸਤੀ ਇਹ ਕੀਤੀ ਕਿ ਇੱਕ ਉਹਦੇ ਕੰਮ ਕਰਦੀ 'ਚਾਲੂ ਜੇਹੀ ਗਸ਼ਤੀ ਬੀਬੀ" ਨੂੰ ਸਿਖਾ ਕੇ ਗੋਰੀ ਸੋਸ਼ਲਵਰਕਰ ਦੇ ਸਾਹਮਣੇ ਕਰ ਦਿੱਤਾ ਕਿ ਉਹ ਉਹਦੀ ਗਰਲਫਰੈਂਡ ਆ। ਗੋਰੀ ਸੋਸ਼ਲਵਰਕਰ ਸਭ ਕੁਝ ਮੰਨ ਗਈ ਅਤੇ ਉਹਨੇ ਆਪਣੀ ਰਿਪੋਰਟ ਵਿਚ ਇਹ ਲਿਖ ਦਿੱਤਾ ਕਿ "ਬੱਚਿਆਂ ਦੀ ਭਲਾਈ ਇਸੇ ਵਿਚ ਈ ਆ ਕਿ ਉਹ ਆਪਣੇ ਬਾਪ ਕੋਲ ਰਹਿਣ। ਨਾਲੇ ਇਹ ਵੀ ਗੱਲ ਆ ਕੇ ਬੱਚੇ ਸਕੂਲ ਮਿਸ ਕਰ ਰਹੇ ਆ ਅਤੇ ਉਹਨਾਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ।" ਵੈਸੇ ਗਸ਼ਤੀ ਬੀਬੀ ਨਾਲ ਹਰਜੋਤ ਦੇ ਸਬੰਧ ਹੈ ਵੀ ਸਨ।

ਗੋਰੇ ਜੱਜ ਕੋਲ ਕੇਸ ਗਿਆ ਤਾਂ ਉਹਨੇ ਗੋਰੀ ਸੋਸ਼ਲਵਰਕਰ ਦੀ ਰੀਪੋਰਟ 'ਤੇ ਸਹੀ ਪਾ ਕੇ ਠੱਪਾ ਲਾ ਦਿੱਤਾ। ਤਿੰਨੇ ਬੱਚੇ ਹਰਜੋਤ ਨੂੰ ਮਿਲ ਗਏ ਅਤੇ ਬਲਜੀਤ ਸਿਰ ਪਿੱਟਦੀ ਰਹਿ ਗਈ। ਬਲਜੀਤ ਹੁਣ ਬੱਚਿਆਂ ਨੂੰ ਹਫ਼ਤੇ 'ਚ ਸਿਰਫ ਇਕ ਵਾਰ ਈ ਗੋਰੀ ਸੋਸ਼ਲਵਰਕਰ ਦੀ ਮੌਜੂਦਗੀ 'ਚ ਮਿਲ ਸਕਦੀ ਸੀ। ਹਰਜੋਤ ਨੇ ਤਲਾਕ ਦੇ ਲਈ ਅਰਜ਼ੀ ਦੇ ਦਿੱਤੀ ਕਿ ਬਲਜੀਤ ਦਾ ਵਰਤਾਵ ਠੀਕ ਨਹੀਂ ਅਤੇ ਉਹ ਘੋਰ ਉਦਾਸੀ ਦੀ ਸ਼ਿਕਾਰ ਆ। ਇਸੇ ਕਰਕੇ ਉਹ ਬੱਚਿਆਂ ਅਤੇ ਮੇਰੇ ਲਈ ਖਤਰਨਾਕ ਹੈ। ਇਸ ਤੋਂ ਬਿਨਾਂ ਸਭ ਤੋਂ ਮਾੜੀ ਗੱਲ ਇਹ ਆ ਕਿ ਬਲਜੀਤ ਨੇ ਵਲੈਤ ਰਹਿ ਕੇ ਵੀ ਵਲੈਤੀ ਤੌਰ ਤਰੀਕੇ ਨਹੀਂ ਸਿੱਖੇ ਅਤੇ ਉਹ ਅਜੇ ਵੀ ਪੰਜਾਬ 'ਚ ਬੈਠੀ ਲੱਗਦੀ ਆ ਅਤੇ ਇਹ ਗੱਲ ਬੱਚਿਆਂ ਦੀ ਪਰਵਰਿਸ਼ ਦੇ ਖਿਲਾਫ ਹੋ ਨਿਬੜਦੀ ਆ। ਗੋਰੇ ਜੱਜ ਨੇ ਸੋਸ਼ਲਵਰਕਰ ਦੀ ਆਖਰੀ ਤਿਆਰ ਕੀਤੀ ਰਿਪੋਰਟ ਦੇਖੀ ਜਿਹਦੇ ਵਿਚ ਬਹੁਤੀਆਂ ਹਰਜੋਤ ਵਾਲੀਆਂ ਈ ਦਲੀਲਾਂ ਦਿੱਤੀਆਂ ਹੋਈਆਂ ਸਨ। ਜੱਜ ਨੇ ਬੱਚਿਆਂ ਦੀ ਹਿਫਾਜਤ ਨੂੰ ਦੇਖ ਕੇ ਤਲਾਕ ਲਈ ਇਕ ਮਿੰਟ ਵੀ ਨਾ ਲਾਇਆ। ਇਕ ਕਿਰਾਏ ਦੇ ਮਕਾਨ ਵਿਚ ਰਹਿੰਦੀ ਬਲਜੀਤ ਪਹਿਲਾਂ ਤਾਂ ਪਾਗਲ ਨਹੀਂ ਸੀ ਪਰ ਜੋ ਕੁਝ ਉਹਦੇ ਨਾਲ ਹੋਇਆ ਸੀ ਇਸ ਸਾਰੇ ਨੇ ਉਹਨੂੰ ਨੀਮ-ਪਾਗਲ ਜ਼ਰੂਰ ਬਣਾ ਦਿੱਤਾ ਸੀ। ਗੋਰੀ ਸੋਸ਼ਲਵਰਕਰ ਦੀ ਸੱਭਿਆਚਾਰਕ ਨਾਸਮਝੀ ਅਤੇ ਨਸਲਵਾਦ ਦੇ ਜਰਾਸੀਮਾਂ ਬਲਜੀਤ ਦੀ ਦੁਨੀਆ ਉਜਾੜ ਦਿੱਤੀ ਸੀ। ਉਹ ਮਾਰੀ-ਮਾਰੀ ਲੋਕਾਂ ਕੋਲ ਫਿਰਦੀ, ਫਰਿਆਦਾਂ ਕਰ ਰਹੀ ਸੀ ਪਰ ਉਹਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ।

ਮੈਂ ਉਸ ਵੇਲੇ ਅਜੇ ਨਵਾਂ ਨਵਾਂ ਕੁਆਲੀਫਾਈਡ ਹੋ ਕੇ ਸੋਸ਼ਲ ਵਰਕਰ ਬਣਿਆ ਸੀ ਤਾਂ ਇਕ ਜਾਣੂੰ ਨੇ ਕਿਹਾ, "ਦੇਖ ਲੈ ਅਗਰ ਤੂੰ ਕੁਝ ਇਸ ਧੱਕੇ ਬਾਰੇ ਕਰ ਸਕਦੈਂ।" ਮੈਂ ਇਹ ਰੀਪੋਰਟ ਆਪਣੀ ਇਕ ਸੀਨੀਅਰ ਕਾਲੀ ਅਫਸਰ ਨੂੰ ਦਿੱਤੀ ਜੇਹਨੇ ਵਾਅਦਾ ਕੀਤਾ ਕਿ, ਉਹ ਇਸ ਬਾਰੇ ਪੁੱਛ ਪੜਤਾਲ ਕਰਕੇ ਅਪੀਲ ਕਰਵਾਏਗੀ ਤਾਂ ਕਿ ਬੱਚੇ ਬਲਜੀਤ ਨੂੰ ਮਿਲ ਸਕਣ।" ਮੈਂ ਉਹਦੇ ਭਰੋਸੇ ਤੇ ਸੀ ਕਿਉਂਕਿ ਮੈਂ ਇਸ ਵਕਤ ਕੁਝ ਨਹੀਂ ਸੀ ਕਰ ਸਕਦਾ। ਚਾਰ ਕੁ ਹਫਤਿਆਂ ਬਾਦ ਜਦ ਮੈਂ ਕਾਲੀ ਅਫਸਰ ਦੇ ਦਫਤਰ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਹ ਨੌਕਰੀ ਛੱਡ ਕੇ ਚਲੀ ਗਈ ਆ। ਇਸ ਕੇਸ ਬਾਰੇ ਕੁੱਝ ਨਾ ਕਰ ਸਕਣ ਦੀ ਮਜ਼ਬੂਰੀ ਦੀ ਮੈਨੂੰ ਅੱਜ ਤੱਕ ਨਮੋਸ਼ੀ ਹੈ।

# ਹਰਮੀਤ

ਛਿਆਲੀ ਸਾਲਾ ਹਰਮੀਤ ਨੂੰ ਇੰਗਲੈਂਡ ਆਇਆਂ ਵੀਹ ਸਾਲ ਤੋਂ ਉੱਪਰ ਹੋ ਗਏ ਸਨ। ਵੀਹ ਸਾਲ ਪਹਿਲਾਂ ਹਰਮੀਤ ਇੰਡਿਆ ਇਕ ਸਕੂਲ ਵਿਚ ਪੜ੍ਹਾਉਂਦੀ ਸੀ ਅਤੇ ਪੜ੍ਹਾਉਣ ਤੋਂ ਪਹਿਲਾਂ ਉਹਨੇ ਐਮ. ਏ. ਬੀ ਐੱਡ ਕਰ ਲਈ ਸੀ। ਗੁਰਮੇਲ ਜਦ ਇੰਡਿਆ ਵਿਆਹ ਕਰਾਉਣ ਗਿਆ ਤਾਂ ਉਹਦੀ ਉਮਰ ਤੀਹ ਸਾਲ ਹੋ ਚੁੱਕੀ ਸੀ, ਗੁਰਮੇਲ ਤਾਂ ਇੰਗਲੈਂਡ ਦਸਵੀਂ ਪਾਸ ਕਰਨ ਤੋਂ ਬਾਦ ਈ ਆ ਗਿਆ ਸੀ। ਇੰਗਲੈਂਡ ਆ ਕੇ ਉਹਨੇ ਇਕ ਸਟੀਲ ਫੈਕਟਰੀ ਵਿਚ ਕੰਮ ਲੱਭ ਲਿਆ ਸੀ ਅਤੇ ਹੁਣ ਤੱਕ ਉਹ ਉਸੇ ਈ ਫੈਕਟਰੀ ਵਿਚ ਕੰਮ ਕਰਦਾ ਆ ਰਿਹਾ ਸੀ। ਗੁਰਮੇਲ ਮਸਤਾਨਾ ਕਿਸਮ ਦਾ ਬੰਦਾ ਸੀ ਅਤੇ ਦਾਰੂ ਬੱਤੇ ਤੋਂ ਬਿਨਾਂ ਗੋਰੀਆਂ ਵੱਲ ਵੀ ਮੂੰਹ ਮਾਰ ਆਉਂਦਾ ਸੀ।

ਵਿਆਹ ਤੋਂ ਬਾਦ ਹਰਮੀਤ ਦੇ ਦੋ ਬੱਚੇ ਹੋਏ ਇਕ ਲੜਕਾ ਅਤੇ ਲੜਕੀ। ਲੜਕਾ ਹੁਣ ਉੱਨ੍ਹੀ ਅਤੇ ਲੜਕੀ 18 ਵਰ੍ਹਿਆਂ ਦੀ ਸੀ। ਬੱਚਿਆਂ ਵੱਲੋਂ ਦੋਵੇਂ ਤੀਵੀਂ ਆਦਮੀ ਨੇ ਸੰਜਮ ਈ ਕੀਤਾ ਸੀ। ਜਦ ਬੱਚੇ ਛੋਟੇ ਸਨ ਤਾਂ ਹਰਮੀਤ ਨੇ ਇੰਗਲੈਂਡ 'ਚ ਆ ਕੇ ਕੋਈ ਕੰਮ ਨਹੀਂ ਸੀ ਕੀਤਾ ਪਰ ਜਦ ਬੱਚੇ ਸਕੂਲ ਜਾਣ ਲੱਗ ਪਏ ਤਾਂ ਹਰਮੀਤ ਨੇ ਇਕ ਦੇਸੀ ਕੱਪੜੇ ਸੀਉਣ ਵਾਲੀ ਫੈਕਟਰੀ 'ਚ ਕੰਮ ਲੱਭ ਲਿਆ ਸੀ। ਹਰਮੀਤ ਦਾ ਮਨ ਤਾਂ ਕਰਦਾ ਸੀ ਕਿ ਉਹ ਇੰਗਲੈਂਡ 'ਚ ਅਗਾਂਹ ਪੜ੍ਹਾਈ ਕਰੇ ਅਤੇ ਫਿਰ ਕਿਸੇ ਸਕੂਲ 'ਚ ਪੜ੍ਹਾਉਣ ਲੱਗ ਜਾਏ। ਪਰ ਉਹਨੂੰ ਇਸ ਰਾਹੇ ਪਾਉਣ ਵਾਲਾ ਉਹਨਾਂ ਦਾ ਕੋਈ ਵਾਕਿਫ ਨਹੀਂ ਸੀ। ਫਿਰ ਵੀ ਆਪਣੇ ਮਨ ਦੀ ਤਸੱਲੀ ਲਈ ਉਹਨੇ ਗੁਰਦੁਆਰੇ ਸ਼ਨਿੱਚਰ ਅਤੇ ਐਤਵਾਰ ਨੂੰ ਦੋ ਘੰਟਿਆਂ ਲਈ ਪੰਜਾਬੀ ਦੀਆਂ ਕਲਾਸਾਂ ਸ਼ੁਰੂ ਕਰ ਲਈਆਂ ਸਨ। ਪੰਜਾਬੀ ਦੀਆਂ ਕਲਾਸਾਂ ਵਿਚ ਉਹ ਆਪਣੇ ਬੱਚਿਆਂ ਨੂੰ ਨਾਲ ਲੈ ਕੇ ਜਾਂਦੀ ਸੀ ਅਤੇ ਇਸ ਬਾਰੇ ਗੁਰਮੇਲ ਨੂੰ ਕੋਈ ਵੀ ਇਤਰਾਜ਼ ਨਹੀਂ ਸੀ। ਹਰਮੀਤ ਨੂੰ ਸੀ ਕਿ ਉਹਦੇ ਬੱਚੇ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ। ਇਹਨਾਂ ਗੱਲਾਂ ਬਾਰੇ ਹਰਮੀਤ ਬਾਕੀ ਮਾਪਿਆਂ ਨੂੰ ਵੀ ਸਲਾਹਾਂ ਦਿੰਦੀ ਰਹਿੰਦੀ ਸੀ। ਲਾਡਾਂ ਅਤੇ ਚਾਵਾਂ ਨਾਲ ਪਲੀ ਹਰਮੀਤ ਨੇ ਆਪਣੇ ਬੱਚਿਆਂ ਨੂੰ ਭਰਪੂਰ ਪਿਆਰ ਦਿੱਤਾ ਸੀ। ਉਹ ਆਪਣਾ ਭਵਿੱਖ ਬੱਚਿਆਂ ਵਿਚ ਦੇਖ ਰਹੀ ਸੀ ਕਿ ਜੇਕਰ ਉਹ ਇੰਗਲੈਂਡ ਆ ਕੇ ਆਪ ਕੋਈ ਚੱਜ ਦੀ ਨੌਕਰੀ ਨਹੀਂ ਕਰ ਸਕੀ ਤਾਂ ਘੱਟੋ ਘੱਟ ਉਹਦੇ ਬੱਚੇ ਦੱਬ ਕੇ ਪੜ੍ਹ ਕੇ ਵਧੀਆ ਨੌਕਰੀ ਕਰਨ। ਪਰ ਸਾਡੀਆਂ ਰੀਝਾਂ ਅਤੇ ਅਰਮਾਨ ਸਦਾ ਸਾਡੀ ਕਸਵੱਟੀ ਤੇ ਨਹੀਂ ਉਤਰਦੇ ਮੁੰਡਾ ਖਿੱਚ ਧੂਹ ਕੇ ਮਸੀਂ ਜੀ. ਸੀ. ਐਸ. ਈ. ਕਰ ਸਕਿਆ ਅਤੇ ਚੰਗੇ ਗਰੇਡ ਨਾਂ ਆਉਣ ਕਰਕੇ ਹੁਣ ਐੱਨ. ਵੀ.

ਕਿਊ ਕਿਸੇ ਕੌਲਿਜ਼ ਵਿਚ ਕਰ ਰਿਹਾ ਸੀ। ਮੁੰਡੇ ਨੇ ਇਕ ਗੋਰੀ ਨਾਲ ਪੇਚਾ ਪਾ ਲਿਆ ਸੀ ਅਤੇ ਬਹੁਤਾ ਸਮਾਂ ਘਰੋਂ ਬਾਹਰ ਈ ਰਹਿੰਦਾ ਸੀ। ਜਦੋਂ ਦਿਲ ਕਰਦਾ ਹਨੇਰੇ ਸਨੇਰੇ ਘਰ ਆ ਜਾਂਦਾ। ਮਾਂ ਦੇ ਪੁੱਛਣ 'ਤੇ ਉਹ ਸਦਾ ਬਹਿਸ ਕਰਦਾ ਅਤੇ ਮਾਂ ਨੂੰ ਟਿੱਚ ਕਰਕੇ ਜਾਣਦਾ, ਹੁਣ ਇਹ ਹੀ ਹਾਲ ਉਹਦੀ ਕੁੜੀ ਦਾ ਸੀ। ਉਹਨੇ ਵੀ ਆਪਣੇ ਭਰਾ ਵਾਂਗ ਹੀ ਪੜ੍ਹਾਈ ਵਿਚ ਚੰਦ ਚਾੜਿਆ ਸੀ ਅਤੇ ਹਰਮੀਤ ਨੂੰ ਕਿਤੋਂ ਕਨਸੋਅ ਪਈ ਸੀ ਕਿ ਉਹ ਕੋਈ ਗੋਰਾ ਬੁਆਏਫਰੈਂਡ ਲਈ ਫਿਰਦੀ ਆ। ਹਰਮੀਤ ਦੀ ਉਹ ਵੀ ਕੋਈ ਨਾ ਪ੍ਰਵਾਹ ਕਰਦੀ। ਜਦ ਵੀ ਹਰਮੀਤ ਉਹਦੇ ਨਾਲ ਕੋਈ ਗੱਲ ਕਰਦੀ ਉਹ ਮੂਹਰਿਓਂ ਝਈਆਂ ਲੈ ਕੇ ਪੈਂਦੀ ਅਤੇ ਹੁਣ ਹਾਲਾਤ ਇਹ ਹੋ ਗਏ ਸਨ ਕਿ ਹਰਮੀਤ ਦੀ ਆਪਣੀ ਕੁੜੀ ਨਾਲ ਪਿਛਲੇ ਦੋ ਡੇਢ ਸਾਲ ਤੋਂ ਬੋਲਚਾਲ ਬੰਦ ਸੀ। ਹਰਮੀਤ ਆਪਣੇ ਮਨ ਨਾਲ ਵਿਚਾਰਾਂ ਕਰਦੀ ਕਿ ਉਹਨੇ ਕੀ ਗੁਨਾਹ ਕਰ ਦਿੱਤਾ ਸੀ? ਉਹਦੀ ਔਲਾਦ ਇਹੋ ਜਿਹੀ ਕਿਉਂ ਨਿਕਲੀ ਆ? ਉਹਨੂੰ ਆਪਣਾ ਖਿਆਲ ਆਉਂਦਾ ਕਿ ਉਹ ਆਪਣੇ ਮਾਪਿਆਂ ਦੀ ਆਗਿਆਕਾਰੀ ਪੁੱਤਰੀ ਸੀ। ਮਾਂ ਪਿਓ ਦੇ ਸਾਹਮਣੇ ਉਹ ਕਦੀ ਬੋਲੀ ਨਹੀਂ ਸੀ, ਸੁਆਲ ਜਵਾਬ ਤਾਂ ਕੀ ਕਰਨਾ, ਨੀਵੀਂ ਪਾ ਕੇ ਮਾਪਿਆਂ ਦੀਆਂ ਗੱਲਾਂ ਨੂੰ ਸਤਬਚਨ ਕਹਿ ਕੇ ਪ੍ਰਵਾਨ ਕਰ ਲੈਂਦੀ ਸੀ। ਕਿੰਤੂ ਪ੍ਰੰਤੂ ਕਰਨਾ ਘਰ ਦੇ ਮਾਹੌਲ ਦਾ ਹਿੱਸਾ ਈ ਨਹੀਂ ਸੀ। ਪਿੰਡ ਦੇ ਲੋਕ ਅਤੇ ਰਿਸ਼ਤੇਦਾਰ ਉਹਦੀ ਮਿਸਾਲ ਦਿਆ ਕਰਦੇ ਸਨ ਕਿ ਐਹੋ ਜੇਹੀਆਂ ਬੱਚੀਆਂ ਹਰ ਇਕ ਦੇ ਘਰ 'ਚ ਪੈਦਾ ਹੋਣ। ਸਿਆਣੀ ਬਿਆਣੀ ਹਰਮੀਤ ਇਸ ਉਧੇੜ ਬੁਣ 'ਚ ਪਈ ਰਹਿੰਦੀ ਕਿ ਉਹ ਕਿਹੜਾ ਫਾਰਮੂਲਾ ਵਰਤੇ ਜਿਹਦੇ ਨਾਲ ਘਰ ਦਾ ਮਾਹੌਲ ਖੁਸ਼ਗੁਆਰ ਹੋ ਸਕੇ। ਉਹਦੀਆਂ ਸਭ ਤਰਕੀਬਾਂ ਨਾਕਾਮ ਹੋ ਰਹੀਆਂ ਸਨ। ਉਹਦੀ ਮਮਤਾ ਦਾ ਹਰ ਰੋਜ਼ ਹਰ ਪਲ ਘਾਣ ਹੋ ਰਿਹਾ ਸੀ। ਹਰਮੀਤ ਨੇ ਗੁਰਮੇਲ ਨਾਲ ਨਿਆਣਿਆਂ ਦੇ ਵਰਤਾਵ ਬਾਰੇ ਕਈ ਵਾਰ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਸਦਾ ਹਰਮੀਤ 'ਚ ਹੀ ਨੁਕਸ ਕੱਢਦਾ। ਹਰਮੀਤ ਨੂੰ ਉਹ ਅਕਸਰ ਕਹਿੰਦਾ, "ਇਹ ਇੰਡਿਆ ਨਹੀਂ ਇਹ ਵਲੈਤ ਆ ਇਥੇ ਦੇਸੀ ਨੁਕਤੇ ਨਹੀਂ ਚੱਲਣੇ, ਇਥੇ ਨਿਆਣੇ ਮਾਂ ਪਿਓ ਦੇ ਗੁਲਾਮ ਨਹੀਂ ਅਤੇ ਨਾ ਈ ਇਹ ਤੁਹਾਡੀ ਜਾਇਦਾਦ ਆ। ਤੂੰ ਇਹਨਾਂ ਅਣਜਾਣ ਪੰਛੀਆਂ ਦੇ ਨੱਥ ਪਾਉਣੀ ਚਾਹੁੰਦੀ ਆਂ। ਕਦੇ ਇਲ੍ਹਾਂ ਦੇ ਆਲ੍ਹਣਿਆਂ 'ਚੋਂ ਵੀ ਮਾਸ ਲੱਭਿਆ? ਤੂੰ ਇੰਗਲੈਂਡ ਆ ਕੇ ਵੀ ਇੰਡਿਆ ਦੀਆਂ ਗੱਲਾਂ ਨਾਲ ਚੰਬੜੀ ਬੈਠੀ ਆਂ। ਪਤਾ ਨਹੀਂ ਤੂੰ ਕਿਥੇ ਭੋਰੇ 'ਚ ਪਲਦੀ ਰਹੀ ਐਂ। ਇੰਨੇ ਸਾਲ ਤੈਨੂੰ ਇੰਗਲੈਂਡ ਆਈ ਨੂੰ ਹੋ ਗਏ ਆ ਪਰ ਤੂੰ ਭੋਰਾ ਵੀ ਨਹੀਂ ਬਦਲੀ। ਆਪ ਤਾਂ ਤੂੰ ਨਰਕ 'ਚ ਜ਼ਿੰਦਗੀ ਕੱਢ ਲਈ ਪਰ ਹੁਣ ਨਿਆਣਿਆਂ ਨੂੰ ਤਾਂ ਸੁੱਖ ਦਾ ਸਾਹ ਲੈਣ ਦੇ। ਤੂੰ ਤਾਂ ਮੇਰੇ ਨਾਲ ਵੀ ਚਬੜ-ਚਬੜ ਕਰਦੀ ਰਹਿੰਦੀ ਆਂ।" ਇਹ ਹੀ ਕਾਰਨ ਸੀ ਕਿ ਹਰਮੀਤ, ਗੁਰਮੇਲ ਨਾਲ ਵੀ ਜ਼ਿਆਦਾ ਗੱਲ ਨਾ ਕਰਦੀ।

ਹਰਮੀਤ ਦੇ ਘਰ ਤਿੰਨ ਕਾਰਾਂ ਸਨ ਪਰ ਉਹਨੂੰ ਕੋਈ ਕਾਰ ਚਲਾਉਣ ਦਾ ਹੁਕਮ ਨਹੀਂ ਸੀ। ਪਿਓ ਨੇ, ਮੁੰਡੇ ਅਤੇ ਕੁੜੀ ਨੂੰ ਕਾਰਾਂ ਲੈ ਦਿੱਤੀਆਂ ਸਨ ਪਰ ਹਰਮੀਤ ਲਈ ਡਰਾਈਵਿੰਗ ਟੈਸਟ ਪਾਸ ਕਰਨ ਦੇ ਬਾਵਜੂਦ ਵੀ ਕਾਰ ਨਹੀਂ ਸੀ ਜੁੜੀ। ਉਹ ਕੰਮ 'ਤੇ ਬਸ ਜਾਂਦੀ ਅਤੇ ਘਰ ਦੀ ਸ਼ੌਪਿੰਗ ਵੀ ਬਸ 'ਚ ਈ ਲਿਆਉਂਦੀ। ਘਰ ਵਿਚਲੇ ਚਾਰ ਜੀਆਂ ਦੀ ਵੱਖਰੀ ਵੱਖਰੀ ਦੁਨੀਆ ਸੀ।

ਗੁਰਮੇਲ ਕੰਮ ਤੋਂ ਆ ਕੇ ਪੱਬਾਂ ਕਲੱਬਾਂ ਵਿਚ ਚਲੇ ਜਾਂਦਾ ਅਤੇ ਦੇਰ ਰਾਤ ਘਰ ਵਾਪਿਸ ਆਉਂਦਾ। ਹਰਮੀਤ ਨੂੰ ਇਹ ਵੀ ਭਿਣਕ ਪਈ ਸੀ ਕਿ ਗੁਰਮੇਲ ਦਾ ਕਿਸੇ ਗੋਰੀ ਨਾਲ ਚੱਕਰ ਚੱਲ ਰਿਹਾ ਹੈ। ਉਹਨੇ ਆਨੀ ਬਹਾਨੀ ਇਕ ਦੋ ਵਾਰ ਇਸ ਬਾਰੇ ਪੁੱਛ ਗਿੱਛ ਕਰਨ ਦੀ ਕੋਸ਼ਿਸ਼ ਕੀਤੀ ਤਾਂ ਗੁਰਮੇਲ ਨੇ ਹਰਮੀਤ 'ਤੇ ਹੱਥ ਚੁੱਕ ਲਿਆ ਸੀ, ਉਸ ਦਿਨ ਤੋਂ ਬਾਦ ਹਰਮੀਤ ਚੁੱਪ ਹੋ ਗਈ ਸੀ ਅਤੇ ਉਹ ਆਪਣੀ ਕਿਸਮਤ ਨੂੰ ਕੋਸਦੀ ਭਾਵੇਂ ਕਿ ਐਹੋ ਜਿਹੀ ਦਿਕਆਨੂਸੀ ਗੱਲਾਂ ਵਿਚ ਉਹਦਾ ਕੋਈ ਯਕੀਨ ਨਹੀ ਸੀ, ਉਹ ਤਾਂ ਸਗੋਂ ਕਹਿੰਦੀ ਹੁੰਦੀ ਸੀ ਕਿ ਅਸੀਂ ਆਪਣੀ ਕਿਸਮਤ ਆਪ ਬਣਾਉਂਦੇ ਆਂ। ਕਿਸਮਤ ਅਤੇ ਕਰਮਾਂ ਦੀਆਂ ਕਹਾਣੀਆਂ ਤਾਂ ਵਿਹਲੇ ਨਖੱਟੂਆਂ ਦੀ ਘਾੜਤ ਆ ਤਾਂ ਕਿ ਲੋਕ ਗਿਆਨ ਵਾਨ ਹੋ ਕੇ ਇਨ੍ਹਾਂ ਦਾ ਸਿਰ ਨਾ ਭੰਨ ਦੇਣ। ਹਰਮੀਤ ਸੋਚਦੀ ਕਿ ਕਿਤੇ ਇਹ ਸਾਰਾ ਇਸ ਕਰਕੇ ਤਾਂ ਨਹੀਂ ਚੱਲ ਰਿਹਾ ਕਿ ਉਹ ਸ਼ਹਿਰ ਤੋਂ ਪਿੰਡ ਦੇ ਬਾਹਰ ਰਹਿੰਦੇ ਸੀ। ਇਥੇ ਕਿਸੇ ਏਸ਼ੀਅਨ ਦਾ ਘਰ ਨਹੀਂ ਸੀ। ਲਾਗੇ ਛਾਗੇ ਕੋਈ ਏਸ਼ੀਅਨ ਦੁਕਾਨ ਵੀ ਨਹੀਂ ਸੀ। ਉਹ ਆਪਣੇ ਆਪ ਨੂੰ ਕੋਸਦੀ ਕਿ ਕਿਉਂ ਨਾ ਉਹਨੇ ਗੁਰਮੇਲ ਨੂੰ ਉਸੇ ਵੇਲੇ ਰੋਕਿਆ ਜਦ ਉਹਨਾਂ ਪਿੰਡ ਵਿਚ ਘਰ ਲਿਆ ਸੀ। ਹਰਮੀਤ ਅਤੇ ਗੁਰਮੇਲ ਦਾ ਉਸ ਵੇਲੇ ਵਿਚਾਰ ਸੀ ਕਿ ਆਪਾਂ ਵੀ ਤਾਂ ਪਿੰਡ 'ਚੋਂ ਈ ਆਏ ਆਂ ਪਰ ਉਹ ਇਹ ਗੱਲ ਭੁੱਲ ਗਏ ਕਿ ਪੰਜਾਬ ਦੇ ਅਤੇ ਇੰਗਲੈਂਡ ਦੇ ਪਿੰਡਾਂ 'ਚ ਫਰਕ ਆ। ਪੰਜਾਬ ਦੇ ਪਿੰਡਾਂ 'ਚ ਤੁਹਾਡਾ ਭਾਈਚਾਰਾ ਆ ਭਾਵੇਂ ਕਿ ਉਹ ਵੀ ਹੁਣ ਖੁਰਦਾ ਜਾ ਰਿਹਾ ਫਿਰ ਵੀ ਉਹ ਸਾਰੇ ਲੋਕ ਆਪਣੇ ਆ ਪਰ ਇੰਗਲੈਂਡ ਦੇ ਪਿੰਡਾਂ ਦੇ ਲੋਕ ਤੁਹਾਨੂੰ ਬੁਲਾ ਕੇ ਰਾਜ਼ੀ ਨਹੀਂ। ਇਹ ਗੋਰੇ ਗੋਰੀਆਂ ਵੀ ਏਸ਼ੀਅਨਾਂ ਨੂੰ ਉਵੇਂ ਈ ਨਫ਼ਰਤ ਕਰਦੇ ਆਂ ਜਿਵੇਂ ਪੰਜਾਬੀ ਅਖੌਤੀ ਉੱਚੀ ਜਾਤ ਵਾਲੇ ਦਲਿਤਾਂ ਨੂੰ। ਹਰਮੀਤ ਦੀ ਕੋਈ ਸਹੇਲੀ ਵੀ ਨਹੀਂ ਸੀ ਅਤੇ ਰਿਸ਼ਤੇਦਾਰੀ ਵਿਚੋਂ ਵੀ ਇੱਥੇ ਕੋਈ ਨਹੀਂ ਸੀ ਰਹਿੰਦਾ। ਉਹ ਬੜੀ ਸੱਖਣੀ ਸੱਖਣੀ ਮਹਿਸੂਸ ਕਰਦੀ। ਇਸ ਇਕੱਲਤਾ ਨੇ ਉਹਨੂੰ ਖਾਣਾ ਸ਼ੁਰੂ ਕਰ ਦਿੱਤਾ। ਕੰਮ ਤੇ ਆਪਣੇ ਲੋਕਾਂ ਨਾਲ ਉਹ ਆਪਣੀਆਂ ਸਮੱਸਿਆਵਾਂ ਸਾਂਝੀਆਂ ਨਹੀਂ ਸੀ ਕਰਨਾ ਚਾਹੁੰਦੀ ਕਿਉਂਕਿ ਉਹ ਜਾਣਦੀ ਸੀ ਕਿ ਸੱਚਾ ਹਮਦਰਦ ਮਿਲਣਾ ਮੁਸ਼ਕਲ ਹੈ ਉਲਟਾ ਇਹ ਜਨਤਾ ਉਹਦੀਆਂ ਸਮੱਸਿਆਵਾਂ ਨੂੰ ਹੋਰ ਜ਼ਰਬਾਂ ਦੇਵੇਗੀ। ਘਰ ਤਾਂ ਉਹ ਹੈ ਈ ਇਕੱਲੀ ਸੀ, ਹੁਣ ਉਹ ਕੰਮ ਤੇ ਵੀ ਆਪਣੇ ਆਪ ਨੂੰ ਇਕੱਲੀ ਮਹਿਸੂਸ ਕਰਦੀ। ਉਹਦਾ ਹਾਸਾ ਗੁਆਚ ਗਿਆ ਸੀ। ਬਜ਼ੁਰਗ ਮਾਂ ਬਾਪ ਨੂੰ ਆਪਣਾ ਦੁੱਖ ਦੱਸ ਉਹ ਦੁਖੀ ਨਹੀਂ ਸੀ ਕਰਨਾ ਚਾਹੁੰਦੀ। ਮਾਂ ਪਿਉ ਨੂੰ ਸ਼ਕਰਰੋਗ ਸੀ ਅਤੇ ਉਹਨਾਂ ਦਾ ਖ਼ੂਨ ਦਾ ਦਬਾਅ ਵੀ ਵਧਿਆ ਹੋਇਆ ਸੀ। ਫੋਨ ਜਾਂ ਚਿੱਠੀ ਤੇ ਉਹ ਸਭ ਖ਼ੈਰੀਅਤ ਦਾ ਹੀ ਸੰਦੇਸ਼ਾ ਦਿੰਦੀ। ਇਹ ਬੜਾ ਔਖਾ ਸਮਾਂ ਸੀ। ਆਪਣੇ ਬੱਚਿਆਂ ਅਤੇ ਆਪਣੇ ਆਦਮੀ ਦੀ ਗੱਲ ਉਹ ਕੇਹਦੇ ਨਾਲ ਸਾਂਝੀ ਕਰੇ? ਉਹ ਸਵੇਰੇ ਪਾਠ ਕਰਦੀ ਅਤੇ ਫਿਰ ਇਕੱਲੀ ਬੈਠੀ ਰੋਂਦੀ ਰਹਿੰਦੀ। ਇਸ ਰੋਣ ਨੇ ਉਹਦੀਆਂ ਅੱਖਾਂ ਦੀ ਜੋਤ ਵੀ ਕਮਜ਼ੋਰ ਕਰ ਦਿੱਤੀ ਅਤੇ ਹੁਣ ਉਹਨੂੰ ਟੀ. ਵੀ. ਨੇੜਿਉਂ ਹੋ ਕੇ ਦੇਖਣਾ ਪੈਂਦਾ ਸੀ। ਟੀ. ਵੀ. ਤਾਂ ਭਾਂਵੇ ਉਹ ਵੈਸੇ ਈ ਬੜਾ ਘੱਟ ਦੇਖਦੀ ਸੀ ਪਰ ਪਿੱਛੇ ਜਹੇ ਜਦ ਉਹਨੇ ਏਸ਼ੀਅਨ ਟੀ. ਵੀ. ਲਈ ਪੈਸੇ ਭਰ ਦਿੱਤੇ ਸਨ ਤਾਂ ਉਹ ਕਾਫੀ ਨਿਰਾਸ਼ ਹੋਈ ਸੀ। ਏਸ਼ੀਅਨ ਟੀ. ਵੀ. ਤੇ ਤਾਂ ਵਲੈਤੀ ਟੀ. ਵੀ ਨਾਲੋਂ ਵੀ ਜ਼ਿਆਦਾ ਲਚਰ ਸੀ। ਉਥੇ ਚੱਲ ਰਹੇ ਸੀਰੀਅਲ ਵੀ ਲੋਕਾਂ ਨੂੰ ਪੁੱਠੀਆਂ

ਗੱਲਾਂ ਵੱਲ ਉਕਸਾਉਂਦੇ ਸਨ ਅਤੇ ਇਸ ਕਰਕੇ ਹਰਮੀਤ ਨੇ ਉਹ ਚੈਨਲ ਬੰਦ ਕਰਵਾ ਦਿੱਤਾ ਸੀ। ਹਰਮੀਤ ਦੇ ਨਿਆਣੇ ਅਤੇ ਉਹਦਾ ਘਰਵਾਲਾ ਤਾਂ ਪਹਿਲਾਂ ਈ ਏਸ਼ੀਅਨ ਟੀ. ਵੀ. ਚੈਨਲ ਦੇ ਖਿਲਾਫ ਸਨ। ਗੁਰਮੇਲ ਅਕਸਰ ਕਹਿੰਦਾ ਸੀ ਕਿ, "ਇਹ ਪੈਸੇ ਪੱਟਣ ਵਾਲੀ ਗੱਲ ਆ। ਏਸ਼ੀਅਨ ਸੱਭਿਆਚਾਰ 'ਚ ਹੈ ਈ ਕੇਹੜੀ ਚੰਗੀ ਗੱਲ ਜੋ ਤੂੰ ਸਿੱਖ ਸਕੇਂ ਅਤੇ ਮਾਣ ਮਹਿਸੂਸ ਕਰੇਂ।" ਹਰਮੀਤ ਨੇ ਇੱਕ ਦੋ ਵਾਰ ਇਸ ਵਾਰੇ ਧਾਰਮਿਕ ਬਹਿਸ ਵੀ ਤੋਰੀ ਪਰ ਗੁਰਮੇਲ 'ਤੇ ਵਲੈਤੀ ਰੋਗਨ ਦੇ ਕਈ ਕੋਟ ਹੋ ਚੁੱਕੇ ਸਨ। ਗੁਰਮੇਲ ਨੂੰ ਜੋ ਦੇਸੀ ਅਤੇ ਵਲੈਤੀ ਨੁਕਤਾ ਫਿੱਟ ਬੈਠਦਾ ਅਪਣਾ ਲੈਂਦਾ। ਬਰਾਬਰਤਾ ਜਾਂ ਬੇਇਨਸਾਫੀ ਧੱਕੇ ਵਾਲੀ ਗੱਲ ਬਾਰੇ ਉਹ ਬਹਿਸ ਨਾਂ ਕਰਦਾ। ਉਹ 'ਖਾਓ ਪੀਉ ਕਰੋ ਆਨੰਦ' ਵਾਲੇ ਫਾਰਮੂਲੇ ਤੇ ਚੱਲਦਾ ਸੀ। ਘਰ ਦੀ ਘੁਟਣ ਨੇ ਹਰਮੀਤ ਨੂੰ ਹੁਣ ਅੰਦਰੋਂ ਖਾਣਾਂ ਸ਼ੁਰੂ ਕਰ ਦਿੱਤਾ। ਉਹਨੂੰ ਭੁੱਖ ਲੱਗਣੀ ਬੰਦ ਹੋ ਗਈ। ਉਹਦਾ ਆਤਮ ਵਿਸ਼ਵਾਸ਼ ਖੁਰਨ ਲੱਗ ਪਿਆ। ਇਸ ਗਮ ਦੇ ਫੋੜੇ ਨੇ ਉਹਨੂੰ ਅੰਦਰੋਂ ਖੋਖਲਾ ਕਰਨਾ ਸ਼ੁਰੂ ਕਰ ਦਿੱਤਾ। ਇਹ ਗਮ ਦਾ ਨਾਸੂਰ ਰਾਤ ਨੂੰ ਰੋਣ ਵੇਲੇ ਹੋਰ ਰਿਸਦਾ। ਹਰਮੀਤ ਦੀਆਂ ਨੀਂਦਾਂ ਉੱਡ-ਪੁੱਡ ਗਈਆਂ। ਉਹਦੇ ਹੌਲੀ-ਹੌਲੀ ਰਿਸਦੇ ਅੱਥਰੂ ਉਹਨੂੰ ਧਰਵਾਸਾ ਦੇਣ ਦੀ ਬਜਾਏ ਗਮ ਦੀ ਭੱਠੀ ਵਿਚ ਝੋਕਦੇ ਅਤੇ ਉਹਦੇ ਤਨ ਮਨ ਨੂੰ ਲਾਂਬੂ ਲਾ ਕੇ ਅੰਦਰ ਭਾਂਬੜ ਬਾਲਦੇ। ਉਹਦੀ ਸ਼ੁੱਧ ਬੁੱਧ ਗੁਆਚ ਗਈ ਸੀ। ਉਹ ਸੋਚਦੀ ਕਿ "ਵਲੈਤ ਆ ਕੇ ਉਹਨੇ ਕੀ ਖੱਟਿਆ ਸੀ?" ਆਪਣੇ ਮਾਂ ਪਿਉ, ਸਰਕਾਰੀ ਨੌਕਰੀ ਅਤੇ ਆਪਣੇ ਦੇਸ਼ ਤੋਂ ਦੂਰ ਹੋ ਕੇ ਉਹਦਾ ਸੱਭ ਕੁੱਝ ਉੱਜੜ ਪੁੱਜੜ ਗਿਆ ਸੀ। ਆਪਣੇ ਮਨ ਦੀ ਵੇਦਨਾ ਤੇ ਪੋਚਾ ਫੇਰਨ ਲਈ ਉਹ ਗੁਰਦੁਆਰੇ ਜਾ ਕੇ ਲੋਕਾਂ ਨਾਲ ਬੋਦਾ ਅਤੇ ਫੋਕਾ ਹਾਸਾ ਹੱਸਦੀ। ਪਰ ਅਸੀਂ ਕਿੰਨ੍ਹੀ ਕੁ ਦੇਰ ਆਪਣੇ ਆਪ ਨੂੰ ਧੋਖਾ ਦੇਣ ਦੀ ਖੇਡ-ਖੇਡ ਸਕਦੇ ਹਾਂ? ਉਹ ਆਪਣੇ ਆਪ ਨੂੰ ਕੰਮ ਤੇ ਸ਼ਾਂਤ ਰੱਖਣ ਦੀ ਕੋਸ਼ਿਸ਼ ਕਰਦੀ ਪਰ ਕਈ ਵਾਰ ਕਿਸੇ ਦੀ ਨਿੱਕੀ ਜੇਹੀ ਗੱਲ ਤੇ ਈ ਉਹ ਟੁੱਟ ਕੇ ਪੈ ਜਾਂਦੀ। ਨਾਲ ਕੰਮ ਕਰਦਿਆਂ ਨੂੰ ਬੜੀ ਹੈਰਾਨੀ ਹੁੰਦੀ ਕਿ ਸ਼ਾਂਤ ਚਿੱਤ ਰਹਿਣ ਵਾਲੀ ਹਰਮੀਤ ਨੂੰ ਕੀ ਹੋ ਗਿਆ ਹੈ? ਜਦ ਇੱਕ ਦਿਨ ਸਿਰ ਪੀੜ ਨਾਂ ਸਹਾਰਦੀ ਹਰਮੀਤ ਜਲਦੀ ਘਰ ਆ ਗਈ ਤਾਂ ਉਹਨੇ ਆਪਣੇ ਈ ਬੈਡਰੂਮ 'ਚ ਗੁਰਮੇਲ ਨੂੰ ਇੱਕ ਗੋਰੀ ਨਾਲ ਰੰਗੇਂ ਹੱਥੀ ਫੜ੍ਹ ਲਿਆ। ਇਹ ਬਰਦਾਸ਼ਤ ਦੀ ਹੱਦ ਸੀ। ਝਗੜੇ ਵੇਲੇ ਗੁਰਮੇਲ ਕਿਹਾ, "ਤੂੰ ਮੇਰੇ ਲਈ ਹੁਣ ਕਿਸੇ ਵੀ ਕੰਮ ਦੀ ਨਹੀਂ ਰਹੀ। ਮੈਨੂੰ ਤਾਂ ਤੇਰੇ ਨਾਲ ਤੁਰਦਿਆਂ ਵੀ ਸ਼ਰਮ ਆਉਂਦੀ ਆ। ਨਾਂ ਤੈਨੂੰ ਕੱਪੜੇ ਪਾਉਣੇ ਆਉਂਦੇ ਆ ਅਤੇ ਨਾਂ ਤੈਨੂੰ ਖਾਣਾਂ ਆਉਂਦੈ। ਨਾਂ ਤੇਰੀ ਸ਼ਕਲ ਚੰਗੀ ਆ ਅਤੇ ਨਾਂ ਤੈਨੂੰ ਕੋਈ ਅਕਲ ਆ। ਮੇਰੀ ਤੇਰੇ ਨਾਲ ਸਾਂਝ ਹੈ ਈ ਕਾਹਦੀ? ਨਾਂ ਤੈਨੂੰ ਬੋਲਣਾ ਚਾਲਣਾ ਆਉਂਦੈ। ਮੇਰੇ ਨਾਲ ਸਦਾ ਲੜਨ ਨੂੰ ਤਿਆਰ ਰਹਿੰਦੀ ਆ। ਕਦੇ ਤੂੰ ਇਹ ਸੋਚਿਆ ਕਿ ਮੈਨੂੰ ਗੋਰੀ ਨਾਲ ਸੰਬੰਧ ਕਿਉਂ ਬਣਾਉਣੇ ਪਏ? ਤੇਰੇ ਨਾਲ ਤਾਂ ਨਿਆਣੇ ਵੀ ਗੱਲ ਕਰਕੇ ਰਾਜ਼ੀ ਨਹੀਂ। ਘਰ ਦਾ ਮਾਹੌਲ ਖਰਾਬ ਕੀਤਾ ਪਿਆ। ਮੇਰੇ ਨਾਲ ਫਾਹਾ ਲੈਣ ਦੀ ਬਜਾਏ ਆਪ ਜਾ ਕੇ ਕਿਤੇ ਫਾਹਾ ਲੈ।"

ਗੁਰਮੇਲ ਦੀਆਂ ਗੱਲਾਂ ਹਰਮੀਤ ਚੁੱਪ ਚਾਪ ਸੁਣਦੀ ਰਹੀ ਅਤੇ ਇਹਨਾਂ ਗੱਲਾਂ ਨੇ ਉਹਦਾ ਸੀਨਾ ਛੱਲਣੀ ਕਰ ਦਿੱਤਾ। ਇਹਨਾਂ ਗੱਲਾਂ ਨੂੰ ਉਹ ਸਪੰਜ ਵਾਂਗ ਚੂਸ ਗਈ ਅਤੇ ਉਹਦਾ ਅੰਦਰ ਛਟਪਟਾਉਣ ਲੱਗਾ। ਉਹ ਆਪਣੇ ਆਪ ਨੂੰ ਲਾਹਣਤਾਂ

ਪਾਉਣ ਲੱਗੀ ਕਿ ਮੈਂ ਹੈ ਈ ਐਨੀ ਬੁਰੀ ਜੇਹਦਾ ਨਾਂ ਤਾਂ ਘਰ ਆਲਾ ਝਾਲੂ ਸੀ ਅਤੇ ਨਾਂ ਹੀ ਨਿਆਣੇ। ਮੈਂ ਇਸ ਜਮੀਨ ਤੇ ਭਾਰ ਆਂ। ਮੇਰੀ ਕੀ ਜ਼ਿੰਦਗੀ ਆ? ਐਨੀ ਨਫਰਤ ਤਾਂ ਮੈਨੂੰ ਕਦੇ ਕਿਸੇ ਨਹੀਂ ਕੀਤੀ ਸੀ? ਇਹ ਨਫਰਤ ਦੀ ਚੀਸ ਉਹਦੇ ਦਿਲ ਦਿਮਾਗ਼ ਨੂੰ ਚੁਭਣ ਲੱਗੀ। ਗੁਰਮੇਲ ਆਪਣੇ ਤੀਰ ਛੱਡ ਘਰੋਂ ਬਾਹਰ ਚਲਾ ਗਿਆ ਸੀ ਪਰ ਹਰਮੀਤ ਆਪਣਾ ਸਿਰ ਫੜ ਥਾਂ ਈ ਬੈਠ ਗਈ ਸੀ। ਥੋੜ੍ਹੀ ਦੇਰ ਬਾਦ ਉਹ ਉੱਠੀ ਅਤੇ ਹੇਠਾਂ ਆ ਕੇ ਲਾਂਊਜ ਵਿਚ ਇੱਕ ਖੂੰਜੇ ਹੋ ਕੇ ਗਠੜੀ ਵਾਂਗ ਪੈ ਗਈ। ਇਹ ਗੋਲੀ ਵਾਂਗ ਵੱਜੀਆਂ ਗੱਲਾਂ ਨੇ ਉਹਨੂੰ ਕੋਲੇ ਕਰਕੇ ਰੱਖ ਦਿੱਤਾ। ਉਹਦਾ ਆਤਮ ਵਿਸ਼ਵਾਸ਼ ਖਤਮ ਹੋ ਗਿਆ। ਉਹਦੇ ਵਿਚ ਜੀਉਂਦੇ ਰਹਿਣ ਦੀ ਚਿਣਗ ਭੁੱਬਲ ਵਾਂਗ ਸੌਂ ਗਈ ਅਤੇ ਫਿਰ ਪਤਾ ਨਹੀਂ ਕਦ ਉਹਦੀ ਅੱਖ ਲੱਗ ਗਈ।

ਗੁਰਮੇਲ ਅਤੇ ਨਿਆਣੇ ਕਦ ਘਰ ਆਏ ਉਹਨੂੰ ਕੋਈ ਪਤਾ ਨਾਂ ਲੱਗਾ ਅਤੇ ਨਾਂ ਹੀ ਉਹਨਾਂ ਚੋਂ ਕਿਸੇ ਨੇ ਉਹਨੂੰ ਪੁੱਛਣ ਦੱਸਣ ਦੀ ਜ਼ਹਿਮਤ ਉਠਾਈ। ਸਵੇਰ ਨੂੰ ਗੁਰਮੇਲ ਜਦ ਗੈਰਜ਼ ਵਿਚੋਂ ਕਾਰ ਕੱਢਣ ਗਿਆ ਤਾਂ ਉਥੇ ਹਰਮੀਤ ਦੀ ਲਾਸ਼ ਲਟਕ ਰਹੀ ਸੀ।

# ਸਿੰਮੀ ਉੱਜੜ ਗਈ

ਸਿੰਮੀ ਹੁਣ 24 ਸਾਲ ਦੀ ਸੀ ਅਤੇ ਉਹਨੂੰ ਬੈਂਕ ਵਿਚ ਕੰਮ ਕਰਦਿਆਂ 8 ਸਾਲ ਹੋ ਗਏ ਸਨ। ਸਕੂਲੀ ਪੜ੍ਹਾਈ ਤੋਂ ਅਗਾਂਹ ਉਹਨੇ ਪੜ੍ਹਨਾਂ ਮੁਨਾਸਿਬ ਨਹੀਂ ਸੀ ਸਮਝਿਆ। ਉਹਨੇ ਪਿਛਲੇ ਅੱਠ ਸਾਲਾਂ ਵਿਚ ਡੱਟ ਕੇ ਕਮਾਈ ਕੀਤੀ ਸੀ ਅਤੇ ਜੇ ਕਦੇ ਉਹਨੂੰ ਓਵਰਟਾਇਮ ਲਈ ਪੁੱਛਿਆ ਜਾਦਾਂ ਤਾਂ ਉਹਨੇ ਕਦੇ ਨਾਂਹ ਵੀ ਨਹੀਂ ਸੀ ਕੀਤੀ। ਇਹ ਹੀ ਕਾਰਨ ਸੀ ਕਿ ਉਹਨੇ 35 ਹਜ਼ਾਰ ਪੌਂਡ ਜੋੜ ਲਏ ਸਨ। ਕੱਪੜੇ ਵੀ ਉਹਨੇ ਸਦਾ ਫੈਸ਼ਨੇਬਲ ਪਾਏ ਸਨ। ਉਹਦੇ ਕੋਲ ਕੋਈ ਵੀ ਐਹੋ ਜਿਹਾ ਕੱਪੜਾ ਨਹੀਂ ਸੀ ਜੇਹੜਾ ਡਜ਼ਾਇਨਰ ਨਾ ਹੋਵੇ। ਆਪਣੇ ਆਪ ਨੂੰ ਸਦਾ ਟਿੱਚ ਰੱਖਦੀ। ਸਿੰਮੀ ਨੇ ਆਪਣੇ ਸਰੀਰ ਨੂੰ ਵੀ ਸਾਂਭਿਆ ਹੋਇਆ ਸੀ। ਹਫਤੇ ਵਿਚ ਦੋ ਵਾਰ ਜ਼ਿਮ 'ਚ ਕਸਰਤ ਕਰਨ ਜਾਂਦੀ ਅਤੇ ਦੋ ਵਾਰ ਤੈਰਨ। ਚਿਕਨਾਈ ਵਾਲੇ ਪਦਾਰਥਾਂ ਤੋਂ ਉਹ ਦੂਰ ਭੱਜਦੀ ਅਤੇ ਇਹ ਵੀ ਕਾਰਨ ਸੀ ਕਿ ਵਿਆਹਾਂ ਪਾਰਟੀਆਂ ਤੇ ਸਿੰਮੀ ਖਿੱਚ ਦਾ ਕੇਂਦਰ ਬਿੰਦੂ ਬਣੀ ਰਹਿੰਦੀ। ਪਿੱਛੇ ਜਿਹੇ ਰਿਸ਼ਤੇਦਾਰੀ ਵਿਚੋਂ ਕਿਸੇ ਦਾ ਵਿਆਹ ਸੀ ਅਤੇ ਉਸੇ ਵਿਆਹ ਦੀ ਪਾਰਟੀ ਵਿਚ ਡਾਂਸ ਫਲੋਰ ਤੇ ਸਿੰਮੀ ਨੇ ਕੈਮ ਯਾਨਿ ਕਲਵਿੰਦਰ ਨੂੰ ਪਸੰਦ ਕਰ ਲਿਆ ਸੀ।

ਕੈਮ ਦਾ ਆਪਣਾ ਵਿਉਪਾਰ ਸੀ ਅਤੇ ਬਾਹਰੋਂ ਦੇਖਣ ਨੂੰ ਇਉਂ ਲੱਗਦਾ ਸੀ ਕਿ ਕੈਮ ਕੋਲ ਵਾਹਵਾ ਪੈਸੇ ਹਨ। ਏਸ਼ੀਅਨਾਂ ਕੋਲ ਅੱਜ ਕੱਲ੍ਹ ਖਾਸੇ ਪੈਸੇ ਹਨ ਵੀ ਅਤੇ ਉਹ ਦਿਖਾਵੇ ਲਈ ਪਾਰਟੀਆਂ ਵੀ ਕਰਦੇ ਹਨ ਇਸੇ ਕਰਕੇ ਕੈਮ ਦਾ ਟੈਂਟਾ-ਮਾਰਕੀਆਂ ਦਾ ਵਿਉਪਾਰ ਸਾਰਾ ਸਾਲ ਹੀ ਚੱਲਦਾ ਸੀ। ਬ੍ਰਮਿੰਘਮ ਵਿਚ ਰਹਿੰਦਾ ਕੈਮ ਅਤੇ ਉਹਦਾ ਪਰਿਵਾਰ ਟੋਹਰ ਲਈ ਮਾਰਸੀਡਜ਼ ਅਤੇ ਬੀ. ਐਮ. ਡਬਲਯੂ. ਕਾਰਾਂ ਘੁਮਾਉਂਦੇ ਫਿਰਦੇ ਸਨ। ਕੈਮ ਦੀ ਉਮਰ ਵੀ ਸਿੰਮੀ ਨਾਲ ਮੇਲ ਖਾਂਦੀ ਸੀ। ਜਿੰਮ ਜਾਣ ਤੋਂ ਘੱਟ ਈ ਨਾਗਾ ਪਾਉਂਦਾ ਅਤੇ ਦਾਰੂ ਬੱਤਾ ਵੀ ਹਿਸਾਬ ਦਾ ਈ ਪੀਂਦਾ। ਫੈਸ਼ਨੇਬਲ ਕੱਪੜੇ ਪਾਉਂਦਾ ਅਤੇ ਸਿਰਫ ਹੇਠਲੇ ਬੁੱਲ੍ਹ ਦੇ ਹੇਠਾਂ ਥੋੜੇ ਜਿਹੇ ਵਾਲ ਰੱਖ ਕੇ ਮੂੰਹ ਨੂੰ ਸਫਾ ਚੱਟ ਰੱਖਦਾ।

ਜਦ ਸਿੰਮੀ ਨੇ ਆਪਣੀ ਪਸੰਦ ਬਾਰੇ ਆਪਣੀ ਮਾਂ ਨਾਲ ਗੱਲ ਕੀਤੀ ਤਾਂ ਉਹਨੂੰ ਵੀ ਕੈਮ ਪਸੰਦ ਆ ਗਿਆ। ਸਿੰਮੀ ਦੇ ਡੈਡੀ ਨੇ ਮਾੜੀ ਮੋਟੀ ਖੁੱਲ੍ਹੀ-ਡੁੱਲ੍ਹੀ ਜਿਹੀ ਪੱਛਗਿੱਛ ਕੁਝ ਲੋਕਾਂ ਤੋਂ ਕੀਤੀ ਤਾਂ ਪਤਾ ਲੱਗਾ ਕਿ ਜਾਤ ਬਰਾਦਰੀ ਵੀ ਉਹਨਾਂ ਦੀ ਇਕੋ ਈ ਆ। ਬਸ ਫਿਰ ਕੀ ਸੀ ਸਿੰਮੀ ਦੇ ਮੰਮੀ ਡੈਡੀ ਨੇ ਜਾ ਕੈਮ ਦੇ ਮਾਪਿਉ ਨਾਲ ਗੱਲ ਕੀਤੀ। ਇਹਨਾਂ ਵਿਚੋਲਾ ਰੱਖਣ ਦੀ ਵੀ ਕੋਈ ਲੋੜ ਮਹਿਸੂਸ ਨਾ ਕੀਤੀ। ਵੈਸੇ ਵੀ ਹੁਣ ਲੋਕੀਂ ਵਿਚੋਲਾ ਬਨਣ ਤੋਂ ਡਰਦੇ ਆ। ਤੀਜੇ ਦਿਨ ਤਾਂ ਤਲਾਕ ਹੋਈ

ਫਿਰਦੇ ਆ, ਬਾਦ 'ਚ ਵਿਚੋਲੇ ਨੂੰ ਚੰਗਾ ਮੰਦਾ ਸੁਨਣਾ ਪੈਂਦਾ।

ਸਿੰਮੀ ਦੇ ਮੰਮੀ ਡੈਡੀ ਨੇ ਇਹ ਵੀ ਸਲਾਹ ਕੀਤੀ ਕਿ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੂੰ ਵੀ ਉਨੀ ਦੇਰ ਨਾ ਦੱਸਿਆ ਜਾਵੇ ਜਿੰਨੀ ਦੇਰ ਪੱਕ ਠੱਕ ਨਹੀਂ ਹੋ ਜਾਂਦਾ। ਸਿੰਮੀ ਦਾ ਵੀ ਇਹ ਵਿਚਾਰ ਸੀ ਕਿ ਚੰਗਾ ਮੁੰਡਾ ਅਤੇ ਚੰਗੇ ਰਿਸ਼ਤੇਦਾਰ ਕਿਥੋਂ ਮਿਲਦੇ ਆ ਅਤੇ ਵੈਸੇ ਵੀ ਰਿਸ਼ਤੇਦਾਰ ਆਮ ਕਰਕੇ ਈਰਖਾ ਕਰਦੇ ਆ ਅਤੇ ਬਣਦੇ ਕੰਮ 'ਚ ਭਾਨੀ ਮਾਰ ਸਕਦੇ ਆ। ਨਾਲੇ ਸਿੰਮੀ ਦੇ ਮਨ 'ਚ ਇਹ ਵੀ ਗੱਲ ਸੀ ਕਿ ਉਹ ਰਿਸ਼ਤੇਦਾਰਾਂ ਨੂੰ ਇਹ ਮਾਅਰਕਾ ਮਾਰ ਕੇ ਨੀਂਵਾ ਦਿਖਾਉਣਾ ਚਾਹੁੰਦੀ ਸੀ ਕਿ, "ਦੇਖੋ ਕੇਹੋ ਜੇਹੇ ਮੁੰਡੇ ਨਾਲ ਉਹਨੇ ਵਿਆਹ ਕਰਾਇਆ ਅਤੇ ਇਹ ਕਿੰਨੇ ਪੈਸੇ ਵਾਲੇ ਆ।" ਸਿੰਮੀ ਨੂੰ ਇਸ ਗੱਲ ਦੀ ਵੀ ਚਿੜ ਸੀ ਕਿ ਉਹਦੇ ਰਿਸ਼ਤੇਦਾਰ ਅਤੇ ਖਾਸ ਕਰਕੇ ਮਾਸੀ ਅਤੇ ਉਹਦੀਆਂ ਕੁੜੀਆਂ ਉਹਨੂੰ ਸਦਾ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੀਆਂ ਸਨ ਕਿ, "ਉਹ ਜ਼ਿਆਦਾ ਪੜ੍ਹੀ ਲਿਖੀ ਨਈਂ ਅਤੇ ਬੈਂਕ ਵਿਚ ਕੰਮ ਕਰਨਾ ਕੇਹੜੀ ਕੁਆਲੀਫਿਕੇਸ਼ਨ ਆ।" ਜਦੋਂ ਕਿ ਮਾਸੀ ਦੇ ਨਿਆਣਿਆ ਡਿਗਰੀਆਂ ਕੀਤੀਆਂ ਸਨ ਅਤੇ ਸਰਕਾਰੀ ਨੌਕਰੀਆਂ ਤੇ ਸੀਨੀਅਰ ਅਫਸਰ ਲੱਗੀਆਂ ਸਨ। ਸਿੰਮੀ ਸਿਰਫ ਪੈਸੇ ਦੀ ਧਾਂਕ ਨਾਲ ਈ ਡਿਗਰੀਆਂ ਅਤੇ ਸਰਕਾਰੀ ਨੌਕਰੀਆਂ ਦਾ ਮੁਕਾਬਲਾ ਕਰਨ ਬਾਰੇ ਸੋਚਦੀ ਸੀ ਕਿਉਂਕਿ ਉਹਨੇ ਪੜ੍ਹਾਈ ਅਤੇ ਸਰਕਾਰੀ ਅਫਸਰੀ ਦਾ ਆਲਮ ਦੇਖਿਆ ਈ ਨਹੀਂ ਸੀ। ਭਾਵੇਂ ਕਿ ਇਹ ਵੀ ਸੱਚਾਈ ਸੀ ਕਿ ਸਿੰਮੀ ਇਸ ਹੀਣਤਾ ਕਰਕੇ ਝੂਰਦੀ ਰਹਿੰਦੀ ਸੀ। ਸਿੰਮੀ ਨੂੰ ਇਸ ਗੱਲ ਦਾ ਗਿਆਨ ਹੋਣ ਦੇ ਬਾਵਜੂਦ ਕਿ ਪੜ੍ਹਾਈ ਦੀ ਆਪਣੀ ਥਾਂ ਹੈ ਅਤੇ ਪੈਸੇ ਦੀ ਆਪਣੀ ਬੁੱਕਤ। ਪਰ ਉਹ ਇਸ ਕੜਵੇ ਸੱਚ ਨੂੰ ਬਹੁਤੇ ਐਹੋ ਜੇਹੇ ਲੋਕਾਂ ਵਾਂਗ ਮੰਨਣ ਲਈ ਤਿਆਰ ਨਹੀਂ ਸੀ। ਸਗੋਂ ਉਹਨੂੰ ਲੱਗ ਰਿਹਾ ਸੀ ਕਿ ਜੇਕਰ ਪੈਸਾ ਰੱਬ ਨਹੀਂ ਤਾਂ ਇਹ ਰੱਬ ਤੋਂ ਘੱਟ ਵੀ ਤਾਂ ਨਹੀਂ। ਸਿੰਮੀ ਦੀ ਮਾਨਸਿਕਤਾ ਸਿਰਫ ਪੈਸਾ ਕਮਾਉਣ ਅਤੇ ਦਿਖਾਵੇ ਤੇ ਕੇਂਦਰਤ ਸੀ। ਆਪਣੀ ਨੌਕਰੀ ਅਤੇ ਤਨਖਾਹ ਬਾਰੇ ਵਧਾਅ ਚੜ੍ਹਾ ਕੇ ਦੱਸਦੀ ਤਾਂ ਕਿ ਆਮ ਲੋਕਾਂ ਤੇ ਉਹਦੀ ਪੈਂਠ ਬਣੀ ਰਹੇ। ਸਿੰਮੀ ਨੂੰ ਕੈਮ ਵੀ ਆਪਣੇ ਵਰਗਾ ਈ ਲੱਗਾ। ਸਿੰਮੀ ਅਤੇ ਉਹਦੇ ਮਾਂ ਬਾਪ ਨੂੰ ਇਹ ਵੀ ਭਾਸਿਆ ਕਿ ਕੈਮ ਅਤੇ ਉਹਦੇ ਪਰਿਵਾਰ ਕੋਲ ਬਹੁਤ ਪੈਸੇ ਹਨ। ਦੂਜੇ ਪਾਸੇ ਕੈਮ ਅਤੇ ਉਹਦੇ ਘਰਦਿਆਂ ਨੂੰ ਵੀ ਭੁਲੇਖਾ ਸੀ ਕਿ ਸਿੰਮੀ ਅਤੇ ਉਹਦਾ ਮਾਂ ਬਾਪ ਪੈਸੇ ਨਾਲ ਰੱਜੇ ਪਏ ਹਨ ਅਤੇ ਵਿਆਹ ਤੋਂ ਬਾਦ ਉਹਨਾਂ ਨੂੰ ਕਾਫੀ ਮਾਇਆ ਮਿਲੇਗੀ। ਬਿਨਾਂ ਕਿਸੇ ਹੋਰ ਖੋਜ ਪੜਤਾਲ ਤੋਂ ਕੈਮ ਦਾ ਠਾਕਾ ਕਰਨ ਲਈ ਸਿੰਮੀ ਦੇ ਮਾਂ ਬਾਪ ਮਿਥੇ ਦਿਨ ਆ ਬਹੁੜੇ। ਕੈਮ ਅਤੇ ਉਹਦਾ ਪਰਿਵਾਰ ਚੁਸਤ ਸੀ। ਉਹਨਾਂ ਆਪਣੇ ਘਰ ਇਹ ਰਸਮ ਕਰਨ ਦੀ ਬਜਾਏ ਕਿਸੇ ਜਾਣੂੰ ਦੇ ਕਾਫੀ ਮਹਿੰਗੇ ਘਰ ਜੋ ਕਿ ਟੌਪ ਇਲਾਕੇ ਵਿਚ ਸੀ ਕੀਤੇ। ਸਿੰਮੀ ਦੇ ਮਾਂ ਬਾਪ ਤਾਂ ਚਾਅ ਤੇ ਖੁਸ਼ੀ ਵਿਚ ਇਸ ਤਰ੍ਹਾਂ ਨੱਕੋ ਨੱਕ ਡੁੱਬ ਗਏ ਸਨ ਕਿ ਉਹਨਾਂ ਇਸ ਗੱਲ ਦਾ ਵੀ ਪਤਾ ਨਾ ਕੀਤਾ ਕਿ ਕੀ ਇਹ ਘਰ ਕੈਮ ਹੋਰਾਂ ਦਾ ਹੈ ਜਾਂ ਕਿਸੇ ਹੋਰ ਦਾ। ਠਾਕੇ ਦੀ ਰਸਮ ਤੇ ਈ ਸਿੰਮੀ ਦੇ ਮਾਪਿਆਂ ਕੈਮ ਦੀ ਝੋਲੀ ਪੰਜ ਸੋ ਪੌਂਡ ਪਾ ਦਿੱਤਾ। ਮਾਂ ਅਤੇ ਪਿਓ ਨੂੰ ਸੋਨੇ ਦੀਆਂ ਮੁੰਦੀਆਂ ਅਤੇ ਸੌ ਸੌ ਪੌਂਡ ਸ਼ਗਨ ਦੇ ਦਿੱਤਾ। ਗੱਲ ਸਿਰਫ ਠਾਕੇ ਤੇ ਈ ਖਤਮ ਨਾ ਹੋਈ। ਸਿੰਮੀ ਦੇ ਮਾਪਿਆਂ ਕਿਹਾ, "ਅਸੀਂ ਕੁੜਮਾਈ ਵਿਆਹ ਵੇਲੇ ਨਈਂ ਕਰਨੀ ਜਿਵੇਂ ਕਿ ਆਮ ਲੋਕੀਂ ਕਰਦੇ ਹਨ ਸਗੋਂ

ਵਿਆਹ ਤੋਂ ਦੋ ਹਫਤੇ ਪਹਿਲਾਂ ਕਰਨੀਆਂ।" ਕੈਮ ਦੇ ਮਾਂਪਿਉ ਨੂੰ ਇਸ ਬਾਰੇ ਕੀ ਇਤਰਾਜ ਹੋ ਸਕਦਾ ਸੀ। ਉਹਨਾਂ ਝੱਟ ਹਾਂ ਕਰ ਦਿੱਤੀ। ਫਿਰ ਕੁੜਮਾਈ ਦੀ ਰਸਮ ਤੇ ਵੀ ਸਿੰਮੀ ਦੇ ਮਾਪਿਆਂ ਮੁੰਡੇ ਦੀ ਝੋਲੀ ਹਜ਼ਾਰ ਪੌਂਡ ਪਾ ਦਿੱਤਾ। ਪਿਉ ਨੂੰ ਸੋਨੇ ਦਾ ਕੜਾ ਅਤੇ ਮਾਂ ਨੂੰ ਸੋਨੇ ਦਾ ਸੈੱਟ ਦੇ ਦਿੱਤਾ। ਦੋਵਾਂ ਪਰਿਵਾਰਾਂ ਨੇ ਘੁੱਟ-ਘੁੱਟ ਜੱਫੀਆਂ ਪਾਈਆਂ ਅਤੇ ਇਕ ਦੂਜੇ ਦੀਆਂ ਤਾਰੀਫਾਂ ਦੇ ਢੇਰ ਲਾ ਦਿੱਤੇ।

ਵਿਆਹ ਦੀ ਤਾਰੀਖ ਤਾਂ ਠਾਕੇ ਵਾਲੇ ਦਿਨ ਈ ਪੱਕੀ ਕਰ ਲਈ ਗਈ ਸੀ। ਸਿੰਮੀ ਅਤੇ ਉਹਦੇ ਮਾਪਿਆਂ ਜਦ ਰਿਸ਼ਤੇਦਾਰਾਂ ਨੂੰ ਠਾਕੇ ਅਤੇ ਕੁੜਮਾਈ ਦੀ ਖਬਰ, ਵਿਆਹ ਦਾ ਕਾਰਡ ਦੇਣ ਵੇਲੇ ਦਿੱਤੀ ਤਾਂ ਉਹਨਾਂ ਮੂਹਰਿਓਂ ਗਿਲਾ ਕੀਤਾ, "ਤੁਸੀਂ ਸਾਨੂੰ ਠਾਕੇ ਅਤੇ ਕੁੜਮਾਈ ਦਾ ਦੱਸਿਆ ਈ ਨਹੀਂ।" ਪਰ ਗੱਲ ਇਹ ਕਹਿ ਕੇ ਈ ਨਿਬੜ ਗਈ ਕਿ ਰਿਸ਼ਤੇਦਾਰ ਚੰਗੇ ਮਿਲ ਗਏ ਆ ਅਤੇ ਸਾਰਾ ਕੰਮ ਬਸ ਝਟਕੀ ਪਟਕੀ ਈ ਹੋ ਗਿਆ।" ਮਾਸੀ ਦੀਆਂ ਕੁੜੀਆਂ ਨੇ ਸਿੰਮੀ ਨੂੰ ਨਹੋਰਾ ਮਾਰਿਆ, "ਨੀਂ ਕਿਤੇ ਪਹਿਲਾਂ ਈ ਤਾਂ ਨਈਂ ਇਛੁੱਕ ਚੱਲਦਾ ਸੀ ਜੇਹੜੀ ਤੈਨੂੰ ਹੁਣ ਐਨੀ ਕਾਹਲੀ ਪੈ ਗਈ ਸੀ।" ਸਿੰਮੀ ਕੋਲ ਸਿਰਫ ਇਹ ਈ ਜੁਆਬ ਸੀ, "ਮੇਰਾ ਇੱਛੁਕ ਤਾਂ ਕੀ ਚਲਣੈਂ ਬਸ ਕੰਮ "ਕਲਿੱਕ" ਈ ਹੋ ਗਿਆ।"

ਸਿੰਮੀ ਦੇ ਮਾਪਿਆਂ ਵਿਆਹ ਇਕ ਟੌਪ ਦੇ ਹੋਟਲ ਵਿਚ ਕੀਤਾ ਜੇਹਦਾ ਹਜ਼ਾਰ ਪੌਂਡ ਦਿਨ ਦਾ ਕਰਾਇਆ ਈ ਸੀ। ਖਾਣ ਪੀਣ ਦਾ ਖਰਚਾ ਅਲੱਗ। ਵਿਆਹ ਵਿਚ ਤਰ੍ਹਾਂ ਤਰ੍ਹਾਂ ਦੀਆਂ ਸ਼ਰਾਬਾਂ ਚੱਲੀਆਂ ਅਤੇ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਮੀਟ ਪਰੋਸੇ ਗਏ। ਬਰਾਤੀਆਂ ਨੱਚ-ਨੱਚ ਹੋਟਲ ਦੀ ਫਲੋਰ ਹਲਾ ਦਿੱਤੀ। ਸਕੌਟਿਸ਼ ਪੌਂਡਾ ਦੀ ਵਰਖਾ ਕੀਤੀ ਗਈ। ਕੈਮ ਦੇ ਘਰਦਿਆਂ ਪੰਜਾਹ-ਪੰਜਾਹ ਵਾਲੇ ਨੋਟ ਇਕੱਠੇ ਕਰਕੇ ਜੇਬ 'ਚ ਪਾ ਲਏ ਅਤੇ ਚੋਰੀ ਛਿਪੇ ਕੈਮ ਦੇ ਘਰਦਿਆਂ ਨੂੰ ਦੇ ਦਿੱਤੇ। ਕੁੱਝ ਲੋਕਾਂ ਤਾਂ ਇਹ ਵੀ ਕਿਹਾ ਕਿ, "ਨੋਟ ਨਕਲੀ ਸੀ"। ਇਸ ਸਾਰੇ ਰੌਲੇ ਗੌਲੇ ਵਿਚ ਬ੍ਰਮਿੰਘਮ ਦੇ ਮੁੰਡਿਆਂ ਦੀ ਹਡਰਸੀਲਡ ਦੇ ਮੁੰਡਿਆਂ ਨਾਲ ਲੜਾਈ ਹੋਣੋਂ ਮਸੀਂ ਬਚੀ। ਕੈਮ ਦੇ ਯਾਰ ਦੋਸਤ ਕੁੱਝ ਜ਼ਿਆਦਾ ਈ ਭੂਸਰ ਗਏ ਸੀ ਅਤੇ ਉਹ ਛੇ ਛੇ ਫੁੱਟੇ ਤੁਰੇ ਫਿਰਦੇ ਸਿੰਮੀ ਦੇ ਤਿੰਨ ਭਰਾਵਾਂ ਨੂੰ ਸਕਿਉਰਿਟੀ ਗਾਰਡ ਸਮਝ ਅਵਾ ਤਵਾ ਬੋਲਣ ਲੱਗ ਪਏ ਸੀ। ਭਾੜੇ ਤੇ ਲਿਆਂਦੇ ਬਦਮਾਸ਼ਾ ਨੂੰ ਜਦ ਇਸ ਸਾਰੀ ਸੱਚਾਈ ਦਾ ਪਤਾ ਲੱਗਾ ਤਾਂ ਭਿੱਜੀ ਬਿੱਲੀ ਵਾਂਗ ਕੂੰਗੜ ਕੇ ਬਹਿ ਗਏ। ਸਿੰਮੀ ਨੂੰ ਆਪਣੇ ਅਤੇ ਆਪਣੇ ਭਰਾਵਾਂ ਦੇ ਲੰਬੇ ਕੱਦ ਦਾ ਵੀ ਮਾਣ ਸੀ ਅਤੇ ਉਹ ਹੀਣਤਾ ਨਾਲ ਵਿੰਨੀ ਉੱਚੇ ਕੱਦ ਨੂੰ ਵੀ ਇਕ ਤਰ੍ਹਾਂ ਦੀ ਡਿਗਰੀ ਸਮਝਦੀ ਸੀ। ਇਸ ਕੱਦ ਦੀ ਬੀਮਾਰੀ ਦਾ ਖੁਲਾਸਾ ਉਹਨੇ ਆਪਣੀਆਂ ਮਾਸੀ ਦੀਆਂ ਦਰਮਿਆਨੇ ਕੱਦ ਵਾਲੀਆਂ ਕੁੜੀਆਂ ਨਾਲ ਪਹਿਲੀ ਵਾਰ ਕੀਤਾ ਸੀ ਅਤੇ ਮਾਸੀ ਦੀਆਂ ਕੁੜੀਆਂ ਉਹਦੀ ਮੂਰਖਤਾ ਤੇ ਸਿਰਫ ਹੱਸ ਛੱਡੀਆਂ ਸਨ। ਸਿੰਮੀ ਨੂੰ ਇਸ ਗੱਲ ਦਾ ਵੀ ਮਾਣ ਸੀ ਕਿ ਉਹਨੇ ਭਾਵੇਂ ਸਕੂਲ ਪਾਸ ਈ ਕੀਤਾ ਆ ਪਰ ਉਹਦੇ ਨਾਮ ਦਾ ਮਤਲਬ ਮਾਸੀ ਦੀਆਂ ਕੁੜੀਆਂ ਦੇ ਨਾਮਾਂ ਨਾਲੋਂ ਵਧੀਆ। ਮਾਸੀ ਦੀਆਂ ਕੁੜੀਆਂ ਸਿੰਮੀ ਦੀਆਂ ਐਹੋ ਜੇਹੀਆਂ ਬਚਕਾਨਾਂ ਹਰਕਤਾਂ ਤੇ ਸਿਰਫ ਹੱਸ ਛੱਡਦੀਆਂ ਸਨ ਕਿ "ਮੂਰਖ ਨਾਲ ਜੂਝਣ ਦਾ" ਕੋਈ ਮਤਲਬ ਨਹੀਂ ਕਿਉਂਕਿ ਇਸ ਹੀਣਤਾ ਅਤੇ ਈਰਖਾ ਨਾਲ ਭਰੀ ਕੁੜੀ ਦੇ ਦਿਮਾਗ ਵਿਚ ਤਰਕ ਵਾਲਾ ਖਾਨਾ ਗਾਇਬ ਹੈ। ਕੈਮ ਦੇ ਘਰ ਆਉਣ ਦੀ ਬਜਾਏ ਹੋਟਲ ਤੋਂ ਈ ਵਿਆਹ

ਤੋਂ ਬਾਦ ਦੋ ਹਫਤਿਆਂ ਲਈ ਸਿੰਮੀ ਅਤੇ ਕੈਮ ਸਿੱਧਾ ਟੈਨਰੀਫ ਹਨੀਮੂਨ ਲਈ ਚਲੇ ਗਏ। ਟੈਨਰੀਫ ਉਹਨਾਂ ਦਾ ਸਮਾਂ ਬਹੁਤ ਸੋਹਣਾ ਗੁਜ਼ਰਿਆ ਅਤੇ ਉਹ ਖੁਸ਼ੀ-ਖੁਸ਼ੀ ਘਰ ਵਾਪਸ ਆ ਗਏ। ਜਦ ਘਰ ਪਹੁੰਚੇ ਤਾਂ ਸਿੰਮੀ ਘਰ ਦੇਖ ਕੇ ਹੈਰਾਨ ਰਹਿ ਗਈ ਕਿਉਂਕਿ ਘਰ ਬਮਿੰਘਮ ਦੇ ਇੱਕ ਖਸਤਾ ਇਲਾਕੇ ਵਿਚ ਬਦਨਾਮ ਕਿਸਮ ਦੀ ਸੜਕ ਤੇ ਸੀ। ਇਹ ਢਾਈ ਕੁ ਕਮਰਿਆਂ ਦਾ ਟੈਰਸ ਘਰ ਦੇਖ ਕੇ ਸਿੰਮੀ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ। ਉਹਨੇ ਕੈਮ ਨੂੰ ਪੁੱਛਿਆ," ਕੀ ਆਪਾਂ ਆਪਣੇ ਘਰ ਨਹੀਂ ਜਾਣੈ? ਨਾਲੇ ਇਥੇ ਮੰਮੀ ਡੈਡੀ ਅਤੇ ਬਾਕੀ ਪਰਿਵਾਰ ਕੀ ਕਰਦੇ ਹਨ?" ਕੈਮ ਜੁਆਬ ਦਿੱਤਾ, "ਸਿੰਮੀ ਇਹ ਈ ਸਾਡਾ ਘਰ ਆ। ਅਸੀਂ ਇਥੇ ਈ ਰਹਿੰਦੇ ਆ।" "ਪਰ ਮੇਰੇ ਮੰਮੀ ਡੈਡੀ ਤਾਂ ਕਹਿੰਦੇ ਸੀ ਕਿ ਤੁਹਾਡਾ ਬਹੁਤ ਵੱਡਾ ਘਰ ਅਮੀਰ ਇਲਾਕੇ ਵਿਚ ਆ"। "ਜਿਥੇ ਤੇਰੇ ਮੰਮੀ ਡੈਡੀ ਆਏ ਸੀ, ਉਹ ਮੇਰੇ ਦੋਸਤ ਦਾ ਘਰ ਸੀ। ਸਾਡਾ ਘਰ ਇਹ ਈ ਆ," ਕੈਮ ਜੁਆਬ ਦਿੱਤਾ।

ਸਿੰਮੀ ਦਾ ਸੁਪਨਾ ਤਿੜਕਣਾਂ ਸ਼ੁਰੂ ਹੋ ਗਿਆ। ਸਵੇਰ ਨੂੰ ਜਦ ਉਹ ਕੈਮ ਨਾਲ ਸ਼ੌਪਿੰਗ ਲਈ ਨਿਕਲੀ ਤਾਂ ਕਾਰਾਂ ਵਾਲਾ ਭਾਂਡਾ ਵੀ ਭੱਜ ਗਿਆ। ਕੈਮ ਹੋਰਾਂ ਕੋਲ ਪੰਜ ਸਾਲ ਪੁਰਾਣੀ ਫੋਰਡ ਦੀ ਟੁੱਟੀ ਜੇਹੀ ਇਕ ਕਾਰ ਅਤੇ ਚਾਰ ਕੁ ਸਾਲ ਪੁਰਾਣੀ ਫੋਰਡ ਦੀ ਵੈਨ ਸੀ ਜੋ ਉਹ ਆਪਣੇ ਕੰਮ ਕਾਰ ਲਈ ਵਰਤਦੇ ਸਨ। ਕੈਮ ਨੇ ਗੱਲਾ ਗੱਲਾਂ ਵਿਚ ਇਹ ਵੀ ਦੱਸ ਦਿੱਤਾ ਕਿ ਜੇਹੜੀਆਂ ਮਰਸਡੀਜ਼ ਅਤੇ ਬੀ. ਐਮ. ਡਬਲਯੂ. ਉਹ ਭਜਾਈ ਫਿਰਦੇ ਸੀ, ਉਹ ਕਿਰਾਏ ਤੇ ਕੁੱਝ ਦਿਨ ਲਈ ਲਈਆਂ ਸਨ।

ਸਿੰਮੀ ਅਤੇ ਕੈਮ ਜਦ ਵਿਆਹ ਤੋਂ ਬਾਦ ਪਹਿਲੀ ਵਾਰ ਸਿੰਮੀ ਦੇ ਘਰ ਫੇਰੀ ਪਾਉਣ ਗਏ ਤਾਂ ਸਿੰਮੀ ਨੇ ਆਪਣੇ ਮਾਂ ਬਾਪ ਨੂੰ ਸਾਰੀ ਗੱਲਬਾਤ ਦੱਸ ਦਿੱਤੀ। ਮਾਂ ਬਾਪ ਇਹ ਸਭ ਜਾਣ ਬੜੇ ਦੁੱਖੀ ਹੋਏ। ਪਰ ਉਹਨਾਂ ਦੁੱਖ ਸਾਰਾ ਅੰਦਰੋਂ ਅੰਦਰੀ ਪੀ ਲਿਆ। ਸਭ ਤੋਂ ਜ਼ਿਆਦਾ ਦੁਖੀ ਸਿੰਮੀ ਸੀ ਜੇਹਦਾ ਸੁਪਨਿਆਂ ਦਾ ਸੰਸਾਰ ਭੁਰ ਰਿਹਾ ਸੀ। ਮਾਂ ਬਾਪ ਨੂੰ ਮਿਲ ਸਿੰਮੀ ਆਪਣੇ ਸਹੁਰੇ ਘਰ ਆ ਗਈ। ਸਿੰਮੀ ਦੇ ਮਾਂ ਬਾਪ ਕੋਈ ਅਮੀਰ ਨਹੀਂ ਸਨ ਪਰ ਦਿਖਾਵਾ ਜ਼ਰੂਰ ਕਰਦੇ ਸਨ। ਜਿਵੇਂ ਕਹਿੰਦੇ ਹਨ ਕਿ "ਖਾਣੀਆਂ ਸੁੱਕੀਆਂ ਰੋਟੀਆਂ ਅਤੇ ਡਕਾਰ ਮਾਰਨੇ ਬਦਾਮਾਂ ਦੇ" ਇਹ ਹਾਲ ਸਿੰਮੀ ਅਤੇ ਕੈਮ ਦੇ ਮਾਪਿਆਂ ਦਾ ਸੀ। ਇਸ ਵਾਤਾਵਰਣ ਵਿਚ ਸਿੰਮੀ ਅਤੇ ਕੈਮ ਦੇ ਪਰਿਵਾਰਾਂ ਦਾ ਬਹੁਤਾ ਕਸੂਰ ਵੀ ਨਹੀਂ ਸੀ ਕਿਉਂਕਿ ਉਹਨਾਂ ਦੀ ਰਹਿਣੀ-ਬਹਿਣੀ ਵੀ ਆਪਣੇ ਵਰਗੇ ਲੋਕਾਂ ਨਾਲ ਈ ਸੀ। ਐਹੋ ਜੇਹੇ ਪਰਿਵਾਰਾਂ ਦੇ ਲੋਕ ਭਾਰਤ ਪੰਜਾਬ ਜਾ ਕੇ ਵੀ ਆਪਣੇ ਗਰੀਬ ਰਿਸ਼ਤੇਦਾਰਾਂ ਤੇ ਆਪਣੀ ਝੂਠੀ ਅਮੀਰੀ ਦਾ ਰੋਹਬ ਝਾੜਦੇ ਹਨ। ਯੂ. ਮੀ. ਨੋ. ਔਰੇਟ ਅਤੇ ਇਕ ਦੋ ਹੋਰ ਅੰਗਰੇਜ਼ੀ ਦੇ ਸਲੈਂਗ ਲਫਜ਼ ਬੋਲ ਕੇ ਆਪਣੀ ਵਿਦਵਤਾ ਦਾ ਪਰਦਾ ਪਾਉਂਦੇ ਹਨ। ਦੋ ਦੋ ਪੌਂਡ ਨੂੰ ਮਿਲਦੇ ਸੂਟ ਅਤੇ ਕਮੀਜ਼ਾਂ ਦੇ ਕੇ ਉਹਨਾਂ ਗਰੀਬਾਂ 'ਤੇ ਅਹਿਸਾਨ ਜਿਤਾਉਂਦੇ ਹਨ ਪਰ ਜਦ ਇਹਨਾਂ ਨੂੰ ਕੋਈ ਮੂਹਰਿਓਂ ਪੜ੍ਹਿਆ ਲਿਖਿਆ ਅਤੇ ਇਹਨਾਂ ਦੀਆਂ ਚਾਲਾਂ ਦਾ ਵਾਕਿਫ ਮਿਲ ਜਾਵੇ ਤਾਂ ਫਿਰ ਇਹਨਾਂ ਦੀ ਬੋਲਤੀ ਬੰਦ ਹੋ ਜਾਂਦੀ ਹੈ। ਸਿੰਮੀ ਅਤੇ ਉਹਦੇ ਮਾਪਿਆਂ ਦੀ ਵੀ ਹੁਣ ਇਕ ਕਿਸਮ ਦੀ ਸੱਚਾਈ ਪਤਾ ਲੱਗਣ ਤੇ ਬੋਲਤੀ ਬੰਦ ਹੋ ਗਈ ਸੀ। ਰਹਿੰਦੀ ਖੂੰਹਦੀ ਕਸਰ ਉਸ ਦਿਨ ਪੂਰੀ ਹੋ ਗਈ ਜਿਸ ਦਿਨ ਕੈਮ ਨੇ ਸਿੰਮੀ ਨੂੰ ਕਿਹਾ," ਆਪਾਂ ਨੂੰ ਬਿਜਨਸ ਵਧਾਉਣ ਦੀ ਪੰਜਾਹ ਕੁ ਹਜ਼ਾਰ ਪੌਂਡਾਂ ਦੀ ਲੋੜ ਆ। ਕੀ ਇਹਨਾਂ

ਦਾ ਕੋਈ ਪ੍ਰਬੰਧ ਹੋ ਸਕਦੈ?" ਸਿੰਮੀ ਕਿਹਾ," ਮੇਰੇ ਕੋਲ ਆਪਣੇ 35 ਹਜ਼ਾਰ ਪੌਂਡ ਸੀ, ਉਹ ਮੈਂ ਸਾਰੇ ਆਪਣੇ ਵਿਆਹ ਤੇ ਖਰਚ ਕਰ ਦਿੱਤੇ ਆ। ਮੇਰੇ ਮੰਮੀ ਡੈਡੀ ਤਾਂ ਕੰਮ ਤੋਂ ਵਿਹਲੇ ਆ। ਉਹਨਾਂ ਨੂੰ ਘਰ ਬੈਠਿਆਂ ਤਾਂ ਪੰਜ ਸਾਲ ਹੋ ਗਏ ਆ, ਨਾਲੇ ਸਾਡੇ ਵਾਲੇ ਪਾਸੇ ਤਾਂ ਕੰਮਾਂ ਦਾ ਵੀ ਘਾਟਾ। ਪਰ ਮੈਨੂੰ ਤਾਂ ਲੱਗਦਾ ਸੀ ਕਿ ਤੁਹਾਡੇ ਕੋਲ ਬਹੁਤ ਪੈਸੇ ਆ ਅਤੇ ਤੁਹਾਡਾ ਕੰਮ ਵੀ ਬਹੁਤ ਚਲਦੈ।" ਹੁਣ ਦਿਖਾਵੇ ਦਾ ਭਾਂਡਾ ਟੁੱਟ ਗਿਆ ਸੀ। ਕੈਮ ਨੇ ਕੋਈ ਜੁਆਬ ਨਾ ਦਿੱਤਾ ਅਤੇ ਫੁੰਕਾਰੇ ਮਾਰਦਾ ਘਰੋਂ ਬਾਹਰ ਚਲਾ ਗਿਆ। ਉਸ ਰਾਤ ਕੈਮ ਘਰ ਨਾ ਆਇਆ। ਦੂਜੇ ਦਿਨੀ ਸਿੰਮੀ ਨੇ ਜਦ ਇਸ ਬਾਰੇ ਪੁੱਛਿਆ ਤਾਂ ਕੈਮ ਕਹਿ ਦਿੱਤਾ", ਪੈਸਿਆਂ ਦੇ ਚੱਕਰ ਵਿਚ ਉਹ ਰਾਤੀ ਆਪਣੇ ਦੋਸਤ ਕੋਲ ਈ ਸੌਂ ਗਿਆ ਸੀ।"

ਕੈਮ ਨੇ ਹੁਣ ਜ਼ਿਆਦਾ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਅਤੇ ਹਫਤੇ ਵਿਚ ਇਕ ਦੋ ਰਾਤਾਂ ਬਾਹਰ ਰਹਿਣ ਲੱਗ ਪਿਆ ਸੀ ਸਿੰਮੀ ਦੇ ਪੁੱਛਣ ਤੇ ਹਰ ਵਾਰ ਪੈਸੇ ਇਕੱਠੇ ਕਰਨ ਦਾ ਬਹਾਨਾ ਲਾ ਦਿੰਦਾ ਸੀ। ਇਕ ਦਿਨ ਕੈਮ ਆਪਣਾ ਮੋਬਾਇਲ ਫੋਨ ਘਰ ਭੁੱਲ ਗਿਆ। ਫੋਨ ਦੀ ਘੰਟੀ ਵੱਜਣ ਤੇ ਸਿੰਮੀ ਨੇ ਫੋਨ ਚੁੱਕ ਲਿਆ ਤਾਂ ਲਿੰਡਾ ਨਾਂ ਦੀ ਗੋਰੀ ਬੋਲੀ, "ਕੈਮ ਕਿਥੇ ਆ? ਸਿੰਮੀ ਪੁੱਛਿਆ", ਤੂੰ ਕੌਣ ਆ? ਲਿੰਡਾ ਕਿਹਾ, "ਮੈਂ ਉਹਦੀ ਗਰਲ ਫ੍ਰੈਂਡ ਆ?" ਪਰ ਤੂੰ ਕੌਣ ਆ?" "ਮੈਂ ਉਹਦੀ ਪਤਨੀ ਆ।" ਸਿੰਮੀ ਜੁਆਬ ਦਿੱਤਾ। ਲਿੰਡਾ ਕਿਹਾ" ਤੂੰ ਉਹਦੀ ਪਤਨੀ ਕਿੱਦਾਂ ਹੋ ਸਕਦੀ ਆ, ਕੈਮ ਦਾ ਤਾਂ ਮੇਰੇ ਕੋਲ ਸਾਲ ਦਾ ਮੁੰਡਾ ਵੀ ਆ ਅਤੇ ਸਾਨੂੰ ਇਕੱਠਿਆਂ ਰਹਿੰਦਿਆਂ ਦੋ ਸਾਲ ਹੋ ਗਏ ਆ।" ਸਿੰਮੀ ਇਹ ਸੁਣ ਸੁੰਨ ਹੋ ਗਈ ਅਤੇ ਫੋਨ ਰੱਖ ਦਿੱਤਾ।

ਸ਼ਾਮ ਨੂੰ ਜਦ ਕੈਮ ਘਰ ਆਇਆ ਤਾਂ ਸਿੰਮੀ ਦੇ ਪੁੱਛਣ ਤੇ ਉਹਨੇ ਝਗੜਨਾ ਸ਼ੁਰੂ ਕਰ ਦਿੱਤਾ ਅਤੇ ਕਿਹਾ", ਤੂੰ ਮੇਰੇ ਫੋਨ ਨੂੰ ਹੱਥ ਕਿਉਂ ਲਾਇਆ? ਗੱਲ ਸਾਰੀ ਸਾਫ ਹੋ ਗਈ ਸੀ। ਸਿੰਮੀ ਨੇ ਜਦ ਆਪਣੇ ਮਾਂ ਬਾਪ ਨੂੰ ਸਭ ਕੁਝ ਦੱਸਿਆ ਤਾਂ ਉਹਨਾਂ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹਨਾਂ ਸਿੰਮੀ ਨੂੰ ਕਿਹਾ ਕਿ ਉਹ ਕੁੱਝ ਦੇਰ ਲਈ ਉਹਨਾਂ ਕੋਲ ਆ ਜਾਵੇ। ਕੈਮ ਵੀ ਇਸ ਨਾਲ ਸਹਿਮਤ ਹੋ ਗਿਆ। ਸਿੰਮੀ ਨੇ ਇਕ ਦੋ ਵਾਰ ਆਪਣੀ ਸੱਸ ਨਾਲ ਵੀ ਗੱਲ ਕੀਤੀ ਪਰ ਉਹਨੇ ਕੋਈ ਠੋਸ ਜੁਆਬ ਨਾ ਦਿੱਤਾ।

ਹੁਣ ਸਿੰਮੀ ਆਪਣੇ ਮਾਂ ਬਾਪ ਕੋਲ ਆ ਗਈ। ਰਿਸ਼ਤੇਦਾਰਾਂ ਨੂੰ ਵੀ ਕਨਸੋਅ ਮਿਲ ਗਈ ਕਿ ਕੰਮ ਖਰਾਬ ਹੋ ਗਿਆ। ਸਿੰਮੀ ਦੀ ਮਾਸੀ ਨੂੰ ਜਦ ਪਤਾ ਲੱਗਾ ਤਾਂ ਉਹਨੇ ਅਫਸੋਸ ਕਰਦੀ ਨੇ ਮੇਹਣਾ ਮਾਰਿਆ, "ਤੂੰ ਤਾਂ ਭੈਣੇ ਹਰ ਗੱਲ ਦਾ ਲਕੋਅ ਰੱਖਿਆ। ਸਾਨੂੰ ਦੱਸਦੀ ਤਾਂ ਅਸੀਂ ਇਹਨਾਂ ਬਾਰੇ ਖੋਜ ਪੜਤਾਲ ਕਰਦੇ। ਆਪਣੀ ਕਿੰਦਰ ਬਰਮਿੰਘਮ ਈ ਕਾਂਉਸਲ 'ਚ ਕੰਮ ਕਰਦੀ ਆ ਅਤੇ ਰਹਿੰਦੀ ਵੀ ਗਰੇਟ ਬਾਰ ਇਲਾਕੇ 'ਚ ਆ। ਪਰ ਤੂੰ ਤਾਂ ਹਰ ਗੱਲ ਸਾਡੇ ਤੋਂ ਛੁਪਾਈ ਰੱਖੀ।

ਸਿੰਮੀ ਦੇ ਮਾਪਿਆਂ, ਮਾਸੀ ਮਾਸੜ ਅਤੇ ਕੁੱਝ ਦੋਸਤਾਂ ਨੇ ਸਲਾਹ ਬਣਾਈ ਕਿ ਦਿੱਤਾ ਸਮਾਨ ਲੈ ਲਿਆ ਜਾਵੇ ਅਤੇ ਤਲਾਕ ਲਈ ਅਰਜ਼ੀ ਦਾਇਰ ਕਰਾ ਦਿੱਤੀ ਜਾਵੇ। ਪਰ ਸਿੰਮੀ ਕਿਹਾ, "ਮੈਨੂੰ ਇਕ ਵਾਰ ਜਾ ਲੈਣ ਦਿਓ। ਮੈਂ ਕੈਮ ਨੂੰ ਠੀਕ ਕਰ ਲੈਣਾ ਅਤੇ ਉਹਦਾ ਗੋਰੀ ਤੋਂ ਪਿੱਛਾ ਛਡਾ ਲੈਣਾ। ਸਾਰੇ ਮੰਨ ਗਏ ਕਿ ਜੇਕਰ ਕੁੜੀ ਇਹ ਕਹਿੰਦੀ ਆ ਤਾਂ ਇਕ ਮੌਕਾ ਦੇ ਦਿਓ। ਹੁਣ ਸਿੰਮੀ ਜਦ ਵਾਪਿਸ ਕੈਮ ਕੋਲ

ਗਈ ਤਾਂ ਉਹਨੇ ਘਰੋਂ ਬਾਹਰ ਕੱਢ ਦਿੱਤਾ ਕਿ", "ਮੈਂ ਗੋਰੀ ਨਹੀਂ ਛੱਡਣੀ ਅਤੇ ਨਾਲੇ ਮੈਂ ਨੰਗਾਂ ਨਾਲ ਕੋਈ ਰਿਸ਼ਤਾ ਵੀ ਨਹੀਂ ਰੱਖਣਾ ਚਾਹੁੰਦੈ।" ਖੋਟੇ ਪੈਸੇ ਵਾਂਗ ਸਿੰਮੀ ਵਾਪਿਸ ਘਰ ਆ ਗਈ। ਸਿੰਮੀ ਦੇ ਮਾਪਿਆਂ, ਮਾਸੀ ਅਤੇ ਦੋਸਤਾਂ ਕੈਮ ਦੇ ਮਾਮੇ ਨੂੰ ਵਿੱਚ ਪਾ ਕੇ ਵਿਆਹ ਵਿਚ ਦਿੱਤਾ ਸਾਰਾ ਸਮਾਨ ਮੁੜਵਾ ਲਿਆ। ਮਾਮੇ ਨੇ ਸਿੰਮੀ ਅਤੇ ਉਹਦੇ ਮਾਂ ਬਾਪ ਨੂੰ ਕਿਹਾ, "ਮੈਂ ਕੈਮ ਦਾ ਮਾਮਾ ਆ। ਸਿਰਫ ਉਹ ਲੋਕ ਈ ਇਸ ਪਰਿਵਾਰ ਨਾਲ ਰਿਸ਼ਤਾ ਗੰਢ ਸਕਦੇ ਆ ਜੇਹਨਾਂ ਨੂੰ ਕੰਨਾਂ ਤੋਂ ਸੁਣਦਾ ਨਾ ਹੋਵੇ ਅਤੇ ਅੱਖਾਂ ਤੋਂ ਦਿਸਣਾ ਬੰਦ ਹੋ ਗਿਆ ਹੋਵੇ। ਤੁਸੀਂ ਇਹਨਾ ਬਾਰੇ ਕਿਸੇ ਨਾਲ ਗੱਲ ਤਾਂ ਕਰਕੇ ਦੇਖੋ। ਲੋਕੀਂ ਸ਼ਰੇਆਮ ਇਹਨਾਂ ਨੂੰ ਗਾਲ੍ਹਾਂ ਕੱਢਦੇ ਆ। ਮੈਨੂੰ ਤਾਂ ਭਲੀਮਾਣਸ ਕੁੜੀ ਤੇ ਤਰਸ ਆਉਂਦਾ ਜੇਹਨੂੰ ਦਾਗੀ ਕਰਕੇ ਰੱਖ ਦਿੱਤਾ ਅਤੇ ਤੁਹਾਡੀ ਅਕਲ ਦਾ ਜਨਾਜਾ ਨਿਕਲਿਆ ਲੱਗਦੈ।"

ਸਿੰਮੀ ਅਤੇ ਕੈਮ ਦਾ ਵਿਆਹ ਕੁੱਲ 9 ਹਫਤੇ ਚੱਲਿਆ। ਮਾਸੀ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਹਿਸਾਬ ਲਾ ਰਹੀਆਂ ਸਨ ਕਿ ਸਿੰਮੀ ਨੂੰ ਕੈਮ ਨਾਲ ਇਕ ਦਿਨ ਬਤਾਉਣ ਵਿਚ ਦੋ ਹਜ਼ਾਰ ਪੌਂਡ ਦਾ ਖਰਚਾ ਪਿਆ।

ਸਿੰਮੀ ਦੇ ਜੋੜੇ ਪੈਸੇ ਉੱਡ ਗਏ ਸਨ ਅਤੇ ਕੰਮ ਤੋਂ ਉਹਨੇ ਆਪਣਾ ਅਸਤੀਫਾ ਦੇ ਦਿੱਤਾ ਸੀ। ਇਸ ਸਾਰੀ ਘੈਂਸ-ਘੈਂਸ ਨੇ ਸਿੰਮੀ ਅਤੇ ਉਹਦੀ ਮਾਂ ਨੂੰ ਗਮ ਦੇ ਸਮੁੰਦਰ ਵਿਚ ਡੋਬ ਦਿੱਤਾ। ਅੱਜ ਕੱਲ੍ਹ ਸਿੰਮੀ ਅਤੇ ਉਹਦੀ ਮਾਂ ਕਿਸੇ ਮਨੋਵਿਗਿਆਨਕ ਕੋਲੋਂ ਇਲਾਜ਼ ਕਰਵਾ ਰਹੀਆਂ ਹਨ। ਸਿੰਮੀ ਉੱਜੜ ਗਈ ਸੀ।

# ਇਸ਼ਕ ਪਰੁੰਨੀ ਸੁਨੀਤਾ

ਅਵਤਾਰ ਅਤੇ ਗੁਰਦੇਵ ਨੇ ਜਿਸ ਤਰ੍ਹਾਂ ਆਪਣੇ ਪੁੱਤਰ ਸੁਰਿੰਦਰ ਨੂੰ ਪਾਲਿਆ ਪੋਸਿਆ ਸੀ ਉਹਦੀ ਦਾਦ ਦੇਣੀ ਬਣਦੀ ਸੀ। ਇਕਲੌਤਾ ਪੁੱਤ ਅਤੇ ਫਿਰ ਇੰਗਲੈਂਡ ਦੇ ਮਾਹੌਲ ਵਿਚ ਜੰਮਿਆ ਪਲਿਆ ਯਕੀਨ ਨਹੀਂ ਸੀ ਆਉਂਦਾ ਕਿ ਸੁਰਿੰਦਰ ਐਨਾਂ ਆਗਿਆਕਾਰੀ ਕਿਵੇਂ ਸੀ। ਅੰਗਰੇਜ਼ੀ ਤਾਂ ਉਹਨੂੰ ਆਉਂਦੀ ਹੀ ਸੀ ਪਰ ਉਹ ਤਾਂ ਪੰਜਾਬੀ ਵੀ ਪੰਜਾਬ ਦੇ ਲੋਕਾਂ ਵਾਂਗ ਬੋਲਦਾ ਸੀ ਘੋੜੇ ਨੂੰ ਘੋਰਾ ਨਹੀਂ ਸੀ ਕਹਿੰਦਾ ਅਤੇ ਨਾ ਹੀ ਦੁੱਧ ਨੂੰ ਡੁੱਡ ਬੋਲਦਾ ਸੀ। ਨਹੀਂ ਤਾਂ ਬਹੁਤੇ ਵਲੈਤੀ ਜੰਮੇ ਪਲੇ ਬੱਚੇ ਪੰਜਾਬੀ ਦਾ ਸ਼ੁੱਧ ਉਚਾਰਨ ਨਹੀਂ ਕਰ ਸਕਦੇ। ਇਸ ਤੋਂ ਬਿਨਾਂ ਸੁਰਿੰਦਰ ਆਪਣੇ ਆਪ ਨੂੰ ਸੈਮ ਨਹੀਂ ਸੀ ਕਹਾਉਂਦਾ। ਇਹ ਸਭ ਕੁੱਝ ਉਹਦੇ ਮਾਂ ਬਾਪ ਅਵਤਾਰ ਸਿੰਘ ਅਤੇ ਗੁਰਦੇਵ ਕੌਰ ਕਰਕੇ ਤਾਂ ਹੈ ਈ ਸੀ ਪਰ ਇਹਦੇ ਵਿਚ ਉਹਨਾਂ ਦੇ ਨਾਲ ਰਹਿੰਦੇ ਬਜ਼ੁਰਗ ਅਵਤਾਰ ਦੇ ਬਾਪੂ ਜੀ ਸ਼ਾਮ ਸਿੰਘ ਅਤੇ ਮਾਤਾ ਜੀ ਗੁਰਚਰਨ ਕੌਰ ਦਾ ਵੱਡਾ ਹੱਥ ਸੀ। ਇਸੇ ਕਰਕੇ ਸਾਰਾ ਪਰਿਵਾਰ ਚਾਹੁੰਦਾ ਸੀ ਕਿ ਗੱਭਰੂ ਹੋ ਰਹੇ ਸੁਰਿੰਦਰ ਦਾ ਵਿਆਹ ਪੰਜਾਬ ਭਾਰਤ ਵਿਚ ਕੀਤਾ ਜਾਵੇ ਕਿਉਂਕਿ ਵਲੈਤ ਵਿਚੋਂ ਸੁਰਿੰਦਰ ਵਰਗੀਆਂ ਆਦਤਾਂ ਦੀ ਕੁੜੀ ਮਿਲਣੀ ਅਸੰਭਵ ਤਾਂ ਭਾਵੇਂ ਨਹੀਂ ਸੀ ਪਰ ਮੁਸ਼ਕਲ ਜ਼ਰੂਰ ਸੀ।

ਸੁਰਿੰਦਰ ਨੇ ਆਈ. ਟੀ. ਵਿਚ ਮਾਸਟਰਜ਼ ਡਿਗਰੀ ਕਰ ਲਈ ਸੀ ਅਤੇ ਇਕ ਚੰਗੀ ਫਰਮ ਵਿਚ ਨੌਕਰੀ ਕਰ ਰਿਹਾ ਸੀ। ਸੁਰਿੰਦਰ ਤਕਰੀਬਨ ਛੇ ਫੁੱਟ ਲੰਬਾ ਦਰਸ਼ਨੀ ਜੁਆਨ ਸੀ। ਉਹਦੇ ਬੜੇ ਸੀਮਤ ਜਿਹੇ ਦੋਸਤ ਸਨ। ਉਹ ਸ਼ਰਾਬਾਂ ਡਰੱਗਜ਼ ਅਤੇ ਕੁੜੀਆਂ ਦੇ ਚੱਕਰਾਂ ਤੋਂ ਬਚਿਆ ਹੋਇਆ ਸੀ। ਹਫਤੇ ਵਿਚ ਚਾਰ ਵਾਰ ਕਸਰਤ ਕਰਨ ਜਾਂਦਾ ਅਤੇ ਬਾਕੀ ਸਮਾਂ ਘਰ ਵਿਚ ਬੈਠਾ ਪੜ੍ਹਦਾ ਰਹਿੰਦਾ ਅਤੇ ਮਾਂ ਬਾਪ ਦਾ ਘਰ ਦੇ ਕੰਮਾਂ ਵਿਚ ਹੱਥ ਵਟਾਉਂਦਾ। ਵਿਆਹ ਲਈ ਉਹ ਤਿਆਰ ਸੀ। ਪੰਜਾਬ ਭਾਰਤ ਵਿਚ ਜਾ ਕੇ ਵਿਆਹ ਕਰਾਉਣ ਵਿਚ ਉਹਨੂੰ ਕੋਈ ਇਤਰਾਜ਼ ਨਹੀਂ ਸੀ। ਇਸੇ ਕਰਕੇ ਉਹਨਾਂ ਆਪਣੇ ਭਾਰਤ ਬੈਠੇ ਰਿਸ਼ਤੇਦਾਰਾਂ ਨੂੰ ਫੋਨ ਤੇ ਦੱਸ ਦਿੱਤਾ ਕਿ ਉਹ ਕੁੜੀ ਦੀ ਤਲਾਸ਼ ਕਰਨ। ਨਾਲ ਹੀ ਉਹਨਾਂ ਟ੍ਰਿਬਿਊਨ ਅਖਬਾਰ ਵਿਚ ਇਸ਼ਤਿਹਾਰ ਦੇ ਦਿੱਤਾ।

ਹੁਣ ਜਦ ਨਵੰਬਰ ਦੇ ਮਹੀਨੇ ਸਾਰਾ ਪਰਿਵਾਰ ਇੰਡੀਆ ਗਿਆ ਤਾਂ ਕੁੜੀਆਂ ਦੀਆਂ ਲਾਇਨਾਂ ਲੱਗ ਗਈਆਂ। ਇੱਕ ਤੋਂ ਇੱਕ ਚੜ੍ਹ ਕੇ ਕੁੜੀਆਂ ਵਾਲੇ ਵਿਆਹ ਲਈ ਤਿਆਰ ਸਨ। ਰਿਸ਼ਤੇਦਾਰ ਆਪਣਾ ਸੂਤ ਲਾ ਰਹੇ ਸਨ। ਵਧਾ ਚੜ੍ਹਾ ਕੇ ਕੁੜੀ ਬਾਰੇ ਅਤੇ ਉਹਦੇ ਮਾਂ ਬਾਪ ਬਾਰੇ ਦੱਸ ਰਹੇ ਸਨ", ਕਿ ਐਹੋ ਜੇਹੀ ਸੁਸ਼ੀਲ ਕੰਨਿਆਂ ਆਪਾਂ ਨੂੰ ਕਿਥੋਂ ਮਿਲਣੀ ਆ। ਕੁੜੀ ਤਾਂ ਘਰ ਦੇ ਸਾਰੇ ਕੰਮਾਂ 'ਚ ਨਿਪੁੰਨ ਆ। ਨਹੀਂ

ਤਾਂ ਐਮ. ਏ. ਪਾਸ ਕੁੜੀਆਂ ਤਾਂ ਘਰ ਵਿਚ ਡੱਕਾ ਦੋਹਰਾ ਨਹੀਂ ਕਰਦੀਆਂ। ਮਾਂ ਬਾਪ ਦੀ ਸਾਰੀ ਦੁਨੀਆਂ ਇੱਜਤ ਕਰਦੀ ਆ। ਐਹੋ ਜੇਹੇ ਭਲੇਮਾਣਸ ਰਿਸ਼ਤੇਦਾਰ ਕਿਥੋਂ ਮਿਲਣੇ ਆ। ਕੁੜੀ ਵੀ ਦੇਖਣ ਪਾਖਣ ਨੂੰ ਆਪਣੇ ਸੁਰਿੰਦਰ ਵਰਗੀ ਸੋਹਣੀ ਸੁਨੱਖੀ ਆ। ਜੋੜੀ ਬੜੀ ਵਧੀਆ ਫੱਬੇਗੀ। ਰਿਸ਼ਤੇਦਾਰ ਬੜੇ ਮਿਲਾਪੜੇ ਅਤੇ ਕੰਮ ਆਉਣ ਵਾਲੇ ਆ। ਪਰਿਵਾਰ ਵੀ ਬੜਾ ਛੋਟਾ ਆ, ਇਕੋ ਇੱਕ ਲੜਕੀ ਅਤੇ ਇੱਕ ਉਹਦਾ ਛੋਟਾ ਭਰਾ। ਲੱਖਾਂ ਕਰੋੜਾਂ ਦੀ ਜਾਇਦਾਦ ਇਹਨਾਂ ਦੋਵਾਂ ਬੱਚਿਆਂ ਦੀ ਆ। ਤੁਸੀਂ ਬਹੁਤੇ ਝਮੇਲਿਆਂ ਵਿਚ ਨਾ ਪਵੋ, ਚੁੱਪ ਕਰਕੇ ਵਿਆਹ ਕਰਨ ਦੀ ਕਰੋ। ਚੰਗੀ ਕੁੜੀ ਅਤੇ ਰਿਸ਼ਤੇਦਾਰ ਅੱਜ ਕੱਲ੍ਹ ਕਿੱਥੋਂ ਮਿਲਦੇ ਆ। ਐਹੋ ਜੇਹੇ ਰੀਕਾਰਡ ਸੁਰਿੰਦਰ ਅਤੇ ਮਾਪਿਆਂ ਸਿਰ ਰੋਜ਼ ਵਜ਼ਦੇ। ਉਹਨਾਂ ਪਹਿਲੇ ਹਫਤੇ ਈ 12 ਕੁੜੀਆਂ ਦੇਖ ਮਾਰੀਆਂ। ਅਖੀਰ ਤੋੜਾ ਇਸ ਗੱਲ ਤੇ ਟੁੱਟਾ ਕਿ ਰਿਸ਼ਤੇਦਾਰੀ ਵਿਚੋਂ ਹੀ ਵਿਆਹ ਕੀਤਾ ਜਾਵੇ, ਘੱਟੋ ਘੱਟ ਤਹਾਨੂੰ ਉਹਨਾਂ ਬਾਰੇ ਚੰਗਾ ਮਾੜਾ ਪਤਾ ਤਾਂ ਹੈ ਜਿਵੇਂ ਅੰਗਰੇਜ਼ੀ ਵਿਚ ਕਹਿੰਦੇ ਹਨਃ ਇਟਜ਼ ਬੈਟਰ ਦਾ ਡੈਵਲ ਯੂ ਨੋਅ।

ਸੁਰਿੰਦਰ ਨੂੰ ਵੀ ਸੁਨੀਤਾ ਪਸੰਦ ਸੀ। ਬਿੱਲੀਆਂ ਅੱਖਾਂ, ਗੋਰਾ ਰੰਗ ਅਤੇ ਪੂਰੀ ਛਮਕ ਛੱਲੋ। ਸੁਨੀਤਾ ਨੇ ਐਮ. ਏ.-ਪਾਰਟ ਵਨ ਪਾਸ ਕਰ ਲਿਆ ਸੀ ਅਤੇ ਅਜੇ ਕਾਲਿਜ਼ ਵਿਚ ਈ ਪੜ੍ਹ ਰਹੀ ਸੀ। ਮਾਂ ਬਾਪ ਦਾ ਪਹਿਲਾਂ ਲੱਖਾਂ ਕਰੋੜਾਂ ਦਾ ਵਿਉਪਰ ਸੀ ਪਰ ਖਾਲਿਸਤਾਨ ਦੀ ਲਹਿਰ ਵੇਲੇ ਉਹਨਾਂ ਨੂੰ ਧਮਕੀਆਂ ਆਉਣ ਲੱਗ ਪਈਆਂ ਅਤੇ ਉਹ ਸਭ ਕੁੱਝ ਭੰਗ ਦੇ ਭਾੜੇ ਵੇਚ ਵੱਟ ਕੇ ਲਾਗਲੇ ਸ਼ਹਿਰ ਵਿਚ ਚਲੇ ਗਏ। ਉਹਨਾਂ ਦੀ ਹਾਲਤ ਹੁਣ ਕਾਫੀ ਪਤਲੀ ਸੀ। ਪਰ ਸੁਰਿੰਦਰ ਦੇ ਮਾਪਿਆਂ ਨੂੰ ਇਹ ਧਰਵਾਸ ਸੀ ਕਿ ਪੈਸਾ ਤਾਂ ਆਉਣਾ ਜਾਣਾ ਹੈ, ਲੋਕ ਚੰਗੇ ਚਾਹੀਦੇ ਆ। ਗੱਲ ਪੱਕੀ ਹੋ ਗਈ ਅਤੇ ਸੁਰਿੰਦਰ ਦਾ ਸੁਨੀਤਾ ਨਾਲ ਗੱਜ ਵੱਜ ਕੇ ਵਿਆਹ ਹੋ ਗਿਆ। ਵਿਆਹ ਤੋਂ ਬਾਅਦ ਸੁਰਿੰਦਰ ਤਿੰਨ ਮਹੀਨੇ ਇੰਡੀਆ ਰਿਹਾ ਤਾਂਕਿ ਸੁਨੀਤਾ ਦੇ ਸਾਰੇ ਕਾਗਜ਼ ਤਿਆਰ ਹੋ ਜਾਣ ਅਤੇ ਉਸਨੂੰ ਵੀਜ਼ੇ ਦੇ ਕੋਈ ਦਿੱਕਤ ਨਾ ਆਵੇ। ਇਹ ਸਾਰਾ ਸਮਾਂ ਸੁਰਿੰਦਰ ਅਤੇ ਸੁਨੀਤਾ ਲਈ ਤਾਂ ਖੁਸ਼ੀ ਭਰਿਆ ਹੈ ਈ ਸੀ ਸਗੋਂ ਦੋਵੇਂ ਪਰਿਵਾਰ ਵੀ ਸੰਤੁਸ਼ਟ ਸਨ ਕਿ ਇਕ ਦੂਜੇ ਨੂੰ ਰਿਸ਼ਤੇਦਾਰ ਚੰਗੇ ਮਿਲ ਗਏ ਹਨ। ਇੰਟਰੀ ਮਿਲਣ ਬਾਦ ਸੁਰਿੰਦਰ ਅਤੇ ਸੁਨੀਤਾ ਇੰਗਲੈਂਡ ਆ ਗਏ।

ਸੁਰਿੰਦਰ ਕੰਮ ਤੇ ਚਲੇ ਜਾਂਦਾ ਅਤੇ ਸੁਨੀਤਾ ਘਰ ਦਾ ਕੰਮ ਕਰਨ ਦੇ ਬਾਦ ਕਦੇ ਅਵਤਾਰ ਸਿੰਘ ਅਤੇ ਗੁਰਦੇਵ ਕੌਰ ਨਾਲ ਸ਼ੌਪਿੰਗ ਕਰਨ ਚਲੇ ਜਾਂਦੀ ਅਤੇ ਕਦੇ ਘਰ ਬੈਠੀ ਦੇਸੀ ਟੀ. ਵੀ. ਦੇਖਦੀ ਰਹਿੰਦੀ। ਕੰਮਾਂ ਕਾਰਾਂ ਦਾ ਹੁਣ ਤੋੜਾ ਸੀ ਇਸੇ ਕਰਕੇ ਸੁਨੀਤਾ ਸੋਚ ਰਹੀ ਸੀ ਕਿ ਇਥੋਂ ਕੋਈ ਕੋਰਸ ਕਰ ਲਿਆ ਜਾਵੇ। ਵੈਸੇ ਵੀ ਇੰਡਿਆ ਦੀ ਕੀਤੀ ਪੜ੍ਹਾਈ ਨੂੰ ਇਥੇ ਮਾਨਤਾ ਨਹੀਂ ਦਿੱਤੀ ਜਾਂਦੀ ਜਦੋਂ ਕਿ ਇੰਗਲੈਂਡ ਦਾ ਛੋਟਾ ਮੋਟਾ ਕੀਤਾ ਕੋਰਸ ਵੀ ਮੈਅਨੇ ਰਖਾਉਂਦਾ ਹੈ। ਇੰਡਿਆ ਦੀਆਂ ਬੀ. ਏ. ਐਮ. ਏ. ਇਥੇ ਰੁਲਦੀਆਂ ਫਿਰਦੀਆਂ। ਇਥੋਂ ਤਕ ਕਿ ਇੰਡਿਆ ਤੋਂ ਕੀਤੀ ਡਾਕਟਰੀ ਦੀ ਪੜ੍ਹਾਈ ਨੂੰ ਵੀ ਮਾਨਤਾ ਨਹੀਂ ਦਿੱਤੀ ਜਾਂਦੀ ਅਤੇ ਡਾਕਟਰਾਂ ਨੂੰ ਇੰਗਲੈਂਡ ਤੋਂ ਕੋਰਸ ਅਤੇ ਟੈਸਟ ਪਾਸ ਕਰਨੇ ਪੈਂਦੇ ਹਨ ਅਤੇ ਫਿਰ ਹੀ ਉਹ ਡਾਕਟਰੀ ਦੇ ਕਿੱਤੇ ਵਿਚ ਦਾਖਲ ਹੋ ਸਕਦੇ ਹਨ। ਪੰਜਾਬੀ ਵਿਚ ਕੀਤੀਆਂ ਪੀ. ਐਚ. ਡੀਆਂ ਨੂੰ ਇਥੇ ਟਕੇ ਭਾਅ ਨਹੀਂ ਪੁੱਛਿਆ ਜਾਂਦਾ। ਵੈਸੇ ਵੀ ਇੰਡਿਆ ਦੀ ਪੀ. ਐਚ. ਡੀ. ਦਾ

ਸਟੈਂਡਰਡ ਇੰਗਲੈਂਡ ਦੀ ਡਾਕਟਰੇਟ ਦੇ ਲਾਗੇ ਚਾਗੇ ਵੀ ਨਹੀਂ ਹੈ। ਇਸੇ ਕਰਕੇ ਸੁਨੀਤਾ ਨੇ ਸਤੰਬਰ ਮਹੀਨੇ ਇਕ ਕਾਲਜ਼ ਵਿਚ ਅੰਗਰੇਜ਼ੀ ਸਿੱਖਣ ਦਾ ਕੋਰਸ ਸ਼ੁਰੂ ਕਰ ਲਿਆ ਤਾਂਕਿ ਉਹਦੀ ਅੰਗਰੇਜ਼ੀ ਦੀ ਬੋਲ ਚਾਲ ਵਿਚ ਸੁਧਾਰ ਹੋ ਸਕੇ ਨਹੀਂ ਤਾਂ ਦੇਸੀ ਸਿੱਖੀ ਅੰਗਰੇਜ਼ੀ ਬੋਲਦਾ ਇਨਸਾਨ ਇਉਂ ਲੱਗਦਾ ਜਿਵੇਂ ਕੋਈ ਕਿਸੇ ਦੇ ਢੀਮਾਂ ਮਾਰ ਰਿਹਾ ਹੋਵੇ।

ਸੁਨੀਤਾ ਨੂੰ ਇੰਗਲੈਂਡ ਦੇ ਮਾਹੌਲ ਦੀ ਵਾਕਫੀ ਹੋ ਰਹੀ ਸੀ। ਉਹ ਕਾਲਿਜ਼ ਵਿਚ ਤਾਂ ਸਿਰਫ ਤਿੰਨ ਦਿਨ ਹੀ ਜਾਂਦੀ ਸੀ ਬਾਕੀ ਸਮਾਂ ਘਰ ਹੀ ਰਹਿੰਦੀ। ਤਕਰੀਬਨ ਹਰ ਹਫਤੇ ਇੰਡਿਆ ਚਿੱਠੀਆਂ ਲਿਖਦੀ। ਆਮ ਕਰਕੇ ਗੁਰਦੇਵ ਕੌਰ ਚਿੱਠੀ ਬਾਹਰ ਡਾਕ ਵਾਲੇ ਢੋਲ 'ਚ ਪਾ ਕੇ ਆਉਂਦੀ। ਸੁਰਿੰਦਰ ਅਤੇ ਸੁਨੀਤਾ ਵੀ ਖੁਸ਼ ਨਜ਼ਰ ਆ ਰਹੇ ਸਨ। ਘਰ ਵਿਚ ਮਾਹੌਲ ਸ਼ਾਂਤ ਸੀ ਅਤੇ ਜ਼ਿੰਦਗੀ ਇਕ ਸਾਰ ਚੱਲ ਰਹੀ ਸੀ। ਇਹ ਗੱਲ ਸ਼ਾਇਦ ਤੂਫਾਨ ਆਉਣ ਤੋਂ ਪਹਿਲਾਂ ਸ਼ਾਂਤ ਵਾਤਾਵਰਣ ਵਾਂਗ ਸੀ। ਅਵਤਾਰ ਅਤੇ ਗੁਰਦੇਵ ਕੌਰ ਨੇ ਵੀ ਸੁਨੀਤਾ ਨੂੰ ਕਦੇ ਨਹੀਂ ਸੀ ਕਿਹਾ ਕਿ ਉਹ ਹਰ ਹਫਤੇ ਕਿਉਂ ਚਿੱਠੀਆਂ ਲਿਖਦੀਆ ਅਤੇ ਨਾ ਹੀ ਉਹਨਾਂ ਕਦੇ ਇੰਡਿਆ ਫੋਨ ਕਰਨ ਤੋਂ ਉਹਨੂੰ ਵਰਜਿਆ ਸੀ। ਇਕ ਦਿਨ ਸੁਨੀਤਾ ਕਾਲਿਜ਼ ਜਾਣ ਤੋਂ ਲੇਟ ਹੋ ਰਹੀ ਸੀ ਅਤੇ ਉਹਨੇ ਅਵਤਾਰ ਨੂੰ ਕਿਹਾ", ਡੈਡੀ ਜੀ, ਤੁਸੀਂ ਮੈਨੂੰ ਕਾਰ ਵਿਚ ਕਾਲਿਜ਼ ਛੱਡ ਆਓ ਅਤੇ ਨਾਲੇ ਮੇਰੀ ਚਿੱਠੀ ਵੀ ਪੋਸਟ ਕਰ ਦੇਣੀ।" ਅਵਤਾਰ ਨੇ ਕਾਰ ਵਿਚ ਸੁਨੀਤਾ ਨੂੰ ਕਾਲਿਜ਼ ਛੱਡ ਆਂਦਾ ਅਤੇ ਜਦ ਸੁਨੀਤਾ ਦੀ ਲਿਖੀ ਚਿੱਠੀ ਪੋਸਟ ਕਰਨ ਲੱਗਾ ਤਾਂ ਉਹਨੇ ਦੇਖਿਆ ਕਿ ਚਿੱਠੀ ਸੁਨੀਤਾ ਦੇ ਮਾਪਿਆਂ ਨੂੰ ਨਹੀਂ ਕਿਸੇ ਹੋਰ ਨੂੰ ਲਿਖੀ ਸੀ। ਚਿੱਠੀ ਤੇ ਨਾ ਵੀ ਕਿਸੇ ਮਰਦ ਦਾ ਸੀ। ਅਵਤਾਰ ਨੂੰ ਸ਼ੱਕ ਪੈ ਗਿਆ ਅਤੇ ਚਿੱਠੀ ਵੀ ਪੂਰੀ ਤਰ੍ਹਾਂ ਬੰਦ ਨਹੀਂ ਸੀ ਹੋਈ। ਉਹਨੇ ਹੌਲੀ-ਹੌਲੀ ਮੂੰਹ ਦੀ ਭਾਫ ਨਾਲ ਪੋਲੇ ਪੋਲੇ ਚਿੱਠੀ ਖੋਹਲ ਲਈ। ਇਹ ਚਿੱਠੀ ਸੁਨੀਤਾ ਨੇ ਆਪਣੇ ਮਰਦ-ਦੋਸਤ ਨੂੰ ਲਿਖੀ ਸੀ। ਚਿੱਠੀ ਵਿਚ ਵਾਇਦੇ ਪੁਗਾਉਣ ਅਤੇ ਖਾਧੀਆਂ ਕਸਮਾਂ ਦੀਆਂ ਗੱਲਾਂ ਕੀਤੀਆਂ ਸਨ। ਇਹ ਵੀ ਜ਼ਾਹਿਰ ਕੀਤਾ ਸੀ ਕਿ ਬੱਸ ਕੁੱਝ ਦੇਰ ਦੀ ਹੀ ਗੱਲ ਹੈ। ਜਦ ਸਾਲ ਪੂਰਾ ਹੋ ਗਿਆ ਤਾਂ ਉਹਨੂੰ ਇੰਗਲੈਂਡ ਵਿਚ ਪੱਕੇ ਰਹਿਣ ਦੀ ਇੰਟਰੀ ਮਿਲ ਜਾਣੀ ਆ ਅਤੇ ਫਿਰ ਤਲਾਕ ਤੋਂ ਬਾਦ ਉਹ ਵਿਆਹ ਕਰਵਾ ਲੈਣਗੇ ਅਤੇ ਉਹ ਇੰਗਲੈਂਡ ਆ ਜਾਵੇਗਾ। ਸੁਨੀਤਾ ਇਸ਼ਕ ਵਿਚ ਬਾਉਰੀ ਹੋਈ ਪਈ ਸੀ।

ਅਵਤਾਰ ਨੇ ਘਰ ਆ ਕੇ ਸਾਰੀ ਗੱਲ ਗੁਰਦੇਵ ਨੂੰ ਦੱਸੀ। ਘਰ ਦਾ ਸਾਰਾ ਮਾਹੌਲ ਸੋਗਮਈ ਹੋ ਗਿਆ। ਅਵਤਾਰ ਨੇ ਆਪਣੇ ਬਜ਼ੁਰਗ ਮਾਂ ਬਾਪ ਨਾਲ ਵੀ ਗੱਲ ਕੀਤੀ। ਸਾਰਿਆਂ ਨੂੰ ਗੁੱਸਾ ਤਾਂ ਬਹੁਤ ਆਇਆ ਪਰ ਉਹਨਾਂ ਬਹਿਸ ਬਾਦ ਇਹ ਫੈਸਲਾ ਕੀਤਾ ਕਿ, "ਸੁਰਿੰਦਰ ਨੂੰ ਵੀ ਪਰਦੇ ਨਾਲ ਸਾਰੀ ਗੱਲ ਨੂੰ ਸਮਝਾ ਦਿਓ ਅਤੇ ਸੁਨੀਤਾ ਨੂੰ ਇਸ ਬਾਰੇ ਬਿਲਕੁਲ ਹੀ ਕੁੱਝ ਨਾ ਪੁੱਛਿਆ ਜਾਵੇ। ਸੁਨੀਤਾ ਨੂੰ ਇੰਡਿਆ ਲਿਜਾ ਕੇ ਉਹਦੇ ਮਾਂ ਬਾਪ ਦੇ ਹਵਾਲੇ ਕਰ ਦਿਓ ਅਤੇ ਨਾਲ ਹੀ ਚਿੱਠੀ ਦਿਖਾ ਦਿੱਤੀ ਜਾਵੇ।"

ਸ਼ਾਮ ਨੂੰ ਜਦ ਸੁਰਿੰਦਰ ਘਰ ਆਇਆ ਤਾਂ ਥੋੜੀ ਦੇਰ ਬਾਦ ਅਵਤਾਰ ਸਿੰਘ ਉਹਨੂੰ ਪੱਬ ਲੈ ਗਿਆ ਪੱਬ ਵਿਚ ਸੁਰਿੰਦਰ ਨੂੰ ਸਾਰੀ ਗੱਲ ਦੱਸ ਦਿੱਤੀ ਗਈ ਅਤੇ ਬਣਾਈ ਸਕੀਮ ਵੀ ਸਮਝਾ ਦਿੱਤੀ। ਸੁਰਿੰਦਰ ਨੂੰ ਗੁੱਸਾ ਤਾ ਬੜਾ ਚੜ੍ਹਿਆ ਅਤੇ

ਉਹਦਾ ਮਨ ਕੀਤਾ ਕਿ ਸੁਨੀਤਾ ਦੀ ਧੂਆ ਘੜੀਸੀ ਕਰੇ ਪਰ ਮਾਂ ਬਾਪ ਦਾ ਆਗਿਅਕਾਰੀ ਪੁੱਤ ਹੋਣ ਕਰਕੇ ਉਹਨੇ ਬਜ਼ੁਰਗਾਂ ਦੇ ਫੈਸਲੇ ਨੂੰ ਸਿਰ ਮੱਥੇ 'ਤੇ ਮਨ ਲਿਆ। ਸੁਨੀਤਾ ਨੂੰ ਕਿਸੇ ਵੀ ਗੱਲ ਦੀ ਭਿਣਕ ਨਾ ਪੈਣ ਦਿੱਤੀ ਗਈ।

ਇਕ ਦਿਨ ਸੁਨੀਤਾ ਦੀ ਮਾਂ ਦਾ ਇੰਡਿਆ ਤੋਂ ਫੋਨ ਆਇਆ ਕਿ ਉਹਦੀ ਤਬੀਅਤ ਠੀਕ ਨਹੀਂ। ਢਲਦੀ ਉਮਰ, ਵਿਉਪਾਰ ਵਿਚ ਉੱਥਲ-ਪੁੱਥਲ ਅਤੇ ਸੁਨੀਤਾ ਦਾ ਦੂਰ ਵਿਆਹੇ ਜਾਣਾ, ਸਭ ਗੱਲਾਂ ਇਕੱਠੀਆਂ ਹੋ ਗਈਆਂ ਸਨ। ਸੁਨੀਤਾ ਦੀ ਮਾਂ ਨੂੰ ਇਹ ਵੀ ਫਿਕਰ ਸੀ ਕਿ ਵਿਆਹ ਤੋਂ ਬਾਦ ਉਹ ਇਕ ਵਾਰ ਸੁਨੀਤਾ ਨੂੰ ਮਿਲ ਲਵੇ ਕਿ ਉਹ ਆਪਣੇ ਸਹੁਰੇ ਘਰ ਠੀਕ ਠਾਕ ਵੀ ਹੈ। ਨਿਆਣੀ ਉਮਰ ਵਿਚ ਪ੍ਰਦੇਸੀਂ ਜਿਉਂ ਭੇਜ ਦਿੱਤਾ ਸੀ। ਸੁਨੀਤਾ ਨੇ ਜਦ ਆਪਣੀ ਮਾਂ ਦੇ ਫੋਨ ਬਾਰੇ ਗੱਲ ਕੀਤੀ ਤਾਂ ਗੁਰਦੇਵ ਕੌਰ ਨੇ ਕਿਹਾ," ਪੁੱਤ ਤੂੰ ਆਪਣੇ ਮੰਮੀ ਡੈਡੀ ਨੂੰ ਮਿਲ ਆ। ਮੈਂ ਤੇਰੇ ਡੈਡੀ ਨਾਲ ਅੱਜ ਗੱਲ ਕਰੂੰਗੀ। ਸੁਰਿੰਦਰ ਨੂੰ ਵੀ ਮੈਂ ਮਨਾ ਲਊਂਗੀ। ਜੇ ਸੁਰਿੰਦਰ ਨੂੰ ਛੁੱਟੀ ਨਾ ਮਿਲਦੀ ਹੋਈ ਤਾਂ ਤੇਰੇ ਡੈਡੀ ਤੈਨੂੰ ਇੰਡਿਆ ਲੈ ਜਾਣਗੇ। ਤੂੰ ਉਦਾਸ ਨਾ ਹੋ, ਮੇਰੀ ਬੀਬੀ ਧੀ ਰਾਣੀ।"

ਸੁਨੀਤਾ ਦੀ ਮਾਂ ਦਾ ਫੋਨ ਬੜਾ ਰਾਸ ਆਇਆ। ਹੁਣ ਕੋਈ ਹੋਰ ਬਹਾਨਾ ਘੜਨ ਦੀ ਲੋੜ ਨਹੀਂ ਸੀ। ਸੁਨੀਤਾ ਦੇ ਪਾਸਪੋਰਟ ਤੇ ਸਾਲ ਦੀ ਇੰਟਰੀ ਖਤਮ ਹੋਣ ਤੇ ਅਜੇ ਤਿੰਨ ਹਫਤੇ ਸਨ। ਘਰ ਵਿਚ ਸੁਨੀਤਾ ਨਾਲ ਇਹ ਸਲਾਹ ਬਣਾਈ ਕਿ ਉਹ ਦੋ ਹਫਤੇ ਇੰਡਿਆ ਰਹਿ ਕੇ ਵਾਪਸ ਆ ਜਾਵੇਗੀ ਨਾਲੇ ਅਵਤਾਰ ਸਿੰਘ ਨੂੰ ਵੀ ਕੰਮ ਤੋਂ ਛੁੱਟੀ ਸਿਰਫ ਦੋ ਹਫਤੇ ਦੀ ਹੀ ਮਿਲ ਸਕਦੀ ਸੀ।

ਹੁਣ ਇੰਡਿਆ ਜਾਣ ਦੀ ਸਾਰੀ ਤਿਆਰੀ ਪੂਰੀ ਹੋ ਗਈ ਅਤੇ ਸੁਨੀਤਾ ਅਤੇ ਅਵਤਾਰ ਸਿੰਘ ਜਹਾਜ਼ੇ ਚੜ੍ਹ ਗਏ। ਅਵਤਾਰ ਸਿੰਘ ਦੋ ਕੁ ਦਿਨ ਤਾਂ ਸੁਨੀਤਾ ਦੇ ਮਾਂ ਬਾਪ ਕੋਲ ਈ ਰਿਹਾ ਫਿਰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਚਲਾ ਗਿਆ। ਟਿੱਕਟਾਂ ਅਤੇ ਪਾਸਪੋਰਟ ਅਵਤਾਰ ਸਿੰਘ ਨੇ ਆਪਣੇ ਕੋਲ ਹੀ ਰੱਖੇ। ਜਿਸ ਦਿਨ ਵਾਪਿਸ ਜਾਣਾ ਸੀ ਉਸ ਤੋਂ ਦੋ ਦਿਨ ਪਹਿਲਾਂ ਅਵਤਾਰ ਸਿੰਘ ਸੁਨੀਤਾ ਦੇ ਮਾਂ ਬਾਪ ਦੇ ਘਰ ਆਇਆ ਅਤੇ ਉਹਨਾਂ ਨੂੰ ਸਾਰੀ ਗੱਲਬਾਤ ਦੱਸ ਦਿੱਤੀ ਅਤੇ ਚਿੱਠੀ ਵੀ ਪੜ੍ਹਾ ਦਿੱਤੀ। ਇਹ ਸਭ ਸੁਣ ਕੇ ਸੁਨੀਤਾ ਦੇ ਮਾਂ ਬਾਪ ਬੁਖਲਾ ਗਏ। ਉਹਨਾਂ ਦੀ ਦੁਨੀਆਂ ਉੱਜੜ ਗਈ ਅਤੇ ਉਹਨਾਂ ਨੂੰ ਭੰਬੂ ਤਾਰੇ ਨਜ਼ਰ ਆਉਣ ਲੱਗੇ। ਉਹ ਸੁੰਨ ਹੋ ਗਏ ਅਤੇ ਕੁੱਝ ਨਾ ਬੋਲ ਸਕੇ। ਅਵਤਾਰ ਸਿੰਘ ਉੱਠ ਕੇ ਘਰੋਂ ਬਾਹਰ ਚਲਾ ਗਿਆ।

ਜਿਸ ਦਿਨ ਅਵਤਾਰ ਸਿੰਘ ਵਾਪਿਸ ਇੰਗਲੈਂਡ ਆਉਣ ਲਈ ਐਟਚੀਕੇਸ ਬੰਨ੍ਹੀ ਤਿਆਰ ਖੜ੍ਹਾ ਸੀ ਤਾਂ ਪੁਲੀਸ ਆ ਧਮਕੀ। ਪੁਲੀਸ ਕਿਹਾ, "ਅਵਤਾਰ ਸਿੰਘ ਤੇਰੇ ਖਿਲਾਫ ਸੁਨੀਤਾ 'ਤੇ ਉਹਦੇ ਮਾਂ ਬਾਪ ਨੇ ਕੇਸ ਦਰਜ ਕਰਵਾਇਆ ਕਿ ਤੇਰੇ ਕੋਲ ਸੁਨੀਤਾ ਦਾ ਪਾਸਪੋਰਟ ਆ ਅਤੇ ਤੂੰ ਉਹਨੂੰ ਹੁਣ ਇੰਡਿਆ ਛੱਡ ਕੇ ਜਾ ਰਿਹਾਂ। ਉਹਨਾਂ ਸੁਨੀਤਾ ਦੇ ਵਿਆਹ ਤੇ ਹੋਏ ਖਰਚੇ ਦਾ ਵੀ ਕੇਸ ਕੀਤਾ ਆ।"

ਅਵਤਾਰ ਨੂੰ ਇਸ ਗੱਲ ਦੀ ਉਮੀਦ ਨਹੀਂ ਸੀ। ਪੁਲੀਸ ਨੇ ਅਵਤਾਰ ਦਾ ਪਾਸਪੋਰਟ ਅਤੇ ਟਿਕਟ ਜ਼ਬਤ ਕਰ ਲਈ ਅਤੇ ਠਾਣੇ ਲੈ ਗਏ। ਦੇਸੀ ਪੁਲੀਸ ਦੇ ਵਲੈਤੀ ਮੁਰਗਾ ਹੱਥ ਆ ਗਿਆ ਸੀ, ਬਿੱਲੀ ਦੇ ਭਾਗੀਂ ਛਿੱਕਾ ਟੁੱਟ ਗਿਆ ਸੀ। ਐਹੋ ਜੇਹੇ ਮੌਕੇ ਤਾਂ ਦੇਸੀ ਪੁਲਸ ਲੱਭਦੀ ਰਹਿੰਦੀ ਆ। ਇਹ ਹੀ ਤਾਂ ਉਹਨਾਂ ਦਾ ਟਾਈਮ

ਹੁੰਦਾ ਜਦ ਉਹ ਮਨ ਮਾਨੀਆ ਕਰਦੇ ਵੱਧ ਤੋਂ ਵੱਧ ਪੈਸਾ ਬਟੋਰਦੇ ਆ। ਅਵਤਾਰ ਸਿੰਘ ਅਤੇ ਉਹਦੇ ਕੁੱਝ ਖਾਸ ਹਿਤੈਸ਼ੀ ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਬੜਾ ਦੁੱਖ ਹੋਇਆ। ਨਹੀਂ ਤਾਂ ਬਹੁਤੇ ਰਿਸ਼ਤੇਦਾਰ ਅਤੇ ਚਲਾਵੇਂ ਜਹੇ ਦੋਸਤ ਐਹੋ ਜੇਹੇ ਸਮਿਆਂ ਤੇ ਬਾਗੀਆਂ ਪਾਉਂਦੇ ਹਨ।

ਅਵਤਾਰ ਨੂੰ ਸਭ ਤੋਂ ਪਹਿਲਾਂ ਆਪਣੇ ਕੰਮ ਦਾ ਫਿਕਰ ਸੀ ਕਿ ਉਹਨਾਂ ਨੂੰ ਇਸ ਬਾਰੇ ਖਬਰ ਦਿੱਤੀ ਜਾਵੇ। ਰਿਸ਼ਤੇਦਾਰਾਂ ਅਤੇ ਦੋਸਤਾਂ ਰਲ ਕੇ ਅਵਤਾਰ ਦੀ ਜ਼ਮਾਨਤ ਕਰਵਾ ਲਿਆਂਦੀ। ਪਾਸਪੋਰਟ ਅਤੇ ਟਿੱਕਟ ਪੁਲੀਸ ਨੇ ਆਪਣੇ ਕੋਲ ਹੀ ਰੱਖੇ। ਜ਼ਮਾਨਤ ਤੋਂ ਬਾਦ ਅਵਤਾਰ ਨੇ ਆਪਣੇ ਘਰ ਅਤੇ ਕੰਮ ਵਾਲਿਆਂ ਨੂੰ ਸਾਰੀ ਕਹਾਣੀ ਦੱਸ ਦਿੱਤੀ ਕਿ ਪਤਾ ਨਹੀਂ ਇਸ ਖਲਜਗਣ 'ਚੋਂ ਨਿਕਲਣ ਲਈ ਕਿੰਨਾ ਸਮਾਂ ਲੱਗੇ।" ਅਵਤਾਰ ਦੀ ਕੰਮ ਤੇ ਬਣੀ ਹੋਣ ਕਰਕੇ ਮੈਨੇਜਰ ਨੇ ਉਹਦੇ ਨਾਲ ਹਮਦਰਦੀ ਜਤਾਈ ਕਿ ਉਹ ਕੰਮ ਵੱਲੋਂ ਕੋਈ ਫਿਕਰ ਨਾ ਕਰੇ। ਸੁਰਿੰਦਰ ਅਤੇ ਬਾਕੀ ਪਰਿਵਾਰ ਇਹ ਸਭ ਜਾਣ ਕੇ ਬੜੇ ਦੁਖੀ ਹੋਏ। ਪਰ ਉਹ ਕੀ ਕਰ ਸਕਦੇ ਸਨ। ਸੁਰਿੰਦਰ ਨੇ ਇੰਡਿਆ ਜਾਣ ਦੀ ਜ਼ਿੱਦ ਕੀਤੀ ਪਰ ਉਹਦੀ ਸਿਆਣੀ ਮਾਂ ਅਤੇ ਬਾਬੇ ਦਾਦੀ ਨੇ ਉਹਨੂੰ ਜਾਣ ਨਾ ਦਿੱਤਾ ਕਿ, "ਦੇਸੀ ਪੁਲੀਸ ਉਹਨੂੰ ਵੀ ਅੰਦਰ ਕਰ ਦੇਵੇਗੀ।"

ਪੁਲੀਸ ਨਾਲ ਆਂਢਾ ਸਾਂਢਾ ਕਰਦਿਆਂ ਛੇ ਮਹੀਨੇ ਨਿਕਲ ਗਏ। ਅਖੀਰ ਪੁਲੀਸ ਨੂੰ 15 ਲੱਖ ਰੁਪਿਆ ਦੇ ਕੇ ਛੁਟਕਾਰਾ ਹੋਇਆ। ਸੁਨੀਤਾ ਦਾ ਪਾਸਪੋਰਟ ਅਵਤਾਰ ਨੇ ਖੁਰਦ ਬੁਰਦ ਕਰ ਦਿੱਤਾ ਸੀ ਅਤੇ ਇਸ ਬਾਰੇ ਪੁਲੀਸ ਨੂੰ ਸਾਫ-ਸਾਫ ਦੱਸ ਦਿੱਤਾ ਗਿਆ ਸੀ। ਪੁਲੀਸ ਨੇ 10 ਲੱਖ ਰੁਪਿਆ ਸੁਨੀਤਾ ਦੇ ਮਾਂ ਬਾਪ ਨੂੰ ਦੇ ਕੇ ਪੰਜ ਲੱਖ ਜੇਬ 'ਚ ਪਾ ਲਿਆ। ਅਵਤਾਰ ਕੰਨਾਂ ਨੂੰ ਹੱਥ ਲਾਉਂਦਾ ਇਸ ਖੱਜਲ ਖੁਆਰੀ ਤੋਂ ਛੁੱਟ ਵਾਪਿਸ ਇੰਗਲੈਂਡ ਨਵੀਂ ਟਿਕਟ ਲੈ ਆ ਗਿਆ। ਹੁਣ ਸੁਰਿੰਦਰ ਦਾ ਵਿਆਹ ਸੈਰ ਨੂੰ ਆਈ ਕਿਸੇ ਬੀਬੀ ਨਾਲ ਕਰਾ ਦਿੱਤਾ ਗਿਆ ਹੈ ਅਤੇ ਉਹ ਅੱਜ ਕੱਲ੍ਹ ਬੱਚੇ ਦੀ ਮਾਂ ਬਨਣ ਵਾਲੀ ਹੈ।

# ਦੱਲਾ

ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਪਿਛਲੇ 25 ਸਾਲ ਤੋਂ ਅਮਰੀਕਾ ਰਹਿ ਰਹੇ ਸਨ। ਉਹ ਦੋਵੇਂ ਹੀ ਪੁੱਜ ਕੇ ਧਾਰਮਿਕ ਸਨ। ਬੜਾ ਸਾਦਾ ਜੀਵਨ ਬਤੀਤ ਕਰਦੇ ਸਨ ਅਤੇ ਇਸ ਗੱਲ ਦਾ ਅਸਰ ਉਨ੍ਹਾਂ ਦੀ ਬੇਟੀ ਰਵਿੰਦਰ ਤੇ ਵੀ ਪੂਰੀ ਤਰ੍ਹਾਂ ਪਿਆ ਹੋਇਆ ਸੀ। ਮਾਂ ਬਾਪ ਦੀ ਆਗਿਆਕਾਰ ਪੁੱਤਰੀ ਸੀ ਨਹੀਂ ਤਾਂ ਅਮਰੀਕਾ ਵਿਚ ਜੰਮਿਆ-ਪਲਿਆ ਬੱਚਾ ਤਾਂ ਮਾਂ ਬਾਪ ਨਾਲ ਪੈਰ-ਪੈਰ ਤੇ ਕਿੰਤੂ-ਪ੍ਰੰਤੂ ਕਰਦਾ ਹੈ। ਰਵਿੰਦਰ ਨੂੰ ਉਹ ਪਿਆਰ ਨਾਲ 'ਰਵੀ ਬੇਟਾ' ਕਹਿੰਦੇ। ਰਵਿੰਦਰ ਨੂੰ ਹੁਣ 22ਵਾਂ ਸਾਲ ਲੱਗ ਗਿਆ ਸੀ ਅਤੇ ਮਾਂ ਬਾਪ ਨੂੰ ਉਹਦੇ ਵਿਆਹ ਦਾ ਫ਼ਿਕਰ ਹੋਣ ਲੱਗਾ। ਅਮਰੀਕਾ ਵਿਚ ਉਨ੍ਹਾਂ ਦੀ ਪਸੰਦ ਦਾ ਮੁੰਡਾ ਮਿਲ ਨਹੀਂ ਸੀ ਰਿਹਾ ਕਿਉਂਕਿ ਉਹ ਚਾਹੁੰਦੇ ਸੀ ਕਿ ਮੁੰਡਾ ਗੁਰਸਿੱਖ ਹੋਵੇ ਅਤੇ ਦਾੜ੍ਹੀ ਕੇਸ ਰੱਖੇ ਹੋਏ ਹੋਣ। ਰਵਿੰਦਰ ਦੀ, ਮਾਂ-ਬਾਪ ਦੀ ਹਾਂ ਵਿਚ ਹਾਂ ਸੀ। ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਇੰਡੀਆ ਵਿਚ ਰਹਿੰਦੇ ਇਕ "ਬਾਬਾ ਜੀ" ਦੇ ਵੀ ਬੜੇ ਭਗਤ ਸਨ। ਘਰ ਵਿਚ ਕੋਈ ਵੱਡਾ ਫ਼ੈਸਲਾ ਲੈਣ ਵੇਲੇ ਉਹ "ਬਾਬਾ ਜੀ" ਨੂੰ ਜ਼ਰੂਰ ਪੁੱਛਦੇ ਅਤੇ ਜੋ "ਬਾਬਾ ਜੀ" ਸਲਾਹ ਦਿੰਦੇ ਉਹ ਉਸੇ ਤਰ੍ਹਾਂ ਹੀ ਕਰਦੇ। "ਬਾਬਾ ਜੀ" ਦੀ ਕਈਆਂ ਲੋਕਾਂ ਵਿਚ ਬੜੀ ਮਾਨਤਾ ਸੀ। "ਬਾਬਾ ਜੀ" ਦੇ ਪੰਜਾਬ ਵਾਲੇ ਡੇਰੇ ਵਿਚ ਸਦਾ ਰੌਣਕਾਂ ਲੱਗੀਆਂ ਰਹਿੰਦੀਆਂ ਸਨ। "ਬਾਬਾ ਜੀ" ਦੇਸ਼ ਅਤੇ ਵਿਦੇਸ਼ ਵਿਚ ਵੀ ਭਗਤਾਂ ਦਾ ਪਾਰ ਉਤਾਰਾ ਕਰਨ ਆਏ ਦਿਨ ਤੁਰੇ ਰਹਿੰਦੇ ਸਨ। ਜਦ ਵੀ "ਬਾਬਾ ਜੀ" ਅਮਰੀਕਾ ਆਉਂਦੇ ਉਹ ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਦੇ ਘਰ ਨੂੰ ਹੀ ਭਾਗ ਲਾਉਂਦੇ। "ਬਾਬਾ ਜੀ" ਦੇ ਆਉਣ ਤੇ ਨਿਰਮਲ ਸਿੰਘ ਅਤੇ ਦਵਿੰਦਰ ਕੌਰ ਕੰਮ ਤੋਂ ਛੁੱਟੀਆਂ ਲੈ ਲੈਂਦੇ ਅਤੇ "ਬਾਬਾ ਜੀ" ਦੀ ਪੂਰੀ ਤਰ੍ਹਾਂ ਸੇਵਾ ਕਰਦੇ। "ਬਾਬਾ ਜੀ" ਨੂੰ ਆਪਣੀ ਕਾਰ ਵਿਚ ਥਾਂ-ਥਾਂ ਲੈ ਕੇ ਜਾਂਦੇ ਅਤੇ "ਬਾਬਾ ਜੀ" ਦੀ ਵਾਪਸੀ ਤੇ ਉਨ੍ਹਾਂ ਨੂੰ ਚੀਜ਼ਾਂ ਦਾ ਸੂਟਕੇਸ ਭਰ ਕੇ ਦਿੰਦੇ ਅਤੇ ਨਾਲ ਈ "ਬਾਬਾ ਜੀ" ਦੇ ਬਿਨਾਂ ਮੰਗਣ ਤੇ ਕਦੇ 500 ਅਤੇ ਕਦੇ 1000 ਡਾਲਰ ਨਕਦ ਵੀ ਭੇਟ ਕਰਦੇ।

ਜਿਸ ਸਾਲ ਦਸੰਬਰ ਦੀਆਂ ਛੁੱਟੀਆਂ ਵਿਚ ਨਿਰਮਲ ਸਿੰਘ, ਦਵਿੰਦਰ ਕੌਰ ਅਤੇ ਰਵਿੰਦਰ ਭਾਰਤ ਗਏ ਤਾਂ "ਬਾਬਾ ਜੀ" ਆਸਟ੍ਰੇਲੀਆ ਗਏ ਹੋਏ ਸੀ। ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਨੂੰ ਰਵਿੰਦਰ ਲਈ ਇੱਕ ਜਾਣੂ ਪਰਿਵਾਰ ਵਿਚੋਂ ਹੀ ਗੁਰਸਿੱਖ ਮੁੰਡਾ ਪਸੰਦ ਆ ਗਿਆ। ਸ਼ਿਵ ਸਿੰਘ ਨਾਂ ਦਾ ਮੁੰਡਾ 16 ਜਮਾਤਾਂ ਪਾਸ ਸੀ ਅਤੇ ਬੈਂਕ ਵਿਚ ਕੰਮ ਕਰਦਾ ਸੀ। ਰਵਿੰਦਰ ਨੂੰ ਜਦ ਮੁੰਡਾ ਦਿਖਾਇਆ ਗਿਆ ਤਾਂ ਉਹਨੇ "ਹਾਂ" ਕਰ ਦਿੱਤੀ। ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਨੇ ਕਬੀਲਦਾਰੀ ਦਾ ਭਾਰ

ਲਾਹੁਣ ਦੀ ਗੱਲ ਕੀਤੀ। ਝੱਟ ਮੰਗਣੀ ਅਤੇ ਪੱਟ ਵਿਆਹ ਵਾਲੀ ਗੱਲ ਹੋਈ। ਸਾਰਾ ਕੰਮ ਇਕ ਹਫ਼ਤੇ ਵਿਚ ਈ ਹੋ ਗਿਆ। ਦੋਵੇਂ ਪਰਿਵਾਰ ਬਹੁਤ ਖੁਸ਼ ਸਨ। ਸਭ ਤੋਂ ਖੁਸ਼ੀ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਦੀ "ਰਵੀ" ਫੁੱਲੀ ਨਹੀਂ ਸੀ ਸਮਾ ਰਹੀ। ਅਮਰੀਕਾ ਵਾਪਿਸ ਜਾਣ ਤੋਂ ਪਹਿਲਾਂ ਹੀ ਰਵੀ ਨੇ ਸ਼ਿਵ ਨੂੰ ਨਾਲ ਲੈ ਕੇ ਅਮਰੀਕਾ ਦੀ ਅੰਬੈਸੀ ਜਾ ਕੇ ਇੰਟਰਵਿਊ ਦੇ ਆਂਦੀ। ਜੋ ਵੀ ਜ਼ਰੂਰੀ ਕਾਗ਼ਜ਼ ਸਨ ਉਹ ਅੰਬੈਸੀ ਦੇ ਹਵਾਲੇ ਕਰ ਦਿੱਤੇ ਤਾਂ ਕਿ ਸ਼ਿਵ ਨੂੰ ਅਮਰੀਕਾ ਜਾਣ ਵਿਚ ਕੋਈ ਰੁਕਾਵਟ ਨਾ ਪੈ ਸਕੇ।

ਨਿਰਮਲ ਸਿੰਘ, ਦੇਵਿੰਦਰ ਕੌਰ ਅਤੇ ਰਵਿੰਦਰ ਦੇ ਅਮਰੀਕਾ ਜਾਣ ਤੋਂ ਬਾਅਦ ਸ਼ਿਵ ਸਿੰਘ ਵੀ ਤਿੰਨ ਮਹੀਨਿਆਂ ਬਾਅਦ ਅਮਰੀਕਾ ਆ ਗਿਆ। ਸਾਰਾ ਪਰਿਵਾਰ ਖੁਸ਼ ਸੀ ਕਿ ਵਿਆਹ ਵਾਲਾ ਕਾਰਜ ਪੂਰੀ ਤਰ੍ਹਾਂ ਸਿਰੇ ਚੜ੍ਹ ਗਿਆ ਸੀ। ਸ਼ਿਵ ਸਿੰਘ ਥੋੜ੍ਹੀ ਦੇਰ ਬਾਅਦ ਇੱਕ ਸਟੋਰ ਵਿਚ ਕੰਮ ਕਰਨ ਲੱਗ ਪਿਆ ਅਤੇ ਫਿਰ ਛੇ ਕੁ ਮਹੀਨਿਆਂ ਬਾਅਦ ਜਦ ਡਰਾਈਵਿੰਗ ਲਾਈਸੈਂਸ ਮਿਲ ਗਿਆ ਤਾਂ ਟਰੱਕ ਡਰਾਈਵਰ ਬਣ ਗਿਆ। ਸ਼ਿਵ ਦੂਰ ਦੁਰਾਡੇ ਸ਼ਹਿਰਾਂ ਵਿਚ ਮਾਲ ਦੀ ਢੋਆ ਢੁਆਈ ਕਰਨ ਲੱਗ ਪਿਆ। ਕਈ ਵਾਰ 10-10 ਘੰਟੇ ਸਫ਼ਰ ਕਰਨਾ ਪੈਂਦਾ। ਜਿਸ ਦਿਨ ਰਵੀ ਨੂੰ ਕੰਮ ਤੋਂ ਛੁੱਟੀ ਹੁੰਦੀ ਉਹ ਵੀ ਸ਼ਿਵ ਨਾਲ ਬੈਠ ਕੇ ਟੂਰ ਤੇ ਚਲੀ ਜਾਂਦੀ। ਸ਼ਿਵ ਅਤੇ ਰਵੀ ਬੜੇ ਖੁਸ਼ ਸਨ। ਦੇਵਿੰਦਰ ਕੌਰ ਅਤੇ ਨਿਰਮਲ ਸਿੰਘ ਨੂੰ ਵੀ ਸੰਤੁਸ਼ਟੀ ਸੀ ਕਿ "ਮੁੰਡਾ" ਚੰਗਾ ਮਿਲ ਗਿਆ ਹੈ ਅਤੇ ਉਨ੍ਹਾਂ ਦੀ ਬੇਟੀ ਨੂੰ ਕੋਈ ਸ਼ਿਕਾਇਤ ਨਹੀਂ ਹੈ। ਸ਼ਿਵ ਦਾ ਇੰਡੀਆ ਬੈਠਾ ਪਰਿਵਾਰ ਵੀ ਹੁੱਬ ਕੇ ਲੋਕਾਂ ਵਿਚ ਗੱਲ ਕਰਦਾ ਕਿ, "ਸਾਨੂੰ ਰਿਸ਼ਤੇਦਾਰ ਬੜੇ ਵਧੀਆ ਮਿਲੇ ਆ। ਸਾਡੇ ਬੇਟੇ ਦੀ ਤਾਂ ਜ਼ਿੰਦਗੀ ਬਣ ਗਈ ਆ।"

ਸ਼ਿਵ ਅਤੇ ਰਵੀ ਦੀ ਸਕੀਮ ਇਹ ਸੀ ਕਿ ਕੁਝ ਸਾਲ ਦੱਬ ਕੇ ਕੰਮ ਕੀਤਾ ਜਾਵੇ ਅਤੇ ਫਿਰ ਆਪਣਾ ਘਰ ਲੈ ਲਿਆ ਜਾਵੇ। ਮਾਂ-ਪਿਉ ਦੇ ਘਰ ਕਿੰਨੀ ਕੁ ਦੇਰ ਰਿਹਾ ਜਾ ਸਕਦਾ ਸੀ ਭਾਵੇਂ ਕਿ ਮੱਲੋਜ਼ੋਰੀ ਉਹ ਘਰ ਰਹਿਣ ਅਤੇ ਖਾਣ-ਪੀਣ ਦੇ ਪੈਸੇ ਦਿੰਦੇ ਸੀ। ਸ਼ਿਵ ਨੂੰ ਸ਼ਰਾਬ ਪੀਣ ਦੀ ਆਦਤ ਨਹੀਂ ਸੀ ਅਤੇ ਨਾ ਹੀ ਉਹ ਮੀਟ ਖਾਂਦਾ ਸੀ। ਸਿਗਰਟਾਂ ਦਾ ਤਾਂ ਸੁਆਲ ਈ ਪੈਦਾ ਨਹੀਂ ਸੀ ਹੁੰਦਾ। ਇਸ ਕਰਕੇ ਉਨ੍ਹਾਂ ਦੀ ਬੱਚਤ ਵੀ ਵਾਹਵਾ ਹੋ ਰਹੀ ਸੀ। ਸ਼ਿਵ ਦੇ ਇੰਡੀਆ ਬੈਠੇ ਮਾਂ-ਬਾਪ ਨੇ ਵੀ ਕਦੇ ਕਿਸੇ ਚੀਜ਼ ਦੀ ਜਾਂ ਪੈਸੇ ਧੇਲੇ ਦੀ ਮੰਗ ਨਹੀਂ ਸੀ ਕੀਤੀ। ਸਮਝਦਾਰ ਪਰਿਵਾਰ ਹੋਣ ਕਰਕੇ ਉਨ੍ਹਾਂ ਨੂੰ ਪਤਾ ਸੀ ਕਿ ਬਾਹਰਲੇ ਮੁਲਕਾਂ ਵਿਚ ਹੱਡ ਭੰਨਵੀਂ ਕਮਾਈ ਕਰਨੀ ਪੈਂਦੀ ਆ ਅਤੇ ਉੱਥੇ ਕੋਈ ਐਸਾ ਦਰਖ਼ਤ ਨਹੀਂ ਜਿਸ ਨੂੰ ਡਾਲਰ ਲੱਗਦੇ ਹੋਣ। ਉਨ੍ਹਾਂ ਨੂੰ ਇਸ ਗੱਲ ਦੀ ਵਾਕਫ਼ੀ ਸੀ ਕਿ ਅਗਰ ਅਮਰੀਕਾ ਵਿਚ ਡਾਲਰ ਕਮਾਏ ਜਾਂਦੇ ਹਨ ਤਾਂ ਖਰਚ ਵੀ ਡਾਲਰਾਂ ਵਿਚ ਹੀ ਹੁੰਦਾ ਹੈ-ਰੁਪਈਆਂ ਵਿਚ ਨਹੀਂ। ਉੱਥੇ ਹਰ ਚੀਜ਼ ਮੁੱਲ ਦੀ ਹੈ ਅਤੇ ਟੈਕਸ ਵਾਲੇ ਮਗਰ ਡੰਡਾ ਚੁੱਕੀ ਫਿਰਦੇ ਰਹਿੰਦੇ ਹਨ। ਘਰ ਅਤੇ ਘਰ ਦੀਆਂ ਬਹੁਤੀਆਂ ਚੀਜ਼ਾਂ ਜਿਵੇਂ ਫਰਿੱਜ਼, ਟੈਲੀਵਿਜ਼ਨ, ਸੋਫਾ-ਸੈੱਟ ਵਗੈਰਾ ਵੀ ਕਿਸ਼ਤਾਂ ਉੱਪਰ ਈ ਲਿਆ ਹੁੰਦਾ। ਬਹੁਤੇ ਲੋਕਾਂ ਦੀਆਂ ਕਾਰਾਂ ਵੀ ਕਿਸ਼ਤਾਂ ਉੱਪਰ ਈ ਲਈਆਂ ਹੁੰਦੀਆਂ ਨੇ। ਇਹ ਹੀ ਕਾਰਨ ਸਨ ਕਿ ਰਵੀ ਅਤੇ ਸ਼ਿਵ ਨੇ ਇਹ ਸਲਾਹ ਬਣਾਈ ਸੀ ਕਿ ਅਜੇ ਆਪਣਾ ਪਰਿਵਾਰ ਨਾ ਵਧਾਇਆ ਜਾਵੇ। ਕੁਝ ਸਾਲ

ਇੰਤਜ਼ਾਰ ਕੀਤਾ ਜਾਵੇ ਅਤੇ ਜਦ ਉਹ ਪੈਰਾਂ ਤੇ ਹੋ ਜਾਣ ਫਿਰ ਹੀ ਬੱਚਿਆਂ ਬਾਰੇ ਸੋਚਿਆ ਜਾਵੇ।

ਇਕ ਦਿਨ ਅਚਾਨਕ ਹੀ "ਬਾਬਾ ਜੀ" ਦਾ ਇੰਡੀਆ ਤੋਂ ਨਿਰਮਲ ਸਿੰਘ ਨੂੰ ਫੋਨ ਆ ਗਿਆ, "ਨਿਰਮਲ ਸਿੰਘ ਜੀ ਅਸੀਂ ਤੁਹਾਡੇ ਕੋਲ ਅਗਲੇ ਹਫ਼ਤੇ ਆ ਰਹੇ ਹਾਂ।" ਨਿਰਮਲ ਸਿੰਘ ਖਿੜ ਉੱਠਿਆ, "ਬਾਬਾ ਜੀ, ਸਾਡੇ ਧੰਨ ਭਾਗ ਕਿ ਤੁਸੀਂ ਸਾਡੇ ਘਰ ਚਰਨ ਪਾ ਰਹੇ ਹੋ। ਜਦੋਂ ਮਰਜ਼ੀ ਆਵੋ ਅਤੇ ਜਿੰਨੀ ਦੇਰ ਮਰਜ਼ੀ ਰਹੋ।"

ਅਗਲੇ ਹਫ਼ਤੇ "ਬਾਬਾ ਜੀ" ਨਿਰਮਲ ਸਿੰਘ ਦੇ ਘਰ ਆ ਬਹੁੜੇ। ਉਸ ਦਿਨ ਸ਼ਿਵ ਅਤੇ ਰਵੀ ਵੀ ਘਰ ਹੀ ਸਨ। ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਨੇ ਬੜੇ ਚਾਅ ਨਾਲ "ਬਾਬਾ ਜੀ" ਨੂੰ ਸ਼ਿਵ ਸਿੰਘ ਨਾਲ ਮਿਲਾਇਆ ਕਿ, "ਬਾਬਾ ਜੀ, ਕਾਕਾ ਸ਼ਿਵ ਆਪਣੀ ਰਵੀ ਦਾ ਘਰਵਾਲਾ ਏ। ਅਸੀਂ ਡੇਢ ਕੁ ਸਾਲ ਹੋਇਆ ਇੰਡੀਆ ਗਏ ਸੀ ਤਾਂ ਸ਼ਿਵ ਸਾਨੂੰ ਪਸੰਦ ਆ ਗਿਆ। ਬੜਾ ਨਿੱਘਾ ਪਰਿਵਾਰ ਆ। ਕਾਕਾ ਸ਼ਿਵ ਵੀ ਬੜਾ ਸਾਊ ਆ। ਪੂਰਾ ਗੁਰਸਿੱਖ ਆ। ਵੱਡੀ ਗੱਲ ਇਹ ਹੈ ਕਿ ਆਪਣੀ ਰਵੀ ਬੜੀ ਖ਼ੁਸ਼ ਆ।" ਬਾਬਾ ਜੀ ਬੋਲੇ, "ਤੁਸੀਂ ਮੈਨੂੰ ਕਿਉਂ ਨਾ ਉਸ ਵੇਲੇ ਦੱਸਿਆ?" "ਬਾਬਾ ਜੀ, ਭਲਾ ਇਹ ਕਿਵੇਂ ਹੋ ਸਕਦੈ? ਅਸੀਂ ਤੁਹਾਡੇ ਨਾਲ ਸੰਪਰਕ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਤੁਸੀਂ ਆਸਟ੍ਰੇਲੀਆ ਗਏ ਹੋਏ ਸੀ।" ਬਾਬਾ ਜੀ ਚੁੱਪ ਕਰ ਗਏ। ਸ਼ਿਵ ਨੇ ਵੀ ਰਵੀ ਵਾਂਗ "ਬਾਬਾ ਜੀ" ਦੇ ਪੈਰੀਂ ਹੱਥ ਲਾਇਆ। ਭਾਵੇਂ ਕਿ ਉਹਦਾ ਮਨ ਇਸ ਗੱਲ ਲਈ ਤਿਆਰ ਨਹੀਂ ਸੀ। ਸ਼ਿਵ ਨੇ "ਬਾਬਾ ਜੀ" ਨਾਲ ਜ਼ਿਆਦਾ ਗੱਲ ਨਾ ਕੀਤੀ।

ਦੂਜੇ ਦਿਨ ਸ਼ਿਵ ਆਪਣੇ ਕੰਮ ਤੇ ਚਲਾ ਗਿਆ। ਇਹ ਉਹਦਾ ਕਾਫ਼ੀ ਲੰਬਾ ਟੂਰ ਸੀ ਅਤੇ ਉਹਨੇ ਘਰ ਵਾਪਿਸ ਤਿੰਨ ਦਿਨ ਬਾਅਦ ਆਉਣਾ ਸੀ। ਬਾਬਾ ਜੀ ਨੇ ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਨੂੰ ਇਕੱਲਿਆਂ ਬਿਠਾ ਕੇ ਲੈਕਚਰ ਦੇਣਾ ਸ਼ੁਰੂ ਕਰ ਦਿੱਤਾ, "ਮੈਂ ਮੁੰਡੇ ਨੂੰ ਦੇਖ ਲਿਆ। ਇਹ ਆਪਣੀ ਰਵੀ ਲਈ ਠੀਕ ਨਹੀਂ। ਜੇਕਰ ਇਹ ਘਰੋਂ ਤਿੰਨ-ਤਿੰਨ ਚਾਰ-ਚਾਰ ਦਿਨ ਬਾਹਰ ਰਹਿੰਦੈ ਤਾਂ ਤੁਹਾਨੂੰ ਕੀ ਪਤੈ ਇਹ ਕੀ ਕਰਦਾ ਫਿਰਦੈ। ਨਾਲੇ ਇਹਦੇ ਮੱਥੇ ਤੋਂ ਹੀ ਮੈਂ ਪਤਾ ਲਗਾ ਲਿਆ ਕਿ ਇਹ ਤੁਹਾਡਾ ਬੜਾ ਨੁਕਸਾਨ ਕਰੇਗਾ। ਸਭ ਤੋਂ ਖ਼ਤਰਨਾਕ ਗੱਲ ਇਹ ਆ ਕਿ ਇਹਦੀ ਸਾਲ ਦੇ ਵਿਚ-ਵਿਚ ਈ ਮੌਤ ਹੋ ਜਾਣੀ ਆ। ਇਸ ਲਈ ਨਿਰਮਲ ਸਿੰਘ ਜੀ ਅਤੇ ਬੀਬੀ ਦੇਵਿੰਦਰ ਕੌਰ ਜੀ ਤੁਸੀਂ ਇਸ ਲੜਕੇ ਤੋਂ ਰਵੀ ਦਾ ਪਿੱਛਾ ਛੁਡਾਓ। ਰਵੀ ਲਈ ਮੈਂ ਇਕ ਬੜਾ ਵਧੀਆ ਲੜਕਾ ਦੇਖਿਆ ਹੋਇਐ ਜੋ ਹਰ ਤਰ੍ਹਾਂ ਰਵੀ ਲਈ ਫਿੱਟ ਆ। ਇਹ ਕੰਮ ਜਲਦੀ ਹੋਣਾ ਚਾਹੀਦੈ।"

"ਬਾਬਾ ਜੀ" ਦੇ ਫਤਵੇ ਨੇ ਘਰ ਦਾ ਮਾਹੌਲ ਬੜਾ ਸੋਗਮਈ ਕਰ ਦਿੱਤਾ। ਨਿਰਮਲ ਸਿੰਘ ਅਤੇ ਦੇਵਿੰਦਰ ਕੌਰ "ਬਾਬਾ ਜੀ" ਦੀ ਗੱਲ ਨੂੰ ਕਿਵੇਂ ਠੁਕਰਾਉਣ। "ਬਾਬਾ ਜੀ" ਵਿਚ ਉਨ੍ਹਾਂ ਨੂੰ ਬੜੀ ਸ਼ਰਧਾ ਸੀ। "ਬਾਬਾ ਜੀ" ਨੇ ਉਨ੍ਹਾਂ ਦੋਵਾਂ ਜੀਆਂ ਨੂੰ ਮਾਨਸਿਕ ਤੌਰ 'ਤੇ ਕੈਦ ਕੀਤਾ ਹੋਇਆ ਸੀ। ਪਰ ਇਹ ਬਹੁਤ ਔਖਾ ਫ਼ੈਸਲਾ ਸੀ। "ਬਾਬਾ ਜੀ" ਨੇ ਉਨ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਉਹ ਡਰ ਨਾਲ ਸੂਤੇ ਗਏ ਸਨ। ਬਾਬਾ ਜੀ ਨੇ ਹਰ ਰੋਜ਼ ਈ ਆਪਣੀ ਗੱਲ ਪੁਗਾਉਣ ਲਈ ਨਿਰਮਲ ਸਿੰਘ ਅਤੇ ਦੇਵਿੰਦਰ ਕੌਰ ਤੇ ਤਵਾ ਲਾਉਣਾ ਸ਼ੁਰੂ ਕਰ ਦਿੱਤਾ। ਉਹ ਬੁਰੀ ਤਰ੍ਹਾਂ ਕੁੜਿੱਕੀ

'ਚ ਫਸ ਗਏ। ਰਵਿੰਦਰ ਨੂੰ ਆਪਣਾ ਸਾਰਾ ਸੰਸਾਰ ਉਜੜਦਾ ਨਜ਼ਰ ਆਇਆ। ਉਹਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਕੀ ਕਰੇ। ਇੱਕ ਪਾਸੇ ਮਾਂ-ਪਿਓ ਅਤੇ "ਬਾਬਾ ਜੀ" ਦਾ ਜ਼ੋਰ ਅਤੇ ਦੂਜੇ ਪਾਸੇ ਉਹਦਾ ਕੰਤ ਸ਼ਿਵ ਸਿੰਘ। "ਬਾਬਾ ਜੀ" ਨੇ ਰਵਿੰਦਰ ਦੀ ਦਸ਼ਾ ਦੇਖ ਕੇ ਸਮਝਾਉਣਾ ਸ਼ੁਰੂ ਕੀਤਾ, "ਦੇਖ ਬੇਟਾ ਰਵੀ, ਮੈਂ ਤੇਰਾ ਅਤੇ ਤੁਹਾਡੇ ਪਰਿਵਾਰ ਦਾ ਭਲਾ ਚਾਹੁੰਦੈ। ਮੈਂ ਤੁਹਾਡਾ ਦੋਖੀ ਨਹੀਂ। ਮੈਂ ਇਹ ਕਦੇ ਬਰਦਾਸ਼ਤ ਨਹੀਂ ਕਰ ਸਕਦਾ ਕਿ ਤੁਸੀਂ ਕਿਸੇ ਸਮੱਸਿਆ ਵਿਚ ਫਸ ਜਾਓ। ਮੈਂ ਤੁਹਾਨੂੰ ਸਦਾ ਚੰਗੀ ਸਲਾਹ ਈ ਦਿੱਤੀ ਆ।" ਰਵੀ ਅਤੇ ਉਹਦੇ ਮਾਂ ਬਾਪ "ਬਾਬਾ ਜੀ" ਦੇ ਪ੍ਰਵਚਨ ਸੁਣਦੇ ਰਹੇ। "ਬਾਬਾ ਜੀ" ਨੂੰ ਕਿਸੇ ਗੱਲ ਬਾਰੇ ਸੁਆਲ ਕਰਨ ਦਾ ਉਹ ਹੀਆ ਈ ਨਹੀਂ ਸਨ ਕਰ ਸਕਦੇ। "ਬਾਬਾ ਜੀ" ਦੀਆਂ ਗੱਲਾਂ ਤਾਂ ਪੱਥਰ ਤੇ ਲੀਕਾਂ ਵਾਂਗ ਸਨ।

ਜਿਸ ਦਿਨ ਸ਼ਿਵ ਸਿੰਘ ਆਪਣੇ ਲੰਬੇ ਟੂਰ ਤੋਂ ਵਾਪਿਸ ਆਇਆ "ਬਾਬਾ ਜੀ" ਵਾਪਿਸ ਇੰਡੀਆ ਜਾ ਚੁੱਕੇ ਸਨ। ਘਰ ਵਿਚ ਨਿਰਾਸ਼ਾ ਦਾ ਵਾਤਾਵਰਣ ਦੇਖ ਸ਼ਿਵ ਨੇ ਇਹਦਾ ਕਾਰਨ ਪੁੱਛਿਆ ਤਾਂ ਨਿਰਮਲ ਸਿੰਘ ਨੇ ਹੌਂਸਲਾ ਕਰਕੇ "ਬਾਬਾ ਜੀ" ਦੀਆਂ ਦੱਸੀਆਂ ਗੱਲਾਂ ਸ਼ਿਵ ਸਿੰਘ ਨਾਲ ਸਾਂਝੀਆਂ ਕੀਤੀਆਂ। ਆਪਣੀ ਲਾਚਾਰੀ ਜ਼ਾਹਿਰ ਕਰਦਿਆਂ ਨਿਰਮਲ ਸਿੰਘ ਨੇ ਕਿਹਾ, "ਕਾਕਾ ਅਸੀਂ ਅੱਗੇ ਤਾਂ ਇਕ ਭੁੱਲ ਕਰ ਚੁੱਕੇ ਆਂ ਕਿ "ਬਾਬਾ ਜੀ" ਤੋਂ ਤੇਰਾ ਵਿਆਹ ਕਰਨ ਤੋਂ ਪਹਿਲਾਂ ਨਹੀਂ ਪੁੱਛਿਆ। ਪਰ ਹੁਣ ਅਸੀਂ ਦੁਆਰਾ ਹੋਰ ਭੁੱਲ ਨਹੀਂ ਕਰ ਸਕਦੇ। ਸਾਨੂੰ "ਬਾਬਾ ਜੀ" ਦਾ ਫ਼ੈਸਲਾ ਮੰਨਣਾ ਈ ਪੈਣਾ।" ਰਵਿੰਦਰ ਚੁੱਪ-ਚਾਪ ਇਕ ਪਾਸੇ ਬੈਠੀ ਰੋਂਦੀ ਰਹੀ। ਸ਼ਿਵ ਸਿੰਘ ਨੂੰ ਬੜਾ ਗੁੱਸਾ ਚੜ੍ਹਿਆ ਕਿ ਮੇਰੇ ਵਸਦੇ ਰਸਦੇ ਘਰ ਨੂੰ ਇਹ ਸਾਧ ਤੀਲੀ ਲਾ ਕੇ ਦਫ਼ਾ ਹੋ ਗਿਆ ਸੀ। ਸ਼ਿਵ ਸਿੰਘ ਨੇ ਸਮਝਾਉਣ ਦੀ ਕੋਸ਼ਿਸ਼ ਵਿਚ ਕਿਹਾ, "ਤੁਹਾਡੇ "ਬਾਬਾ ਜੀ" ਵਿਚ ਜੇਕਰ ਸ਼ਕਤੀ ਆ ਤਾਂ ਇਹ ਹਵਾਈ ਜਹਾਜ਼ ਵਿਚ ਬੈਠ ਕੇ ਕਿਉਂ ਅਮਰੀਕਾ ਜਾਂ ਹੋਰਾਂ ਮੁਲਕਾਂ ਵਿਚ ਜਾਂਦੈ? ਇਹਨੂੰ ਕਾਰਾਂ, ਗੱਡੀਆਂ ਵਰਤਣ ਦੀ ਕੀ ਲੋੜ ਏ? ਇਹਦੇ ਕੋਲ ਐਨਾ ਪੈਸਾ ਕਿਥੋਂ ਆਉਂਦੈ-ਕੀ ਕਦੇ ਤੁਸੀਂ ਇਸ ਬਾਰੇ ਸੋਚਿਆ? ਅਸੀਂ ਇੱਥੇ ਸਾਰਾ ਟੱਬਰ ਕੰਮ ਕਰਦੇ ਆਂ ਫਿਰ ਵੀ ਖਰਚਾ ਸਾਡਾ ਕਚੂਮਰ ਕੱਢੀ ਰੱਖਦੈ। ਇਹ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਇੱਜੜ ਆ ਜਿਹੜਾ ਸਾਡੇ ਲੋਕਾਂ ਦਾ ਖ਼ੂਨ ਪੀ ਰਿਹੈ। ਐਹੋ ਜੇਹੇ ਮਸੰਦਾਂ ਦਾ ਤਾਂ ਦਸਵੇਂ ਪਾਤਸ਼ਾਹ ਨੇ ਫਸਤਾ ਵੱਢਿਆ ਸੀ ਜਦ ਇਹਨਾਂ ਨੂੰ ਤੱਤੇ ਤੇਲ ਦੇ ਕੜਾਹਿਆਂ ਵਿਚ ਉਬਾਲਿਆ ਸੀ। ਧਰਮ ਨੂੰ ਇਹਨਾਂ ਇਕ ਵਿਉਪਾਰ ਬਣਾ ਲਿਆ। ਇਸ ਵਿਉਪਾਰ ਵਿਚ ਕਦੇ ਕਿਸੇ ਨੂੰ ਘਾਟਾ ਨਹੀਂ ਪੈ ਸਕਦਾ। ਖਾਸ ਕਰਕੇ ਭਾਰਤ ਵਰਗੇ ਮੁਲਕ ਵਿਚ ਜਿੱਥੇ ਮੂਰਖਾਂ ਦਾ ਕੋਈ ਘਾਟਾ ਨਹੀਂ।" ਨਿਰਮਲ ਸਿੰਘ ਨੇ ਸ਼ਿਵ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਆਪਣੀ ਦਲੀਲ ਦੇਣੋਂ ਨਾ ਹਟਿਆ। "ਤੁਸੀਂ ਐਨ੍ਹੀਂ ਦੇਰ ਤੋਂ ਅਮਰੀਕਾ ਵਿਚ ਰਹਿ ਰਹੇ ਹੋ ਕੀ ਕਦੇ ਇੱਥੇ ਮਟੀਆਂ, ਡੇਰੇ ਅਤੇ ਸਾਧਾਂ ਦੇ ਟੋਲੇ ਦੇਖੇ ਆ? ਇਹ ਸਾਰੀ ਬੀਮਾਰੀ ਸਾਡੇ ਦੇਸ਼ ਵਿਚ ਈ ਕਿਉਂ ਆ? ਕੀ ਇਨ੍ਹਾਂ ਸਾਧ ਬਾਬਿਆਂ ਕੋਈ ਕਾਢ ਕੱਢੀ ਆ ਜੇਹਦੇ ਨਾਲ ਲੋਕਾਂ ਨੂੰ ਫਾਇਦਾ ਹੋਇਆ ਹੋਵੇ? ਇਹ "ਬਾਬਾ" ਮੇਰੇ ਅਤੇ ਰਵੀ ਦੇ ਭਵਿੱਖ ਬਾਰੇ ਗੱਲ ਕਰਦੈ, ਕੀ ਇਹਨੂੰ ਆਪਣੇ ਭਵਿੱਖ ਬਾਰੇ ਪਤੈ? ਕੀ ਇਹਨੂੰ ਪੰਜਾਬ ਅਤੇ ਭਾਰਤ ਦੇ ਭਵਿੱਖ ਬਾਰੇ ਜਾਣਕਾਰੀ ਆ? ਇਹਨੇ ਤੁਹਾਨੂੰ ਮਾਨਸਿਕ ਤੌਰ 'ਤੇ ਲੂੰਜਾ ਕਰ ਦਿੱਤਾ। ਤੁਸੀਂ ਇਹਦੇ ਮੱਕੜੀ ਜਾਲ 'ਚੋਂ ਬਾਹਰ ਨਿਕਲੋ। ਤੁਸੀਂ ਗੁਰਸਿੱਖ

ਹੋ ਤਾਂ ਸਿਰਫ਼ ਗੁਰੂਆਂ ਦੀ ਬਾਣੀ ਤੇ ਅਮਲ ਕਰੋ। ਇਸ ਬਾਬੇ ਦੀ ਕੋਈ ਚਾਲ ਆ। ਇਹ ਤੁਹਾਡਾ ਹਿੱਤੂ ਨਹੀਂ ਦੋਖੀ ਆ। ਇਹ ਮੇਰੀ ਅਤੇ ਰਵੀ ਦੀ ਜ਼ਿੰਦਗੀ ਬਰਬਾਦ ਕਰਨੀ ਚਾਹੁੰਦਾ। ਤੁਹਾਨੂੰ ਮੇਰੇ ਤੇ ਕੋਈ ਸ਼ਿਕਾਇਤ ਆ ਤਾਂ ਦੱਸੋ? ਕੀ ਮੈਂ ਰਵੀ ਨੂੰ ਖੁਸ਼ ਨਹੀਂ ਰੱਖ ਰਿਹੈ? ਮੇਰਾ ਕਸੂਰ ਤਾਂ ਦੱਸੋ? ਨਿਰਮਲ ਸਿੰਘ ਕੋਲ ਸ਼ਿਵ ਦੀਆਂ ਗੱਲਾਂ ਦਾ ਕੋਈ ਜੁਆਬ ਨਹੀਂ ਸੀ। ਉਹ ਸਿਰਫ਼ ਐਨਾ ਈ ਕਹਿ ਸਕਿਆ, "ਕਾਕਾ ਤੇਰੇ ਤੋਂ ਅਸੀਂ ਸਾਰੇ ਖੁਸ਼ ਆਂ ਪਰ "ਬਾਬਾ ਜੀ" ਦੀ ਗੱਲ ਅਸੀਂ ਮੋੜ ਨਹੀਂ ਸਕਦੇ। ਇਹ ਸਾਡੀ ਮਜ਼ਬੂਰੀ ਆ। ਤੂੰ ਇਸੇ ਹਫ਼ਤੇ ਆਪਣਾ ਹੋਰ ਥਾਂ ਟਿਕਾਣਾ ਕਰ ਲੈ।" ਸ਼ਿਵ ਨੇ ਰਵੀ ਨੂੰ ਪੁੱਛਿਆ ਤਾਂ ਉਹਨੇ ਕੋਈ ਜੁਆਬ ਨਾ ਦਿੱਤਾ ਬਸ ਨੀਵੀਂ ਪਾ ਕੇ ਰੋਂਦੀ ਰਹੀ।

ਮਜ਼ਬੂਰਨ ਸ਼ਿਵ ਸਿੰਘ ਨੇ ਉਸੇ ਹਫ਼ਤੇ ਈ ਕਿਸੇ ਹੋਰ ਜਗ੍ਹਾ ਕਿਰਾਏ ਤੇ ਕਮਰਾ ਲੈ ਲਿਆ। ਜਾਣ ਤੋਂ ਪਹਿਲਾਂ ਉਹਨੇ ਰਵੀ ਨੂੰ ਕਿਹਾ, "ਤੇਰੇ ਮਾਪੇ ਅਤੇ ਇਹ ਨੌਸਰਬਾਜ਼ ਸਾਧੜਾ ਤੇਰੇ ਦੁਸ਼ਮਣ ਆ। ਇਨ੍ਹਾਂ ਰਲਕੇ ਸਾਡੀ ਜ਼ਿੰਦਗੀ ਨੂੰ ਫੀਤਾ-ਫੀਤਾ ਕੀਤੈ। ਤੂੰ ਕੋਈ ਬੱਚੀ ਨਹੀਂ, ਤੈਨੂੰ ਇਹਨਾਂ ਦੇ ਚੁੰਗਲ ਵਿਚੋਂ ਨਿਕਲਣਾ ਚਾਹੀਦੈ। ਮੇਰਾ ਮਨ ਵਲੂੰਧਰਿਆ ਗਿਐ। ਮੈਂ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਮੇਰੇ ਨਾਲ ਇਸ ਤਰ੍ਹਾਂ ਹੋਵੇਗੀ। ਮੇਰੀਆਂ ਖਾਹਿਸ਼ਾਂ ਅਤੇ ਅਰਮਾਨਾਂ ਦਾ ਮਲੀਆਮੇਟ ਹੋ ਗਿਆ। ਮੈਂ ਤੇਰੀ ਤਿੰਨ ਮਹੀਨੇ ਵੇਟ ਕਰਾਂਗਾ ਅਤੇ ਫਿਰ ਉਸ ਤੋਂ ਬਾਅਦ ਈ ਕੋਈ ਹੋਰ ਫੈਸਲਾ ਲਵਾਂਗਾ।" ਰਵੀ ਨੇ ਸ਼ਿਵ ਦੀਆਂ ਗੱਲਾਂ ਦਾ ਕੋਈ ਜੁਆਬ ਨਾ ਦਿੱਤਾ। ਉਹਦੇ ਦਿਮਾਗ਼ ਤੇ "ਬਾਬਾ ਜੀ" ਦੀਆਂ ਗੱਲਾਂ ਦਾ ਮੁਲੰਮਾ ਚੜ੍ਹ ਚੁੱਕਾ ਸੀ।

ਸ਼ਿਵ ਸਿੰਘ ਦੇ ਘਰੋਂ ਜਾਣ ਤੋਂ ਬਾਅਦ ਰਵੀ ਦੇ ਮਾਪਿਆਂ ਅਤੇ "ਬਾਬਾ ਜੀ" ਦੇ ਜ਼ੋਰ ਪਾਉਣ ਤੇ ਰਵੀ ਨੇ ਤਲਾਕ ਲਈ ਅਰਜ਼ੀ ਦੇ ਦਿੱਤੀ। ਸ਼ਿਵ ਸਿੰਘ ਨੇ ਤਲਾਕ ਨੂੰ ਰੋਕਣ ਲਈ ਰਵੀ ਅਤੇ ਉਹਦੇ ਮਾਪਿਆਂ ਦੇ ਬੜੇ ਤਰਲੇ ਕੀਤੇ ਪਰ ਉਹ ਖੋਤੇ ਦੀ ਅੜੀ ਵਾਂਗ ਅੜੇ ਰਹੇ। ਅਖ਼ੀਰ ਜੋ ਹੋਣਾ ਸੀ ਰਵੀ ਅਤੇ ਸ਼ਿਵ ਦਾ ਤਲਾਕ ਹੋ ਗਿਆ।

ਤਲਾਕ ਤੋਂ ਬਾਅਦ ਸ਼ਿਵ ਸਿੰਘ ਇੰਡੀਆ ਗਿਆ ਅਤੇ ਆਪਣੀ ਮਨ ਪਸੰਦ ਦੀ ਐਮ. ਫਿਲ ਪਾਸ ਕੁੜੀ ਲੈ ਕੇ ਵਾਪਿਸ ਅਮਰੀਕਾ ਆ ਗਿਆ। ਸ਼ਿਵ ਮਿਹਨਤੀ ਲੜਕਾ ਸੀ ਅਤੇ ਸਾਲ ਦੇ ਵਿਚ ਈ ਉਹਨੇ ਆਪਣਾ ਨਵਾਂ ਟਰੱਕ ਖ਼੍ਰੀਦ ਲਿਆ। ਉਹਦੀ ਨਵੀਂ ਪਤਨੀ ਵੀ ਇਕ ਸਟੋਰ ਵਿਚ ਕੰਮ ਕਰਨ ਲੱਗ ਪਈ। ਸ਼ਿਵ ਅਤੇ ਉਹਦੀ ਘਰਵਾਲੀ ਖੁਸ਼ ਸਨ। ਪਰ ਉਹਦੇ ਮਨ ਵਿਚ ਇਕ ਪੀੜ, ਇਕ ਕਸਕ ਸਦਾ ਫ਼ੈਲ ਕਰਦੀ ਰਹਿੰਦੀ ਕਿ ਇਸ ਬਾਬੇ ਨੇ ਉਹਦਾ ਘਰ ਕਿਉਂ ਬਰਬਾਦ ਕੀਤਾ ਸੀ। ਰਵਿੰਦਰ ਅਤੇ ਮਾਪਿਆਂ ਨਾਲ ਤਾਂ ਹੁਣ ਉਹਦਾ ਕੋਈ ਸੰਪਰਕ ਰਿਹਾ ਈ ਨਹੀਂ ਸੀ। ਪਰ ਉਹ ਚਾਹੁੰਦਾ ਸੀ ਕਿ ਕਦੇ ਰਵਿੰਦਰ ਨੂੰ ਮਿਲੇ ਅਤੇ ਉਹਦਾ ਹਾਲ ਚਾਲ ਪੁੱਛੇ ਕਿ ਸਾਧ ਵਾਲੇ ਦੱਸੇ ਮੁੰਡੇ ਨਾਲ ਉਹ ਕਿੰਨੀ ਕੁ ਖੁਸ਼ ਹੈ।

ਅਤੇ ਫਿਰ ਇਕ ਦਿਨ ਇਕ ਸਟੋਰ ਵਿਚ ਅਚਾਨਕ ਈ ਸ਼ਿਵ ਸਿੰਘ ਨੂੰ ਰਵਿੰਦਰ ਮਿਲ ਪਈ। ਸ਼ਿਵ ਸਿੰਘ ਨੇ ਈ ਪਹਿਲ ਕੀਤੀ, "ਰਵਿੰਦਰ ਕੀ ਹਾਲ ਆ ਆਪਣੇ ਨਵੇਂ ਆਦਮੀ ਨਾਲ ਕਿਵੇਂ ਜ਼ਿੰਦਗੀ ਬੀਤ ਰਹੀ ਆ?" ਰਵਿੰਦਰ ਫਿਸ ਪਈ ਅਤੇ ਕੁਝ ਦੇਰ ਸੰਭਲਣ ਤੋਂ ਬਾਅਦ ਖਿੱਦੋ ਦੀਆਂ ਲੀਰਾਂ ਵਾਂਗ ਉਧੜਣ ਲੱਗੀ, "ਮੇਰਾ

ਨਵਾਂ ਆਦਮੀ ਘਰ ਬੈਠਾ ਸਾਰਾ ਦਿਨ ਸ਼ਰਾਬ ਪੀਂਦਾ ਰਹਿੰਦੈ। ਸਿਗਰਟਾਂ ਵੀ ਪੀਂਦੈ ਅਤੇ ਕਦੇ-ਕਦੇ ਡਰੱਗਜ਼ ਨੂੰ ਵੀ ਹੱਥ ਮਾਰ ਲੈਂਦਾ। ਉਹਨੂੰ ਆਏ ਨੂੰ ਸਾਲ ਹੋ ਗਿਆ, ਉਹਨੇ ਇਕ ਦਿਨ ਵੀ ਡੱਕਾ ਦੂਹਰਾ ਨਹੀਂ ਕੀਤੈ। ਇੰਡੀਆ ਤੋਂ ਆ ਕੇ ਮਹੀਨੇ ਬਾਅਦ ਈ ਉਹਨੇ ਕੇਸ ਕਟਾ ਦਿੱਤੇ ਅਤੇ ਪੱਗ ਲਾਹ ਮਾਰੀ। ਉਹ ਕਹਿੰਦਾ ਮੈਂ ਕਿਉਂ ਕੰਮ ਕਰਾਂ। ਮੈਂ ਬਾਬੇ ਨੂੰ 10 ਲੱਖ ਰੁਪਿਆ ਦੇ ਕੇ ਇੱਥੇ ਆਇਆਂ।" ਸ਼ਿਵ ਇਹ ਕਹਿ ਉਥੋਂ ਤੁਰ ਗਿਆ, "ਤੁਹਾਨੂੰ ਮੈਂ ਉਦੋਂ ਈ ਦੱਸਿਆ ਸੀ। ਇਹ ਸਾਧ ਤਾਂ ਦੱਲਾ।"

# ਤੇ ਫਿਰ ਸੁਦੇਸ਼ ਦਾ ਉਜੜਿਆ ਘਰ ਵਸ ਗਿਆ

ਰਾਕੇਸ਼ ਜਦ ਇੰਡਿਆ ਤੋਂ ਸੁਦੇਸ਼ ਨੂੰ ਵਿਆਹ ਕੇ ਲਿਆਇਆ ਤਾਂ ਉਹਦੀ ਉਮਰ 16 ਸਾਲ ਸੀ। ਗਰੀਬ ਮਾਪਿਆਂ ਵਲੈਤ ਦੇ ਨਾ ਤੇ ਸੋਚਿਆ ਸੀ ਕਿ, "ਸਾਡੀ ਕੁੜੀ ਸਾਰੀ ਉਮਰ ਸੁੱਖ ਭੋਗੇਗੀ।" ਸੁਦੇਸ਼ ਨੂੰ ਤਾਂ ਚਿਤ ਚੇਤਾ ਵੀ ਨਹੀਂ ਸੀ ਕਿ ਉਹਨੂੰ ਇਹ ਮਾੜੇ ਦਿਨ ਵੀ ਕਦੇ ਦੇਖਣੇ ਪੈਣਗੇ।

ਸੁਦੇਸ਼ ਦੇ ਇੰਗਲੈਂਡ ਪਹੁੰਚਣ ਤੋਂ ਬਾਦ ਉਤੋੜੁੱਤੀ ਪੰਜ ਕੁੜੀਆਂ ਹੋਈਆਂ। ਰਾਕੇਸ਼ ਰੂੜੀਵਾਦੀ ਸੋਚ ਦਾ ਮਾਲਕ ਸੀ ਅਤੇ ਬਹੁਤੇ ਏਸ਼ੀਅਨ ਲੋਕਾਂ ਵਾਂਗ ਮੁੰਡੇ ਦੀ ਤਲਾਸ਼ ਵਿਚ ਨਿਆਣੇ ਪੈਦਾ ਕਰ ਰਿਹਾ ਸੀ। ਹਰ ਕੁੜੀ ਜੰਮਣ ਤੇ ਰਾਕੇਸ਼ ਅਤੇ ਸੁਦੇਸ਼ ਨਿਰਾਸ਼ ਹੋਏ ਸਨ ਅਤੇ ਭਾਣਾ ਮੰਨ ਕੇ ਦੂਜੇ ਬੱਚੇ ਦੀ ਤਿਆਰੀ ਕਰਨ ਲੱਗ ਪੈਂਦੇ ਕਿ "ਸ਼ਾਇਦ ਐਂਤਕੀ ਮੁੰਡਾ ਪੈਦਾ ਹੋ ਜਾਏ।" ਇਸ ਮੁੰਡਾ ਪੈਦਾ ਹੋਣ ਦੀ ਤਮੰਨਾ ਨੇ ਅਨੇਕਾਂ ਏਸ਼ੀਅਨਾਂ ਦੇ ਘਰ ਬਰਬਾਦ ਕਰ ਦਿੱਤੇ ਹਨ। ਸਭ ਤੋਂ ਮਾੜੀ ਗੱਲ ਇਹ ਹੈ ਕਿ ਕੁੜੀ ਜੰਮਣ ਦਾ ਦੋਸ਼ ਔਰਤ ਉਪਰ ਮੜ੍ਹਿਆ ਜਾਂਦਾ ਜਦੋਂ ਕਿ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਕੁੜੀ ਜਾਂ ਮੁੰਡਾ ਪੈਦਾ ਹੋਣਾ ਆਦਮੀ ਦੇ ਸ਼ੁਕਰਾਣੂਆਂ ਤੇ ਨਿਰਭਰ ਕਰਦਾ ਨਾ ਕਿ ਔਰਤ ਦੇ। ਪਰ ਔਰਤ ਨੂੰ ਏਸ਼ੀਅਨ ਸਮਾਜ 'ਚ ਪੈਰ ਦੀ ਜੁੱਤੀ ਦਾ ਦਰਜਾ ਦਿੱਤਾ ਹੋਣ ਕਰਕੇ ਹਰ ਗੱਲ ਦਾ ਦੋਸ਼ ਉਹਦੇ ਸਿਰ ਈ ਲਾ ਦਿੱਤਾ ਜਾਂਦਾ ਤਾਂ ਕਿ ਉਹ ਉੱਠ ਨਾ ਸਕੇ ਅਤੇ ਉਹਦੀਆਂ ਮਾਨਸਿਕ ਬੇੜੀਆਂ ਨੂੰ ਹੋਰ ਪੱਕਿਆਂ ਕੀਤਾ ਜਾ ਸਕੇ। ਇਹ ਸੰਸਕਾਰ ਅਤੇ ਰਸਮੋ ਰਿਵਾਜ਼ ਫਿਰ ਪੀੜ੍ਹੀ ਦਰ ਪੀੜ੍ਹੀ ਅਗਾਂਹ ਤੁਰੀ ਜਾਂਦੇ ਹਨ। ਜੇਹਨਾ ਪੜ੍ਹਿਆ ਲਿਖਿਆਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਨਖਿੱਧ ਘਟੀਆ ਸੋਚਣੀ ਦੇ ਖਿਲਾਫ ਝੰਡਾ ਚੁੱਕਣਗੇ, ਸਭ ਤੋਂ ਜ਼ਿਆਦਾ ਦੋਸ਼ੀ ਉਹ ਹੀ ਹਨ। 2006 ਸਾਲ ਦੇ ਅੰਕੜੇ ਦੱਸਦੇ ਹਨ ਕਿ ਚੰਡੀਗੜ੍ਹ 'ਚ ਸਭ ਤੋਂ ਜ਼ਿਆਦਾ ਅਮੀਰ ਅਤੇ ਪੜ੍ਹੇ ਲਿਖੇ ਲੋਕ ਰਹਿੰਦੇ ਹਨ ਅਤੇ ਕੁੜੀਆਂ ਨੂੰ ਗਰਭ 'ਚ ਮਾਰਨ ਦੀ ਦਰ ਵੀ ਸਭ ਤੋਂ ਜ਼ਿਆਦਾ ਇਥੇ ਹੀ ਹੈ ਯਾਨਿ 1000 ਮੁੰਡੇ ਪਿੱਛੇ 700 ਕੁੜੀਆਂ। ਜੇਕਰ ਇਹ ਹਾਲ ਪੜ੍ਹਿਆ ਲਿਖਿਆ ਦਾ ਹੈ ਤਾਂ ਫਿਰ ਨੀਮ ਪੜ੍ਹੇ ਸੁਦੇਸ਼ ਅਤੇ ਰਾਕੇਸ਼ ਕਿਸ ਗਿਣਤੀ ਵਿਚ ਆਉਂਦੇ ਹਨ? ਦੂਜੇ ਪਾਸੇ ਇਹ ਵੀ ਸੱਚਾਈ ਹੈ ਕਿ ਕੁੜੀਆਂ ਨੂੰ ਗਰਭ 'ਚ ਮਾਰਨ ਦਾ ਕੰਮ ਸਿਰਫ ਹਿੰਦੂ ਅਤੇ ਸਿੱਖ ਈ ਕਰਦੇ ਹਨ। ਮੁਸਲਮਾਨ ਨਹੀਂ, ਅਤੇ ਅਸੀਂ ਇਸ ਮੁਆਮਲੇ ਵਿਚ ਮੁਸਲਮਾਨਾਂ ਤੋਂ ਗਏ ਗੁਜਰੇ ਹਾਂ। ਰਾਕੇਸ਼ ਅਤੇ ਸੁਦੇਸ਼ ਹਿੰਦੂ ਪਰਿਵਾਰ 'ਚੋਂ ਸਨ ਅਤੇ ਇਸੇ ਕਰਕੇ ਕੁੜੀਆਂ ਜੰਮਣ 'ਤੇ ਘਰ 'ਚ ਇੱਟ ਖੜਿੱਕਾ ਹੋਣ ਲੱਗ ਪਿਆ ਸੀ। ਰਾਕੇਸ਼ ਨੇ ਜ਼ਿਆਦਾ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ ਅਤੇ ਕੰਮ ਵੀ ਉਹਦਾ ਹੁਣ ਲੰਡੇ ਡੰਗ

ਹੋ ਗਿਆ ਸੀ। ਰਾਕੇਸ਼ ਨੂੰ ਕੁੜੀਆਂ ਪੈਦਾ ਹੋਣ ਦੀ ਨਮੋਸ਼ੀ ਨੇ ਇਨ੍ਹਾਂ ਜ਼ਿਆਦਾ ਗਿਰਾ ਦਿੱਤਾ ਕਿ ਉਹਨੇ ਸੁਦੇਸ਼ ਨੂੰ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਭਾਰਤ ਤੋਂ ਆਈ ਹੋਣ ਕਰਕੇ ਪਹਿਲਾਂ ਤਾਂ "ਮਾਂ ਬਾਪ ਦੀ ਇੱਜ਼ਤ" ਦੇ ਨਾਂ ਤੇ ਕਾਫੀ ਕੁੱਟ ਖਾਧੀ ਅਤੇ ਹਰ ਤਰ੍ਹਾਂ ਜਲੀਲ ਹੁੰਦੀ ਰਹੀ ਪਰ ਹੁਣ ਉਹਦੇ ਕੋਲੋਂ ਉਹ ਬਰਦਾਸ਼ਤ ਨਹੀਂ ਸੀ ਹੋ ਰਿਹਾ। ਅੱਕ ਕੇ ਉਹਨੇ ਜਾ ਪੁਲੀਸ ਦਾ ਦਰਵਾਜ਼ਾ ਖੜਕਾਇਆ। ਪੁਲੀਸ ਕੋਲ ਕੇਸ ਜਾਣ ਤੇ ਕੰਮ ਜ਼ਿਆਦਾ ਖਰਾਬ ਹੋ ਗਿਆ। ਪੁਲੀਸ ਰਾਕੇਸ਼ ਨੂੰ ਫੜ ਕੇ ਕਚਿਹਰੀ 'ਚ ਪੇਸ਼ ਕੀਤਾ ਤਾਂ ਵਲੈਤੀ ਜੱਜਾਂ ਨੇ ਉਹਨੂੰ ਜ਼ੁਰਮਾਨਾ ਲਾ ਕੇ ਸ਼ਰਤ ਤੇ ਛਡ ਦਿੱਤਾ। ਹੁਣ ਘਰ 'ਚ ਹੋਰ ਵੀ ਕਲੇਸ਼ ਰਹਿਣ ਲੱਗਾ ਕਿ ਸੁਦੇਸ਼ ਨੇ ਘਰ ਦੀ ਗੱਲ ਪੁਲੀਸ ਅਤੇ ਕੋਰਟਾਂ ਵਿਚ ਪਹੁੰਚਾ ਦਿੱਤੀ ਸੀ। ਚਾਮਲੇ ਹੋਏ ਰਾਕੇਸ਼ ਨੇ ਇਕ ਦਿਨ ਜ਼ਿਆਦਾ ਸ਼ਰਾਬ ਪੀ ਕੇ ਸੁਦੇਸ਼ ਨੂੰ ਫਿਰ ਬਹੁਤ ਮਾਰਿਆ ਅਤੇ ਇਸ ਵਾਰ ਗੁਆਢੀਆਂ ਮੌਕੇ ਤੇ ਹੀ ਪੁਲੀਸ ਸੱਦ ਲਈ। ਕੋਰਟ ਵਿਚ ਕੇਸ ਲੱਗਣ ਤੇ ਰਾਕੇਸ਼ ਨੂੰ ਛੇ ਮਹੀਨੇ ਦੀ ਜੇਲ੍ਹ ਦੀ ਸਜ਼ਾ ਹੋ ਗਈ।

ਹੁਣ ਜਿਸ ਘਰ ਵਿਚ ਰਾਕੇਸ਼ ਅਤੇ ਸੁਦੇਸ਼ ਰਹਿੰਦੇ ਸੀ ਉਹਦੀਆਂ ਕਿਸ਼ਤਾਂ ਦੇਣੀਆਂ ਬੰਦ ਹੋ ਗਈਆਂ ਅਤੇ ਬੈਂਕ ਵਾਲਿਆਂ ਘਰ ਜ਼ਬਤ ਕਰਕੇ ਸੁਦੇਸ਼ ਅਤੇ ਉਹਦੀਆਂ ਪੰਜ ਕੁੜੀਆਂ ਨੂੰ ਘਰੋਂ ਬਾਹਰ ਕੱਢ ਮਾਰਿਆ ਅਤੇ ਇਹ ਈ ਸਮਾਂ ਸੀ ਜਦ ਸੁਦੇਸ਼ ਨੇ ਜਾ ਸੋਸ਼ਲ ਸਰਵਿਸਜ਼ ਦਾ ਕੁੰਡਾ ਖੜਕਾਇਆ ਕਿ, "ਮੇਰੀ ਮੱਦਦ ਕਰੋ।" ਸੁਦੇਸ਼ ਦਾ ਨਾਂ ਤਾਂ ਇਥੇ ਕੋਈ ਰਿਸ਼ਤੇਦਾਰ ਸੀ ਅਤੇ ਨਾ ਹੀ ਕੋਈ ਪਰਿਵਾਰਿਕ ਦੋਸਤ ਜਾਂ ਸਹੇਲੀ ਭੈਣ ਜੋ ਉਹਨੂੰ ਆਸਰਾ ਦੇ ਸਕਦੀ। ਇਸ ਕੇਸ ਵਿਚ ਛੋਟੇ ਛੋਟੇ ਮਾਸੂਮ ਬੱਚੇ ਸ਼ਾਮਿਲ ਹੋਣ ਕਰਕੇ ਘਰਾਂ ਦੇ ਮਹਿਕਮੇ ਨੇ ਫੌਰਨ ਸੁਦੇਸ਼ ਨੂੰ ਇਕ ਸਰਕਾਰੀ ਘਰ ਅਲਾਟ ਕਰ ਦਿੱਤਾ। ਹੁਣ ਸੁਦੇਸ਼ ਆਪਣੀਆਂ ਬੱਚੀਆਂ ਨਾਲ ਜਦ ਇਸ ਸਰਕਾਰੀ ਘਰ ਵਿਚ ਰਹਿਣ ਲੱਗ ਪਈ ਤਾਂ ਉਹਨੂੰ ਕਈ ਤਰ੍ਹਾਂ ਦੀਆਂ ਦਿੱਕਤਾਂ ਪੇਸ਼ ਆਈਆਂ। ਇਕੱਲੀ ਜਾਨ, ਨਿਆਣੀ ਉਮਰ ਅਤੇ ਬਿਨਾਂ ਕਿਸੇ ਬੱਝਵੀਂ ਤਨਖਾਹ ਦੇ ਪੰਜ ਬੱਚਿਆਂ ਨੂੰ ਪਾਲਣਾ ਜਾਨ ਹੂਲਣ ਵਾਲੀ ਗੱਲ ਸੀ। ਮਿਲਦੇ ਸਰਕਾਰੀ ਭੱਤਿਆਂ ਨਾਲ ਉਹਦਾ ਗੁਜ਼ਾਰਾ ਨਹੀਂ ਸੀ ਹੋ ਰਿਹਾ। ਸੋਸ਼ਲ ਸਰਵਿਸਜ਼ ਵਾਲਿਆਂ ਉਹਦੀਆਂ ਛੋਟੀਆਂ ਬੱਚੀਆਂ ਦਾ ਨਰਸਰੀ 'ਚ ਪ੍ਰਬੰਧ ਕਰ ਦਿੱਤਾ ਪਰ ਪੈਸੇ ਵਾਲੀ ਸਮੱਸਿਆ ਅਜੇ ਵੀ ਉਹਦੇ ਤੇ ਤਲਵਾਰ ਵਾਂਗ ਲਟਕ ਰਹੀ ਸੀ। ਬੱਚੀਆਂ ਹੁਣ ਵੱਡੀਆਂ ਹੋ ਰਹੀਆਂ ਸਨ ਅਤੇ ਉਹ ਸਕੂਲ ਵਿਚ ਹਾਣ ਦੇ ਬੱਚਿਆਂ ਦੀ ਰੀਸੋ ਰੀਸੀ ਕਈ ਚੀਜ਼ਾਂ ਦੀ ਮੰਗ ਕਰ ਰਹੀਆਂ ਸਨ ਜੋ ਸੁਦੇਸ਼ ਦੇਣ ਤੋਂ ਅਸਮਰਥ ਸੀ। ਇਸ ਸਾਰੀ ਖਿੱਚੋਤਾਣ ਦਾ ਨਤੀਜਾ ਇਹ ਹੋਇਆ ਕਿ ਸੁਦੇਸ਼ ਨੇ ਇਕ ਦੋ ਵਾਰ ਵੱਡੀਆਂ ਦੋ ਬੱਚੀਆਂ ਨੂੰ ਚਪੇੜਾਂ ਮਾਰ ਦਿੱਤੀਆਂ। ਬੱਚੀਆਂ ਜਾ ਇਹ ਗੱਲ ਸਕੂਲ ਅਧਿਆਪਕਾਂ ਨੂੰ ਦੱਸ ਦਿੱਤੀ। ਗੱਲ ਅਗਾਂਹ ਸੋਸ਼ਲ ਸਰਵਿਸਜ਼ ਕੋਲ ਚਲੇ ਗਈ ਤੇ ਸੁਦੇਸ਼ ਮਗਰ ਸੋਸ਼ਲ ਸਰਵਿਸਜ਼ ਵਾਲੇ ਪੈ ਗਏ ਕਿ ਇਹਨੂੰ ਨਿਆਣੇ ਪਾਲਣੇ ਨਹੀਂ ਆਉਂਦੇ। ਸੋਸ਼ਲ ਸਰਵਿਸਜ਼ ਦੇ ਗੋਰੇ ਅਫਸਰਾਂ ਸੁਦੇਸ਼ ਨੂੰ ਹੁਕਮ ਸਾਦਰ ਕਰ ਦਿੱਤਾ ਕਿ ਉਹ ਇਕ ਦੋ ਨਿਆਣੇ ਲੈ ਕੇ ਫੈਮਿਲੀ ਸੈਂਟਰ ਹਾਜ਼ਰ ਹੋਇਆ ਕਰੇ ਤਾਂ ਕਿ ਉਹਨੂੰ ਨਿਆਣੇ ਪਾਲਣ ਦੇ ਤੌਰ ਤਰੀਕੇ ਸਿਖਾਏ ਜਾ ਸਕਣ। ਇਸ ਨਵੀ ਪਈ ਬਿਪਤਾ ਨੇ ਸੁਦੇਸ਼ ਨੂੰ ਹੋਰ ਵੀ ਦੁਖੀ ਕਰ ਦਿੱਤਾ। ਬੱਸਾਂ ਦਾ ਕਿਰਾਇਆ ਵਲੈਤੀ ਸਰਦੀ ਅਤੇ ਸਮੇਂ ਸਿਰ ਤਿਆਰ ਹੋ ਕੇ ਪਹੁੰਚਣ ਤੇ ਸੁਦੇਸ਼ ਦੀ

ਜ਼ਿੰਦਗੀ ਬਦ ਤੋਂ ਬਦਤਰ ਬਣਾ ਦਿੱਤੀ। ਇਕ ਦੋ ਵਾਰ ਉਹਨੇ ਭੰਨ ਤੜੱਕਾ ਕੀਤਾ ਵੀ ਪਰ ਸੋਸ਼ਲ ਸਰਵਿਸਜ਼ ਵਾਲਿਆਂ ਉਹਦੇ ਤੇ ਆਖਰੀ ਗੋਲੀ ਦਾਗ ਦਿੱਤੀ ਕਿ ਜੇਕਰ ਤੂੰ ਸਾਡੀਆਂ ਹਦਾਇਤਾਂ ਮੁਤਾਬਕ ਨਾ ਚੱਲੀ ਤਾਂ ਤੇਰੇ ਨਿਆਣੇ ਅਸੀਂ ਸਰਕਾਰੀ ਹਿਫ਼ਾਜਤ ਵਿਚ ਲੈ ਜਾਣੇ ਆ। ਸੁਦੇਸ਼ ਨੂੰ ਇਹ ਫਤਵਾ ਚੀਰ ਕੇ ਰੱਖ ਗਿਆ। ਅੰਗਰੇਜ਼ੀ ਦੀ ਮੁਹਾਰਤ ਨਾ ਹੋਣ ਕਰਕੇ ਸੋਸ਼ਲ ਸਰਵਿਸਜ਼ ਵਾਲਿਆਂ ਇਕ ਚਾਲੂ ਜੇਹੀ ਏਸ਼ੀਅਨ ਬੀਬੀ ਨੂੰ ਉਲਥਾਕਰ ਵਜੋਂ ਵਰਤਿਆ ਸੀ। ਇਹ ਏਸ਼ੀਅਨ ਮੂਲ ਦੀ ਬੀਬੀ ਬਰਤਾਨੀਆਂ 'ਚ ਪੈਦਾ ਹੋਈ ਸੀ ਅਤੇ ਡੰਗ-ਟਪਾਉ ਪੰਜਾਬੀ ਜਾਣਦੀ ਸੀ ਇਹ ਉਹਨਾਂ ਏਸ਼ੀਅਨ ਜੁਆਕਾਂ 'ਚੋਂ ਸੀ ਜੋ ਦੁੱਧ ਨੂੰ ਡੁੱਡ, ਘੋੜੇ ਨੂੰ ਘੋਰਾ, ਫੋਨ ਕਰਨ ਨੂੰ ਫੋਨ ਮਾਰਨਾ ਤੈਨੂੰ ਸੱਦਦਾ ਨੂੰ, ਤੈਨੂੰ ਮੰਗਦੈ ਆਦਿ ਬੋਲਦੇ ਹਨ। ਸੁਦੇਸ਼ ਦੀਆਂ ਬਹੁਤੀਆਂ ਗੱਲਾਂ ਦੀ ਇਸ 'ਬ੍ਰਿਟਸ ਬੌਰਨ ਕਨਫਿਉਜ਼ਡ ਦੇਸੀ' BRITISN BORN CONFUSED DESI ਨੂੰ ਸਮਝ ਨਾ ਲੱਗਦੀ। ਸੁਦੇਸ਼ ਦਾ ਹਾਲ, "ਇਕ ਅੱਖੋਂ ਅੰਨ੍ਹੀ ਦੂਜੀ ਪੈ ਗਈ ਸਿਵਿਆਂ ਦੇ ਰਾਹ ਵਾਲਾ ਸੀ।"

ਇਸ ਸਮੇਂ ਸੁਦੇਸ਼ ਦਾ ਇਕ ਇੰਡਿਆ ਤੋਂ ਜਾਅਲੀ ਆਏ "ਫਰੈਸ਼ੀ" FRESHY ਨਾਲ ਪੇਚਾ ਪੈ ਗਿਆ। ਸੁਰੇਸ਼ ਨਾਂ ਦਾ ਇਹ ਫਰੈਸ਼ੀ ਇਸੇ ਤਾੜ 'ਚ ਸੀ ਕਿ ਕੋਈ "ਦੇਸ਼ੀ ਬੀਬੀ" ਉਹਦੇ ਅੜਿਕੇ ਆ ਜਾਵੇ ਜੇਹਦੇ ਨਾਲ ਚਾਰ ਲਾਵਾਂ ਲੈ ਕੇ ਉਹ ਬਰਤਾਨੀਆਂ ਵਿਚ ਪੱਕਾ ਹੋ ਸਕੇ। ਰਾਕੇਸ਼ ਨੂੰ ਸੁਦੇਸ਼ ਨੇ ਤਲਾਕ ਲਈ ਅਰਜੀ ਦੇ ਦਿੱਤੀ ਅਤੇ ਨਾਲ ਈ ਵਕੀਲ ਨੂੰ ਇਹ ਵੀ ਕਹਿ ਦਿੱਤਾ ਕਿ, "ਉਹ ਕਚਿਹਰੀ ਤੋਂ ਹੁਕਮਨਾਮਾ ਲੈ ਦੇਵੇ ਕਿ ਜ਼ੇਲ੍ਹ ਤੋਂ ਬਾਦ ਰਾਕੇਸ਼ ਉਹਦੇ ਘਰ ਦੇ ਲਾਗੇ ਛਾਗੇ ਨਹੀਂ ਆ ਸਕਦਾ।" ਰਾਕੇਸ਼ ਦੇ ਪੁਰਾਣੇ ਰੀਕਾਰਡ ਨੂੰ ਦੇਖਦਿਆਂ ਅਤੇ ਇਹ ਵੀ ਕਿ 'ਏਸ਼ੀਅਨ ਮਰਦ ਧੌਂਸ ਜਮਾਉ ਆ' ਜੱਜ ਨੇ ਹੁਕਮਨਾਮੇ ਤੇ ਦਸਖਤ ਕਰ ਦਿੱਤੇ। ਇਹ ਸਾਰੀ ਸਕੀਮ ਸੁਰੇਸ਼ ਦੀ ਸੀ ਤਾਂ ਕਿ ਰਾਕੇਸ਼ ਦਾ ਫਸਤਾ ਵੱਢਿਆ ਜਾ ਸਕੇ ਅਤੇ ਉਹਦਾ ਰਾਹ ਸਫਾਚੱਟ ਰੜਾ ਮੈਦਾਨ ਹੋ ਜਾਵੇ। ਰਾਕੇਸ਼ ਜਦ ਆਪਣੀ ਜ਼ੇਲ੍ਹ ਦੀ ਸਜ਼ਾ ਕੱਟ ਕੇ ਬਾਹਰ ਆਇਆ ਤਾਂ ਉਹਦੀ ਦੁਨੀਆਂ ਬਦਲ ਚੁੱਕੀ ਸੀ। ਸੁਦੇਸ਼ ਨੇ ਸੁਰੇਸ਼ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਰਾਕੇਸ਼ ਤਲਾਕ ਦੇ ਮਾਮਲੇ ਵਿਚ ਵਕੀਲਾਂ ਦੇ ਚੱਕਰਾਂ 'ਚ ਪੈ ਗਿਆ ਸੀ। ਇਹ ਸਿਲਸਿਲਾ ਕੋਈ ਚਾਰ ਕੁ ਮਹੀਨੇ ਚੱਲਿਆ ਅਤੇ ਸੁਦੇਸ਼ ਦਾ ਤਲਾਕ ਹੋ ਗਿਆ। ਸੁਰੇਸ਼ ਤਾਂ ਪਹਿਲਾਂ ਈ ਸੁਦੇਸ਼ ਨਾਲ ਰਹਿ ਰਿਹਾ ਸੀ ਅਤੇ ਬੱਚੀਆਂ ਉੱਪਰ ਹੋਈ ਕੁੱਟਮਾਰ ਕਰਕੇ ਰਾਕੇਸ਼ ਨੂੰ ਬੱਚੀਆਂ ਨੂੰ ਮਿਲਣ ਦੇ ਮੌਕੇ ਵੀ ਸਰਕਾਰੀ ਹੁਕਮ ਅਨੁਸਾਰ ਬੰਦ ਹੋ ਗਏ ਕਿ, "ਰਾਕੇਸ਼ ਦਾ ਆਪਣੀਆਂ ਬੱਚੀਆਂ ਨੂੰ ਮਿਲਣਾ ਖਤਰਨਾਕ ਤਾਂ ਹੈ ਈ ਸਗੋਂ ਬੱਚੀਆਂ ਦੀ ਮਾਨਸਿਕ ਸੇਹਤ ਲਈ ਵੀ ਢਾਹੂ ਸਾਬਤ ਹੋ ਸਕਦੈ।"

ਹੁਣ ਘਰ ਵਿਚ ਸੁਰੇਸ਼ ਦੀ ਪੂਰੀ ਸਰਦਾਰੀ ਸੀ। ਵੱਡੀਆਂ ਬੱਚੀਆਂ ਉਹਨੂੰ ਬਿਲਕੁਲ ਨਹੀਂ ਪਸੰਦ ਕਰਦੀਆਂ ਸਨ ਅਤੇ ਉਹਨੂੰ ਡੈਡੀ ਕਹਿਣ ਤੋਂ ਵੀ ਸ਼ਰਮਾਉਂਦੀਆਂ ਸਨ। ਇਸ ਤੋਂ ਬਿਨਾਂ ਸੁਦੇਸ਼ ਅਤੇ ਰਾਕੇਸ਼ ਬੱਚੀਆਂ ਉਪਰ ਦੇਸੀ ਸੱਭਿਆਚਾਰ ਦੀ ਪੇਂਦ ਚਾੜਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ ਜਦੋਂ ਕਿ ਬੱਚੀਆਂ ਉੱਪਰ ਵਲੈਤੀ ਰੰਗ ਚੜ੍ਹ ਰਿਹਾ ਸੀ। ਝਿੜਕਾਂ ਤਾਂ ਵੱਡੀਆਂ ਦੋ ਬੱਚੀਆਂ ਨੂੰ ਹਰ ਰੋਜ਼ ਈ ਮਿਲਦੀਆਂ ਸਨ ਅਤੇ ਇਕ ਦਿਨ ਸੁਰੇਸ਼ ਨੇ ਵੱਡੀ ਬੱਚੀ ਦੇ ਸੋਟੀ ਮਾਰ ਦਿੱਤੀ। ਦੂਜੇ ਦਿਨ ਸਕੂਲ ਜਾਣ

ਤੇ ਟੀਚਰ ਨੇ ਸੋਸ਼ਲ ਸਰਵਿਸਜ਼ ਦਾ ਫੋਨ ਖੜਕਾ ਦਿੱਤਾ ਸੋਸ਼ਲ ਸਰਵਿਸਜ਼ ਬੱਚੀ ਤੋਂ ਪੁੱਛ ਪੜਤਾਲ ਬਾਦ ਸੁਦੇਸ਼ ਅਤੇ ਸੁਰੇਸ਼ ਨੂੰ ਚੇਤਾਵਨੀ ਦਿੱਤੀ ਕਿ, "ਅਗਰ ਇਹ ਕੰਮ ਦੁਆਰਾ ਹੋਇਆ ਤਾਂ ਉਹਨਾਂ ਤੋਂ ਬੱਚੇ ਖੋਹ ਲਏ ਜਾਣਗੇ। ਸੁਦੇਸ਼ ਅਤੇ ਸੁਰੇਸ਼ ਡਰ ਗਏ ਕਿ ਜੇਕਰ ਗੱਲ ਪੁਲੀਸ ਕੋਲ ਚਲੀ ਗਈ ਤਾਂ ਸਭ ਕੁੱਝ ਫਨਾਹ ਹੋ ਜਾਵੇਗਾ।"

ਹੁਣ ਸੁਦੇਸ਼ ਅਤੇ ਸੁਰੇਸ਼ ਨੂੰ ਰਹਿੰਦਿਆਂ ਸਾਲ ਤੋਂ ਉੱਪਰ ਹੋ ਗਿਆ ਸੀ। ਇਹ ਵੀ ਸੁਰੇਸ਼ ਦੀ ਚਾਲ ਸੀ ਕਿ ਬੱਚੇ ਪੈਦਾ ਕੀਤੇ ਜਾਣ ਤਾਂ ਕਿ ਉਹਦਾ ਕੇਸ ਮਜ਼ਬੂਤ ਹੋ ਸਕੇ। ਹੁਣ ਸੁਦੇਸ਼ ਨੇ ਇਕ ਹੋਰ ਬੱਚੀ ਨੂੰ ਜਨਮ ਦਿੱਤਾ। ਪਰਿਵਾਰ ਵਿਚ ਹੁਣ ਛੇ ਬੱਚੀਆਂ ਸਨ। ਸੁਦੇਸ਼ ਦੀਆਂ ਵੱਡੀਆਂ ਬੱਚੀਆਂ ਵੱਲ ਜੇਹੜੀ ਪਹਿਲਾਂ ਮਾੜੀ ਮੋਟੀ ਤਵੱਜੋ ਦਿੱਤੀ ਜਾਂਦੀ ਸੀ ਉਹ ਵੀ ਜਾਂਦੀ ਲੱਗੀ। ਸੁਰੇਸ਼ ਉਹਨਾਂ ਨੂੰ ਟੀ. ਵੀ. ਦੇਖਣ ਤੋਂ ਵਰਜਦਾ ਅਤੇ ਘਰ ਦੇ ਕੰਮ ਕਰਨ ਨੂੰ ਕਹਿੰਦਾ। ਸੁਦੇਸ਼ ਆਪਣੀ ਨਵੀਂ ਜੰਮੀ ਬੱਚੀ 'ਚ ਮਸਰੂਫ ਰਹਿੰਦੀ। ਘਰ ਦੀ ਖਿੱਚੋਤਾਣ ਨੇ ਇਕ ਦਿਨ ਰੰਗ ਲੈ ਆਂਦਾ। ਵੱਡੀਆਂ ਦੋ ਬੱਚੀਆਂ ਦੇ ਕੰਮ ਨਾ ਕਰਨ ਤੇ ਰਾਕੇਸ਼ ਨੇ ਉਹਨਾਂ ਦੇ ਥਫੜ ਜੜ੍ਹ ਦਿੱਤੇ। ਬੱਚੀਆਂ ਸਵੇਰ ਨੂੰ ਜਾ ਸਕੂਲੇ ਇਤਲਾਹ ਦੇ ਦਿੱਤੀ। ਸੋਸ਼ਲ ਸਰਵਿਸਜ਼ ਦਾ ਮਹਿਕਮਾ ਸੁਦੇਸ਼ ਅਤੇ ਸੁਰੇਸ਼ ਦੇ ਮਗਰ ਪੈ ਗਿਆ। ਸੁਦੇਸ਼ ਨੇ ਸੁਰੇਸ਼ ਨੂੰ ਬਚਾਉਣ ਖਾਤਰ ਦੋਸ਼ ਆਪਣੇ ਤੇ ਲਿਆ ਕੇ ਥੱਫੜ ਉਹਨੇ ਮਾਰੇ ਸਨ। ਸੋਸ਼ਲ ਸਰਵਿਸਜ਼ ਦੀ ਗੋਰੀ ਸੋਸ਼ਲ ਵਰਕਰ ਅਤੇ "ਦੇਸੀ ਬਾਤੂ ਬੀਬੀ" ਜੋ ਭੰਗੜੇ ਨੂੰ ਪੰਗੜਾ ਕਹਿਣ ਵਾਲਿਆਂ 'ਚੋਂ ਸੀ, ਨੇ ਰਲ ਕੇ ਇਹ ਫੈਸਲਾ ਸੁਣਾ ਦਿੱਤਾ ਕਿ, "ਹਫਤੇ ਦੇ ਦੋ ਵਾਰ ਘਰ ਆਇਆ ਕਰਨਗੀਆਂ ਤਾਂ ਕਿ ਦੇਖਿਆ ਜਾ ਸਕੇ ਕਿ ਘਰ 'ਚ ਸਭ ਠੀਕ ਠਾਕ ਆ"। ਇਹ ਸਿਲਸਿਲਾ ਮਹੀਨਾ ਕੁ ਤਾਂ ਚੱਲਿਆ ਪਰ ਬਾਦ 'ਚ ਖੱਟੇ 'ਚ ਪੈ ਗਿਆ। ਸੁਦੇਸ਼ ਅਤੇ ਸੁਰੇਸ਼ ਉਹਨਾਂ ਦੇ ਆਉਣ ਸਮੇਂ ਤੋਂ ਕੁੱਝ ਦੇਰ ਪਹਿਲਾਂ ਘਰੋਂ ਬਾਹਰ ਸ਼ੌਪਿੰਗ ਕਰਨ ਲਈ ਚਲੇ ਜਾਂਦੇ ਅਤੇ ਬਾਦ 'ਚ ਕਹਿ ਦਿੰਦੇ ਕਿ, "ਛੋਟੀ ਬੱਚੀ ਠੀਕ ਨਹੀਂ ਸੀ, ਇਹਨੂੰ ਲੈ ਕੇ ਡਾਕਟਰ ਦੇ ਗਏ ਸੀ।" ਇਹ ਬਿੱਲੀ ਚੂਹੇ ਦਾ ਖੇਲ ਤਕਰੀਬਨ ਸਾਲ ਕੁ ਚੱਲਿਆ ਤਾਂ ਸੁਦੇਸ਼ ਦੇ ਦੂਜੀ ਬੱਚੀ ਨੇ ਜਨਮ ਲਿਆ। ਸੁਦੇਸ਼ ਦਾ ਹੁਣ ਹੋਰ ਕੰਮ ਵਧ ਗਿਆ। ਘਰ ਵਿਚ ਸੱਤ ਬੱਚੀਆਂ ਸਨ, ਪੰਜ ਪਹਿਲੇ ਪਤੀ ਰਾਕੇਸ਼ ਅਤੇ ਦੋ ਹੁਣ ਵਾਲੇ ਸੁਰੇਸ਼ ਦੀਆਂ। ਸੁਦੇਸ਼ ਇਕ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬਣ ਕੇ ਰਹਿ ਗਈ। ਸੋਸ਼ਲ ਸਰਵਿਸਜ਼ ਵਾਲਿਆਂ 'ਬਾਤੂ ਬੀਬੀ-ਬ੍ਰਿਟਸ਼ ਬੌਰਨ ਕਨਫਿਊਜ਼ਡ ਦੇਸੀ" ਰਾਹੀਂ ਸੁਦੇਸ਼ ਨੂੰ ਉਪਰੇਸ਼ਨ ਕਰਾਉਣ ਦੀ ਸਲਾਹ ਦਿੱਤੀ ਪਰ ਸੁਰੇਸ਼ ਦੇ ਜੋਰ ਪਾਉਣ ਤੇ ਉਹਨੇ ਨਾਂਹ ਕਰ ਦਿੱਤੀ। ਸੁਰੇਸ਼ ਵੀ ਰਾਕੇਸ਼ ਵਾਂਗ ਮੁੰਡੇ ਲਈ ਕੋਸ਼ਿਸ਼ ਕਰ ਰਿਹਾ ਸੀ। ਕਦੇ ਉਹ ਮੰਦਰ ਅਤੇ ਕਦੇ ਗੁਰਦੁਆਰੇ ਜਾ ਪ੍ਰਸ਼ਾਦ ਚੜਾਉਂਦਾ ਅਤੇ ਸੁੱਖਣਾ ਸੁੱਖਦਾ ਪਰ ਉਹਦੇ ਅਜੇ ਮੁੰਡੇ ਦੀ ਖੈਰ ਝੋਲੀ ਨਹੀਂ ਸੀ ਪਈ ਅਤੇ ਸੁਰੇਸ਼ ਅਤੇ ਸੁਦੇਸ਼ ਦੇ ਰੱਬ ਦੀ ਉਹਨਾਂ ਵੱਲ ਨਿਗ੍ਹਾ ਸਵੱਲੀ ਨਹੀਂ ਸੀ ਹੋਈ ਅਤੇ ਉਹ ਇਸ ਮੇਹਰ ਲਈ ਮੱਥੇ ਟੇਕ ਟੇਕ ਧੁੱਨਖੀ ਵਾਂਗ ਟੇਡੇ ਹੋਏ ਰਹਿੰਦੇ ਸਨ।

ਘਰ ਦੇ ਮਾਹੌਲ 'ਚ ਚੰਗੀ ਤਬਦੀਲੀ ਆਉਣ ਦੀ ਬਜਾਏ ਘੁੱਟਣ ਵੱਧ ਗਈ ਸੀ। ਧੌਲਾ ਧੱਫਾ, ਝਿੜਕਾਂ ਅਤੇ ਗਾਲ੍ਹਾਂ ਰੋਜ਼ ਦਾ ਹੀ ਕਿੱਸਾ ਸੀ। ਗੋਰੀ ਸੋਸ਼ਲਵਰਕਰ ਜਾਂ ਸਕੂਲ ਵਾਲਿਆਂ ਕੋਲ ਕੋਈ ਠੋਸ ਸਬੂਤ ਨਹੀਂ ਸੀ ਜਿਸ ਦੇ ਬਿਨਾਂ ਬੱਚੀਆਂ ਨੂੰ

ਘਰੋਂ ਕੱਢ ਲਿਆ ਜਾਵੇ। ਉਹ ਬੱਸ ਕਿਸੇ ਐਹੋ ਜੇਹੇ ਬਹਾਨੇ ਦੀ ਭਾਲ 'ਚ ਸਨ ਅਤੇ ਫਿਰ ਇਕ ਦਿਨ ਉਹਨਾਂ ਨੂੰ ਇਹ ਬਹਾਨਾ ਮਿਲ ਗਿਆ। ਵੱਡੀਆਂ ਦੋ ਬੱਚੀਆਂ ਸਕੂਲੇ ਜਾ ਕੇ ਦੱਸ ਦਿੱਤਾ ਕਿ, "ਉਹਨਾਂ ਦਾ ਮਤਰੇਆ ਬਾਪ ਉਹਨਾਂ ਨਾਲ ਪਿਛਲੇ ਦੋ ਹਫਤੇ ਤੋਂ ਬਦਫੈਲੀਆਂ ਕਰਦਾ ਆ ਰਿਹਾ।" ਸੋਸ਼ਲ ਸਰਵਿਸਜ਼ ਅਤੇ ਪੜ੍ਹਾਈ ਦਾ ਸਾਰਾ ਮਹਿਕਮਾ ਚੌਕਸ ਹੋ ਗਿਆ। ਗੋਰੀ ਸੋਸ਼ਲਵਰਕਰ "ਬਾਤੂ ਬੀਬੀ" ਨੂੰ ਨਾਲ ਲੈ ਕੇ ਵੱਡੀਆਂ ਦੋ ਬੱਚੀਆਂ ਦਾ ਜਦ ਮੈਡੀਕਲ ਮੁਆਇਨਾ ਕਰਾਇਆ ਤਾਂ ਬਲਾਤਕਾਰ ਵਾਲੀ ਕੋਈ ਗੱਲ ਨਾ ਨਿਕਲੀ। ਪਰ ਇਥੇ ਹਾਲ ਅੰਨ੍ਹੀ ਨੂੰ ਬੋਲਾ ਘੜੀਸਣ ਵਾਲਾ ਹੋਇਆ। ਪਿਛਲਾ ਰੀਕਾਰਡ ਮੱਦੇ ਨਜ਼ਰ ਰੱਖਦਿਆਂ ਅਤੇ ਬੱਚੀਆਂ ਦੇ ਬਿਆਨ ਤੇ ਕਿ," ਉਹਨਾਂ ਦਾ ਮਤਰੇਆ ਬਾਪ ਉਹਨਾਂ ਤੇ ਹੱਥ ਫੇਰਦਾ ਰਿਹਾ ਸੀ ਅਤੇ ਉਹਨਾਂ ਨੂੰ ਹਰ ਰੋਜ਼ ਧਮਕਾਉਂਦਾ ਰਿਹਾ ਸੀ," ਸੋਸ਼ਲ ਸਰਵਿਸਜ਼ ਨੇ ਸੱਤੇ ਬੱਚੀਆਂ ਸਰਕਾਰੀ ਹਿਫਾਜ਼ਤ 'ਚ ਲੈ ਲਈਆਂ ਅਤੇ ਉਹਨਾਂ ਨੂੰ ਤਿੰਨ ਅਲੱਗ ਅਲੱਗ 'ਫੌਸਟਰ ਪੈਰੇਂਟਸ" ਕੋਲ ਭੇਜ ਦਿੱਤਾ। ਇਹ ਫੌਸਟਰ ਪੈਰੇਂਟਸ ਵੀ ਗੋਰੇ ਗੋਰੀਆਂ ਸਨ। ਇਹ ਸਾਰੀ ਕਾਰਵਾਈ ਸਰਾਸਰ ਧੱਕਾ ਸੀ। ਸੁਦੇਸ਼ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ ਸੀ। ਉਸ ਗਰੀਬਣੀ ਨੇ ਬਥੇਰਾ ਚੀਖ਼ ਚਿਹਾੜਾ ਪਾਇਆ, "ਬਾਤੂ ਬੀਬੀ" ਦੀਆਂ ਮਿੰਨਤਾਂ ਕੀਤੀਆਂ ਪਰ ਉਹਦੀ ਕਿਸੇ ਨਾ ਸੁਣੀ, ਸਗੋਂ ਉਲਟਾ ਦੋਸ਼ ਲਾਇਆ ਕਿ, "ਇਹਨੂੰ ਅਜੇ ਬੱਚੇ ਪਾਲਣੇ ਨਹੀਂ ਆਉਂਦੇ।" ਰਹਿੰਦੀ ਖੂੰਹਦੀ ਕਸਰ ਉਦੋਂ ਪੂਰੀ ਹੋ ਗਈ ਜਦ ਸੋਸ਼ਲ ਸਰਵਿਸਜ਼ ਅਤੇ ਪੜ੍ਹਾਈ ਦੇ ਮਹਿਕਮੇ ਨੇ ਗੋਂਦ ਗੁੰਦ ਕੇ ਪੁਲੀਸ ਦੀ ਮਿਲੀ ਭੁਗਤ ਨਾਲ ਸੁਰੇਸ਼ ਨੂੰ ਛੇ ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ ਕਿ, "ਉਹਨੇ ਬੱਚੀਆਂ ਨਾਲ ਖਰਾਬੀਆਂ ਕੀਤੀਆਂ ਸਨ।" ਪੁਲੀਸ ਨੂੰ ਸਗੋਂ ਇਕ ਬਹਾਨਾ ਹੋਰ ਮਿਲ ਗਿਆ ਕਿ "ਸੁਰੇਸ਼ ਇਸ ਮੁਲਕ 'ਚ ਜਾਅਲੀ ਤੌਰ 'ਤੇ ਰਹਿ ਰਿਹਾ" ਅਤੇ ਇੰਟਰਵਿਊ ਵੇਲੇ ਉਹਨੇ ਇਹ ਵੀ ਦੱਸ ਦਿੱਤਾ ਕਿ", ਉਹਦਾ ਇੰਡਿਆ ਵਿਆਹ ਹੋਇਆ ਸੀ ਅਤੇ ਉਥੇ ਚਾਰ ਬੱਚੇ ਹਨ।" ਸੁਰੇਸ਼ ਨੇ ਆਪਣੇ ਇੰਡਿਆ ਦੇ ਵਿਆਹ ਅਤੇ ਉਥੇ ਰਹਿੰਦੇ ਬੱਚਿਆਂ ਬਾਰੇ ਸੁਦੇਸ਼ ਨਾਲ ਗੱਲ ਨਹੀਂ ਸੀ ਕੀਤੀ। ਹੁਣ ਪੁਲੀਸ ਅਤੇ ਸੁਦੇਸ਼ ਨੂੰ ਵੀ ਸੁਰੇਸ਼ ਦੇ ਮੰਤਵ ਦਾ ਸਾਫ ਪਤਾ ਲੱਗ ਗਿਆ ਸੀ ਕਿ ਉਹ ਹਰ ਸਾਲ ਬੱਚੇ ਈ ਇਸ ਕਰਕੇ ਪੈਦਾ ਕਰ ਰਿਹਾ ਸੀ ਤਾਂ ਕਿ ਬੱਚਿਆਂ ਦੇ ਸਿਰ 'ਤੇ ਸ਼ਾਇਦ ਇਸ ਮੁਲਕ 'ਚ ਪੱਕਾ ਹੋ ਜਾਵੇ। ਸੁਰੇਸ਼ ਦੇ ਪਹਿਲੇ ਵਿਆਹ ਅਤੇ ਬੱਚਿਆਂ ਬਾਰੇ ਜਾਣ ਕੇ ਸੁਦੇਸ਼ ਬੜਾ ਤੜਫੀ ਸੀ ਪਰ ਹੁਣ ਪਾਣੀ ਸਿਰੋਂ ਲੰਘ ਚੁੱਕਾ ਸੀ। ਉਹ ਇਸ ਬਾਰੇ ਕੁਝ ਨਹੀਂ ਸੀ ਕਰ ਸਕਦੀ। ਸੁਰੇਸ਼ ਆਪਣੇ ਮੁਆਮਲੇ 'ਚ ਚੁਸਤ ਸੀ। ਉਹਨੇ "ਪਨਾਹਗੀਰ ਅਰਜ਼ੀ" ਪਹਿਲਾਂ ਹੀ ਦਾਇਰ ਕਰਾਈ ਹੋਈ ਸੀ ਅਤੇ ਅਜੇ ਉਹਦੀ ਇੰਟਰਵਿਊ ਦੀ ਤਾਰੀਖ ਨਹੀਂ ਸੀ ਆਈ। ਜਿਸ ਵੇਲੇ ਦੀ ਇਹ ਗੱਲ ਆ ਉਸ ਵੇਲੇ "ਪਨਾਹਗੀਰ ਅਰਜ਼ੀਆਂ" ਵਾਲੇ ਕੇਸ ਕਈ ਕਈ ਸਾਲ ਅਪੀਲਾਂ ਸਿਰ ਲੰਘ ਜਾਂਦੇ ਸਨ।

ਘਰ 'ਚ ਸੁਦੇਸ਼ ਹੁਣ ਰੁੰਡ ਮਰੁੰਡ ਰੁੱਖ ਵਾਂਗ ਹੋਈ ਇਕੱਲੀ ਰਹਿ ਗਈ ਸੀ। ਉਹਦੇ ਤੇ ਗਮਾਂ ਦਾ ਪਹਾੜ ਟੁੱਟ ਪਿਆ ਸੀ। ਸੱਭਿਆਚਾਰਕ ਕਦਰਾਂ ਅਤੇ ਬਰਤਾਨਵੀ ਨਸਲਵਾਦ ਨੇ ਉਹਦੀ ਜ਼ਿੰਦਗੀ ਤੇ ਤਾਬੜਤੋੜ ਹੱਲਾ ਬੋਲ ਦਿੱਤਾ ਸੀ। ਜੇਲ੍ਹ ਵਿਚ ਸੁਰੇਸ਼ ਦਾ ਵਰਤਾਵ ਠੀਕ ਹੋਣ ਕਰਕੇ ਇਕ ਮਹੀਨਾ ਪਹਿਲਾਂ ਹੀ ਫਾਰਗ ਕਰ ਦਿੱਤਾ ਗਿਆ। ਸੁਰੇਸ਼ ਜਦ ਘਰ ਆ ਗਿਆ ਤਾਂ ਸੁਦੇਸ਼ ਨੂੰ "ਕਾਨੂੰਨਣ ਅਤੇ ਧਾਰਮਿਕ

ਵਿਆਹ" ਲਈ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਸੁਦੇਸ਼ ਕੋਲ ਹੁਣ ਕੋਈ ਚਾਰਾ ਨਹੀਂ ਸੀ ਅਤੇ ਉਹਨੇ ਇਹ ਕੰਮ ਵੀ ਕਰ ਮਾਰਿਆ। ਇਹ ਗੱਲ ਸੁਦੇਸ਼ ਦੇ ਹੱਕ 'ਚ ਵੀ ਤਾਂ ਭੁੱਗਤਦੀ ਸੀ ਅਤੇ ਨਾਲੇ ਉਸ ਵੇਲੇ "ਕਾਨੂੰਨਣ ਵਿਆਹ" ਵੇਲੇ ਜ਼ਿਆਦਾ ਪੁੱਛ ਪੜਤਾਲ ਵੀ ਨਹੀਂ ਸੀ ਕੀਤੀ ਜਾਂਦੀ।

ਹੁਣ ਘਰਾਂ ਦੇ ਮਹਿਕਮੇ ਨੇ ਸੁਦੇਸ਼ ਨੂੰ ਹੁਕਮ ਚਾੜ ਦਿੱਤਾ ਕਿ ਉਹਨੂੰ ਹੁਣ ਵਾਲ ਵੱਡਾ ਘਰ ਛੱਡ ਕੇ ਛੋਟੇ ਘਰ 'ਚ ਜਾਣਾ ਪਵੇਗਾ ਕਿਉਂਕਿ ਉਹਦੇ ਨਾਲ ਬੱਚੇ ਨਹੀਂ ਰਹਿ ਰਹੇ। ਜੇਹੜਾ ਘਰ ਸੁਦੇਸ਼ ਅਤੇ ਸੁਰੇਸ਼ ਨੂੰ ਦਿੱਤਾ ਗਿਆ ਉਹ ਗੋਰਿਆਂ ਦੇ ਇਲਾਕੇ 'ਚ ਸੀ ਅਤੇ ਏਸ਼ੀਅਨ ਲੋਕਾਂ ਦੇ ਗੜ੍ਹ ਤੋਂ ਕਾਫੀ ਦੂਰ ਸੀ। ਏਸ਼ੀਅਨ ਦੁਕਾਨਾਂ ਤੋਂ ਸੌਦਾ ਪੱਤਾ ਲਿਆਉਣ ਤੇ ਉਹਨਾਂ ਨੂੰ ਦੋ ਬੱਸਾਂ ਬਦਲਣੀਆਂ ਪੈਂਦੀਆਂ ਸਨ। ਇਸ ਤੋਂ ਬਿਨਾਂ ਗੋਰਿਆਂ ਦੀ ਵਿਗੜੀ ਔਲਾਦ ਉਹਨਾਂ ਨੂੰ ਹਰ ਰੋਜ਼ ਨਸਲੀ ਗਾਲ੍ਹਾਂ ਬਕਦੀ ਅਤੇ ਇਕ ਦੋ ਵਾਰ ਉਹਨਾਂ ਦੇ ਘਰ ਦੀਆਂ ਤਾਕੀਆਂ ਵੀ ਭੰਨ ਦਿੱਤੀਆਂ ਗਈਆਂ ਸਨ। ਘਰਾਂ ਦੇ ਮਹਿਕਮੇ ਨੂੰ ਜਦ ਇਹ ਸਭ ਗੱਲਾਂ ਸੁਦੇਸ਼ ਅਤੇ ਸੁਰੇਸ਼ ਨੇ ਦੱਸੀਆਂ ਤਾਂ ਉਹਨਾਂ ਝੱਗਾ ਝਾੜ ਦਿੱਤਾ ਅਤੇ ਕੁੱਝ ਨਾ ਕੀਤਾ। ਆਖਰ ਸੁਰੇਸ਼ ਨੇ ਆਪਣੇ ਇਕ ਪੇਂਡੂ ਦਾ ਮਿੰਨਤ ਤਰਲਾ ਕੀਤਾ ਅਤੇ ਇਕ ਖਾਲੀ ਘਰ ਨੂੰ ਕਰਾਏ ਤੇ ਲੈ ਲਿਆ। ਇਸੇ ਸਮੇਂ ਦੌਰਾਨ ਸੁਦੇਸ਼ ਫਿਰ ਗਰਭਪਤੀ ਹੋ ਗਈ। ਸੋਸ਼ਲ ਸਰਵਿਸਜ਼ ਦੇ ਮਹਿਕਮੇ ਨੂੰ ਸੇਹਤ ਵਿਭਾਗ ਵਾਲਿਆਂ ਸੂਚਿਤ ਕਰ ਦਿੱਤਾ ਤਾਂ ਕੇਸ ਦੀ ਇੰਚਾਰਜ ਗੋਰੀ ਜ਼ੋਰ ਸ਼ੋਰ ਨਾਲ ਫਿਰ ਹਰਕਤ 'ਚ ਆ ਗਈ। ਗੋਰੀ ਸੋਸ਼ਲ ਵਰਕਰ ਕੇਸ ਕਾਨਫਰੰਸਾਂ ਕਰਕੇ ਮਤਾ ਪਾਸ ਕਰ ਲਿਆ ਕਿ, "ਜੋ ਵੀ ਬੱਚਾ ਪੈਦਾ ਹੋਵੇਗਾ ਉਹ ਸੁਦੇਸ਼ ਅਤੇ ਸੁਰੇਸ਼ ਤੋਂ ਖੋਹ ਲਿਆ ਜਾਵੇਗਾ ਅਤੇ ਉਹਨੂੰ ਕਿਤੇ ਗੋਦ ਦੇ ਦਿੱਤਾ ਜਾਵੇਗਾ।" ਕਾਨਫਰੰਸਾਂ ਵਿਚ ਪੁਲੀਸ, ਹੈਲਥ, ਪੜ੍ਹਾਈ ਦਾ ਮਹਿਕਮਾ ਅਤੇ ਸੋਸ਼ਲ ਸਰਵਿਸਜ਼ ਸ਼ਾਮਲ ਸਨ ਅਤੇ ਇਹਨਾਂ ਮਹਿਕਮਿਆਂ ਦੇ ਨੁੰਮਾਇੰਦੇ ਗੋਰੇ ਗੋਰੀਆਂ ਈ ਸਨ। ਮਤਾ ਪਾਸ ਕਰਕੇ ਗੋਰੀ ਸੋਸ਼ਲ ਵਰਕਰ ਜਦ ਅਰਜ਼ੀ ਕਚਿਹਰੀ ਪੇਸ਼ ਕੀਤੀ ਤਾਂ ਕਾਬਲ ਜੱਜ ਨੇ ਕਿਹਾ, "ਕੀ ਤੁਸੀਂ ਐਨ. ਐਸ. ਪੀ. ਸੀ. ਸੀ (National Society Of Prevention Cruelty to Chicdren) ਨਾਲ ਇਸ ਕੇਸ ਬਾਰੇ ਸਲਾਹ ਕੀਤੀ ਆ?" ਇਸ ਗੱਲ ਦਾ ਜੁਆਬ ਨਾਂਹ ਵਿਚ ਹੋਣ ਕਰਕੇ ਗੋਰੀ ਸੋਸ਼ਲਵਰਕਰ ਨੂੰ ਬੱਚਿਆਂ ਦੀ ਹਿਫਾਜ਼ਤ ਵਾਲੀ ਇਸ ਸੰਸਥਾ ਨਾਲ ਸੰਪਰਕ ਕਰਨਾ ਪਿਆ। ਜਦ ਇਸ ਸੰਸਥਾ ਦੇ ਆਇਰਸ਼ ਗੋਰੇ ਨੇ ਕੇਸ ਫਾਈਲ ਪੜ੍ਹੀ ਤਾਂ ਉਹਦਾ ਪਾਰਾ ਅਸਮਾਨੇ ਜਾ ਚੜ੍ਹਿਆ। ਉਹਨੇ ਕੇਸ ਬਾਰੇ ਕਈ ਸੁਆਲ ਖੜ੍ਹੇ ਕਰ ਦਿੱਤੇ ਕਿ, "ਏਸ਼ੀਅਨ ਕੇਸ ਹੋਣ ਕਰਕੇ ਇਹਦੇ ਵਿਚ ਕਿਸੇ "ਏਸ਼ੀਅਨ ਮਾਹਿਰ" ਨੂੰ ਕਿਉਂ ਨਹੀਂ ਵਰਤਿਆ ਗਿਆ?" ਗੋਰੀ ਸੋਸ਼ਲਵਰਕਰ ਕੋਲ ਇਸ ਗੱਲ ਦਾ ਕੋਈ ਜੁਆਬ ਨਹੀਂ ਸੀ ਅਤੇ ਇਹ ਗੱਲ ਸਰਾਸਰ ਨਸਲਵਾਦੀ ਸੀ। ਉਸ ਵੇਲੇ ਅਜੇ ਬੱਚਿਆਂ ਦਾ ਕਾਨੂੰਨ 1989 ਨਵਾਂ ਨਵਾਂ ਈ ਬਣਿਆ ਸੀ। ਜੇਹਦੇ ਵਿਚ ਖਾਸ ਧਰਾਵਾਂ ਸ਼ਾਮਲ ਹਨ ਕਿ, "ਨਸਲ, ਭਾਸ਼ਾ ਅਤੇ ਧਰਮ ਦਾ ਬੱਚਿਆਂ ਦੀ ਹਿਫਾਜ਼ਤ ਵੇਲੇ ਖਾਸ ਧਿਆਨ ਰੱਖਿਆ ਜਾਵੇ।" ਗੋਰੀ ਸੋਸ਼ਲਵਰਕਰ ਪਹਿਲਾਂ ਇਕ ਦੋ ਗੋਲੀਆਂ ਸੁੱਟੀਆਂ ਕਿ ਇਕ "ਦੇਸੀ ਬਾਤੂ ਬੀਬੀ" ਨਾਲ ਸਲਾਹ ਕੀਤੀ ਗਈ ਅਤੇ ਸੱਭਿਆਚਾਰ ਬਾਰੇ ਉਹਦੇ ਕੋਲੋਂ ਪੁੱਛਿਆ ਗਿਆ ਸੀ। ਇਸ ਗੱਲ ਤੇ ਐਨ. ਐਸ. ਪੀ. ਸੀ. ਸੀ. ਦਾ ਧੜੱਲੇਦਾਰ ਆਇਰਸ਼ ਮੈਨੇਜਰ ਡੇਵਿਡ ਹੋਰ ਵੀ ਖਫਾ ਹੋ ਗਿਆ ਕਿ,

"ਇਸ ਕੇਸ ਨੂੰ ਇਨ੍ਹਾਂ ਜ਼ਿਆਦਾ ਉਲਝਾ ਦਿੱਤਾ ਗਿਆ ਅਤੇ ਮੈਨੂੰ ਲਗਦੈ ਕਿ ਇਸ ਕੇਸ ਨੂੰ ਕਮਿਸ਼ਨ ਫਾਰ ਰੇਸ਼ੀਅਲ ਈਕੁਆਲਟੀ ਦੇ ਹਵਾਲੇ ਕਰਨਾ ਚਾਹੀਦੈ।" ਡੇਵਿਡ ਦੀਆਂ ਗੱਲਾਂ ਸੁਣ ਗੋਰੀ ਦੇ ਪੈਰ ਹਿੱਲ ਗਏ ਅਤੇ ਦੂਜੇ ਦਿਨ ਹੀ ਉਹਨੇ ਡੇਵਿਡ ਨੂੰ ਫੋਨ ਕਰ ਦਿੱਤਾ ਕਿ, "ਉਹਦਾ ਮੈਨੇਜਰ ਮੰਨ ਗਿਆ ਹੈ ਕਿ ਕਿਸੇ 'ਏਸ਼ੀਅਨ ਮਾਹਿਰ' ਨੂੰ ਇਸ ਕੇਸ ਵਿਚ ਸ਼ਾਮਲ ਕਰ ਲਿਆ ਜਾਵੇ।" ਸੋਸ਼ਲ ਸਰਵਿਸਜ਼ ਨੇ ਇਸ ਗੱਲ ਦਾ ਤੋੜਾ ਵੀ ਡੇਵਿਡ ਤੇ ਝਾੜ ਦਿੱਤਾ ਕਿ, "ਏਸ਼ੀਅਨ ਮਾਹਿਰ" ਦਾ ਉਹ ਈ ਬੰਦੋਬਸਤ ਕਰੇ ਅਤੇ ਇਹ ਵੀ ਸਮਾਂ ਸੀ ਜਦ ਡੇਵਿਡ ਨੇ ਇਕ ਏਜੰਸੀ ਰਾਹੀਂ ਮੈਨੂੰ ਸੰਪਰਕ ਕੀਤਾ ਸੀ। ਜਦ ਮੈਂ ਕੇਸ ਫਾਇਲਾਂ ਪੜ੍ਹੀਆਂ ਤਾਂ ਮੇਰੇ ਡੌਰ ਭੌਰ ਉੱਡ ਗਏ। ਮੈਂ ਡੇਵਿਡ ਨੂੰ ਕਿਹਾ, "ਐਹੋ ਜੇਹਾ ਉਲਝਿਆ ਕੇਸ ਮੈਂ ਆਪਣੇ ਸੋਸ਼ਲ ਸਰਵਿਸਜ਼ ਦੇ ਕੈਰੀਅਰ 'ਚ ਕਦੇ ਨਹੀਂ ਦੇਖਿਆ। ਇਹਨਾਂ ਨਸਲਵਾਦੀ ਗੋਰਿਆਂ ਗੋਰੀਆਂ ਰਲ ਕੇ ਇਸ ਪਰਿਵਾਰ ਨੂੰ ਫੀਤਾ ਫੀਤਾ ਕਰਕੇ ਰੱਖ ਦਿੱਤਾ ਹੈ। ਮੈਂ ਇਸ ਗੱਲ 'ਤੇ ਹੈਰਾਨ ਆਂ ਕਿ ਸੁਦੇਸ਼ ਅਜੇ ਸਾਬਤ ਸਬੂਤੀ ਆ ਅਤੇ ਪਾਗਲਾਂ ਦੇ ਹਸਪਤਾਲ ਨਹੀਂ ਗਈ।" ਡੇਵਿਡ ਮੇਰੇ ਨਾਲ ਸਹਿਮਤ ਸੀ ਅਤੇ ਸਭ ਤੋਂ ਪਹਿਲਾਂ ਅਸੀਂ ਸਲਾਹ ਬਣਾਈ ਕਿ ਸੁਦੇਸ਼ ਅਤੇ ਸੁਰੇਸ਼ ਨੂੰ ਮਿਲਿਆ ਜਾਵੇ ਅਤੇ ਉਹਨਾਂ ਦਾ ਪੱਖ ਸੁਣਿਆ ਜਾਵੇ। ਜਦੋਂ ਅਜੇ ਅਸੀਂ ਮਿਲਣ ਦੀ ਤਾਰੀਖ ਆਪਸ 'ਚ ਤਹਿ ਕਰ ਰਹੇ ਸਾਂ ਤਾਂ ਸਾਨੂੰ ਸੋਸ਼ਲ ਸਰਵਿਸਜ਼ ਨੇ ਇਤਲਾਹ ਦਿੱਤੀ ਕਿ, 'ਸੁਦੇਸ਼ ਨੇ ਮੁੰਡੇ ਨੂੰ ਜਨਮ ਦਿੱਤਾ।" ਹੁਣ ਜਿੰਨੀ ਦੇਰ ਡੇਵਿਡ ਅਤੇ ਮੇਰੀ ਰਿਪੋਰਟ ਤਿਆਰ ਨਹੀਂ ਸੀ ਹੁੰਦੀ ਸੋਸ਼ਲ ਸਰਵਿਸਜ਼ ਵਾਲੇ ਕੋਈ ਹੋਰ ਕਾਨੂੰਨੀ ਕਾਰਵਾਈ ਨਹੀਂ ਸਨ ਕਰ ਸਕਦੇ। ਸੁਦੇਸ਼ ਦੇ ਮੁੰਡਾ ਪੈਦਾ ਹੋਣ ਤੋਂ ਚਾਰ ਕੁ ਹਫਤਿਆਂ ਬਾਦ ਜਦ ਮੈਂ ਅਤੇ ਡੇਵਿਡ, ਸੁਦੇਸ਼ ਅਤੇ ਸੁਰੇਸ਼ ਨੂੰ ਮਿਲਣ ਗਏ ਤਾਂ ਮੈਂ ਸੁਦੇਸ਼ ਅਤੇ ਸੁਰੇਸ਼ ਨੂੰ ਵਧਾਈਆਂ ਦਿੱਤੀਆਂ ਅਤੇ ਆਪਣੇ ਬਾਰੇ ਜਾਣਕਾਰੀ ਦਿੱਤੀ। ਮੈਂ ਸਾਰੀ ਗੱਲ ਪੰਜਾਬੀ 'ਚ ਕਰ ਰਿਹਾ ਸੀ। ਜਦ ਉਹਨਾਂ ਭਾਂਪ ਲਿਆ ਕਿ ਮੈਂ ਉਹਨਾਂ ਦੀ ਮਦਦ ਲਈ ਬਹੁੜਿਆਂ ਉਹਨਾਂ ਦੀਆਂ ਸੱਭਿਆਚਾਰਕ ਤੰਦਾਂ ਦਾ ਵਾਕਿਫ ਆਂ ਤਾਂ ਸੁਦੇਸ਼ ਮੇਰੇ ਪੈਰਾਂ 'ਤੇ ਢਹਿ ਪਈ, "ਭਾਅ ਜੀ, ਮੈਨੂੰ ਬਚਾ ਲਓ। ਮੇਰੇ ਪੁੱਤ ਰਾਮ ਕਰਕੇ ਈ ਮੈਨੂੰ ਬਚਾ ਲਓ। ਮੇਰੀ ਜ਼ਿੰਦਗੀ ਇਹਨਾਂ ਸਰਿਆਂ ਰਲ ਕੇ ਪੱਖੜੀਆਂ ਕਰ ਦਿੱਤੀ ਆ। ਮੇਰੇ 'ਚ ਹੁਣ ਹੋਰ ਸਾਹ ਸਤ ਨਹੀਂ ਰਿਹਾ। ਮੈਂ ਪਾਗਲ ਹੋ ਜਾਵਾਂਗੀ। ਮੇਰੀਆਂ ਸੱਤ ਬੱਚੀਆਂ ਇਹਨਾਂ ਪਹਿਲਾਂ ਈ ਝਪੱਟਾ ਮਾਰ ਕੇ ਖੋਹ ਲਈਆਂ। ਮੇਰਾ ਇਥੇ ਕੋਈ ਨਹੀਂ।" ਸੁਦੇਸ਼ ਰੋਣ ਲੱਗ ਪਈ ਸੀ ਅਤੇ ਸੁਰੇਸ਼ ਨੇ ਵੀ ਮੇਰੇ ਪੈਰ ਫੜ ਲਏ ਸਨ। ਮੈਂ ਉਹਨਾਂ ਦੋਵਾਂ ਨੂੰ ਫੜ ਕੇ ਉਠਾਇਆ ਅਤੇ ਤਸੱਲੀ ਦਿੱਤੀ ਕਿ, "ਮੈਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕਰਾਂਗਾ ਕਿ ਇਹ ਤੁਹਾਡਾ ਪਿਆਰਾ ਬੇਟਾ ਰਾਮ ਅਤੇ ਬਾਕੀ ਬੱਚੇ ਵੀ ਤੁਹਾਨੂੰ ਮਿਲ ਜਾਣ ਅਤੇ ਤੁਸੀਂ ਇਕ ਸੁਖੀ ਪਰਿਵਾਰ ਵਾਂਗ ਰਹਿ ਸਕੋ।" ਡੇਵਿਡ ਚੁੱਪ ਚਾਪ ਇਹ ਸਭ ਕੁਝ ਦੇਖ ਰਿਹਾ ਸੀ। ਮੈਂ ਡੇਵਿਡ ਨੂੰ ਸਲਾਹ ਦਿੱਤੀ ਕਿ, "ਆਪਾਂ ਕੱਲ੍ਹ ਨੂੰ ਫਿਰ ਮਿਲਣ ਆਈਏ। ਅੱਜ ਇਹਨਾਂ ਕੋਲੋਂ ਕੋਈ ਗੱਲ ਨਹੀਂ ਹੋਣੀ। ਇਹਨਾਂ ਤੇ ਜ਼ਜ਼ਬਾਤਾਂ ਦਾ ਅਸਰ ਆ। ਇਹਨਾਂ ਨੂੰ ਪਹਿਲੀ ਵਾਰ ਤਸੱਲੀ ਹੋਈ ਆ ਕਿ ਕੋਈ ਇਹਨਾਂ ਦੀ ਮਦਦ ਵੀ ਕਰ ਸਕਦੈ।" ਡੇਵਿਡ ਮੇਰੇ ਨਾਲ ਸਹਿਮਤ ਸੀ ਅਤੇ ਅਸੀਂ ਕੱਲ ਆਉਣ ਦਾ ਵਾਅਦਾ ਲੈ ਕੇ ਵਾਪਿਸ ਆ ਗਏ। ਆਉਣ ਵੇਲੇ ਸੁਰੇਸ਼ ਅਤੇ ਸੁਦੇਸ਼ ਫੇਰ ਮੇਰੇ ਪੈਰੀਂ ਢਹਿ ਪਏ ਅਤੇ ਜ਼ਾਰੋ ਜ਼ਾਰ ਰੋਣ ਲੱਗ

ਪਏ। ਮੈਂ ਉਹਨਾਂ ਨੂੰ ਫਿਰ ਹੌਸਲਾ ਦਿੱਤਾ ਕਿ, "ਸਭ ਠੀਕ ਹੋ ਜਾਣੈ।" ਸੁਦੇਸ਼ ਕਹਿ ਰਹੀ ਸੀ," ਭਾਅ ਜੀ, ਪਤਾ ਨਹੀਂ ਮੇਰੀਆਂ ਸੱਤ ਬੱਚੀਆਂ ਕਿਸ ਹਾਲ 'ਚ ਆ? ਮੈਨੂੰ ਤਾਂ ਆਪਣੇ ਆਪ 'ਤੇ ਗਿਲਾਨੀ ਆਉਂਦੀ ਆ ਕਿ ਮੈਂ ਆਪਣੀਆਂ ਬੱਚੀਆਂ ਨੂੰ ਇਹਨਾਂ ਕਸਾਈਆਂ ਤੋਂ ਬਚਾ ਨਾ ਸਕੀ।" ਇਸ ਸਾਰੀ ਵੇਦਨਾ ਨੇ ਮੈਨੂੰ ਹਿਲਾ ਕੇ ਰੱਖ ਦਿੱਤਾ ਅਤੇ ਮੈਂ ਬੁਰੀ ਤਰ੍ਹਾਂ ਝੰਜੋੜਿਆ ਗਿਆ। ਮੈਂ ਸਾਰੀ ਉਮਰ ਬੇਇਨਸਾਫੀਆਂ ਦੇ ਖਿਲਾਫ ਲੜਿਆ ਹਾਂ। ਚਾਹੇ ਉਹ ਜਾਤੀ ਜ਼ਿੰਦਗੀ 'ਚ ਹੋਣ ਜਾਂ ਸਮਾਜਿਕ ਵਲਗਣਾਂ ਦੀਆਂ ਅਤੇ ਇਹ ਵੀ ਮੇਰਾ ਜ਼ਾਤੀ ਫੈਸਲਾ ਸੀ ਕਿ ਮੈਂ ਬਰਾਬਰੀ ਦੇ ਹੱਕਾਂ ਵਾਲੇ ਸਰਕਾਰੀ ਸੈਕਸ਼ਨ 'ਚ ਕੰਮ ਕਰਨੈ ਤਾਂ ਕਿ ਲੋਕਾਂ ਦਾ ਭਲਾ ਹੋ ਸਕੇ। ਮੈਂ ਸ਼ਾਇਦ ਮੇਨ ਸਟਰੀਮ 'ਚ ਰਹਿਣ ਤੇ ਨੌਕਰੀ ਪੱਖੋਂ ਹੋਰ ਬਲੰਦੀਆਂ ਤਕ ਪਹੁੰਚ ਜਾਂਦਾ ਪਰ ਗੱਲ ਅਸੂਲਾਂ ਅਤੇ ਵਿਚਾਰਾਂ ਦੀ ਹੁੰਦੀ ਹੈ ਜੋ ਸਾਨੂੰ ਜ਼ਾਤੀ ਖੁਸ਼ੀ ਅਤੇ ਤਸੱਲੀ ਦਿੰਦੀ ਹੈ। ਇਹਨਾਂ ਅਸੂਲਾਂ ਕਰਕੇ ਹੀ ਜਦ ਮੈਂ ਅਤੇ ਡੇਵਿਡ ਸੁਦੇਸ਼ ਅਤੇ ਸੁਰੇਸ਼ ਨੂੰ ਮਿਲਣ ਗਏ ਤਾਂ ਉਹਨਾਂ ਤੋਂ ਉਹਨਾਂ ਦੀ ਸਾਰੀ ਰਾਮ ਕਹਾਣੀ ਸੁਣੀ ਅਤੇ ਮੈਂ ਨੋਟਸ ਬਣਾਉਂਦਾ ਰਿਹਾ। ਇਸ ਤੋਂ ਬਾਦ ਜਦ ਤੀਜੀ ਵਾਰ ਅਸੀਂ ਮਿਲਣ ਗਏ ਤਾਂ ਅਸੀਂ ਰਿਪੋਰਟ ਤਿਆਰ ਕਰ ਲਈ ਸੀ ਅਤੇ ਰਿਪੋਰਟ ਵਿਚ ਸੋਸ਼ਲ ਸਰਵਿਸਜ਼ ਦੀਆਂ ਨਲਾਇਕੀਆਂ ਦਾ ਕੱਚਾ ਚਿੱਠਾ ਖੋਹਲ ਦਿੱਤਾ ਸੀ। ਰਿਪੋਰਟ 'ਚ ਜ਼ੋਰਦਾਰ ਸਪਾਰਸ਼ਾਂ ਕੀਤੀਆਂ ਗਈਆਂ ਸਨ ਕਿ, "ਬੇਟੇ ਰਾਮ ਨੂੰ ਸੁਰੇਸ਼ ਅਤੇ ਸੁਦੇਸ਼ ਤੋਂ ਖੋਹਣ ਦਾ ਕੋਈ ਅਧਾਰ ਨਹੀਂ ਹੈ। ਪਹਿਲੇ ਖੋਹੇ ਬੱਚੇ ਵੀ ਇਹਨਾਂ ਨੂੰ ਵਾਪਸ ਕੀਤੇ ਜਾਣ ਅਤੇ ਸਿਰਫ ਹਰ ਮਹੀਨੇ ਐਨ. ਐਸ. ਪੀ. ਸੀ. ਸੀ. ਨਾਲ ਮਿਲ ਕੇ ਪਰਿਵਾਰ ਨੂੰ ਮਿਲਿਆ ਜਾਵੇ ਕਿ ਸਭ ਠੀਕ ਠਾਕ ਚੱਲ ਰਿਹਾ ਅਤੇ ਇਹ ਪੈਰਵਾਈ ਵੀ ਸਿਰਫ ਤਿੰਨ ਮਹੀਨੇ ਤੱਕ ਕੀਤੀ ਜਾਵੇ। ਜੇਕਰ ਘਰ ਵਿਚ ਸਭ ਕੁਝ ਠੀਕ ਠਾਕ ਹੋਵੇ ਤਾਂ ਪਰਿਵਾਰ ਨੂੰ ਮਿਲਣਾ ਬੰਦ ਕਰ ਦਿੱਤਾ ਜਾਵੇ।" ਰੀਪੋਰਟ ਦੀਆਂ ਕੀਤੀਆਂ ਸਿਫਾਰਸ਼ਾਂ ਸੁਣ ਸੁਰੇਸ਼ ਅਤੇ ਸੁਦੇਸ਼ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਸੁਦੇਸ਼ ਕਿਹਾ," ਭਾਅ ਜੀ, ਪਤਾ ਨਹੀਂ ਮੈਂ ਤੁਹਾਡਾ ਕੇਹੜੇ ਲਫਜ਼ਾ ਨਾਲ ਸ਼ੁਕਰੀਆ ਕਰਾਂ, ਤੁਸੀਂ ਤਾਂ ਮੇਰੀ ਡੁੱਬਦੀ ਬੇੜੀ ਤਾਰ ਦਿੱਤੀ ਆ।" ਜਾਣ ਤੋਂ ਪਹਿਲਾਂ ਮੈਂ ਸੁਰੇਸ਼ ਨੂੰ ਕਿਹਾ," ਮੈਨੂੰ ਪੂਰੀ ਉਮੀਦ ਹੈ ਕਿ ਕੋਰਟ ਸਾਡੀਆਂ ਗੱਲਾਂ ਮੰਨ ਕੇ ਤੁਹਾਡਾ ਸਾਰਾ ਪਰਿਵਾਰ ਇਕੱਠਾ ਕਰ ਦੇਵੇਗਾ ਅਤੇ ਤੂੰ ਵੀ ਇਸ ਮੁਲਕ 'ਚ ਛੇਤੀ ਪੱਕਾ ਹੋ ਜਾਵੇਂਗਾ। ਇਕ ਗੱਲ ਯਾਦ ਰੱਖੀਂ, ਸੁਦੇਸ਼ ਅਤੇ ਇਹਦੇ ਬੱਚਿਆਂ ਦਾ ਖਿਆਲ ਵੀ ਆਪਣੇ ਬੱਚਿਆਂ ਵਾਂਗ ਈ ਕਰੀਂ। ਇਹ ਦੇਖੀਂ ਕਿਤੇ, ਇਸ ਦੁੱਖਮਾਰੀ ਦੀ ਤੈਨੂੰ ਆਹ ਨਾ ਲੈ ਬੈਠੇ।" "ਭਾਅ ਜੀ ਭਲਾ ਇਹ ਕਿਵੇਂ ਹੋ ਸਕਦੈ? ਸੁਦੇਸ਼ ਕਰਕੇ ਤਾਂ ਮੈਂ ਇਥੇ ਬੈਠਾਂ। ਮੈਨੂੰ ਇਹਨੇ ਚੰਦ ਵਰਗਾ ਪੁੱਤ ਦਿਤੈ।"

ਸੁਰੇਸ਼ ਅਤੇ ਸੁਦੇਸ਼ ਤੋਂ ਵਿਦਾ ਲੈ ਮੈਂ ਅਤੇ ਡੇਵਿਡ ਵਾਪਿਸ ਆ ਗਏ। ਮੇਰਾ "ਠੇਕਾ" ਹੁਣ ਖਤਮ ਹੋ ਗਿਆ ਸੀ। ਪਰ ਮੈਂ ਡੇਵਿਡ ਨਾਲ ਸੰਪਰਕ ਜਾਰੀ ਰੱਖਿਆ। ਕੋਰਟ ਦੀ ਤਾਰੀਖ ਤੋਂ ਬਾਦ ਡੇਵਿਡ ਮੈਨੂੰ ਮੇਰੇ ਦਫਤਰ ਫੋਨ ਕੀਤਾ ਕਿ, "ਕਾਬਲ ਜੱਜ ਨੇ ਆਪਣੀ ਰੀਪੋਰਟ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਅਤੇ ਸਾਰੇ ਬੱਚੇ ਸੁਦੇਸ਼ ਅਤੇ ਸੁਰੇਸ਼ ਨੂੰ ਮਿਲ ਗਏ ਆ।" ਮੈਂ ਉਸ ਦਿਨ ਬੜਾ ਖੁਸ਼ ਹੋਇਆ ਕਿ ਇੱਕ ਉਜੜਿਆ ਘਰ ਮੈਂ ਫਿਰ ਵਸਾ ਦਿੱਤ ਸੀ।

# ਦੇਸੀ ਡਾਕਟਰਾਂ ਦੀ ਚੁਸਤੀ

ਸੋਲ੍ਹਾਂ ਵਰ੍ਹਿਆਂ ਦੇ ਸੰਦੀਪ ਦਾ ਕੇਸ ਮੈਨੂੰ ਮੇਰੇ ਸੁਪਰਵਾਈਜ਼ਰ ਨੇ ਦਿੱਤਾ ਕਿ 'ਇਹ ਪੰਜਾਬੀ ਕੇਸ ਆ ਅਤੇ ਆਪਣੀ ਟੀਮ ਵਿਚ ਤੂੰ ਹੀ ਪੰਜਾਬੀ ਸੀਨੀਅਰ ਸੋਸ਼ਲਵਰਕਰ ਆਂ।' ਮੈਂ ਕੇਸ ਫਾਈਲ ਲੈ ਕੇ ਆਪਣੀ ਸੀਟ 'ਤੇ ਆ ਬੈਠਾ ਅਤੇ ਕੇਸ ਪੜ੍ਹਨ ਲੱਗ ਪਿਆ।

ਫਾਈਲ ਵਿਚ ਥੋੜ੍ਹੀ ਲਿਖੀ ਜਾਣਕਾਰੀ ਤੋਂ ਮੈਨੂੰ ਪਤਾ ਲੱਗਾ ਕਿ ਸੰਦੀਪ ਮਾਪਿਆਂ ਦੀ ਇਕਲੌਤੀ ਔਲਾਦ ਹੈ ਅਤੇ ਉਹ ਘੋਰ ਉਦਾਸੀ ਦੇ ਰੋਗ ਦਾ ਸ਼ਿਕਾਰ ਹੈ। ਮਾਂ-ਬਾਪ ਇਸ ਗੱਲ ਤੋਂ ਬੜੇ ਪ੍ਰੇਸ਼ਾਨ ਹਨ ਅਤੇ ਸਕੂਲ ਵਾਲਿਆਂ ਨੂੰ ਵੀ ਚਿੰਤਾ ਹੈ ਕਿ ਸੰਦੀਪ ਕਈ-ਕਈ ਦਿਨ ਸਕੂਲ ਤੋਂ ਗੈਰਹਾਜ਼ਰ ਰਹਿੰਦਾ ਹੈ। ਉਹ ਸਕੂਲ ਵਿਚ ਵੀ ਕਿਸੇ ਲੜਕੇ ਨਾਲ ਜ਼ਿਆਦਾ ਗੱਲ ਨਹੀਂ ਕਰਦਾ ਅਤੇ ਪੜ੍ਹਾਈ ਵਿਚ ਵੀ ਜ਼ਿਆਦਾ ਹੁਸ਼ਿਆਰ ਨਹੀਂ ਹੈ।

ਫਾਈਲ ਪੜ੍ਹਨ ਤੋਂ ਬਾਅਦ ਮੈਂ ਮਨ ਬਣਾਇਆ ਕਿ ਪਹਿਲਾਂ ਇਕੱਲਿਆਂ ਮਾਂ-ਬਾਪ ਨੂੰ ਮਿਲਿਆ ਜਾਵੇ ਅਤੇ ਫਿਰ ਇਕ ਹੋਰ ਮੁਲਾਕਾਤ ਇਕੱਲਿਆਂ ਸੰਦੀਪ ਨਾਲ ਕੀਤੀ ਜਾਵੇ ਤਾਂ ਕਿ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਜਾ ਸਕੇ। ਮੈਂ ਸੰਦੀਪ ਦੇ ਘਰ ਫੋਨ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਬਾਰੇ ਜਾਣਕਾਰੀ ਦੇ ਕੇ ਮਿਲਣ ਦਾ ਸਮਾਂ ਨਿਯੁਕਤ ਕਰ ਲਿਆ। ਮੈਂ ਉਨ੍ਹਾਂ ਨੂੰ ਇਹ ਵੀ ਦੱਸ ਦਿੱਤਾ ਸੀ ਕਿ ਮੈਂ ਪਹਿਲਾਂ ਉਨ੍ਹਾਂ ਦੋਵਾਂ ਨੂੰ ਇਕੱਲਿਆਂ ਮਿਲਣਾ ਚਾਹੁੰਦਾ ਹਾਂ। ਉਹ ਇਸ ਗੱਲ ਨਾਲ ਸਹਿਮਤ ਸਨ।

ਜਦ ਮੈਂ ਮਿਲਣ ਗਿਆ ਤਾਂ ਉਨ੍ਹਾਂ ਆਪਣਾ ਤਿੰਨ ਬੈੱਡਰੂਮ ਵਾਲਾ ਘਰ ਸਫਾਈ ਕਰਕੇ ਚਮਕਾਇਆ ਪਿਆ ਸੀ। ਮੈਂ ਜਾਣ-ਪਛਾਣ ਤੋਂ ਬਾਅਦ ਅਸਲੀ ਮੁੱਦੇ ਵੱਲ ਆਇਆ ਕਿ ਸੰਦੀਪ ਦੀ ਕੀ ਸਮੱਸਿਆ ਹੈ। ਸੰਦੀਪ ਦੀ ਮਾਂ ਕੁਝ ਜ਼ਿਆਦਾ ਹੀ ਭਾਵੁਕ ਹੋ ਗਈ ਸੀ। ਸ਼ਾਇਦ ਇਸ ਕਰਕੇ ਵੀ ਕਿ ਕੋਈ ਸਰਕਾਰੀ ਅਫਸਰ ਉਨ੍ਹਾਂ ਨਾਲ ਪੰਜਾਬੀ ਵਿਚ ਗੱਲ ਕਰ ਰਿਹਾ ਸੀ। ਸੰਦੀਪ ਦੀ ਮਾਂ ਨੇ ਦੱਸਿਆ ਕਿ "ਮੇਰੇ ਪੁੱਤ ਨੂੰ ਪਤਾ ਨਹੀਂ ਕੇਹਦੀ ਨਜ਼ਰ ਲੱਗ ਗਈ ਆ। ਉਹ ਚੁੱਪ-ਗੜੁੱਪ ਘੁੱਗੂਬਾਟਾ ਜਿਹਾ ਬਣਿਆ ਰਹਿੰਦੈ। ਜਦ ਅਸੀਂ ਉਹਦੇ ਨਾਲ ਗੱਲ ਕਰਦੇ ਆਂ ਤਾਂ ਖਿੱਝ ਕੇ ਪੈਂਦਾ। ਬਸ ਆਪਣੇ ਕਮਰੇ 'ਚ ਸਾਰਾ ਦਿਨ ਬੈਠਾ ਰਹਿੰਦਾ। ਮੇਰੇ ਜੁਆਨ ਪੁੱਤ ਨੂੰ ਪਤਾ ਨਹੀਂ ਕੀ ਹੋ ਗਿਆ?"

ਮੈਂ ਕਿਹਾ, "ਕੀ ਤੁਸੀਂ ਆਪਣੇ ਡਾਕਟਰ ਨਾਲ ਗੱਲ ਕੀਤੀ ਆ?" ਸੰਦੀਪ ਦੀ ਮਾਂ ਦੀ ਬਜਾਏ ਉਹਦੇ ਪਿਉ ਨੇ ਜੁਆਬ ਦਿੱਤਾ: "ਹਾਂ ਜੀ ਕੀਤੀ ਆ। ਆਪਣਾ

ਈ ਪੰਜਾਬੀ ਡਾਕਟਰ ਆ। ਕਹਿੰਦਾ ਸੰਦੀਪ ਨੂੰ ਵੱਡੇ ਡਾਕਟਰ ਕੋਲ ਦਿਖਾਉਣਾ ਪਊ। ਸਾਡਾ ਡਾਕਟਰ ਦੱਸਦਾ ਸੀ ਕਿ ਇਹ ਵੱਡਾ ਡਾਕਟਰ ਵੀ ਆਪਣਾ ਪੰਜਾਬੀ ਈ ਆ। ਸੰਦੀਪ ਵਰਗੇ ਕੇਸਾਂ 'ਚ ਮਾਹਿਰ ਆ। ਨਾਲੇ ਜੀ ਹੁਣ ਤੁਹਾਤੋਂ ਕਾਹਦਾ ਲਕੋ। ਸਾਡਾ ਡਾਕਟਰ ਕਹਿੰਦਾ ਸੀ ਕਿ ਜੇਕਰ ਤੁਸੀਂ ਪ੍ਰਾਈਵੇਟ ਇਲਾਜ ਕਰਾ ਲਓਂ ਤਾਂ ਜ਼ਿਆਦਾ ਚੰਗੈ। ਇਹ ਵੱਡਾ ਡਾਕਟਰ ਉਹਦਾ ਚੰਗਾ ਵਾਕਿਫ ਆ। ਅਸੀਂ ਤਾਂ ਜੀ ਹੁਣ ਉਦੋਂ ਦੇ ਸ਼ੰਸ਼ੋਪੰਜ 'ਚ ਫਸੇ ਪਏ ਆਂ। ਇਕ ਪਾਸੇ ਗੱਭਰੂ ਮੁੰਡਾ ਦੂਜੇ ਪਾਸੇ ਪ੍ਰਾਈਵੇਟ ਇਲਾਜ ਲਈ ਡਾਕਟਰ ਦੀ 60 ਪੌਂਡ ਘੰਟਾ ਫੀਸ। ਕਾਕਾ ਸਾਡੀ ਕਿਸੇ ਤਰ੍ਹਾਂ ਮੱਦਦ ਕਰ। ਸੰਦੀਪ ਤੇਰੇ ਛੋਟੇ ਭਰਾਵਾਂ ਵਰਗੈ।"

ਹੁਣ ਮਾਂ ਡੁਸਕਣ ਲੱਗ ਪਈ ਸੀ ਅਤੇ ਪਿਉ ਦਾ ਮਨ ਭਰ ਆਇਆ ਸੀ। ਮੈਂ ਇਸ ਗੱਲ ਤੋਂ ਹੈਰਾਨ ਸੀ ਕਿ ਇਹ ਦੇਸੀ ਡਾਕਟਰ ਇਨ੍ਹਾਂ ਭਲੇਮਾਣਸਾਂ ਨੂੰ ਕਿਉਂ ਗਲਤ ਸਲਾਹ ਦੇ ਰਿਹਾ ਸੀ। ਕੀ ਕਿਤੇ ਇਸ ਦੇਸੀ ਡਾਕਟਰ ਅਤੇ ਇਸ ਮਾਹਿਰ ਮਨੋਵਿਗਿਆਨਕ ਡਾਕਟਰ ਦਾ ਆਂਢਾ-ਸਾਂਢਾ ਤਾਂ ਨਹੀਂ? ਮੈਨੂੰ ਇਸ ਗੱਲ ਦਾ ਪਤਾ ਸੀ ਕਿ ਕਈ ਦੇਸੀ ਡਾਕਟਰ ਆਪਣੇ ਲੋਕਾਂ ਤੋਂ ਗਲਤ ਤਰੀਕਿਆਂ ਨਾਲ ਪੈਸੇ ਮਰੁੱਛਦੇ ਸਨ। ਆਮ ਲੋਕਾਂ ਨੂੰ ਕਾਨੂੰਨੀ ਜਾਣਕਾਰੀ ਨਾ ਹੋਣ ਕਰਕੇ, ਉਹ ਆਪਣੇ ਡਾਕਟਰਾਂ ਦਾ ਢਿੱਡ ਭਰੀ ਜਾ ਰਹੇ ਸਨ। ਕੁਝ ਦੇਸੀ ਡਾਕਟਰ ਆਪਣੇ-ਆਪ ਨੂੰ ਰੱਬ ਸਮਝਦੇ ਸਨ ਅਤੇ ਆਮ ਏਸ਼ੀਅਨ ਲੋਕਾਂ ਨੂੰ ਬੁੱਧੂਲਾਣਾਂ। ਇਨ੍ਹਾਂ ਦਾ ਵਰਤਾਵ ਵੀ ਸਾਡੇ ਲੋਕਾਂ ਨਾਲ ਬੜਾ ਰੁੱਖਾ ਅਤੇ ਰੋਹਬ ਵਾਲਾ ਸੀ। ਐਹੋ ਜਿਹੀਆਂ ਗੱਲਾਂ ਮੈਂ ਲੋਕਾਂ ਤੋਂ ਸੁਣੀਆਂ ਹੋਈਆਂ ਸਨ। ਮੈਂ ਆਪਣੇ ਤੇ ਜ਼ਾਬਤਾ ਰੱਖਦਿਆਂ ਕਿਹਾ ਕਿ, "ਤੁਸੀਂ ਅਜੇ ਸੰਦੀਪ ਨੂੰ ਇਸ ਮਾਹਿਰ ਡਾਕਟਰ ਕੋਲ ਨਹੀਂ ਦਿਖਾਉਣਾ। ਮੈਂ ਆਪੇ ਹੀ ਤੁਹਾਡੇ ਪਰਿਵਾਰਕ ਡਾਕਟਰ ਅਤੇ ਇਸ ਵੱਡੇ ਡਾਕਟਰ ਨਾਲ ਗੱਲ ਕਰਾਂਗਾ। ਮੈਨੂੰ ਤੁਸੀਂ ਆਪਣੇ ਡਾਕਟਰ ਦਾ ਐਡਰੇਸ ਅਤੇ ਫੋਨ ਨੰਬਰ ਦੇ ਦਿਉ। ਨਾਲੇ ਮੈਂ ਪਹਿਲਾਂ ਸੰਦੀਪ ਨੂੰ ਵੀ ਇਕੱਲਿਆਂ ਮਿਲਣਾ ਚਾਹੁੰਦਾ ਹਾਂ ਤਾਂ ਕਿ ਸਾਰੇ ਹਾਲਾਤ ਦਾ ਜ਼ਾਇਜ਼ਾ ਲਿਆ ਜਾ ਸਕੇ।"

ਸੰਦੀਪ ਦੀ ਮਾਂ ਬੋਲੀ, "ਕਾਕਾ, ਅਸੀਂ ਤਾਂ ਸੰਦੀਪ ਨੂੰ ਬਾਬੇ ਕੋਲੋਂ ਤਵੀਤ ਲੈਣ ਬਾਰੇ ਵੀ ਸੋਚ ਰਹੇ ਸੀ ਕਿ ਸ਼ਾਇਦ ਇਹਨੂੰ ਕੋਈ ਬਾਹਰਲੀ ਕਸਰ ਹੋ ਗਈ ਆ।" ਮੈਂ ਕਿਹਾ, "ਤੁਸੀਂ ਕਿਸੇ ਬੜੇ ਬਾਬੇ ਕੋਲ ਸੰਦੀਪ ਨੂੰ ਲੈ ਕੇ ਨਹੀਂ ਜਾਣੈ। ਇਹ ਸਾਧ ਬਾਬੇ ਤੁਹਾਡਾ ਝੁੱਗਾ ਚੌੜ ਕਰ ਦੇਣਗੇ। ਕਸਰ-ਕੁਸਰ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਇਹ ਵਿਹਲੜ ਸਾਧ ਸਮਾਜ 'ਤੇ ਜੋਕਾਂ ਆਂ ਜੋ ਤੁਹਾਡੇ ਵਰਗੇ ਭੋਲੇ-ਭਾਲੇ ਲੋਕਾਂ ਦਾ ਖ਼ੂਨ ਚੂਸਦੇ ਆ। ਇਨ੍ਹਾਂ ਕੋਲ ਕੋਈ ਇਲਮ, ਪੜ੍ਹਾਈ ਨਹੀਂ। ਸਮਾਜ ਵਿਚਲੀਆਂ ਬਹੁਤੀਆਂ ਬੁਰਾਈਆਂ ਇਨ੍ਹਾਂ ਦੀਆਂ ਈ ਪੈਦਾ ਕੀਤੀਆਂ। ਇਨ੍ਹਾਂ ਲੋਕਾਂ ਦੇ ਘਰਾਂ 'ਚ ਚੁਆਤੀਆਂ ਲਾਈਆਂ। ਲੋਕਾਂ ਨੂੰ ਬਰਬਾਦ ਕਰਕੇ ਰੱਖ ਦਿਤੈ। ਅਗਰ ਇਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਆ ਤਾਂ ਜਾ ਕੇ ਲੋਕਾਂ ਦੀ ਗਰੀਬੀ ਹਟਾਉਣ। ਇੰਡੀਆ ਦੀ ਨੰਗ-ਭੁੱਖ ਦਾ ਕੁਛ ਕਰਨ। ਤੁਸੀਂ ਇਨ੍ਹਾਂ ਦੇ ਚੁੰਗਲ 'ਚ ਬਿੱਲਕੁੱਲ ਨਹੀਂ ਫਸਣਾ। ਮੈਨੂੰ ਸੰਦੀਪ ਨੂੰ ਮਿਲ ਲੈਣ ਦਿਉ, ਫਿਰ ਆਪਾਂ ਦੇਖਾਂਗੇ ਕਿ ਕੀ ਕਰਨੈ।"

ਮੈਂ ਉਨ੍ਹਾਂ ਤੋਂ ਵਿਦਾ ਲਈ ਅਤੇ ਸੰਦੀਪ ਨੂੰ ਮਿਲਣ ਦਾ ਸਮਾਂ ਲੈ ਲਿਆ। ਨਿਸ਼ਚਿਤ ਦਿਨ ਅਤੇ ਸਮੇਂ ਤੇ ਮੈਂ ਜਾ ਸੰਦੀਪ ਨੂੰ ਮਿਲਿਆ। ਮੈਂ ਉਹਨੂੰ ਘਰੋਂ ਬਾਹਰ ਦਫ਼ਤਰ ਦੇ ਇਕ ਕਮਰੇ ਵਿਚ ਲੈ ਆਂਦਾ ਤਾਂਕਿ ਸਾਰੀ ਗੱਲਬਾਤ ਖੁੱਲ੍ਹ ਕੇ ਹੋ ਸਕੇ।

ਸੰਦੀਪ ਦੇਖਣ ਚਾਖਣ ਅਤੇ ਸਰੀਰ ਵੱਲੋਂ ਠੀਕ-ਠਾਕ ਲੱਗਦਾ ਸੀ। ਥੋੜ੍ਹੀ ਦੇਰ ਗੱਲਬਾਤ ਤੋਂ ਬਾਅਦ ਉਹ ਖੁੱਲ੍ਹ ਗਿਆ। ਸੰਦੀਪ ਕਹਿਣ ਲੱਗਾ, "ਮੇਰਾ ਕੋਈ ਦੋਸਤ ਨਹੀਂ ਆ। ਮੇਰੇ ਡੈਡੀ ਹਰ ਸਾਲ ਨੌਕਰੀ ਬਦਲਦੇ ਰਹਿੰਦੇ ਆ। ਨੌਕਰੀ ਦੇ ਨਾਲ ਘਰ ਵੀ ਬਦਲ ਲੈਂਦੇ ਆ। ਪਹਿਲਾਂ ਅਸੀਂ ਕਵੈਂਟਰੀ ਰਹਿੰਦੇ ਸੀ, ਫਿਰ ਵੁਲਵਰਹੈਂਪਟਨ ਚਲੇ ਗਏ। ਇਸ ਤੋਂ ਬਾਅਦ ਬਰਮਿੰਘਮ ਅਤੇ ਹੁਣ ਸੈਂਡਵਿਲ 'ਚ ਆ ਗਏ। ਜਦੋਂ ਕੁ ਤੱਕ ਮੇਰਾ ਕੋਈ ਸਕੂਲ ਵਿਚ ਜਾਂ ਸਕੂਲ ਤੋਂ ਬਾਹਰ ਦੋਸਤ ਬਣਦਾ ਮੇਰੇ ਮਾਂ-ਬਾਪ ਘਰ ਬਦਲ ਲੈਂਦੇ ਆ। ਇਨ੍ਹਾਂ ਮੇਰੇ ਤੋਂ ਕਦੇ ਨਹੀਂ ਪੁੱਛਿਆ ਕਿ ਘਰ ਬਦਲ ਲਈਏ ਜਾਂ ਨਾ, ਜਾਂ ਇਸ ਬਾਰੇ ਮੈਂ ਕਿਵੇਂ ਮਹਿਸੂਸ ਕਰਦੈਂ। ਮੇਰਾ ਕੋਈ ਹੋਰ ਭੈਣ-ਭਰਾ ਵੀ ਨਹੀਂ ਅਤੇ ਨਾ ਹੀ ਸਾਡਾ ਇਥੇ ਕੋਈ ਰਿਸ਼ਤੇਦਾਰ ਆ। ਅਸੀਂ ਕਿਸੇ ਦੇ ਜਾਂਦੇ-ਆਉਂਦੇ ਵੀ ਨਹੀਂ। ਮੈਂ ਘਰ 'ਚ ਬੈਠਾ ਕੀ ਕਰਾਂ? ਜੇ ਟੀ.ਵੀ. ਦੇਖਦਾਂ ਤਾਂ ਇਹ ਟੋਕਾ-ਟਾਕੀ ਕਰਦੇ ਆ ਕਿ ਆਹ ਕੀ ਦੇਖਦਾ ਫਿਰਦੈਂ। ਇਹ ਪ੍ਰੋਗਰਾਮ ਚੰਗਾ ਨਈਂ। ਮੈਂ ਕੱਲਮ-ਕੱਲਾ ਬਸ ਆਪਣੇ-ਆਪ 'ਚ ਈ ਕੁੜ੍ਹਦਾ ਰਹਿੰਦੈ।"

ਸੰਦੀਪ ਨੂੰ ਲੱਗ ਰਿਹਾ ਸੀ ਕਿ ਪਹਿਲੀ ਵਾਰ ਕਿਸੇ ਨੇ ਉਹਦੀ ਗੱਲ ਸੁਣੀ ਸੀ ਅਤੇ ਉਹ ਮੈਨੂੰ ਹੁਣ ਸਭ ਕੁਝ ਦੱਸ ਦੇਣਾ ਚਾਹੁੰਦਾ ਸੀ। ਸੰਦੀਪ ਨੇ ਗੱਲ ਚਾਲੂ ਰੱਖਦਿਆਂ ਕਿਹਾ, "ਸਕੂਲੇ ਵੀ ਮੈਂ ਇਸੇ ਕਰਕੇ ਨਹੀਂ ਜਾਂਦੈ। ਕਲਾਸ 'ਚ ਮੇਰਾ ਕੋਈ ਦੋਸਤ ਨਈਂ। ਮੈਂ ਕਿਸੇ ਕੋਲੋਂ ਹੋਮਵਰਕ ਬਾਰੇ ਸਲਾਹ ਨਹੀਂ ਲੈ ਸਕਦਾ। ਮੇਰੇ ਪੈਰੇਂਟਸ ਨੂੰ ਪੜ੍ਹਾਈ ਬਾਰੇ ਕੁੱਝ ਨਹੀਂ ਪਤਾ। ਇਹ ਘਰ ਬੈਠੇ ਪਾਠ ਕਰੀ ਜਾਂਦੇ ਐ ਜਾਂ ਗੁਰਦੁਆਰੇ ਤੁਰੇ ਰਹਿੰਦੇ ਆ। ਇਸੇ ਕਰਕੇ ਮੈਂ ਇਕੱਲਾ ਆਪਣੇ ਕਮਰੇ 'ਚ ਬੈਠਾ ਰਹਿੰਦਾਂ ਹਾਂ ਮੈਂ ਕੀ ਕਰਾਂ? ਮੈਨੂੰ ਇਨ੍ਹਾਂ ਤੇ ਬਹੁਤ ਗੁੱਸਾ ਆ ਕਿ ਇਹ ਮੇਰੀ ਗੱਲ ਕਿਉਂ ਨਹੀਂ ਸੁਣਦੇ? ਹੁਣ ਮੈਨੂੰ ਕਹਿੰਦੇ ਸੀ ਕਿ ਆਪਾਂ ਇੰਡੀਆ ਜਾ ਆਉਂਦੇ ਆਂ। ਮੈਂ ਦੱਸ ਉਥੇ ਜਾ ਕੇ ਕੀ ਕਰੂੰਗਾ? ਦੋ ਕੁ ਸਾਲ ਹੋਏ ਅਸੀਂ ਗਰਮੀਆਂ 'ਚ ਗਏ ਸੀ ਜਦੋਂ ਜੁਲਾਈ ਅਗਸਤ 'ਚ ਛੁੱਟੀਆਂ ਹੁੰਦੀਆਂ। ਉਥੇ ਤਾਂ ਨਿਰਾ ਨਰਕ ਆ। ਪਿੰਡ 'ਚ ਜਾ ਕੇ ਬਹਿ ਗਏ। ਗਰਮੀ ਨੇ ਮੇਰਾ ਬੁਰਾ ਹਾਲ ਕੀਤੈ। ਮੱਛਰ ਨੇ ਮੈਨੂੰ ਥਾਂ-ਥਾਂ ਤੋਂ ਖਾਅ ਲਿਆ। ਸਾਰਾ ਸਰੀਰ ਧੱਫੜਾਂ ਨਾਲ ਭਰ ਗਿਆ। ਪਹਿਲਾਂ ਕਈ ਦਿਨ ਟੱਟੀਆਂ ਲੱਗੀਆਂ ਰਹੀਆਂ ਫਿਰ ਮਲੇਰੀਆ ਹੋ ਗਿਆ। ਮੈਂ ਤਾਂ ਮਰਨੋਂ ਮਸੀਂ ਬਚਿਆ। ਉਥੇ ਨਾ ਸਾਫ਼ ਪਾਣੀ ਪੀਣ ਨੂੰ ਮਿਲੇ ਅਤੇ ਨਾ ਈ ਬਿਜਲੀ ਆਵੇ। ਗੰਦਗੀ ਇਨ੍ਹੀਂ ਕਿ ਮੈਂ ਹੈਰਾਨ ਹੋ ਗਿਆ ਕਿ ਦੁਨੀਆਂ ਦਾ ਕੋਈ ਹੋਰ ਮੁਲਕ ਵੀ ਇੰਨਾ ਗੰਦਾ ਹੋਊ। ਥਾਂ-ਥਾਂ ਕੂੜੇ ਦੇ ਢੇਰ। ਬਾਹਰ ਜਾਉ ਤਾਂ ਟਰੈਫਿਕ ਦਾ ਬੁਰਾ ਹਾਲ। ਨਾ ਕਿਸੇ ਨੂੰ ਗੱਡੀ ਚਲਾਉਣੀ ਆਉਂਦੀ ਆ। ਜਿੱਧਰ ਦਿਲ ਕਰਦੈ, ਕਾਰ, ਸਕੂਟਰ ਮੋੜ ਲੈਂਦੇ ਆ। ਮੇਰੇ ਤਾਂ ਕਾਰਾਂ, ਸਕੂਟਰਾਂ, ਟਰੱਕਾਂ ਦੇ ਹੌਰਨਾਂ ਨੇ ਕੰਨ ਬੋਲੇ ਕਰਤੇ।

ਕੀ ਉਥੇ ਕਿਸੇ ਨੇ ਡਰਾਈਵਿੰਗ ਪਾਸ ਵੀ ਕੀਤੀ ਹੁੰਦੀ ਆ? ਮੈਂ ਕਿਹਾ, 'ਸੰਦੀਪ, ਉਸ ਮੁਲਕ ਦਾ ਤਾਂ ਬਸ....ਆਵਾ ਈ ਊਤਿਆ ਪਿਐ। ਉਥੇ ਕੋਈ ਡਰਾਈਵਿੰਗ ਨਹੀਂ ਸਿੱਖਦੈ ਅਤੇ ਨਾ ਈ ਇਥੇ ਵਾਂਗ ਡਰਾਈਵਿੰਗ ਟੈਸਟ ਹੁੰਦੈ। ਲਾਇਸੈਂਸ ਘਰ ਬੈਠੇ ਈ ਪੈਸੇ ਦੇ ਕੇ ਮਿਲ ਜਾਂਦੈ। ਥਾਂ-ਥਾਂ ਚੋਰ ਬਜ਼ਾਰੀ ਆ। ਜਿੰਨ੍ਹੀ ਹੇਰਾਫੇਰੀ ਉਸ ਮੁਲਕ 'ਚ ਆ ਸ਼ਾਇਦ ਈ ਕਿਤੇ ਹੋਵੇ। ਜਦੋਂ ਕਿ ਥਾਂ ਥਾਂ ਗੁਰਦੁਆਰੇ, ਮੰਦਰ, ਮਸੀਤਾਂ ਅਤੇ ਸਾਧ ਬਾਬਿਆਂ ਦੇ ਡੇਰੇ ਆ। ਲੋਕ ਆਪਣੇ-ਆਪ ਨੂੰ ਧਾਰਮਿਕ

ਕਹਾਉਂਦੇ ਆ ਪਰ ਧਾਰਮਿਕ ਅਸੂਲਾਂ ਤੋਂ ਕੋਹਾਂ ਦੂਰ ਆ। ਪਾਖੰਡ, ਡਬਲ ਸਟੈਂਡਰਡ ਅਤੇ ਦਿਖਾਵੇ ਵਿਚ ਆਪਣੇ ਲੋਕਾਂ ਦਾ ਦੁਨੀਆਂ ਵਿਚ ਕੋਈ ਮੁਕਾਬਲਾ ਨਹੀਂ ਕਰ ਸਕਦੈ। ਲਾਇਸੈਂਸ ਤਾਂ ਉਥੇ "ਲੋਕਾਂ ਨੂੰ ਮਾਰਨ" ਦਾ ਮਿਲਦੈ। ਜਨਤਾ ਇਨ੍ਹੀ ਮੂਰਖ ਆ ਕਿ ਜੇਕਰ ਕਿਸੇ ਔਂਤਰੇ ਮੋੜ ਤੇ ਜ਼ਿਆਦਾ ਐਕਸੀਡੈਂਟ ਹੁੰਦੇ ਆ ਉਥੇ ਪਾਠ ਪੂਜਾ ਸ਼ੁਰੂ ਕਰ ਦਿੰਦੇ ਨੇ ਨਾ ਕਿ ਉਸ ਮੋੜ ਵਾਲੀ ਥਾਂ ਨੂੰ ਸੁਰੱਖਿਅਤ ਕਰਨ ਅਤੇ ਐਕਸੀਡੈਂਟ ਦੇ ਕਾਰਨਾਂ ਨੂੰ ਲੱਭਣ। ਸ਼ਰਾਬ, ਅਫ਼ੀਮ, ਜ਼ਰਦਾ ਅਤੇ ਹੋਰ ਨਸ਼ੇ ਖਾ ਕੇ ਲੋਕੀਂ ਬਿਨਾਂ ਲਾਇਸੈਂਸ, ਇਨਸ਼ੋਰੈਂਸ ਅਤੇ "ਬੰਦੇਮਾਰ ਲਾਇਸੈਂਸ" ਨਾਲ ਕਾਰਾਂ, ਸਕੂਟਰ, ਬੱਸਾਂ ਅਤੇ ਟਰੱਕਾਂ ਨੂੰ ਦੱਬੀ ਫਿਰਦੇ ਆ।"

ਸੰਦੀਪ ਕਹਿਣ ਲੱਗਾ, 'ਇਕ ਹੋਰ ਡਰਾਮਾ ਵੀ ਤੁਸੀਂ ਦੇਖਿਆ ਹੋਣੈ। ਪਿੰਡ ਰਹਿੰਦਿਆਂ ਤੜਕੇ ਚਾਰ ਕੁ ਵਜੇ ਜਦੋਂ ਮਾੜੀ-ਮੋਟੀ ਨੀਂਦ ਆਉਣੀ ਸ਼ੁਰੂ ਹੁੰਦੀ ਐ ਤਾਂ ਗੁਰਦੁਆਰਿਆਂ ਤੇ ਮੰਦਿਰਾਂ ਤੋਂ ਸਪੀਕਰ ਬੋਲਣ ਲੱਗ ਪੈਂਦੇ ਆ। ਭਲਾਂ ਇਨ੍ਹਾਂ ਨੂੰ ਕੋਈ ਪੁੱਛੇ ਕਿ ਸਪੀਕਰਾਂ ਦੀ ਕੀ ਲੋੜ ਆ? ਜਿਹਨੇ ਗੁਰਦੁਆਰੇ ਜਾਣੈ, ਉਹ ਆਪੇ ਚਲਾ ਜਾਵੇ, ਬਾਕੀ ਲੋਕਾਂ ਨੂੰ ਕਿਉਂ ਤੰਗ ਕਰਦੇ ਆ? ਇਸੇ ਕਰਕੇ ਮੈਂ ਤਾਂ ਲਾਏ ਕੰਨਾਂ ਨੂੰ ਹੱਥ ਕਿ ਮੈਂ ਮੁੜ ਕਦੇ ਉਥੇ ਨਹੀਂ ਜਾਣੈ।"

ਮੈਂ ਹੁਣ ਸੰਦੀਪ ਨਾਲ ਗੱਲ ਕਰਕੇ ਭਾਂਪ ਲਿਆ ਕਿ ਮੁੰਡੇ ਨੂੰ ਕੋਈ ਬਿਮਾਰੀ ਨਹੀਂ। ਇਹ ਸਾਰਾ ਸਿਆਪਾ ਇਹਦੇ ਭਾਪੇ ਨੇ ਈ ਪਾਇਐ ਜੋ ਤੀਜੇ ਦਿਨ ਘਰ ਬਦਲਦਾ ਫਿਰਦੈ ਅਤੇ ਇਸ ਮਾਸੂਮ ਮੁੰਡੇ ਦਾ ਸਕੂਲ ਵੀ। ਮੈਨੂੰ ਦੇਸੀ ਡਾਕਟਰ ਦੀ ਨੀਅਤ ਵੀ ਮਾੜੀ ਲੱਗ ਰਹੀ ਸੀ। ਮੈਂ ਸੰਦੀਪ ਤੋਂ ਛੁੱਟੀ ਲਈ ਅਤੇ ਫਿਰ ਅਗਲੇ ਹਫ਼ਤੇ ਮਿਲਣ ਦਾ ਵਾਅਦਾ ਲਿਆ ਅਤੇ ਦਫਤਰ ਆ ਗਿਆ।

ਦਫਤਰ ਆ ਕੇ ਮੈਂ ਫੈਮਿਲੀ ਡਾਕਟਰ ਨਾਲ ਸੰਪਰਕ ਕੀਤੈ। ਦੇਸੀ ਡਾਕਟਰ ਨੂੰ ਮੈਂ ਪੁੱਛਿਆ ਕਿ, "ਤੁਸੀਂ ਸੰਦੀਪ ਨੂੰ ਪ੍ਰਾਈਵੇਟ ਕਿਉਂ ਦਿਖਾਉਣਾ ਚਾਹੁੰਦੇ ਹੋ?" ਡਾਕਟਰ ਬੋਲਿਆ, "ਮੈਂ ਡਾਕਟਰ ਆਂ, ਮੈਨੂੰ ਪਤੈ ਕਿਸ ਮਰੀਜ਼ ਨੂੰ ਕੀ ਕਰਨੈ?" ਮੈਂ ਕਿਹਾ, "ਡਾਕਟਰ ਸਾਹਿਬ, ਇਹ ਗੱਲ ਤਾਂ ਤੁਹਾਡੀ ਠੀਕ ਆ ਪਰ ਜਦ ਬਿਨਾਂ ਪ੍ਰਾਈਵੇਟ ਦੇ ਗੱਲ ਬਣ ਸਕਦੀ ਆ ਤਾਂ ਇਨ੍ਹਾਂ ਗਰੀਬਾਂ ਤੋਂ ਕਿਉਂ ਪੈਸੇ ਝਾੜੇ ਜਾ ਰਹੇ ਆ? ਬਾਈ ਦੇ ਵੇਅ, ਮੈਂ ਤੁਹਾਨੂੰ ਧਮਕੀ ਨਈਂ ਸਗੋਂ ਜਾਣਕਾਰੀ ਦੇਣੀ ਚਾਹੁਨੈਂ ਕਿ ਮੈਂ ਪੰਜਾਬੀ ਅਤੇ ਅੰਗਰੇਜ਼ੀ ਵਿਚ ਲਿਖਦੈਂ ਅਤੇ ਮੈਂ ਇਸ ਮਾਮਲੇ ਦੀ ਤਹਿ 'ਚ ਜਾਣਾ ਚਾਹੁਨੈਂ ਕਿ ਅਸਲੀ ਕਹਾਣੀ ਕੀ ਆ? ਮੈਂ ਤੁਹਾਡੇ ਦੱਸੇ ਮਨੋਵਿਗਿਆਨਕ ਵੱਡੇ ਡਾਕਟਰ ਨੂੰ ਵੀ ਜਾਣਦੈਂ ਅਤੇ ਮੈਂ ਉਹਨੂੰ ਵੀ ਉਹਦੇ ਪ੍ਰਾਈਵੇਟ ਕੰਮ ਬਾਰੇ ਹੁਣ ਪੁੱਛਣੈਂ।"

ਦੇਸੀ ਡਾਕਟਰ ਨੇ ਫੋਨ ਰੱਖ ਦਿੱਤਾ। ਮੈਂ ਮਨੋਵਿਗਿਆਨਕ ਡਾਕਟਰ ਦਾ ਫੋਨ ਘੁੰਮਾਇਆ ਪਰ ਉਹ ਨਾ ਮਿਲਿਆ। ਮੈਂ ਸੰਦੇਸ਼ ਛੱਡ ਦਿੱਤਾ ਕਿ ਜਦ ਉਹਦੀ ਵਿਹਲ ਹੋਵੇ ਮੈਨੂੰ ਫੋਨ ਕਰੇ। ਪਰ ਕਈ ਸੰਦੇਸ਼ ਛੱਡਣ ਦੇ ਬਾਵਜੂਦ ਇਸ ਵੱਡੇ ਡਾਕਟਰ ਦਾ ਮੈਨੂੰ ਫੋਨ ਨਾ ਆਇਆ। ਸ਼ਾਇਦ ਉਹਨੂੰ ਪਤਾ ਲੱਗ ਗਿਆ ਸੀ ਕਿ ਉਹਦੇ ਭਾਂਡੇ ਹਿੱਲ ਗਏ ਆ ਅਤੇ ਫੋਨ ਨਾ ਕਰਨ 'ਚ ਈ ਬਿਹਤਰੀ ਆ।

ਮੈਂ ਸੰਦੀਪ ਦੇ ਮਾਂ-ਬਾਪ ਨੂੰ ਇਕੱਲਿਆਂ ਫਿਰ ਮਿਲਿਆ ਅਤੇ ਉਨ੍ਹਾਂ ਨੂੰ ਦੱਸਿਆ ਕਿ, "ਸੰਦੀਪ ਨੂੰ ਕੋਈ ਮਾਨਸਿਕ ਬੀਮਾਰੀ ਨਈਂ। ਇਹ ਸਾਰਾ ਕੁਝ ਉਨ੍ਹਾਂ

ਦੀ ਮਿਹਰਬਾਨੀ ਕਰਕੇ ਹੋਇਐ। ਮੁੰਡਾ ਇਕੱਲਾ ਮਹਿਸੂਸ ਕਰਦੈ। ਘਰ 'ਚ ਉਹਨੂੰ ਟੀ.ਵੀ. ਦੇਖਣ ਦਿਆ ਕਰੋ। ਰੇਡੀਓ, ਟੇਪ ਰਿਕਾਰਡ ਸੁਣਨ ਦਿਉ। ਸਵਿਮਿੰਗ ਲੈ ਕੇ ਜਾਇਆ ਕਰੋ ਅਤੇ ਉਹ ਕਹਿ ਰਿਹਾ ਸੀ ਕਿ ਮੈਨੂੰ ਫੁੱਟਬਾਲ ਦਾ ਸ਼ੌਂਕ ਆ, ਉਹਨੂੰ ਫੁੱਟਬਾਲ ਖੇਡਣ ਦਿਉ। ਮੈਂ ਉਹਨੂੰ ਤਿੰਨ-ਚਾਰ ਵਾਰ ਹੋਰ ਮਿਲੂੰਗਾ ਅਤੇ ਤੁਹਾਨੂੰ ਵੀ ਸਭ ਕੁੱਝ ਦੱਸਦਾ ਰਹੂੰਗਾ। ਜਿਥੋਂ ਤੱਕ ਡਾਕਟਰ ਨੂੰ ਦਿਖਾਉਣ ਵਾਲੀ ਗੱਲ ਆ। ਇਸ ਬਾਰੇ ਬਿਲਕੁੱਲ ਭੁੱਲ ਜਾਉ। ਤੁਹਾਡਾ ਫੈਮਿਲੀ ਡਾਕਟਰ ਅਤੇ ਇਹ ਵੱਡਾ ਮਨੋਵਿਗਿਆਨਕ ਡਾਕਟਰ ਆਪਸ 'ਚ ਮਿਲੇ ਹੋਏ ਆ ਅਤੇ ਤੁਹਾਨੂੰ ਲੁੱਟਣਾ ਚਾਹੁੰਦੇ ਆ। ਤੁਸੀਂ ਇਸ ਫੈਮਿਲੀ ਡਾਕਟਰ ਨੂੰ ਬਦਲ ਲਉ। ਆਹ ਲਉ ਇਕ ਹੋਰ ਡਾਕਟਰ ਦਾ ਐਡਰੈਸ, ਇਹ ਕਹਿੰਦੇ ਚੰਗਾ ਆ। ਇਹ ਲੋਕਾਂ ਤੋਂ ਸਿੱਕਨਿਸ ਫਾਰਮਾਂ ਜਾਂ ਪਾਸਪੋਰਟ ਦੇ ਫਾਰਮਾਂ ਤੇ ਦਸਤਖਤ ਕਰਨ ਦੇ ਵੀ ਪੈਸੇ ਨਈਂ ਲੈਂਦਾ ਜਦੋਂ ਕਿ ਕਈ ਡਾਕਟਰ 10-10, 20-20 ਪੌਂਡ ਲੈ ਲੈਂਦੇ ਆ। ਸਕੂਲ ਵਾਲਿਆਂ ਨਾਲ ਵੀ ਮੈਂ ਗੱਲ ਕਰਾਂਗਾ ਕਿ ਉਹ ਸੰਦੀਪ ਦਾ ਖਿਆਲ ਰੱਖਣ। ਮੈਂ ਹੈੱਡਟੀਚਰ ਨੂੰ ਮਿਲ ਕੇ ਗੱਲ ਕਰਾਂਗਾ। ਨਾਲੇ ਇਕ ਹੋਰ ਗੱਲ, ਕਿਸੇ ਸਾਧ ਬਾਬੇ ਕੋਲ ਬਿਲਕੁਲ ਨਹੀਂ ਜਾਣੈ। ਇਹ ਤੁਹਾਨੂੰ ਲੁੱਟ ਕੇ ਖਾ ਜਾਣਗੇ। ਇਹ ਅਣਪੜ੍ਹ ਥੋਥੇ ਪਹਿਲਾਂ ਆਪਣਾ ਅਤੇ ਆਪਣੇ ਘਰਦਿਆਂ ਦਾ ਤਾਂ ਅੱਗਾ ਸੁਆਰ ਲੈਣ। ਜੇ ਇਨ੍ਹਾਂ ਕੋਲ ਕੋਈ ਤਾਕਤ ਹੋਵੇ ਤਾਂ ਬੀਮਾਰ ਹੋਣ ਤੇ ਡਾਕਟਰ ਕੋਲ ਕਿਉਂ ਜਾਂਦੇ ਆ? ਇਨ੍ਹਾਂ ਖ਼ੂਨ ਚੂਸ ਜੋਕਾਂ ਤੋਂ ਬਚੋ। ਤੁਸੀਂ ਇਕ-ਦੋ ਚੰਗੀਆਂ ਫੈਮਲੀਆਂ ਨੂੰ ਮਿਲਿਆ-ਗਿਲਿਆ ਕਰੋ ਜਿਨ੍ਹਾਂ ਦੇ ਸੰਦੀਪ ਦੇ ਹਾਣ ਦੇ ਨਿਆਣੇ ਹੋਣ। ਨਿਆਣੇ ਇਕ-ਦੂਜੇ ਨਾਲ ਆਪਣਾ ਦੁੱਖ-ਸੁੱਖ ਆਪਣੇ ਵਾਂਗ ਈ ਸਾਂਝਾ ਕਰਦੇ ਆ। ਨਾਲੇ ਕੱਲ੍ਹ ਨੂੰ ਆਪਾਂ ਸੰਦੀਪ ਨੂੰ ਵਿਆਉਣਾ ਵੀ ਤਾਂ ਆ।"

ਮੇਰੀਆਂ ਗੱਲਾਂ ਸੁਣ ਸੰਦੀਪ ਦੀ ਮਾਂ ਭਾਵੁਕ ਹੋ ਖੁਸ਼ੀ ਦੀ ਮਾਰੀ ਰੋਣ ਲੱਗ ਪਈ, "ਪੁੱਤਾ ਤੂੰ ਜੀਉਂਦਾ-ਬਸਦਾ ਰਹਿ। ਤੂੰ ਸਾਨੂੰ ਬਚਾ ਲਿਆ। ਤੂੰ ਸਾਡੀ ਕੁਲ ਤਾਰ ਤੀ। ਸੰਦੀਪ ਵੀ ਪੁੱਤਾ ਤੇਰਾ ਨਿੱਕਾ ਵੀਰ ਆ। ਇਹਨੂੰ ਬਸ ਕਿਸੇ ਤਰ੍ਹਾਂ ਠੀਕ ਕਰਦੇ। ਜੋ ਤੂੰ ਕਹਿੰਦੈ ਅਸੀਂ ਇੱਦਾਂ ਈ ਕਰਾਂਗੇ।"

ਸੰਦੀਪ ਦੇ ਬਾਪ ਨੇ ਵੀ ਮੈਨੂੰ ਜੱਫੀ 'ਚ ਲੈ ਲਿਆ। "ਕਾਕਾ ਤੇਰਾ ਲੇਖਾ ਅਸੀਂ ਕਿਥੇ ਦੇਵਾਂਗੇ?" ਮੈਂ ਕਿਹਾ, "ਤੁਸੀਂ ਫਿਕਰ ਨਾ ਕਰੋ, ਬਸ ਸਭ ਠੀਕ ਹੋ ਜਾਣੈਂ। ਤੁਸੀਂ ਅੱਜ ਈ ਜਾ ਕੇ ਪਹਿਲਾਂ ਇਸ ਦੇਸੀ ਡਾਕਟਰ ਦਾ ਫਸਤਾ ਵੱਢੋ।"

ਮੈਂ ਵਿਦਾ ਲੈ ਕੇ ਵਾਪਿਸ ਦਫ਼ਤਰ ਆ ਗਿਆ। ਇਸ ਤੋਂ ਬਾਅਦ ਮੈਂ ਸਕੂਲ ਨਾਲ ਸੰਪਰਕ ਕਰਕੇ ਦੋ ਤਿੰਨ ਵਾਰ ਕਲਾਸ ਟੀਚਰ ਅਤੇ ਹੈੱਡਮਾਸਟਰ ਨੂੰ ਮਿਲਿਆ ਕਿ ਸੰਦੀਪ ਨੂੰ ਸਕੂਲ ਵਿਚ ਬੁਲਇੰਗ (BULLYING) ਹੁੰਦੀ ਆ। ਉਹ ਇਸ ਗੱਲ ਦਾ ਖਿਆਲ ਰੱਖਣ। ਨਾਲੇ ਸੰਦੀਪ ਨੂੰ ਫੁੱਟਬਾਲ ਟੀਮ ਦਾ ਮੈਂਬਰ ਬਣਾ ਲੈਣ। ਉਨ੍ਹਾਂ ਮੇਰੀਆਂ ਗੱਲਾਂ ਮੰਨ ਲਈਆਂ।

ਮੈਂ ਸੰਦੀਪ ਨੂੰ ਬਾਅਦ 'ਚ ਕਈ ਵਾਰ ਮਿਲਿਆ। ਉਹਨੂੰ ਕਦੇ ਕਿਸੇ ਕੌਫੀ ਹਾਊਸ 'ਚ ਲੈ ਜਾਣੈ ਅਤੇ ਕਦੇ ਕਿਸੇ ਰੈਸਟੋਰੈਂਟ ਵਿਚ ਤਾਂ ਕਿ ਉਹਦੇ ਨਾਲ ਹੋਰ ਨੇੜਤਾ ਹੋ ਸਕੇ ਅਤੇ ਉਹਦੇ ਵਿਚ ਆਤਮਵਿਸ਼ਵਾਸ ਵਧ ਸਕੇ।

ਮੇਰੀਆਂ ਮੁਲਾਕਾਤਾਂ, ਸਕੂਲ ਅਤੇ ਸੰਦੀਪ ਦੇ ਮਾਂ-ਪਿਉ ਦੇ ਸਹਿਯੋਗ ਨੇ ਦੋ ਕੁ ਮਹੀਨਿਆਂ ਵਿਚ ਈ ਸੰਦੀਪ ਨੂੰ ਠੀਕ ਕਰ ਦਿੱਤਾ। ਜਦ ਮੈਂ ਸੰਦੀਪ ਦਾ ਕੇਸ

ਬੰਦ ਕੀਤਾ, ਉਸ ਵੇਲੇ ਉਹਦੇ ਕਲਾਸ ਵਿਚ ਦੋਸਤ ਬਣ ਗਏ ਸਨ ਅਤੇ ਉਹਦਾ ਪੜ੍ਹਾਈ ਤੋਂ ਬਿਨ੍ਹਾਂ ਫੁੱਟਬਾਲ ਵਿਚ ਵੀ ਹੁਣ ਪਹਿਲਾ ਨੰਬਰ ਸੀ। ਉਹ ਘਰ ਆ ਕੇ ਵੀਕ ਵਿਚ ਦੋ ਵਾਰ ਸਵਿਮਿੰਗ ਜਾਣ ਲੱਗ ਪਿਆ ਸੀ ਅਤੇ ਸਕੂਲ ਦਾ ਹੋਮਵਰਕ ਪੂਰਾ ਕਰਕੇ ਸਕੂਲ ਜਾਂਦਾ ਸੀ। ਮਾਪਿਆਂ ਇਕ ਦੋ ਪਰਿਵਾਰਾਂ ਨਾਲ ਨੇੜਤਾ ਵਧਾ ਲਈ ਸੀ ਅਤੇ ਉਨ੍ਹਾਂ ਇਕ-ਦੂਜੇ ਦੇ ਘਰ ਆਉਣਾ-ਜਾਣਾ ਸ਼ੁਰੂ ਕਰ ਦਿੱਤਾ ਸੀ। ਸੰਦੀਪ ਹੁਣ ਘਰ 'ਚ ਟੀ.ਵੀ. ਦੇਖਦਾ ਅਤੇ ਰੇਡੀਓ, ਟੇਪ ਰੀਕਾਰਡ ਵੀ ਸੁਣਦਾ ਸੀ। ਸਭ ਤੋਂ ਵਧੀਆ ਗੱਲ ਇਹ ਹੋਈ ਕਿ ਉਨ੍ਹਾਂ ਫੈਮਿਲੀ ਡਾਕਟਰ ਬਦਲ ਲਿਆ ਸੀ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ, "ਸ਼ਿਕਾਇਤ ਮੈਂ ਲਿਖ ਦਿੰਦਾਂ ਬਸ ਉਹ ਦਸਤਖਤ ਕਰ ਦੇਣ ਫਿਰ ਦੇਖਣ ਕਿ ਕਿਵੇਂ ਮੈਂ ਇਸ ਡਾਕਟਰ ਅਤੇ ਭਾਈਵਾਲ ਮਨੋਵਿਗਿਆਨਕ ਵੱਡੇ ਦੇਸੀ ਡਾਕਟਰ ਨੂੰ ਕਚਿਹਰੀ 'ਚ ਘੜੀਸਦਾਂ।" ਪਰ ਉਹ ਕਹਿਣ ਲੱਗੇ, "ਕਾਕਾ ਜਾਣਦੇ, ਰੱਬ ਆਪੇ ਸਜ਼ਾ ਦਊ।" ਮੇਰੀ ਆਖ਼ਰੀ ਮੁਲਾਕਾਤ ਵੇਲੇ ਸੰਦੀਪ ਦੀ ਮਾਂ ਦਾ ਗੱਚ ਭਰ ਆਇਆ, "ਪੁੱਤਾ ਤੂੰ ਸਾਡੀ ਕੁਲ ਤਾਰ ਤੀ। ਵਾਹਗੁਰੂ ਤੇਰਾ ਭਲਾ ਕਰੇ।"

# ਜਾਅਲੀ ਜਾਲ

ਪਹਿਲੀ ਜਨਵਰੀ 1975 ਨੂੰ ਜੰਮੇ ਪ੍ਰਗਟ ਸਿੰਘ ਨੇ ਹੁਣ ਦਸਵੀਂ ਕਰਨ ਤੋਂ ਬਾਦ ਗਿਆਨੀ ਵਿਚ ਦਾਖਲਾ ਲੈ ਲਿਆ ਸੀ। ਪੰਜਾਬ ਦੇ ਬਾਕੀ ਗੱਭਰੂਆਂ ਵਾਂਗ ਪ੍ਰਗਟ ਵੀ ਬਾਹਰਲੇ ਮੁਲਕਾਂ ਨੂੰ ਉਡਾਰੀਆਂ ਮਾਰਨਾ ਚਾਹੁੰਦਾ ਸੀ ਤੇ ਇਸੇ ਲਾਲਸਾ ਨੇ ਉਹਨੂੰ ਗਿਆਨੀ ਦੀ ਪੜ੍ਹਾਈ ਪੂਰੀ ਨਾ ਕਰਨ ਦਿੱਤੀ ਤੇ ਉਹਨੇ ਇਕ ਏਜੰਟ ਰਾਹੀਂ 1933 'ਚ ਜਰਮਨੀ ਜਾਣ ਦਾ ਗੰਢ ਤੁੱਪ ਕਰ ਲਿਆ। ਮਾਰਚ 1993 'ਚ ਪ੍ਰਗਟ ਉਜ਼ਬੇਕਿਸਤਾਨ, ਰੂਸ, ਯੂਕਰੇਨ ਅਤੇ ਪੋਲੈਂਡ ਰਾਹੀਂ ਹੁੰਦਾ ਹੋਇਆ ਅਪ੍ਰੈਲ 1994 'ਚ ਜਰਮਨੀ ਜਾ ਪਹੁੰਚਾ। ਜਰਮਨੀ 'ਚ ਰਾਜਨੀਤਿਕ ਪਨਾਹ ਲੈਣ ਲਈ ਅਰਜ਼ੀ ਦਾਇਰ ਕਰਵਾ ਦਿੱਤੀ ਅਤੇ ਪੰਜ ਸਾਲ ਜਰਮਨੀ 'ਚ ਪੱਕੇ ਹੋਣ ਲਈ ਟੱਕਰਾਂ ਮਾਰਦਾ ਰਿਹਾ। ਯੋਰਪੀਨ ਮੁਲਕਾਂ ਦੀਆਂ ਸਰਕਾਰਾਂ ਦਿਨ-ਬ-ਦਿਨ ਹੁਣ ਸ਼ਿਕੰਜੇ ਕਸ ਰਹੀਆਂ ਹਨ ਅਤੇ ਇਸੇ ਕਰਕੇ ਅਸਾਈਲਮ ਦੇ ਕੇਸ ਵੀ ਸਿਰੇ ਨਹੀਂ ਚੜ੍ਹ ਰਹੇ। ਇਹ ਹੀ ਕਾਰਨ ਸੀ ਕਿ ਪ੍ਰਗਟ 1998 'ਚ ਬੈਲਜੀਅਮ ਜਾ ਪਹੁੰਚਾ ਅਤੇ ਉਥੇ ਵੀ ਅਸਾਈਲਮ ਲਈ ਅਰਜ਼ੀ ਦੇ ਦਿੱਤੀ। ਜਦ ਇੰਟਰਵਿਊ ਹੋਈ ਤਾਂ ਸੱਚੇ ਸੁੱਚੇ ਪ੍ਰਗਟ ਨੇ ਸੱਚ ਸੱਚ ਦੱਸ ਦਿੱਤਾ ਕਿ ਉਹਨੇ ਜਰਮਨੀ 'ਚ ਵੀ ਅਸਾਈਲਮ ਲਈ ਅਰਜ਼ੀ ਦਿੱਤੀ ਹੋਈ ਹੈ ਜੀਹਦਾ ਨਤੀਜਾ ਇਹ ਹੋਇਆ ਕਿ ਯੂਰਪੀਨ ਸਮਝੌਤੇ ਤਹਿਤ ਬੈਲਜੀਅਮ ਸਰਕਾਰ ਨੇ ਪ੍ਰਗਟ ਨੂੰ ਵਾਪਸ ਜਰਮਨੀ ਭੇਜ ਦਿੱਤਾ। ਜਿਸ ਤਰ੍ਹਾਂ ਕਿ ਆਮ ਹੁੰਦਾ ਹੀ ਹੈ ਕਿ ਪੱਕੇ ਹੋਣ ਲਈ ਦੇਸੋਂ ਆਏ ਗੱਭਰੂ ਕਈ ਪਾਸੇ ਹੱਥ ਪੈਰ ਮਾਰਦੇ ਹਨ। ਪ੍ਰਗਟ ਨੂੰ ਜਦ ਇਹ ਸੂਹ ਮਿਲੀ ਕਿ ਪੁਰਤਗਾਲ 'ਚ ਕੰਮ ਬਣ ਸਕਦਾ ਤਾਂ ਉਹ ਅਪ੍ਰੈਲ 1999 'ਚ ਜਰਮਨੀ ਛੱਡ ਕੇ ਪੁਰਤਗਾਲ ਜਾ ਪਹੁੰਚਾ ਜਿਥੇ 2001 ਫਰਵਰੀ 'ਚ ਖੁੱਲ੍ਹੀ ਇਮੀਗਰੇਸ਼ਨ ਤਹਿਤ ਪੱਕਾ ਹੋ ਗਿਆ। ਪੁਰਤਗਾਲ ਵਿਚ ਪ੍ਰਗਟ ਨੂੰ ਸਾਲ-ਸਾਲ ਦਾ ਵੀਜ਼ਾ ਮਿਲਦਾ ਰਿਹਾ ਕਿ ਉਹ ਕੰਮ ਕਰ ਸਕਦਾ ਹੈ, ਪਰ ਕੰਮਾਂ ਕਾਰਾਂ ਦੀ ਹਾਲਤ ਮਾੜੀ ਹੋਣ ਕਰਕੇ ਉਹਦੇ ਮਸੀਂ ਪੰਜ ਸੱਤ ਸੌ ਯੂਰੋ ਮਹੀਨਾ ਹੀ ਬਣਦੇ ਸਨ ਜੀਹਦੇ ਨਾਲ ਮਸੀਂ ਗੁਜ਼ਾਰਾ ਚੱਲਦਾ ਸੀ। ਪੁਰਤਗਾਲ ਰਹਿੰਦਿਆਂ ਪ੍ਰਗਟ ਨੂੰ ਪਤਾ ਲੱਗਾ ਕਿ ਕਈ "ਦੇਸੀ ਭੌਰ" ਫਰਜ਼ੀ ਵਿਆਹ ਕਰਵਾ ਕੇ ਬੈਲਜੀਅਮ 'ਚ ਪੱਕੇ ਹੋ ਰਹੇ ਸਨ। ਇਸੇ ਸੋਚ ਨੇ ਉਹਨੂੰ ਸੁਖਦੇਵ ਰਾਜ ਨਾਂ ਦੇ ਏਜੰਟ ਨਾਲ ਮਿਲਾ ਦਿੱਤਾ ਜੋ ਫਰਜ਼ੀ ਵਿਆਹ ਕਰਵਾਉਣ ਦਾ 6000 ਯੂਰੋ ਲੈਂਦਾ ਸੀ ਚੰਟ ਕਿਸਮ ਦਾ ਸੁਖਦੇਵ ਰਾਜ ਇਹਨਾਂ "ਬੁੱਤਾਸਾਰ ਵਿਆਹਾਂ" ਦਾ ਮਾਹਿਰ ਸੀ। ਪ੍ਰਗਟ ਨੇ ਸੁਖਦੇਵ ਨਾਲ ਆਂਢਾ ਸਾਂਢਾ ਕਰਕੇ ਮਾਰਚ 2004 'ਚ ਇਕ ਗੋਰੀ ਨਾਲ ਇਹ "ਚਲੰਤ ਵਿਆਹ" ਕਰਵਾ ਲਿਆ ਅਤੇ ਵਿਆਹ ਦੇ ਅਧਾਰ ਤੇ ਅਪ੍ਰੈਲ 2004 'ਚ ਬੈਲਜੀਅਮ ਆ ਗਿਆ। ਪ੍ਰਗਟ ਦੀ "ਗਸ਼ਤੀ-ਬਹੂ" ਇੰਨਾਸੀਆ ਨੇ ਪ੍ਰਗਟ ਨੂੰ ਤਿੰਨਾਂ ਦਿਨਾਂ 'ਚ ਈ ਨਾਨੀ ਚੇਤੇ ਕਰਵਾ ਦਿੱਤੀ। ਬੈਲਜੀਅਮ 'ਚ ਪੱਕੇ ਹੋਣ ਲਈ ਰਹਿਣ ਲਈ ਮਕਾਨ ਜ਼ਰੂਰੀ ਸੀ। ਹਾਲ ਦੀ ਘੜੀ ਪ੍ਰਗਟ ਆਪਣੇ ਇਕ

ਮਿੱਤਰ ਕੋਲ ਠਹਿਰਿਆ ਹੋਇਆ ਸੀ ਅਤੇ ਕਿਸੇ ਕਿਰਾਏ ਦੇ ਮਕਾਨ ਦੀ ਤਲਾਸ਼ ਕਰ ਰਿਹਾ ਸੀ ਪਰ ਬੀਬੀ ਇੰਨਾਸੀਆ ਤਿੰਨਾਂ ਦਿਨਾਂ ਬਾਦ ਹੀ ਪ੍ਰਗਟ ਨੂੰ ਛੱਡਕੇ ਚੱਲਦੀ ਬਣੀ। ਹਫਤੇ ਕੁ ਬਾਦ ਜਦ ਪ੍ਰਗਟ ਨੂੰ ਮਕਾਨ ਲੱਭ ਗਿਆ ਤਾਂ ਉਹਨੇ ਇੰਨਾਸੀਆ ਨੂੰ ਬੇਨਤੀ ਕੀਤੀ ਕਿ ਉਹ ਵਾਪਸ ਆ ਜਾਵੇ ਤਾਂ ਕਿ ਪੱਕ ਠੱਕ ਲਈ ਅਰਜ਼ੀ ਦਾਇਰ ਕਰਵਾਈ ਜਾ ਸਕੇ। ਇੰਨਾਸੀਆ ਨੇ ਸ਼ਰਤ ਇਹ ਰੱਖੀ ਕਿ, "ਉਹ ਆਪਣੀ ਸਹੇਲੀ ਨੂੰ ਵੀ ਨਾਲ ਲੈ ਕੇ ਆਉਣਾ ਚਾਹੁੰਦੀ ਹੈ ਅਤੇ ਹਵਾਈ ਟਿਕਟਾਂ ਅਤੇ ਰਹਿਣ ਦਾ ਸਾਰਾ ਖਰਚਾ ਵੀ ਪ੍ਰਗਟ ਨੂੰ ਦੇਣਾ ਪਵੇਗਾ।" ਮਰਦਾ ਕੀ ਨਾ ਕਰਦਾ। ਪ੍ਰਗਟ ਬੜਾ ਕੁੜਿੱਕੀ 'ਚ ਫਸ ਗਿਆ। ਉਹਦੇ ਕੋਲ ਐਨੇ ਪੈਸੇ ਕਿੱਥੇ ਸੀ ਜੇਹਦੇ ਨਾਲ ਇਹਨਾਂ ਗਸ਼ਤੀਆਂ ਨੂੰ ਐਸ਼ ਕਰਵਾ ਸਕੇ। ਪ੍ਰਗਟ ਦਾ ਏਜੰਟ ਸੁਖਦੇਵ ਰਾਜ ਉਸ ਵੇਲੇ ਇੰਡੀਆ ਗਿਆ ਹੋਇਆ ਸੀ। ਸੁਖਦੇਵ ਨੂੰ ਪ੍ਰਗਟ ਨੇ ਆਪਣੀ ਸਾਰੀ ਸਮੱਸਿਆ ਦੱਸੀ ਕਿ ਉਹ ਕਿਸੇ ਤਰ੍ਹਾਂ ਇੰਨਾਸੀਆ ਨੂੰ ਮਨਾ ਕੇ ਉਹਦੇ ਕੋਲ ਭਿਜਵਾਏ ਤਾਂ ਕਿ ਉਹਦਾ ਕੰਮ ਬਣ ਸਕੇ। ਸੁਖਦੇਵ ਰਾਜ ਨੇ ਕਿਹਾ ਕਿ, "ਉਹ ਵਾਪਿਸ ਜਲਦੀ ਆਉਣ ਲਈ ਤਾਂ ਤਿਆਰ ਹੈ ਪਰ ਉਹਦੀ ਚਾਰਟਰਡ ਟਿਕਟ ਦੀ ਵਾਪਸੀ ਦੋ ਹਫਤਿਆਂ ਬਾਦ ਹੈ ਅਤੇ ਹਵਾਈ ਟਿਕਟ ਦੀ ਤਾਰੀਖ ਬਦਲੀ ਨਹੀਂ ਜਾ ਸਕਦੀ।" ਪ੍ਰਗਟ ਨੇ ਸਾਰੀ ਗੱਲਬਾਤ ਆਪਣੇ ਪਿਤਾ ਜੀ ਨਾਲ ਇੰਡੀਆ ਕੀਤੀ ਤਾਂ ਉਹਨਾਂ ਸੁਖਦੇਵ ਰਾਜ ਨੂੰ 44000 ਰੁਪਏ ਦੀ ਨਵੀਂ ਟਿਕਟ ਖਰੀਦ ਕੇ ਵਾਪਸ ਬੈਲਜੀਅਮ ਭੇਜ ਦਿੱਤਾ। ਸੁਖਦੇਵ ਰਾਜ ਨੇ ਜਦ ਇੰਨਾਸੀਆ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਖੋਤੇ ਦੀ ਅੜੀ ਵਾਂਗ ਆਪਣੀਆਂ ਸ਼ਰਤਾਂ ਤੇ ਡਟੀ ਰਹੀ। ਹੁਣ ਪ੍ਰਗਟ ਕੋਲ ਕੋਈ ਹੋਰ ਚਾਰਾ ਨਹੀਂ ਸੀ। ਕਿਸੇ ਦੋਸਤ ਦਾ ਮਿੰਨਤ ਤਰਲਾ ਕਰਕੇ ਪੈਸੇ ਉਧਾਰ ਲਏ ਤੇ ਇੰਨਾਸੀਆ ਅਤੇ ਉਸਦੀ ਸਹੇਲੀ ਨੂੰ ਪੁਰਤਗਾਲ ਤੋਂ ਬੈਲਜੀਅਮ ਲਿਆਂਦਾ। ਬੈਲਜੀਅਮ, ਉਹ ਆਪਣੀ ਸਹੇਲੀ ਨਾਲ ਸਿਰਫ ਤਿੰਨ ਦਿਨ ਰਹੀ ਤੇ ਫਿਰ ਵਾਪਿਸ ਚਲੀ ਗਈ। ਡੇਢ ਕੁ ਮਹੀਨੇ ਬਾਦ ਪ੍ਰਗਟ ਨੂੰ ਹੁਣ ਫਿਰ ਉਹਦੀ ਲੋੜ ਸੀ ਤਾਂ ਕਿ 'ਸ਼ਨਾਖਤੀ ਕਾਰਡ' ਬਣਾਇਆ ਜਾ ਸਕੇ। ਐਤਕੀਂ ਫਿਰ ਉਹਨੇ ਅੜਿੱਕਾ ਡਾਹ ਲਿਆ ਕਿ ਉਹ ਆਪਣੇ ਇਕ ਦੋਸਤ ਨੂੰ ਲੈ ਕੇ ਆਵੇਗੀ। ਪ੍ਰਗਟ ਇਸ ਬਾਰੇ ਕੀ ਕਰ ਸਕਦਾ ਸੀ, ਪਤੰਗ ਦੀ ਡੋਰ ਤਾਂ ਇਸ "ਬੁੱਤਾਸਾਰ ਗੋਰੀ" ਕੋਲ ਸੀ। ਇੰਨਾਸੀਆ ਨੂੰ ਦੋ ਦਿਨਾਂ 'ਚ ਈ 'ਸ਼ਨਾਖਤੀ ਕਾਰਡ' ਮਿਲ ਗਿਆ ਤੇ ਉਹ ਵਾਪਸ ਚਲੀ ਗਈ ਤੇ ਪ੍ਰਗਟ ਨੂੰ ਕੁੱਝ ਤਕਨੀਕੀ ਕਾਰਨਾਂ ਕਰਕੇ ਕਾਰਡ ਨਾ ਮਿਲ ਸਕਿਆ ਅਤੇ ਕਾਰਡ ਮਿਲਣ 'ਚ ਦੇਰੀ ਹੋ ਗਈ।

ਇਸ ਤੋਂ ਕੁੱਝ ਦਿਨਾਂ ਬਾਦ ਪ੍ਰਗਟ ਆਪਣੇ ਇਕ ਦੋਸਤ ਅਮਰੀਕ ਕੋਲ ਉਹਦੀ ਦੁਕਾਨ ਤੇ ਟਾਈਮ ਪਾਸ ਕਰਨ ਚਲਾ ਗਿਆ। ਅਮਰੀਕ ਨੇ ਪ੍ਰਗਟ ਨੂੰ ਕਿਹਾ ਕਿ ਉਹ ਪੰਜ ਕੁ ਮਿੰਟ ਦੁਕਾਨ 'ਤੇ ਠਹਿਰੇ ਤੇ ਉਹ ਗੁਆਂਢ ਕਿਸੇ ਨੂੰ ਮਿਲ ਕੇ ਵਾਪਸ ਆਉਂਦਾ ਹੈ। ਇਸੇ ਦੌਰਾਨ ਈ ਮਿਥੀ ਚਾਲ ਮੁਤਾਬਕ ਪੁਲਿਸ ਨੇ ਇਕ ਦਸ ਬਾਰ੍ਹਾਂ ਸਾਲ ਦੇ ਮੁੰਡੇ ਨੂੰ ਸਿਗਰਟਾਂ ਦੀ ਡੱਬੀ ਲਿਆਉਣ ਲਈ ਦੁਕਾਨ ਅੰਦਰ ਭੇਜ ਦਿੱਤਾ। ਪ੍ਰਗਟ ਨੇ ਕਦੇ ਦੁਕਾਨਦਾਰੀ ਕੀਤੀ ਨਹੀਂ ਸੀ ਤੇ ਉਹਨੂੰ ਇਹ ਨਹੀਂ ਸੀ ਪਤਾ ਕਿ ਨਾਬਾਲਗ ਨੂੰ ਸਿਗਰਟਾਂ ਅਤੇ ਸ਼ਰਾਬ ਨਹੀਂ ਵੇਚੀਆਂ ਜਾ ਸਕਦੀਆਂ। ਪ੍ਰਗਟ ਨੇ ਸਿਗਰਟਾਂ ਦੀ ਡੱਬੀ ਮੁੰਡੇ ਨੂੰ ਵੇਚ ਦਿੱਤੀ। ਮੁੰਡੇ ਨੇ ਪ੍ਰਗਟ ਨੂੰ ਕਾਫੀ ਸਾਰੀ ਭਾਨ ਦੇ ਦਿੱਤੀ। ਮੁੰਡਾ ਡੱਬੀ ਲੈ ਕੇ ਅਜੇ ਦੁਕਾਨ 'ਚ ਹੀ ਸੀ ਅਤੇ ਪ੍ਰਗਟ ਭਾਨ ਗਿਣਨ 'ਚ

ਰੁੱਝਾ ਹੋਇਆ ਸੀ ਕਿ ਮੁੰਡੇ ਨੇ ਪੈਸੇ ਠੀਕ ਵੀ ਦਿਤੇ ਹਨ ਕਿ ਨਹੀਂ, ਐਨੇ ਨੂੰ ਪੁਲਿਸ ਅੰਦਰ ਆ ਗਈ। ਹੁਣ ਪ੍ਰਗਟ ਦਾ ਦੋਸਤ ਵੀ ਵਾਪਸ ਆ ਗਿਆ ਸੀ। ਪ੍ਰਗਟ ਦੇ ਦੋਸਤ ਅਮਰੀਕ ਅਤੇ ਪ੍ਰਗਟ ਨੂੰ ਪੁਲਿਸ ਨੇ ਇਸ ਜ਼ੁਰਮ ਤਹਿਤ ਗ੍ਰਿਫ਼ਤਾਰ ਕਰ ਲਿਆ। ਇਹ ਗੋਰੀ ਪੁਲਿਸ ਦੀਆਂ ਨਸਲਵਾਦੀ ਨੀਤੀਆਂ ਕਰਕੇ ਵੀ ਹੁੰਦਾ ਹੈ। ਇਹਦੇ 'ਚ ਕੋਈ ਸ਼ੱਕ ਨਹੀਂ ਕਿ ਜੋ ਪ੍ਰਗਟ ਅਤੇ ਅਮਰੀਕ ਦਾ ਇਸ ਜ਼ੁਰਮ 'ਚ ਰੋਲ ਸੀ ਉਹ ਸਜ਼ਾ ਦੇ ਹੱਕਦਾਰ ਸਨ ਪਰ ਗੋਰੀ ਪੁਲਿਸ ਜਾਣ ਬੁੱਝ ਕੇ ਦੇਸੀ ਲੋਕਾਂ 'ਤੇ ਜ਼ਿਆਦਾ ਹੀ ਸ਼ਿਸ਼ਤ ਬੰਨ੍ਹ ਕੇ ਇਹ ਕੰਮ ਕਰਦੀ ਹੈ। ਇਹਨਾਂ ਚਾਲਾਂ ਨੂੰ ਈ ਨਸਲਵਾਦ ਕਿਹਾ ਜਾਂਦਾ ਹੈ।

ਹੁਣ ਪ੍ਰਗਟ ਨੂੰ ਇਸ ਜ਼ੁਰਮ ਬਦਲੇ 24 ਘੰਟਿਆਂ ਦੇ ਅੰਦਰ ਅੰਦਰ ਮੁਲਕ ਛੱਡ ਕੇ ਜਾਣ ਨੂੰ ਕਹਿ ਦਿੱਤਾ ਗਿਆ ਅਤੇ ਅਮਰੀਕ ਨੂੰ ਤਿੰਨ ਮਹੀਨਿਆਂ ਲਈ ਜੇਲ੍ਹ ਭੇਜ ਦਿੱਤਾ। ਪ੍ਰਗਟ ਨੇ ਜਦ ਵਕੀਲ ਰਾਹੀਂ ਕਚਹਿਰੀ 'ਚ ਅਰਜ਼ੀ ਦਾਇਰ ਕਰ ਦਿੱਤੀ ਤਾਂ ਉਹਨੂੰ ਇਸ ਜ਼ੁਰਮ ਬਦਲੇ ਛੋਟ ਮਿਲ ਗਈ। ਪਰ ਇਸ ਕੇਸ ਦਾ ਉਹਦੇ ਸ਼ਨਾਖਤੀ ਕਾਰਡ 'ਤੇ ਜ਼ਰੂਰ ਅਸਰ ਪਿਆ। ਪੱਕਾ ਕਾਰਡ ਮਿਲਣ ਦੀ ਬਜਾਏ ਸਿਰਫ ਪੰਜ ਮਹੀਨੇ ਦਾ ਆਰਜ਼ੀ ਸ਼ਨਾਖਤੀ ਕਾਰਡ ਮਿਲਿਆ ਜਿਸ ਦੇ ਅਧਾਰ ਤੇ ਉਹ ਬੈਲਜੀਅਮ ਰਹਿ ਸਕਦਾ ਸੀ। ਇਹਨਾਂ ਸਾਰਿਆਂ ਝਮੇਲਿਆਂ ਬਾਰੇ ਉਹਨਾਂ ਲੋਕਾਂ ਨੂੰ ਕੀ ਗਿਆਨ ਹੋ ਸਕਦਾ ਹੈ ਜੋ ਪੱਕੇ ਤੌਰ 'ਤੇ ਪੱਕੇ ਵੀਜ਼ੇ ਲੈ ਕੇ ਸਿੱਧੇ ਹਵਾਈ ਜਹਾਜ਼ਾਂ ਰਾਹੀਂ ਯੂਰਪੀਨ ਮੁਲਕਾਂ ਜਾਂ ਅਮਰੀਕਾ, ਕੈਨੇਡਾ ਪਹੁੰਚੇ ਹੁੰਦੇ ਹਨ। ਇਹ ਭੂਹੇਰਵੇ ਦੀ ਬਹੁਤੀ ਬੀਮਾਰੀ ਵੀ ਇਹਨਾਂ ਨੂੰ ਹੀ ਹੁੰਦੀ ਹੈ ਕਿਉਂਕਿ ਉਹਨਾਂ ਨੂੰ ਬਿਨਾਂ ਕਿਸੇ ਖਾਸ ਤਰੱਦਦ ਦੇ ਸਭ ਕੁਝ ਥਾਲੀ 'ਚ ਪਰੋਸਿਆ ਮਿਲ ਜਿਉਂ ਗਿਆ ਹੁੰਦਾ ਹੈ। ਇਕ ਜਾਅਲੀ ਬੰਦੇ ਨੂੰ ਪੱਕੇ ਹੋਣ ਲਈ ਕਿੱਥੇ-ਕਿੱਥੇ ਅਤੇ ਕਿਵੇਂ ਟੱਕਰਾਂ ਮਾਰਨੀਆਂ ਪੈਂਦੀਆਂ ਹਨ ਇਹ ਉਹਨੂੰ ਈ ਪਤਾ ਹੋ ਸਕਦਾ ਜੋ ਇਸ ਸੰਤਾਪ ਦੀ ਘੁੰਮਣ ਘੇਰੀ 'ਚੋਂ ਨਿਕਲਿਆ ਹੋਵੇ। ਪੈਸੇ ਦੀ ਬਰਬਾਦੀ ਤਾਂ ਹੁੰਦੀ ਹੀ ਹੈ ਪਰ ਜੋ ਮਾਨਸਿਕ ਸੋਸ਼ਣ ਹੁੰਦਾ ਹੈ ਉਹਦੀ ਕੀਮਤ ਨਹੀਂ ਲਾਈ ਜਾ ਸਕਦੀ। ਜਾਅਲੀ ਬੰਦਾ ਇਕ ਮਰ ਰਹੇ ਬੰਦੇ ਦੇ ਆਖਰੀ ਸਾਹਾਂ ਵਾਂਗ ਦਿਨ ਰਾਤ ਛਟਪਟਾਉਂਦਾ ਹੈ ਅਤੇ ਇਹ ਹਾਲ ਹੀ ਪ੍ਰਗਟ ਦਾ ਸੀ। ਇਸੇ ਸਮੇਂ ਦੌਰਾਨ ਪ੍ਰਗਟ ਦੇ ਇਕ ਹੋਰ ਦੋਸਤ ਧਰਮਿੰਦਰ ਸਿੰਘ ਨੂੰ ਵੀ ਪੁਲਿਸ ਨੇ ਤਿੰਨ ਮਹੀਨਿਆਂ ਲਈ ਜੇਲ੍ਹ 'ਚ ਡੱਕ ਦਿੱਤਾ ਸੀ ਕਿ ਉਹ ਆਪਣੀ "ਨਾਈਟ ਸ਼ੋਪ' 'ਤੇ ਨਾਬਾਲਗਾਂ ਨੂੰ ਸਿਗਰਟਾਂ ਵੇਚਦਾ ਸੀ। ਧਰਮਿੰਦਰ ਦੀ ਦੁਕਾਨ ਹੁਣ ਬੰਦ ਪਈ ਸੀ ਅਤੇ ਉਹਨੇ ਆਪਣੀ ਦੁਕਾਨ ਵੇਚਣ ਦੀ ਪੇਸ਼ਕਸ਼ ਪ੍ਰਗਟ ਨੂੰ ਕੀਤੀ। ਪਰ ਪ੍ਰਗਟ ਦੇ ਪੱਲੇ ਤਾਂ ਦੁਆਨੀ ਵੀ ਨਹੀਂ ਸੀ। ਪ੍ਰਗਟ ਨੇ ਆਪਣੇ ਇਕ ਅਮੀਰ ਪਾਕਿਸਤਾਨੀ ਦੋਸਤ ਰਹਿਮਾਨ ਨਾਲ ਗੱਲ ਕੀਤੀ। ਰਹਿਮਾਨ ਨੂੰ ਪ੍ਰਗਟ ਪੁਰਤਗਾਲ ਤੋਂ ਹੀ ਜਾਣਦਾ ਸੀ ਅਤੇ ਰਹਿਮਾਨ ਨੇ ਵੀ "ਫਰਜ਼ੀ ਵਿਆਹ" ਕਰਵਾ ਕੇ ਬੈਲਜੀਅਮ 'ਚ ਪੱਕੀ ਇਮੀਗਰੇਸ਼ਨ ਲਈ ਹੋਈ ਸੀ। ਰਹਿਮਾਨ ਦੀ ਆਪਣੀ ਵੀਡਿਓ ਅਤੇ ਸੀ. ਡੀ. ਟੇਪਾਂ ਦੀ ਦੁਕਾਨ ਸੀ ਅਤੇ ਉਹਨੇ ਆਪਣੀ ਕੰਪਨੀ ਦਾ ਨਾਂ Bizwise ਰੱਖਿਆ ਹੋਇਆ ਸੀ। ਇਸ ਕੰਪਨੀ ਹੇਠ ਰਹਿਮਾਨ ਦੇ ਕਈ ਹੋਰ ਕਾਰੋਬਾਰ ਵੀ ਚੱਲਦੇ ਸਨ। ਰਹਿਮਾਨ ਨੇ ਪ੍ਰਗਟ ਨੂੰ ਕਿਹਾ ਕਿ "ਉਹ ਧਰਮਿੰਦਰ ਦੀ ਦੁਕਾਨ ਖਰੀਦ ਲਵੇਗਾ ਪਰ ਪ੍ਰਗਟ ਨੂੰ ਦੁਕਾਨ ਚਲਾਉਣ ਦੀ ਸਾਰੀ ਜੁੰਮੇਵਾਰੀ ਲੈਣੀ ਪਵੇਗੀ ਯਾਨਿ ਦੁਕਾਨ ਲਈ,

ਖਰੀਦਾਫਰੋਸ਼ੀ, ਡਰਾਈਵਰੀ ਅਤੇ ਰਾਤ ਦੀ ਡਿਊਟੀ ਆਦਿ।" ਇਸ ਸਾਰੇ ਕੰਮ ਬਦਲੇ ਰਹਿਮਾਨ ਨੇ 1500 ਯੂਰੋ ਦੀ ਪੇਸ਼ਕਸ਼ ਕੀਤੀ। ਪ੍ਰਗਟ ਇਸ ਲਈ ਸਹਿਮਤ ਹੋ ਗਿਆ ਅਤੇ ਰਹਿਮਾਨ ਨੇ ਧਰਮਿੰਦਰ ਵਾਲੀ ਦੁਕਾਨ ਖਰੀਦ ਕੇ ਪ੍ਰਗਟ ਦੇ ਸਪੁਰਦ ਕਰ ਦਿੱਤੀ ਤੇ ਪ੍ਰਗਟ ਨੇ ਦੁਕਾਨ ਦਾ ਕੰਮ 9 ਜੁਲਾਈ 2004 ਨੂੰ ਸ਼ੁਰੂ ਕਰ ਦਿੱਤਾ।

ਸਰਮਾਏਦਾਰ ਮੁਲਕਾਂ ਵਿਚ ਕਾਨੂੰਨ ਵੀ ਸਰਮਾਏਦਾਰੀ ਨੂੰ ਪੱਕਿਆਂ ਕਰਨ ਲਈ ਬਣਾਏ ਜਾਂਦੇ ਹਨ। ਕਾਮਾ ਜਮਾਤ ਦੀ ਸੰਘੀ ਕਈ ਤਰ੍ਹਾਂ ਨੱਪੀ ਜਾਂਦੀ ਹੈ। ਅਗਰ ਸਰਮਾਏਦਾਰੀ ਮੁਲਕਾਂ ਵਿਚ ਮਜ਼ਦੂਰ ਜਮਾਤਾਂ ਕੁੱਝ ਹੱਕ ਲਏ ਹਨ ਤਾਂ ਇਹਦੇ ਪਿੱਛੇ ਬਹੁਤ ਲੰਬੀ ਜਦੋ ਜਹਿਦ ਅਤੇ ਕੁਰਬਾਨੀਆਂ ਦੀ ਦਾਸਤਾਨ ਹੈ। ਪਲੇਟ 'ਚ ਪਰੋਸ ਕੇ ਕਦੇ ਕਿਸੇ ਨੇ ਕੁੱਝ ਨਹੀਂ ਦਿੱਤਾ। ਇਸ ਢਾਂਚੇ 'ਚ ਕੰਮ ਕਰਦਿਆਂ ਕਈ ਮੋਰੀਆਂ ਦਾ ਪਤਾ ਲੱਗ ਜਾਂਦਾ ਹੈ ਅਤੇ ਕੁੱਝ ਲੋਕ ਉਹਨਾਂ ਮੋਰੀਆਂ ਦਾ ਫਿਰ ਵੀ ਫਾਇਦਾ ਉਠਾਉਂਦੇ ਹਨ। ਰਹਿਮਾਨ ਨੂੰ ਵੀ ਸੱਟਾਂ ਖਾਹ ਕੇ ਇਹਨਾਂ ਕੁੱਝ ਸੁਰਾਖਾਂ ਦਾ ਪਤਾ ਲੱਗ ਗਿਆ ਸੀ ਤੇ ਇਸੇ ਕਰਕੇ ਉਹਨੇ ਕਾਗਜ਼ਾਂ ਵਿਚ ਪ੍ਰਗਟ ਨੂੰ ਆਪਣੇ ਤੋਂ ਬਿਨਾਂ ਡਾਇਰੈਕਟਰ ਬਣਾ ਦਿੱਤਾ। ਇਸ ਤਰ੍ਹਾਂ ਕਰਨ ਨਾਲ ਪ੍ਰਗਟ ਡਾਇਰੈਕਟਰ ਹੋਣ ਦੇ ਨਾਤੇ ਜਿੰਨੇ ਘੰਟੇ ਚਾਹੇ ਕੰਮ ਕਰ ਸਕਦਾ ਸੀ ਅਤੇ ਸਰਕਾਰੀ ਟੈਕਸ ਵੀ ਤਿਮਾਹੀ 475 ਯੂਰੋ ਦੇਣਾ ਪੈਂਦਾ ਸੀ ਜਦੋਂ ਕਿ ਇਕ ਕਾਮੇ ਨੂੰ ਇਕ ਮਹੀਨੇ ਦਾ ਹੀ ਟੈਕਸ ਇਸ ਤੋਂ ਜ਼ਿਆਦਾ ਸੀ। ਦੁਨੀਆਂ ਦਾ ਕਾਰੋਬਾਰ ਅਤੇ ਰਿਸ਼ਤੇ ਨਾਤੇ ਯਕੀਨ ਦੀ ਨੀਂਹ ਤੇ ਹੀ ਟਿਕੇ ਹੋਏ ਹਨ। ਮੰਦੇ ਚੰਗੇ ਲੋਕ ਹਰ ਨਸਲ, ਜਾਤ, ਬਰਾਦਰੀ, ਧਰਮ ਅਤੇ ਕੌਮਾਂ ਵਿਚ ਹਨ। ਚੰਗਿਆਈ ਜਾਂ ਬੁਰਾਈ ਨੂੰ ਕਿਸੇ ਇਕ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਇਕ ਗੱਲ ਹੋਰ ਵੀ ਪੱਕੀ ਹੈ ਕਿ ਇਮਾਨਦਾਰੀ ਅਤੇ ਸੱਚਾਈ ਸਦਾ ਸਾਡਾ ਅਤੇ ਸਮਾਜ ਦਾ ਫਾਇਦਾ ਹੀ ਕਰਦੀਆਂ ਹਨ।

ਪ੍ਰਗਟ ਦੀ ਇਮਾਨਦਾਰੀ ਕਰਕੇ ਰਹਿਮਾਨ ਨੇ ਸਾਰੀਆਂ ਜ਼ੁੰਮੇਵਾਰੀਆਂ ਉਹਨੂੰ ਦੇ ਦਿੱਤੀਆਂ। ਪ੍ਰਗਟ ਨੇ ਵੀ ਵਫਾਦਾਰੀ ਨਿਭਾਉਂਦਿਆਂ ਰਹਿਮਾਨ ਦਾ ਖਿਆਲ ਰੱਖਿਆ। ਪ੍ਰਗਟ ਨੇ ਸਿਰਫ 1100 ਯੂਰੋ ਹੀ ਤਨਖਾਹ ਲਈ ਤਾਂ ਕਿ 1500 ਯੂਰੋ ਤਨਖਾਹ ਲੈਣ ਤੇ ਰਹਿਮਾਨ ਨੂੰ ਘਾਟਾ ਨਾ ਪੈ ਜਾਵੇ। ਇਥੋਂ ਤੱਕ ਕਿ ਮੰਦੇ ਦੌਰਾਨ 700 ਯੂਰੋ ਵੀ ਲੈਂਦਾ ਰਿਹਾ। ਇਹ ਗੁਣ ਬਹੁਤੇ ਲੋਕਾਂ ਵਿਚ ਨਹੀਂ ਹੁੰਦੇ। ਮਤਲਬ ਨਿਕਲ ਜਾਣ 'ਤੇ ਬਹੁਤੇ ਲੋਕੀਂ ਅੱਖਾਂ ਫੇਰ ਜਾਂਦੇ ਹਨ। ਸ਼ਾਇਦ ਹੀ ਕੋਈ ਬਾਹਰਲੇ ਮੁਲਕਾਂ ਵਿਚ ਗਿਆ ਬੰਦਾ ਐਸਾ ਹੋਵੇਗਾ ਜੀਹਨੇ ਆਪਣੇ ਦੋਸਤ ਜਾਂ ਰਿਸ਼ਤੇਦਾਰ ਨੂੰ ਕਿਸੇ ਤਰੀਕੇ ਨਾਲ ਮੰਗਵਾਉਣ ਅਤੇ ਪੱਕੇ ਕਰਾਉਣ ਤੋਂ ਬਾਦ ਪਛਤਾਵਾ ਨਾ ਕੀਤਾ ਹੋਵੇ। ਪੱਕਿਆਂ ਹੋਣ ਤੇ ਬਹੁਤੇ ਲੋਕੀਂ ਕਈ ਤਰ੍ਹਾਂ ਦੀਆਂ ਫੜਾਂ ਮਾਰਦੇ ਹਨ ਕਿ, "ਮੇਰਾ ਕਿਸੇ ਨੇ ਕੀ ਕੀਤਾ?" ਕਾਗਜ਼ਾਂ ਨਾਲ ਥੋੜੋ ਬੰਦੇ ਆਉਂਦੇ ਆ? ਮੈਂ ਤਾਂ ਆਪਣੇ ਆਪ ਈ ਆਇਆਂ।" ਐਹੋ ਜਿਹੀਆਂ ਹੋਰ ਵੀ ਜਬਲੀਆਂ ਐਹੋ ਜੇਹੀਆਂ ਚਗਲਾਂ ਮਾਰਦੀਆਂ। ਇਹ ਅਕ੍ਰਿਤਘਣ ਲੋਕ ਹੋਰਾਂ ਦਾ ਵੀ ਰਾਹ ਬੰਦ ਕਰ ਦਿੰਦੇ ਹਨ। ਇਨਸਾਨ ਸੋਚਦੈ ਕਿ ਜਦ ਇਸ ਦੋਸਤ ਭੈਣ ਭਰਾ ਜਾਂ ਰਿਸ਼ਤੇਦਾਰ ਨੇ ਇਹ ਚੰਦ ਚਾੜ੍ਹੇ ਹਨ ਤਾਂ ਬਾਕੀ ਝਾਕਦੀ ਜਨਤਾ ਕਿਹੜੀ ਘੱਟ ਹੋਣੀ ਆ। ਬੁਰਿਆਈ ਦੀ ਮੁਸ਼ਕ ਕਈਆਂ ਦਾ ਭਵਿੱਖ ਖਰਾਬ ਕਰ ਦਿੰਦੀ ਹੈ। ਇਹਨਾਂ ਪੱਕੇ ਕੀਤੇ ਲੋਕਾਂ ਦੀਆਂ ਉਮੀਦਾਂ ਪੱਕੇ ਹੋਣ 'ਤੇ ਬਹੁਤ ਵੱਧ ਜਾਂਦੀਆਂ ਹਨ ਅਤੇ ਉਹ ਉਹਨਾਂ ਨਾਲ ਹੀ ਮੁਕਾਬਲਾ ਕਰਨ ਲੱਗ ਪੈਂਦੇ ਹਨ

ਜੋ 15-20 ਸਾਲਾਂ ਤੋਂ ਇਹਨਾਂ ਮੁਲਕਾਂ ਵਿਚ ਆਏ ਹੁੰਦੇ ਹਨ। ਇਹ ਇਕ ਬਹੁਤ ਕੜਵਾ ਅਤੇ ਦਿਲ ਦੁਖਾਊ ਤਜ਼ਰਬਾ ਹੈ। ਜਿਸ ਦੋਸਤ ਭਾਈ ਭੈਣ ਨੇ ਕਿਸੇ ਨੂੰ ਇਹਨਾਂ ਮੁਲਕਾਂ ਵਿਚ ਮੰਗਾਇਆ ਹੁੰਦਾ, ਮਾੜਾ ਤਜ਼ਰਬਾ ਹੋਣ ਤੇ ਉਹਨੂੰ ਆਪਣੇ ਬੱਚਿਆਂ ਅਤੇ ਪਤਨੀ ਤੋਂ ਵੀ ਮਿਹਣੇ ਸਹਾਰਨੇ ਪੈਂਦੇ ਹਨ। ਪਰ ਪ੍ਰਗਟ ਖਾਲਸ ਮੋਨਾ ਸੀ। ਉਹ ਰਹਿਮਾਨ ਦਾ ਅਹਿਸਾਨ ਮੰਨਦਾ ਸੀ ਅਤੇ ਉਹਦੇ ਵਿਸ਼ਵਾਸ ਨੂੰ ਵਿਸ਼ਵਾਸਘਾਤ ਵਿਚ ਨਹੀਂ ਸੀ ਬਦਲ ਦੇਣਾ ਚਾਹੁੰਦਾ।

ਪ੍ਰਗਟ ਅਜੇ ਬੈਲਜੀਅਮ 'ਚ ਪੱਕਾ ਨਹੀਂ ਸੀ ਅਤੇ ਇਸੇ ਕਰਕੇ "ਕਾਗਜ਼ੀ ਵਹੁਟੀ" ਨੂੰ ਦੋ ਵਾਰ ਹੋਰ ਪੁਰਤਗਾਲ ਤੋਂ ਬੈਲਜੀਅਮ ਸੱਦਣਾ ਪਿਆ। ਪਹਿਲੀ ਵਾਰੀ ਤਾਂ ਉਹ ਇਕੱਲੀ ਆਈ ਪਰ ਦੂਜੀ ਵਾਰ ਆਪਣੇ ਯਾਰ ਨੂੰ ਨਾਲ ਲੈ ਕੇ ਆਈ। ਆਉਣ ਜਾਣ ਰਹਿਣ ਦੇ ਖਰਚੇ ਤੋਂ ਇਲਾਵਾ, ਪ੍ਰਗਟ ਨੂੰ 400 ਯੂਰੋ ਇਕੱਲੇ ਇਕੱਲੇ ਨੂੰ ਹਫਤੇ ਦੀ ਤਨਖਾਹ ਵੀ ਦੇਣੀ ਪਈ ਕਿ ਉਹ ਦੁਕਾਨ 'ਚ ਸਹਾਇਤਾ ਕਰਦੇ ਹਨ। ਇਸ ਤੋਂ ਬਿਨਾਂ ਖੜ੍ਹੇ ਪੈਰ ਮਹਿੰਗੀਆਂ ਟਿਕਟਾਂ ਖਰੀਦ ਕੇ ਪ੍ਰਗਟ ਨੂੰ ਇੰਨਾਸੀਆ ਅਤੇ ਉਹਦੇ ਯਾਰ ਨੂੰ ਮੰਗਾਉਣਾ ਪਿਆ ਸੀ। ਇਹ ਗੱਲ ਘਰ ਦਾ ਕੂੰਡਾ ਕਰਨ ਵਾਲੀ ਸੀ ਪਰ ਪ੍ਰਗਟ ਫਸਿਆ ਪਿਆ ਸੀ। ਇਸ ਸਾਰੀ ਖੱਜਲ ਖੁਆਰੀ ਤੋਂ ਬਾਦ ਆਖਰਕਾਰ ਫਰਵਰੀ 2005 ਨੂੰ ਪ੍ਰਗਟ ਨੂੰ ਬੈਲਜੀਅਮ 'ਚ ਰਹਿਣ ਦਾ ਪੰਜ ਸਾਲ ਦਾ ਕਾਰਡ ਮਿਲ ਗਿਆ। ਪੰਜ ਸਾਲ ਦੇ ਕਾਰਡ ਮਿਲਣ ਨੂੰ ਇਕ ਤਰ੍ਹਾਂ ਨਾਲ ਪੱਕ ਠੱਕ ਹੀ ਸਮਝਿਆ ਜਾਂਦਾ ਹੈ ਅਤੇ ਜਾਅਲੀ ਆਪਣੇ ਆਪ ਨੂੰ ਆਜ਼ਾਦ ਪੰਛੀ ਸਮਝਣ ਲੱਗ ਪੈਂਦੇ ਹਨ। ਪਰ ਇਹ ਗੱਲਾਂ ਇੰਨੀਆਂ ਸੌਖੀਆਂ ਨਹੀਂ ਹਨ। ਇਨਸਾਨ ਦਾ ਮਨ ਕਈ ਤਰ੍ਹਾਂ ਦੀਆਂ ਚਲਾਕੀਆਂ ਕਰਦਾ ਅਤੇ ਕਿਸੇ ਮਜ਼ਬੂਰ ਦੀਆਂ ਮਜ਼ਬੂਰੀਆਂ ਦਾ ਦੱਬ ਕੇ ਸੋਸ਼ਣ ਕਰਦੈ। ਹੁਣ ਇੰਨਾਸੀਆ ਨੂੰ ਜਦ ਵੀ ਪੈਸੇ ਚਾਹੀਦੇ ਹੁੰਦੇ ਉਹ ਪ੍ਰਗਟ ਨੂੰ ਕਿਸੇ ਕਾਫੀ ਹਾਊਸ 'ਚੋਂ ਜਾਂ ਕਿਸੇ ਦੋਸਤ ਰਾਹੀਂ ਫੋਨ 'ਤੇ ਇਤਲਾਹ ਦਿੰਦੀ ਕਿ ਉਹਨੂੰ ਜਲਦੀ ਫੋਨ ਕੀਤਾ ਜਾਵੇ। ਕੁੜਿੱਕੀ 'ਚ ਫਸਿਆ ਪ੍ਰਗਟ ਫੌਰਨ ਇੰਨਾਸੀਆ ਨੂੰ ਫੋਨ ਕਰਦਾ ਤੇ ਉਹ 50 ਜਾਂ 100 ਯੂਰੋ ਦੀ ਮੰਗ ਕਰਦੀ। ਜੇਕਰ ਪ੍ਰਗਟ ਨਾਂਹ ਨੁੱਕਰ ਕਰਦਾ ਤਾਂ ਛਟੀ ਹੋਈ ਇੰਨਾਸੀਆ ਉਹਨੂੰ ਧਮਕੀ ਦਿੰਦੀ ਕਿ, "ਉਹ ਪੁਲੀਸ ਕੋਲ ਜਾ ਕੇ ਸਾਰਾ ਕੱਚਾ ਚਿੱਠਾ ਖੋਲ੍ਹ ਦੇਵੇਗੀ ਤੇ ਪ੍ਰਗਟ ਦਾ ਬਸਤਾ ਜਾ ਕੇ ਫਿਰ ਦਿੱਲੀ ਹੀ ਖੁੱਲ੍ਹੇਗਾ।" ਪ੍ਰਗਟ ਦਾ ਇਹ ਸੋਚ ਕੇ ਸਾਹ ਸਤ ਖਿੱਚਿਆ ਜਾਂਦਾ। ਪਰ ਜ਼ਿੰਦਗੀ ਇਕ ਪਲ 'ਚ ਹੀ ਸਾਨੂੰ ਮੋੜਾ ਦੇ ਦਿੰਦੀ ਹੈ। ਈਰਖਾ, ਸਾੜਾ ਅਤੇ ਫੋਕੀ ਸ਼ੁਹਰਤ ਇਨਸਾਨ ਨੂੰ ਕਿਥੋਂ ਤੱਕ ਗਿਰਾ ਸਕਦੀ ਹੈ। ਇਸ ਬਾਰੇ ਅਸੀਂ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਤੱਕ ਤੁਲ ਜਾਂਦੇ ਹਾਂ। ਇਹ ਕੁੱਤੇਖਾਣੀਆਂ ਅਸੀਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਜਾਣਦੇ ਲੋਕਾਂ ਨਾਲ ਕਰਦੇ ਹਾਂ। ਮਹਿੰਦਰ ਸਿੰਘ ਦਾ ਭਾਣਜਾ ਧਰਮਿੰਦਰ ਸਿੰਘ ਸੀ। ਸਾਲ 2005 ਵਿਚ ਬੈਲਜੀਅਮ ਤੋਂ ਇੰਡੀਆ ਗਏ ਮਹਿੰਦਰ ਸਿੰਘ ਨੂੰ ਵਾਪਸ ਆਉਣ ਸਮੇਂ ਨੇਪਾਲ ਤੋਂ ਇਸ ਕਰਕੇ ਫੜ ਲਿਆ ਕਿ ਉਸ ਕੋਲ ਗਰੀਸ ਦਾ ਫਰਜ਼ੀ ਪਾਸਪੋਰਟ ਸੀ। ਉਹਨੂੰ ਜੇਲ੍ਹ 'ਚ ਕੁਝ ਮਹੀਨੇ ਰੱਖ ਕੇ ਵਾਪਸ ਇੰਡੀਆ ਭੇਜ ਦਿੱਤਾ ਗਿਆ। ਡਿਪੋਰਟ ਹੋਏ ਬੰਦੇ ਦੀ ਬੜੀ ਦੁਰਗਤ ਹੁੰਦੀ ਹੈ। ਉਹਦੀ ਬਾਹਰਲੇ ਮੁਲਕ 'ਚ ਗਏ ਹੋਏ ਬੰਦੇ ਵਾਲੀ ਟੌਹਰ ਅਤੇ ਕੰਡ ਮਿੱਟੀ 'ਚ ਫਨਾਹ ਹੋ ਜਾਂਦੀ ਹੈ। ਰਿਸ਼ਤੇਦਾਰਾਂ ਅਤੇ ਦੋਸਤਾਂ 'ਚ ਬਣੀ ਭੱਲ ਠੁੱਸ ਹੋ ਜਾਂਦੀ ਹੈ।

ਪਿੰਡ ਦੇ ਕਈ ਟੁੱਚੇ ਬੰਦੇ ਵੀ ਉਹਨੂੰ ਟਿੱਚਰਾਂ ਕਰਦੇ ਅਤੇ ਲਾਅ ਕੇ ਗੱਲ ਕਰਨ ਲੱਗ ਪੈਂਦੇ ਹਨ। ਉਹਦੇ ਜ਼ਖ਼ਮਾਂ 'ਤੇ ਦੱਬ ਕੇ ਲੂਣ ਭੁੱਕਦੇ ਹਨ। ਡਿਪੋਰਟ ਹੋਇਆ ਬੰਦਾ ਇਵੇਂ ਮਹਿਸੂਸ ਕਰਦਾ ਕਿ ਉਹਦਾ ਮਹਿਲ ਕਿਸੇ ਨੇ ਮਿੰਟਾਂ ਸਕਿੰਟਾਂ 'ਚ ਭੁੱਬਲ ਕਰ ਦਿੱਤਾ ਹੈ ਅਤੇ ਕਿਸੇ ਨੇ ਉਹਨੂੰ ਉੱਚੇ ਪਹਾੜ ਤੋਂ ਜ਼ਮੀਨ 'ਤੇ ਪਟਕਾ ਮਾਰਿਆ ਹੈ। ਐਹੋ ਜਿਹੇ ਹਾਲਾਤ ਵਿਚ ਆਪਣੇ ਆਪ ਨੂੰ ਸਾਂਭਣਾ ਐਨਾ ਸੌਖਾ ਨਹੀਂ ਹੁੰਦਾ। ਉਹਦੀ ਬਣੀ ਬਣਾਈ ਡੁੱਸ ਮਿੱਟੀ 'ਚ ਰੁਲ ਜਾਂਦੀ ਹੈ। ਮਹਿੰਦਰ ਸਿੰਘ ਦੀ ਪਿੰਡ ਅਤੇ ਰਿਸ਼ਤੇਦਾਰਾਂ ਵਿਚ ਬਣੀ ਸ਼ੋਹਰਤ ਹੁਣ ਡਿਪੋਰਟ ਹੋਣ 'ਤੇ ਖ਼ਤਮ ਹੋ ਗਈ ਸੀ। ਆਪਣੇ ਭਾਣਜੇ ਧਰਮਿੰਦਰ ਸਿੰਘ ਨਾਲ ਉਹਦੇ ਸੁਖਾਵੇਂ ਸਬੰਧ ਨਾ ਹੋਣ ਕਰਕੇ ਮਾਮੇ ਮਹਿੰਦਰ ਨੇ ਨਿੱਜੀ ਕਿੜ ਕੱਢਣ ਅਤੇ ਈਰਖਾ ਨਾਲ ਸੜੇ ਬਲੇ ਹੋਣ 'ਤੇ ਧਰਮਿੰਦਰ ਖਿਲਾਫ਼ ਇਕ ਲੰਬੀ ਚਿੱਠੀ ਆਪਣੀ ਬੇਟੀ ਤੋਂ ਬੈਲਜੀਅਮ ਦੀ ਇਮੀਗਰੇਸ਼ਨ ਅਥਾਰਿਟੀ ਨੂੰ ਲਿਖਾ ਦਿੱਤੀ। ਮਾਮੇ ਮਹਿੰਦਰ ਦੀ ਬੇਟੀ ਇੰਡੀਆ ਵਿਚ ਕਾਨੂੰਨ ਦੀ ਪੜ੍ਹਾਈ ਕਰ ਰਹੀ ਸੀ ਅਤੇ ਇਸ ਡੂੰਘੇ ਵਿਸਥਾਰ ਨਾਲ ਅੰਗਰੇਜ਼ੀ ਵਿਚ ਲਿਖੀ ਚਿੱਠੀ ਦੇ ਪਿੱਛੇ ਉਹਨੇ ਆਪਣਾ ਪੂਰਾ ਪਤਾ ਵੀ ਲਿਖਿਆ ਸੀ।

ਇਸ ਚਿੱਠੀ ਵਿਚ ਧਰਮਿੰਦਰ ਬਾਰੇ ਨਿੱਕੀ ਨਿੱਕੀ ਜਾਣਕਾਰੀ ਦਿੱਤੀ ਗਈ ਸੀ ਕਿ ਉਹਨੇ ਕਿਵੇਂ ਗੈਰਕਾਨੂੰਨੀ ਢੰਗ ਨਾਲ ਬੈਲਜੀਅਮ ਵਿਚ ਇਮੀਗਰੇਸ਼ਨ ਹਾਸਲ ਕੀਤੀ ਸੀ। ਮਾਮੇ ਮਹਿੰਦਰ ਸਿੰਘ ਨੇ ਇੱਥੇ ਈ ਬੱਸ ਨਾ ਕੀਤੀ। ਉਹਨੇ ਈਰਖਾ ਦੀ ਅੱਗ 'ਚ ਅਗਲੀ ਸ਼ਿਕਾਇਤ ਆਪਣੇ ਈ ਪਿੰਡ ਦੇ ਅਤੇ ਗੁਆਂਢੀ ਬਲਦੀਪ ਸਿੰਘ ਦੀ ਕਰ ਦਿੱਤੀ। ਇਹ ਸ਼ਿਕਾਇਤ ਚਿੱਠੀ ਦੀ ਬਜਾਏ ਫੈਕਸ ਰਾਹੀਂ ਕੀਤੀ। ਮਾਮੇ ਮਹਿੰਦਰ ਨੇ ਇੱਥੇ ਈ ਬੱਸ ਨਾ ਕੀਤੀ ਸਗੋਂ ਉਹਨੇ ਇਕ ਹੋਰ ਸ਼ਿਕਾਇਤ ਕੀਤੀ ਕਿ ਇਸ ਜਾਅਲਸਾਜ਼ੀ ਦੇ ਧੰਦੇ 'ਚ ਪ੍ਰਗਟ ਸਿੰਘ ਵੀ ਸ਼ਾਮਿਲ ਹੈ ਅਤੇ ਪ੍ਰਗਟ ਦਾ ਪੂਰਾ ਪਤਾ ਵੀ ਨਾਲ ਲਿਖ ਦਿੱਤਾ। ਇਹ ਹੀ ਕਾਰਨ ਸੀ ਕਿ ਬੈਲਜੀਅਮ ਦੀ ਪੁਲਿਸ ਸਾਲ 2005 ਤੋਂ ਇਨ੍ਹਾਂ ਸਾਰਿਆਂ ਖਿਲਾਫ਼ ਸਰਗਰਮ ਹੋ ਗਈ।

ਹੁਣ ਮਾਮੇ ਮਹਿੰਦਰ ਦੀਆਂ ਕਰਤੂਤਾਂ ਦਾ ਚਿੱਠਾ ਪ੍ਰਗਟ ਨੇ ਜਾਣ ਲਿਆ ਸੀ ਕਿ ਉਹ ਇਕ ਜ਼ਖ਼ਮੀ ਸੱਪ ਵਾਂਗ ਫੂੰਕਾਰੇ ਮਾਰ ਰਿਹਾ ਸੀ। ਸਾਲ 2006 ਵਿਚ ਰਹਿਮਾਨ ਦਾ ਕੰਮ ਲੰਬਾ ਚੌੜਾ ਹੋ ਗਿਆ ਸੀ ਅਤੇ ਉਹਨੇ ਹੁੰਡੀ (ਹਵਾਲੇ) ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਕਰਨਾ ਸ਼ੁਰੂ ਕਰ ਦਿੱਤਾ ਸੀ। ਰਹਿਮਾਨ ਨੇ ਪ੍ਰਗਟ 'ਤੇ ਜ਼ੋਰ ਦਿੱਤਾ ਕਿ "ਉਹ ਦੁਕਾਨ ਨੂੰ ਵੇਚਣ ਤੇ ਲਗਾ ਦੇਵੇ ਤੇ ਉਹਦੇ ਨਾਲ ਡਰਾਇਵਰੀ ਦਾ ਕੰਮ ਸ਼ੁਰੂ ਕਰ ਦੇਵੇ।" ਰਹਿਮਾਨ ਨੂੰ ਪ੍ਰਗਟ ਦੀ ਇਮਾਨਦਾਰੀ 'ਤੇ ਭਰੋਸਾ ਸੀ ਅਤੇ ਇਮਾਨਦਾਰ ਡਰਾਈਵਰ ਦੀ ਰਹਿਮਾਨ ਨੂੰ ਸਖਤ ਲੋੜ ਸੀ। ਰਹਿਮਾਨ ਨੇ ਪ੍ਰਗਟ ਨੂੰ ਕਿਹਾ ਕਿ, "ਉਹ ਉਹਨੂੰ 2000 ਯੂਰੋ ਮਹੀਨਾ ਤਨਖਾਹ ਦੇਣ ਤੋਂ ਬਿਨਾਂ ਮੁਫਤ 'ਚ ਰਹਿਣ ਲਈ ਵੀ ਥਾਂ ਦੇਵੇਗਾ।" ਇਹ ਪੇਸ਼ਕਸ਼ ਪ੍ਰਗਟ ਦੀ ਹੁਣ ਵਾਲੀ ਆਮਦਨ ਤੋਂ ਦੁੱਗਣੀ ਸੀ।

ਪ੍ਰਗਟ ਆਪਣੇ ਕੰਮ 'ਚ ਖੁਸ਼ ਸੀ ਇਸੇ ਕਰਕੇ ਰਹਿਮਾਨ ਦੀ ਦੁਕਾਨ ਨੂੰ ਵੇਚਣ ਤੋਂ ਆਲਾ ਟਾਲਾ ਕਰਦਾ ਰਿਹਾ। ਰਹਿਮਾਨ ਕੋਲ ਇੰਨ੍ਹਾਂ ਸਮਾਂ ਕਿਥੇ ਸੀ ਕਿ ਉਹ 135 ਕਿਲੋਮੀਟਰ ਦੂਰ ਤੋਂ ਆ ਕੇ ਦੁਕਾਨ ਦੀ ਸੌਦੇਬਾਜ਼ੀ ਕਰਦਾ ਫਿਰੇ। ਰਹਿਮਾਨ ਦਾ ਲੱਖਾਂ ਦਾ ਹੁਣ ਕਾਰੋਬਾਰ ਸੀ ਅਤੇ ਉਹਦੇ ਕੰਮ ਦੀਆਂ ਤਾਰਾਂ ਦੁਬਈ ਅਤੇ

ਪਾਕਿਸਤਾਨ ਵਿਚਲੇ ਖਤਰਨਾਕ ਲੋਕਾਂ ਨਾਲ ਜੁੜੀਆਂ ਹੋਈਆਂ ਸਨ। ਇਹ ਹੀ ਵੱਡਾ ਕਾਰਨ ਸੀ ਕਿ ਪ੍ਰਗਟ ਇਸ ਕੰਮ 'ਚ ਵੜਨਾ ਨਹੀਂ ਸੀ ਚਾਹੁੰਦਾ। ਪ੍ਰਗਟ ਨੇ ਰਹਿਮਾਨ ਲਈ ਇੰਨਾ ਜ਼ਰੂਰ ਕਰ ਦਿੱਤਾ ਸੀ ਕਿ ਜਦ ਉਹ ਵੱਡੀ ਰਕਮ ਲੈ ਕੇ ਫਰਾਂਸ ਤੋਂ ਬੈਲਜੀਅਮ ਕਾਰ ਰਾਹੀਂ ਦਾਖਲ ਹੋਣਾ ਚਾਹੁੰਦਾ ਸੀ ਤਾਂ ਪ੍ਰਗਟ ਚੌਕੀਦਾਰੀ ਦਾ ਕੰਮ ਕਰ ਦਿੰਦਾ ਸੀ। ਬਾਰਡਰ ਤੇ ਕਾਰ ਰਾਹੀਂ ਨਿਗ੍ਹਾ ਮਾਰਦਾ ਕਿ ਉਥੇ ਚੈਕਿੰਗ ਤਾਂ ਨਹੀਂ ਹੋ ਰਹੀ ਅਤੇ ਇਸ ਬਾਰੇ ਰਹਿਮਾਨ ਨੂੰ ਲਾਲ ਜਾਂ ਹਰੀ ਝੰਡੀ ਦੇ ਦਿੰਦਾ। ਇਹ ਗੁਰ ਜਾਅਲੀ ਬੰਦੇ ਲੰਘਾਉਣ ਵਾਲੇ ਏਜੰਟ ਵੀ ਵਰਤਦੇ ਹਨ।

ਪ੍ਰਗਟ ਦੇ ਲਾਰਿਆਂ ਤੋਂ ਤੰਗ ਆ ਕੇ ਰਹਿਮਾਨ ਨੇ ਪ੍ਰਗਟ ਨੂੰ ਦੁਕਾਨ ਇਸ ਸ਼ਰਤ ਤੇ ਵੇਚਣ ਦਾ ਫੈਸਲਾ ਲਿਆ ਕਿ, "ਉਹ ਜ਼ਰੂਰਤ ਪੈਣ 'ਤੇ ਬਾਰਡਰ ਤੇ ਚੱਕਰ ਮਾਰ ਕੇ ਉਹਨੂੰ ਹਰੀ, ਲਾਲ ਝੰਡੀ ਬਾਰੇ ਇਤਲਾਹ ਦਿੰਦਾ ਰਹੇਗਾ।" ਇਹ ਕੰਮ ਤਾਂ ਪ੍ਰਗਟ ਪਹਿਲਾਂ ਵੀ ਕਰਦਾ ਸੀ। ਵੈਸੇ ਵੀ ਬਾਰਡਰ 'ਤੇ ਚੱਕਰ ਮਾਰਨ ਦਾ ਸਫ਼ਰ ਪ੍ਰਗਟ ਲਈ ਸਿਰਫ 30 ਕੁ ਕਿਲੋਮੀਟਰ ਸੀ। ਰਹਿਮਾਨ ਇਸ ਗੱਲ ਨਾਲ ਵੀ ਸਹਿਮਤ ਹੋ ਗਿਆ ਕਿ ਪ੍ਰਗਟ ਉਹਨੂੰ ਸਾਰੀ ਰਕਮ ਦੇਣ ਦੀ ਬਜਾਏ ਪੈਸੇ ਕਿਸ਼ਤਾਂ ਵਿਚ ਤਾਰ ਦੇਵੇ। ਪ੍ਰਗਟ ਹੁਣ ਖੁਸ਼ ਸੀ ਕਿ ਉਹਨੂੰ ਮਾੜਾ ਮੋਟਾ ਸੁੱਖ ਦਾ ਸਾਹ ਤਾਂ ਆਇਆ ਸੀ।

ਬੈਲਜੀਅਮ ਦੀ ਸੂਹੀਆ ਪੁਲੀਸ ਰਹਿਮਾਨ ਦੀ ਪੈੜ ਨੱਪ ਰਹੀ ਸੀ ਕਿ ਉਹ ਬੀ. ਐਮ. ਡਬਲਯੂ. ਅਤੇ ਟੈਐਟਾ ਮਹਿੰਗੀਆਂ ਕਾਰਾਂ ਕਿਵੇਂ ਰੱਖ ਰਿਹਾ ਸੀ। ਰਹਿਮਾਨ ਨੇ ਆਪਣੀ ਕੰਪਨੀ ਰਾਹੀਂ ਪ੍ਰਗਟ ਦੀ ਫਰਜ਼ੀ ਤੀਵੀਂ ਨੂੰ ਹੀ ਨਹੀਂ ਬਲਕਿ ਕਈ ਹੋਰ ਪੁਰਤਲਾਗੀ ਗੋਰੀਆਂ ਨੂੰ ਵੀ ਕਾਗਜ਼ੀ ਕਾਰਵਾਈ ਦਿਖਾਉਣ ਲਈ ਕੰਮ ਦਿੱਤਾ ਹੋਇਆ ਸੀ। ਇਹ ਜਾਅਲੀ ਕੰਮ ਜਾਅਲੀਆਂ ਨੂੰ ਪੱਕਿਆਂ ਕਰਾਉਣ ਲਈ ਲੋੜੀਂਦਾ ਸੀ। ਇਹਨਾਂ ਫਰਜ਼ੀ ਕੰਮਾਂ ਦੇ ਠੇਕਿਆਂ ਬਾਰੇ ਪੁਲੀਸ ਨੂੰ ਸ਼ੱਕ ਸੀ ਪਰ ਪੁਲੀਸ ਨੂੰ ਉਹਦੇ ਹਵਾਲੇ ਦੇ ਧੰਦੇ ਬਾਰੇ ਬਿਲਕੁਲ ਗਿਆਨ ਨਹੀਂ ਸੀ। ਇਸੇ ਦੌਰਾਨ ਈ ਪ੍ਰਗਟ ਨੇ ਆਪਣੇ ਇਕ ਦੋਸਤ ਕੁਲਬੀਰ ਨੂੰ ਨਾਲ ਲੈ ਕੇ ਇਕ ਨਵੀਂ ਕੰਪਨੀ ਬਣਾ ਲਈ। ਕੁਲਬੀਰ ਕੋਲ ਇੰਡੀਆ ਦੀ ਐਮ. ਏ ਦੀ ਡਿਗਰੀ ਸੀ ਅਤੇ ਇਹ ਕੰਪਨੀ ਬਣਾਉਣ ਲਈ ਬੈਲਜ਼ੀਅਮ 'ਚ ਜ਼ਰੂਰੀ ਸੀ। ਕੁਲਬੀਰ ਹੁਣ ਇਸ ਨਵੀਂ ਕੰਪਨੀ ਵਿਚ ਪ੍ਰਗਟ ਦਾ ਹਿੱਸੇਦਾਰ ਸੀ।

ਪ੍ਰਗਟ 10 ਨਵੰਬਰ ਤੋਂ ਲੈ ਕੇ 20 ਦਸੰਬਰ ਤਕ ਇੰਡੀਆ ਰਿਹਾ। ਇਸ ਸਮੇਂ ਦੌਰਾਨ ਪ੍ਰਗਟ ਦੇ ਦੋ ਦੋਸਤ ਵਾਰੀ-ਵਾਰੀ ਉਹਦੀ ਦੁਕਾਨ ਚਲਾਉਂਦੇ ਰਹੇ। ਪ੍ਰਗਟ ਨੂੰ ਵੀ ਇੰਡੀਆ ਮਜ਼ਬੂਰੀ ਵੱਸ ਜਾਣਾ ਪਿਆ ਸੀ ਕਿਉਂਕਿ ਉਹਦੇ ਪਿਤਾ ਜੀ ਦੀ ਮੌਤ ਹੋ ਗਈ ਸੀ। ਪ੍ਰਗਟ ਜਾਅਲੀਆਂ ਦੀ ਮੱਦਦ ਲਈ ਪੱਬਾਂ ਭਾਰ ਹੋਇਆ ਰਹਿੰਦਾ ਸੀ। ਪੁਰਤਗਾਲ ਰਹਿੰਦਿਆਂ ਉੱਥੇ ਦੀ ਪੁਰਤਗਾਲੀ ਭਾਸ਼ਾ ਦੀ ਮੁਹਾਰਤ ਹਾਸਲ ਕਰ ਲਈ ਸੀ ਅਤੇ ਇਸੇ ਕਰਕੇ ਕਈ ਦੋਸਤਾਂ ਦੀ ਵਕੀਲਾਂ ਜਾਂ ਹੋਰ ਦਫ਼ਤਰੀ ਕੰਮਾਂ 'ਚ ਮੱਦਦ ਕਰਦਾ ਰਹਿੰਦਾ ਸੀ। ਇਸੇ ਸਿਲਸਿਲੇ ਵਿਚ ਉਹਦਾ ਪੁਰਤਗਾਲ ਵੀ ਗੇੜਾ ਬੱਝਿਆ ਰਹਿੰਦਾ ਸੀ। ਆਪਣੇ ਦੋਸਤ ਕੁਲਬੀਰ ਦੀ "ਚਲੰਤ ਤੀਵੀਂ" ਨੂੰ ਵੀ ਇਸੇ ਕਰਕੇ ਫੋਨ ਕਰਦਾ ਰਹਿੰਦਾ ਸੀ ਕਿ ਉਹ ਗਰੀਬ ਕੁਲਬੀਰ ਨੂੰ ਪੈਸਿਆਂ ਲਈ ਪ੍ਰੇਸ਼ਾਨ ਨਾ ਕਰੇ। ਇਸ ਬਲੈਕਮੇਲ ਦੇ ਬਚਾਅ ਨੂੰ ਹੀ ਪੁਲੀਸ ਸ਼ੱਕ ਦੀ ਨਿਗ੍ਹਾ ਨਾਲ ਦੇਖ

ਰਹੀ ਸੀ ਕਿ ਉਹਨੇ ਇੰਨੀਆਂ ਫੋਨ ਕਾਲਾਂ ਕਿਉਂ ਕੀਤੀਆਂ? ਦੋਸਤਾਂ ਦੀ ਮੱਦਦ ਅਤੇ ਉਹਦੀ ਚੰਗਿਆਈ ਹੀ ਉਹਦੇ ਜੇਲ੍ਹ ਆਉਣ ਦਾ ਮੁੱਖ ਕਾਰਨ ਬਣ ਗਈ। ਪ੍ਰਗਟ ਨੂੰ ਹੁਣ ਯੂਰਪ 'ਚ ਰਹਿੰਦਿਆਂ 14 ਸਾਲ ਹੋ ਗਏ ਸਨ ਅਤੇ ਉਹਦੇ ਬਹੁਤੇ ਜਾਅਲੀ ਆਏ ਦੋਸਤਾਂ ਨੇ ਪੁਰਤਗਾਲੀ ਔਰਤਾਂ ਨਾਲ "ਡੰਗ ਟਪਾਊ ਵਿਆਹ" ਕਰਵਾਏ ਹੋਏ ਸਨ ਤਾਂ ਕਿ ਪੱਕਿਆਂ ਹੋ ਸਕੇ। ਪ੍ਰਗਟ ਇਸ ਸਾਰੇ ਕੰਮ 'ਚ "ਪੁਰਤਗੇਜ਼ੀ ਬਾਤ" ਆਉਣ ਕਰਕੇ ਇਕ ਕੜੀ ਦਾ ਕੰਮ ਕਰਦਾ ਸੀ। ਸਾਰੇ ਪਾਸੇ ਫੋਨਾਂ ਦਾ ਸਿਲਸਿਲਾ ਪ੍ਰਗਟ ਹੀ ਚਲਾਉਂਦਾ ਸੀ ਅਤੇ ਹੁਣ ਬੈਲਜੀਅਮ ਪੁਲੀਸ ਇਹ ਸਿੱਟਾ ਕੱਢ ਰਹੀ ਸੀ ਕਿ ਪ੍ਰਗਟ ਇਕ ਗੈਂਗ ਬਣਾ ਰਿਹਾ ਸੀ ਅਤੇ ਇਸ ਗੈਂਗ ਦਾ ਕਰਤਾ-ਧਰਤਾ ਵੀ ਉਹ ਹੀ ਸੀ।

ਰਹਿਮਾਨ ਦੀ ਪੈੜ ਨੱਪਦੀ ਪੁਲੀਸ ਨੇ ਉਹਨੂੰ 20 ਫਰਵਰੀ ਨੂੰ ਚੁੱਕ ਲਿਆ। ਰਹਿਮਾਨ ਦੀ ਤਫਤੀਸ਼ ਦੌਰਾਨ ਰਹਿਮਾਨ ਨੇ ਸਾਰਾ ਭਾਂਡਾ ਪ੍ਰਗਟ ਸਿਰ ਭੰਨ ਦਿੱਤਾ ਕਿ ਇਸ ਹੇਰਾਫੇਰੀ ਦੇ ਧੰਦੇ ਦੀ ਕੁੰਜੀ ਪ੍ਰਗਟ ਕੋਲ ਹੈ। ਪ੍ਰਗਟ ਹੀ ਮਾਸਟਰ ਮਾਈਂਡ ਹੈ ਅਤੇ ਇਸ ਕਾਲੇ ਧੰਦੇ ਦਾ ਡੌਨ ਹੈ। ਆਪਣੇ ਬਚਾਅ ਲਈ ਰਹਿਮਾਨ ਨੇ ਪੁਲੀਸ ਨੂੰ ਇਹ ਵੀ ਦੱਸ ਦਿੱਤਾ ਕਿ ਪ੍ਰਗਟ ਦੇ ਨਾਲ ਉਹਦਾ ਦੋਸਤ ਕੁਲਬੀਰ ਜੋ ਕਿ ਰਹਿਮਾਨ ਦੀ ਵੀਡਿਓ ਦੁਕਾਨ 'ਤੇ ਕੰਮ ਕਰਦਾ ਸੀ ਅਤੇ ਇਕ ਹੋਰ ਦੋਸਤ ਹਰਪਾਲ ਵੀ ਸ਼ਾਮਲ ਹੈ ਜੋ ਕਿ ਪੁਰਤਗਾਲ 'ਚ ਰਹਿੰਦਾ ਹੈ। ਰਹਿਮਾਨ ਨੇ ਚੁਸਤੀ ਕਰਦਿਆਂ ਪੁਲੀਸ ਨੂੰ ਕਿਹਾ ਕਿ ਇਸ ਜਾਣਕਾਰੀ ਬਾਰੇ ਰਿਪੋਰਟ 'ਚ ਨਾ ਲਿਖਿਆ ਜਾਵੇ ਪਰ ਉਸ ਦਗਾਬਾਜ਼ ਨੂੰ ਕੀ ਇਲਮ ਸੀ ਕਿ ਪੁਲੀਸ ਉਸ ਵੇਲੇ ਤਾਂ ਮੰਨ ਜਾਊ ਪਰ ਸਰਕਾਰੀ ਕਾਰਵਾਈ ਵੇਲੇ ਕਦੇ ਇਹ ਨਹੀਂ ਕਰੇਗੀ ਕਿ ਫੜੇ ਹੋਏ ਬੰਦੇ ਦੀ ਸਾਰੀ ਤਫ਼ਤੀਸ਼ ਬਾਰੇ ਰਿਪੋਰਟ 'ਚ ਨਾ ਲਿਖੇ। ਹੁਣ ਪੁਲੀਸ ਨੇ ਰਹਿਮਾਨ ਨੂੰ ਛੱਡ ਦਿੱਤਾ ਅਤੇ ਪ੍ਰਗਟ ਨੂੰ ਜਾ ਦਬੋਚਿਆ। ਪ੍ਰਗਟ ਦੀ ਦੁਕਾਨ ਅਤੇ ਘਰ ਦੀ ਦੋ ਘੰਟੇ ਤਲਾਸ਼ੀ ਲਈ ਗਈ। ਪੁਲਿਸ ਨੇ ਪੱਤਾ ਪੱਤਾ ਛਾਣ ਮਾਰਿਆ ਪਰ ਉਨ੍ਹਾਂ ਦੇ ਹੱਥ ਕੁੱਝ ਨਾ ਲੱਗਾ। ਇਸ ਤੋਂ ਬਾਅਦ ਰਾਤ ਨੂੰ ਦੋ ਵਜੇ ਤੋਂ ਲੈ ਕੇ ਸਵੇਰ ਦੇ 8 ਵਜੇ ਤੱਕ ਪੁੱਛਗਿੱਛ ਕਰਦੇ ਰਹੇ। ਇਸ ਤਫ਼ਤੀਸ਼ 'ਚ ਪੁਲੀਸ ਨੇ ਕਾਫੀ ਸਖ਼ਤੀ ਵਰਤੀ ਅਤੇ ਦੁਭਾਸ਼ੀਆ ਅਬਾਸ ਲਾਡਾ ਵੀ ਵਾਹਵਾ ਦਬਕੇ ਮਾਰਦਾ ਰਿਹਾ। ਉਹਨੇ ਪ੍ਰਗਟ ਨੂੰ ਲਾਲਚ ਵੀ ਦਿੱਤਾ ਕਿ, "ਉਹ ਸੱਚ ਸੱਚ ਦੱਸ ਦੇਵੇ ਤੇ ਸੱਚ ਦੱਸਣ 'ਤੇ ਉਹ ਉਹਦੀ ਮੱਦਦ ਕਰੇਗਾ।" ਪਰ ਪ੍ਰਗਟ ਨੇ ਕੱਚੀਆਂ ਗੋਲੀਆਂ ਨਹੀਂ ਸਨ ਖੇਡੀਆਂ।

ਉਹਨੇ ਦੁਨੀਆ ਦਾ ਚੋਣਵਾਂ ਸਾਹਿਤ ਤਾਂ ਪੜ੍ਹਿਆ ਹੀ ਸੀ ਸਗੋਂ ਮੋਹਨ ਲਾਲ ਭਾਸਕਰ ਦੀ ਕਿਤਾਬ, "ਮੈਂ ਸੀ ਪਾਕਿਸਤਾਨ 'ਚ ਭਾਰਤ ਦਾ ਜਾਸੂਸ" ਵੀ ਪੜ੍ਹੀ ਹੋਈ ਸੀ। ਅਗਲੇ ਦਿਨ ਪ੍ਰਗਟ ਨੂੰ ਜੱਜ ਸਾਹਮਣੇ ਕਚਿਹਰੀ 'ਚ ਪੇਸ਼ ਕੀਤਾ ਅਤੇ ਫਿਰ ਜੇਲ੍ਹ 'ਚ ਬੰਦ ਕਰ ਦਿੱਤਾ। ਜੇਲ੍ਹ ਭੇਜਣ ਦੇ ਫੈਸਲੇ ਦੀ ਜਦ ਕਾਪੀ ਪ੍ਰਗਟ ਨੂੰ ਮਿਲੀ ਤਾਂ ਉਹਦੇ ਤੋਂ ਹੀ ਪਤਾ ਲੱਗਾ ਕਿ ਉਹਦੀ ਅਤੇ ਬਾਕੀਆਂ ਦੀ ਇੰਡੀਆ ਤੋਂ ਸ਼ਿਕਾਇਤ ਕੀਤੀ ਗਈ ਸੀ ਅਤੇ ਇਨ੍ਹਾਂ ਸਾਰਿਆਂ ਬਾਰੇ ਪਿਛਲੇ ਦੋ ਸਾਲ ਤੋਂ ਪੁਲਿਸ ਖੁਰਾ ਖੋਜ ਨੱਪ ਰਹੀ ਸੀ। ਇਸ ਰਿਪੋਰਟ ਤੋਂ ਹੀ ਪ੍ਰਗਟ ਨੂੰ ਗਿਆਨ ਹੋਇਆ ਸੀ ਕਿ ਰਹਿਮਾਨ ਨੇ ਉਹਦੀ ਪਿੱਠ 'ਚ ਛੁਰਾ ਖੋਭ ਦਿੱਤਾ ਸੀ।

ਪ੍ਰਗਟ 'ਤੇ ਮਨੁੱਖੀ ਤਸਕਰੀ ਦਾ ਇਸੇ ਕਰਕੇ ਇਲਜ਼ਾਮ ਲਾ ਦਿੱਤਾ ਸੀ ਕਿ

2005 'ਚ ਜਦ ਇਕ ਦੇਸੀ ਜੋੜਾ ਜ਼ੀਬਰੂਜ ਬੰਦਰਗਾਹ ਤੋਂ ਇੰਗਲੈਂਡ ਜਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਤਲਾਸ਼ੀ ਵੇਲੇ ਉਹਨਾਂ ਕੋਲੋਂ ਪ੍ਰਗਟ ਦਾ ਫੋਨ ਨੰਬਰ ਨਿਕਲ ਆਇਆ ਸੀ। ਇਸ ਤੋਂ ਬਿਨਾਂ ਪ੍ਰਗਟ 'ਤੇ ਇਹ ਵੀ ਇਲਜ਼ਾਮ ਮੜ੍ਹਿਆ ਗਿਆ ਕਿ ਉਹਨੇ 24 ਫਰਜ਼ੀ ਵਿਆਹ ਕਰਾਉਣ 'ਚ ਦੇਸੀ ਮੁੰਡਿਆਂ ਦੀ ਮੱਦਦ ਕੀਤੀ ਸੀ। ਇਸ ਜਾਅਲੀ ਧੰਦੇ ਦੀ ਦਲਾਲੀ 'ਚੋਂ ਉਹਨੇ ਹਰ ਆਦਮੀ ਤੋਂ 25 ਹਜ਼ਾਰ ਲੈ ਕੇ 30 ਹਜ਼ਾਰ ਯੂਰੋ ਲਿਆ ਸੀ ਅਤੇ ਹਰੇਕ 'ਚੋਂ 3000 ਯੂਰੋ ਕਮਾਇਆ ਸੀ। ਪਰ ਪ੍ਰਗਟ ਕੋਲ ਨਾ ਤਾਂ ਬੈਲਜੀਅਮ ਅਤੇ ਨਾ ਹੀ ਇੰਡੀਆ 'ਚ ਕੋਈ ਜਾਇਦਾਦ, ਮਹਿਲ ਮਾੜੀਆਂ ਜਾਂ ਜ਼ਮੀਨ ਸੀ ਜਿਸ ਤੋਂ ਸਾਬਤ ਹੋ ਸਕੇ ਕਿ ਇਹ ਸਭ ਉਹਦੇ ਕਾਲੇ ਧੰਦੇ ਦੀ ਕਮਾਈ ਦਾ ਲਿਸ਼ਕਾਰਾ ਹੈ। ਦੋ ਮਹੀਨਿਆਂ ਦੀ ਪੂਰੀ ਛਾਣ-ਬੀਣ ਤੋਂ ਬਾਅਦ ਕਚਹਿਰੀ 'ਚ ਜੱਜ ਨੇ ਸਾਫ ਕਹਿ ਦਿੱਤਾ ਕਿ, "ਇਹਨਾਂ ਦੋਸ਼ਾਂ ਦਾ ਕੋਈ ਅਧਾਰ ਨਹੀਂ ਹੈ।" ਹੁਣ ਪ੍ਰਗਟ 'ਤੇ ਸਿਰਫ ਇਹ ਇਲਜ਼ਾਮ ਰਹਿ ਗਿਆ ਕਿ 'ਪ੍ਰਗਟ ਨੇ ਲੋੜਵੰਦਾਂ ਨੂੰ ਏਜੰਟ ਨਾਲ ਸੰਪਰਕ 'ਚ ਲਿਆਂਦਾ ਸੀ।' ਸਰਕਾਰੀ ਵਕੀਲ ਨੇ ਕਚਹਿਰੀ 'ਚ ਜੱਜ ਨੂੰ ਦਲੀਲ ਦਿੱਤੀ ਕਿ ਤਫ਼ਤੀਸ਼ ਅਜੇ ਵੀ ਜਾਰੀ ਹੈ ਅਤੇ ਜੇਕਰ ਪ੍ਰਗਟ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ ਤਾਂ ਉਹਨੂੰ ਖਦਸ਼ਾ ਹੈ ਕਿ ਪ੍ਰਗਟ ਜਾਂ ਤਾਂ ਕਿਤੇ ਛੁਪਣ ਹੋ ਜਾਵੇਗਾ ਜਾਂ ਕਿਸੇ ਹੋਰ ਮੁਲਕ ਉਡਾਰੀ ਮਾਰ ਜਾਵੇਗਾ।"

ਮਨੁੱਖੀ ਤਸਕਰੀ ਦਾ ਇਲਜ਼ਾਮ ਵੀ ਪ੍ਰਗਟ ਨੇ ਸਾਫ ਕਰ ਦਿੱਤਾ ਸੀ ਕਿ ਜਿਸ ਜੋੜੇ ਕਰਕੇ ਉਹਦੇ 'ਤੇ ਇਲਜਾਮ ਲੱਗ ਰਿਹਾ ਸੀ, ਉਹ ਉਹਦੇ ਜਰਮਨੀ 'ਚ ਰਹਿੰਦੇ ਇਕ ਦੋਸਤ ਦਾ ਰਿਸ਼ਤੇਦਾਰ ਸੀ ਅਤੇ ਇਸ ਜੋੜੇ ਨੂੰ ਵੀ ਕੁੱਝ ਦਿਨ ਪ੍ਰਗਟ ਨੇ ਆਪਣੇ ਘਰ, ਏਜੰਟ ਰਾਜ ਕੁਮਾਰ ਦੇ ਕਹਿਣ 'ਤੇ ਰੱਖਿਆ ਸੀ। ਇਸ ਤੋਂ ਜ਼ਿਆਦਾ ਹੋਰ ਕੁੱਝ ਪ੍ਰਗਟ ਨੇ ਨਹੀਂ ਸੀ ਕੀਤਾ।

ਇਹ ਕੀਤੀ ਭਲਾਈ ਹੀ ਉਹਦੇ ਗਲ ਨੂੰ ਆ ਗਈ ਸੀ। ਜੇਲ੍ਹ 'ਚ ਰਹਿੰਦਿਆਂ ਪੁਲਿਸ ਨੇ ਘੰਟਿਆਂ ਬੱਧੀ ਚਾਰ ਵਾਰੀ ਪ੍ਰਗਟ ਦੀ ਪੁੱਛਗਿਛ ਕੀਤੀ ਅਤੇ ਪ੍ਰਗਟ ਨੇ ਇਮਾਨਦਾਰੀ ਨਾਲ ਸਭ ਕੁੱਝ ਸੱਚ ਸੱਚ ਦੱਸ ਦਿੱਤਾ ਤਾਂ ਕਿ ਪੁਲਿਸ ਅਸਲੀ ਮੁਜਰਮਾਂ ਤੱਕ ਪਹੁੰਚ ਸਕੇ। ਇਥੋਂ ਤੱਕ ਕਿ ਪੁਲਿਸ ਨੇ ਜਦ ਪ੍ਰਗਟ ਨੂੰ ਭੇਚਲ ਲਿਆ ਤਾਂ ਉਹਨੇ ਇਹ ਵੀ ਉਗਲ ਦਿੱਤਾ ਕਿ, "ਉਹਨੇ ਆਪਣਾ ਵਿਆਹ ਇਕ ਏਜੰਟ ਰਾਹੀਂ ਫਰਜ਼ੀ ਤੌਰ 'ਤੇ ਕਰਵਾਇਆ ਸੀ।" ਪ੍ਰਗਟ ਨੇ ਹੋਰ ਬੇਵਕੂਫੀ ਇਹ ਕੀਤੀ ਕਿ ਪੁਲਿਸ ਨੂੰ ਏਜੰਟ ਦਾ ਸਾਰਾ ਅਤਾ ਪਤਾ ਤਾਂ ਦੱਸਿਆ ਸੀ ਸਗੋਂ ਇਹ ਵੀ ਦੱਸ ਦਿੱਤਾ ਕਿ ਏਜੰਟ ਨੇ ਕਈ ਹੋਰ ਦੋਸਤਾਂ ਦੇ ਵੀ ਫਰਜ਼ੀ ਵਿਆਹ ਕਰਵਾਏ ਸਨ। ਪੁਲਿਸ ਨੇ ਜਦ ਇਸ ਬਾਰੇ ਵਿਸਥਾਰ ਜਾਨਣਾ ਚਾਹਿਆ ਤਾਂ ਪ੍ਰਗਟ ਨੇ ਦੱਸ ਦਿੱਤਾ ਕਿ ਦੋਸਤਾਂ ਦੇ ਵਿਆਹਾਂ ਦੀ ਗੰਢ ਤੁੱਪ ਵੇਲੇ ਉਹਨਾਂ ਦੇ ਨਾਲ ਗਿਆ ਸੀ ਅਤੇ ਏਜੰਟ ਨਾਲ ਪੈਸਿਆਂ ਦੀ ਸਾਰੀ ਸੌਦੇਬਾਜੀ ਉਹਦੇ ਸਾਹਮਣੇ ਹੀ ਹੋਈ ਸੀ।" ਹੁਣ ਇਹ ਗੱਲ ਦੇਸੀ ਸੱਭਿਆਚਾਰ ਮੁਤਾਬਕ ਇਕ ਆਮ ਜੇਹੀ ਹੈ ਤਾਂ ਕਿ ਲੋੜਵੰਦ ਦਾ ਕਿਸੇ ਲੱਗ ਲਵੇੜ ਦੇ ਕੰਮ ਹੋ ਜਾਵੇ। ਪਰ ਮਹਾਂ-ਨਲਾਇਕ ਦੁਭਾਸ਼ੀਏ ਦੀ ਮੇਹਰਬਾਨੀ ਸਦਕਾ ਪੁਲੀਸ ਨੇ ਪ੍ਰਗਟ ਨੂੰ ਇਕ ਸਬ-ਏਜੰਟ ਦੇ ਤੌਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਇਹ ਲੰਡਨੋਂ ਗਿਆ ਦੁਭਾਸ਼ੀਆ ਗੈਰ-ਪੰਜਾਬੀ ਸੀ ਅਤੇ ਉਹਨੂੰ ਦੇਸੀ ਬੋਲੀਆਂ 'ਚੋਂ ਸਿਰਫ਼ ਹਿੰਦੀ ਹੀ ਆਉਂਦੀ ਸੀ। ਇਹ ਹੀ ਕਾਰਨ ਸੀ ਕਿ ਪ੍ਰਗਟ ਅਜੇ ਵੀ ਪਿਛਲੇ ਸਾਢੇ ਕੁ ਤਿੰਨ

ਮਹੀਨਿਆਂ ਤੋਂ ਜੇਲ੍ਹ ਅੰਦਰ ਬੰਦ ਸੀ। ਇਸ ਸਮੇਂ ਦੌਰਾਨ ਦੋ ਹਫਤੇ ਪ੍ਰਗਟ ਦੀ ਦੁਕਾਨ ਬੰਦ ਰਹੀ ਤੇ ਫਿਰ ਇਕ ਦੋਸਤ ਨੇ ਦੁਕਾਨ ਖੋਲ੍ਹਣੀ ਸ਼ੁਰੂ ਕਰ ਦਿੱਤੀ ਤਾਂ ਕਿ ਪ੍ਰਗਟ ਦਾ ਹੋਰ ਨੁਕਸਾਨ ਨਾ ਹੋਵੇ। ਪੁਲੀਸ ਨੇ ਪ੍ਰਗਟ ਦੇ ਸਾਰੇ ਦੋਸਤਾਂ ਅਤੇ ਉਹਨਾਂ ਦੀਆਂ ਗਰਲ ਫਰੈਂਡਾਂ ਅਤੇ ਫਰਜ਼ੀ-ਤੀਵੀਆਂ ਦੀ ਵੀ ਪੁੱਛਗਿੱਛ ਕਰ ਲਈ ਤਾਂ ਕਿ ਪ੍ਰਗਟ ਖਿਲਾਫ ਕੋਈ ਸਬ-ਏਜੰਟੀ ਜਾਂ ਗੈਂਗ ਨਾਲ ਸਬੰਧਤ ਹੋਣ ਦਾ ਸਬੂਤ ਮਿਲ ਸਕੇ ਪਰ ਪੁਲੀਸ ਦੇ ਹੱਥ ਕੁਝ ਨਾ ਆਇਆ।

ਪ੍ਰਗਟ ਦੀ ਕਚਿਹਰੀ 'ਚ ਹਰ ਵਾਰੀ ਤਾਰੀਖ ਅੱਗੇ ਪਾ ਦਿੱਤੀ ਜਾਂਦੀ ਰਹੀ ਕਿ ਪੁਲੀਸ ਅਜੇ ਤਪਤੀਸ਼ ਕਰ ਰਹੀ ਸੀ। ਇਹਦੇ ਨਾਲ ਪ੍ਰਗਟ ਨੂੰ ਧੁੜਕੂ ਲੱਗਾ ਰਹਿੰਦਾ ਕਿ ਪੁਲੀਸ ਕਿਤੇ ਉਹਨੂੰ ਕਿਸੇ ਗੈਂਗ 'ਚ ਫਸਾ ਕੇ ਉਹਦੀ ਸਾਰੀ ਜ਼ਿੰਦਗੀ ਨਾ ਬਰਬਾਦ ਕਰ ਦੇਵੇ ਅਤੇ ਯੂਰਪ 'ਚ 14-15 ਸਾਲਾਂ ਦੀ ਕੀਤੀ ਕਮਾਈ ਨਾਲ ਬਣਾਈ ਛੋਟੀ ਜੇਹੀ ਦੁਕਾਨੜੀ ਵੀ ਜਾਦੀ ਨਾ ਲੱਗੇ। ਪ੍ਰਗਟ ਨੇ ਅਰਜ਼ੀ ਦਾਇਰ ਕਰ ਦਿੱਤੀ ਕਿ ਦੁਭਾਸ਼ੀਆ ਬਦਲ ਦਿੱਤਾ ਜਾਵੇ ਕਿਉਂਕਿ ਦੁਭਾਸ਼ੀਏ ਨੂੰ ਤਾਂ ਪੰਜਾਹ ਪ੍ਰਤੀਸ਼ਤ ਹਿੰਦੀ ਵੀ ਨਹੀਂ ਆਉਂਦੀ ਸੀ ਅਤੇ ਉਹਨੂੰ "ਵੈਸੇ ਈ" ਜਾਂ "ਇਤਫਾਕ" ਵਰਗੇ ਸ਼ਬਦਾਂ ਦੀ ਸਮਝ ਈ ਨਹੀਂ ਸੀ, ਉਲੱਥਾ ਤਾਂ ਕੀ ਕਰਨੈ। ਕਚਿਹਰੀ 'ਚ ਜਦ ਇਕ ਵਾਰ ਪ੍ਰਗਟ ਕੋਲੋਂ ਪੁੱਛਿਆ ਗਿਆ ਕਿ ਕੀ, "ਤੇਰੇ ਕਿਸੇ ਹੋਰ ਕੁੜੀ ਨਾਲ ਸਬੰਧ ਹਨ?" ਤਾਂ ਪ੍ਰਗਟ ਕਿਹਾ ਕਿ "ਉਹਦੀ ਇਕ ਅਰਬੀ ਕੁੜੀ ਜਾਣੂ ਹੈ ਅਤੇ ਉਹਨੂੰ ਇਕ ਸਾਧਾਰਨ ਦੋਸਤ ਵੀ ਕਿਹਾ ਜਾ ਸਕਦਾ।" ਇਸ ਮੂਰਖ ਦੁਭਾਸ਼ੀਏ ਨੇ ਇਸ ਗੱਲ ਦਾ ਉਲਥਾ ਕਰ ਦਿੱਤਾ ਕਿ, "ਪ੍ਰਗਟ ਦੇ ਅਰਬੀ ਕੁੜੀ ਨਾਲ "ਬਿਸਤਰੀ ਸਬੰਧ" ਹਨ।" ਦੁਭਾਸ਼ੀਏ ਦੀ ਇਸ ਯੱਭਲੀ ਤੇ ਪੁਲੀਸ ਨੇ ਅਰਬੀ ਕੁੜੀ ਦਾ ਘਰ ਛਾਣ ਮਾਰਿਆ ਅਤੇ ਕਈ ਘੰਟੇ ਉਹਦੀ ਪੁੱਛਗਿੱਛ ਕੀਤੀ। ਪਰ ਪੁਲੀਸ ਦੇ ਹੱਥ ਨਾ ਕੁੱਝ ਆਉਣਾ ਸੀ ਅਤੇ ਨਾ ਹੀ ਆਇਆ।

ਆਪਣੇ ਬਚਾਅ ਲਈ ਰਹਿਮਾਨ ਨੇ ਪ੍ਰਗਟ ਦੇ ਦੋਸਤ ਕੁਲਬੀਰ ਦਾ ਨਾਂ ਵੀ ਇਸ ਸਾਰੀ ਕਾਰਵਾਈ 'ਚ ਜੋੜ ਦਿੱਤਾ ਸੀ। ਬਹੁਤੇ ਪੰਜਾਬੀ ਮੁੰਡਿਆਂ ਵਾਂਗ ਕੁਲਬੀਰ ਵੀ ਇਕ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ। ਪਹਿਲਾਂ ਪੁਰਤਗਾਲ 'ਚ ਛੇ ਸਾਲ ਬਿਲਡਿੰਗਾਂ 'ਚ ਮਜ਼ਦੂਰੀ ਕਰਦਾ ਰਿਹਾ ਸੀ ਤੇ ਫਿਰ ਰਹਿਮਾਨ ਦੀ ਦੁਕਾਨ 'ਤੇ ਦੋ ਸਾਲ ਤੋਂ ਕੰਮ ਕਰ ਰਿਹਾ ਸੀ। ਦੂਸਰਾ ਦੋਸਤ ਹਰਪਾਲ ਵੀ ਇਸ ਕੇਸ 'ਚ ਵਗਲਿਆ ਗਿਆ ਸੀ ਅਤੇ ਸਭ ਰਹਿਮਾਨ ਦੀਆਂ ਮੇਹਰਬਾਨੀਆਂ ਕਰਕੇ ਸੀ। ਗਰੀਬ ਹਰਪਾਲ ਵੀ ਪਿਛਲੇ ਪੰਜ ਸਾਲ ਤੋਂ ਇਕ ਸੁਪਰ ਮਾਰਕਿਟ ਵਿਚ ਰਾਤ ਨੂੰ ਸਫਾਈ ਕਰਨ ਦਾ ਕੰਮ ਕਰਦਾ ਸੀ ਅਤੇ ਉਹਨੂੰ ਮਸੀਂ 550 ਯੂਰੋ ਮਹੀਨਾ ਤਨਖਾਹ ਮਿਲਦੀ ਸੀ। ਯੂਰਪ ਦੇ ਮਹਿੰਗਿਆਂ ਸ਼ਹਿਰਾਂ 'ਚ ਰਹਿਣਾ ਜਿਥੇ ਹਰ ਚੀਜ਼ ਮਹਿੰਗੇ ਮੁੱਲ ਦੀ ਹੋਵੇ, ਇੰਨੇ ਕੁ ਪੈਸਿਆਂ ਨਾਲ ਤਾਂ ਮਸੀਂ ਇਕੱਲੇ ਬੰਦੇ ਦਾ ਈ ਗੁਜ਼ਾਰਾ ਹੋ ਸਕਦੈ ਤੇ ਉਹ ਵੀ ਗਰੀਬੀ ਦਾਵੇ ਜਿਹਾ। ਡੁੱਬੀ ਤਾਂ ਹੀ ਜਦ ਸਾਹ ਨਾ ਆਇਆ। ਬੋਲੀ ਦੀ ਦਿੱਕਤ, ਨਸਲਵਾਦ, ਇੰਡਿਆ ਦੀ ਕੀਤੀ ਪੜ੍ਹਾਈ ਦੀ ਬੇਕਦਰੀ ਅਤੇ ਜਾਅਲੀਪੁਣਾ ਇਹਨਾਂ "ਫੌਜੀਆਂ" ਨੂੰ ਕੋਈ ਚੰਗੀ ਨੌਕਰੀ ਨਹੀਂ ਦੇ ਸਕਦਾ ਸੀ। ਯੂਰਪੀਨ ਮੁਲਕਾਂ 'ਚ ਚੰਗੀਆਂ ਨੌਕਰੀਆਂ ਲੈਣ ਲਈ ਬੜੀ ਜੱਦੋ ਜਹਿਦ ਕਰਨੀ ਪੈਂਦੀ ਹੈ। ਯੂਰਪੀਨ ਮੁਲਕਾਂ 'ਚ ਸਰਟੀਫਿਕੇਟ ਲੇਵਲ ਤੱਕ ਲਏ ਪ੍ਰਵਾਨੇ ਦੀ ਵੀ ਕਦਰ ਹੈ ਜਦੋਂ ਕਿ ਦੇਸੀ ਐਮ. ਐਸ. ਸੀਆਂ ਅਤੇ

ਡਾਕਟਰੇਟਾਂ ਇਥੇ ਘੱਟੋ 'ਚ ਰੁਲਦੀਆਂ ਫਿਰਦੀਆਂ। ਆਈ. ਟੀ. ਦੀ ਜਾਂ ਮੈਡੀਕਲ ਡਾਕਟਰੀ ਜਾਂ ਨਰਸਾਂ ਵਗੈਰਾ ਦੀ ਵੀ ਮਾੜੀ ਮੋਟੀ ਹੁਣ ਤੱਕ ਤਾਂ ਕਦਰ ਰਹੀ ਹੈ ਕਿ ਇਹਨਾਂ ਨੂੰ ਥੋਕ ਦੇ ਭਾਅ ਇਹ ਲਾਣਾ ਸਸਤੇ ਭਾਅ ਮਿਲਦਾ ਰਿਹਾ। ਵੈਸੇ ਵੀ ਯੂਰਪੀਨ ਗੋਰੇ ਗੋਰੀਆਂ ਨੂੰ ਪਤਾ ਹੈ ਕਿ ਇੰਡੀਆ ਤੋਂ ਨਕਲਾਂ ਮਾਰ ਕੇ ਅਤੇ ਪੈਸੇ ਦੇ ਕੇ ਜਾਅਲੀ ਡਿਗਰੀਆਂ ਲਈਆਂ ਜਾ ਸਕਦੀਆਂ ਹਨ। ਹੇਰਾਫੇਰੀ ਅਤੇ ਧੋਖਾਧੜੀ 'ਚ ਇੰਡੀਆ ਦੀ ਦੁਨੀਆਂ ਭਰ 'ਚੋਂ ਝੰਡੀ ਵਾਰੇ ਵੀ ਇਹਨਾਂ ਨੂੰ ਪੂਰਾ ਗਿਆਨ ਹੈ। ਇਹ ਹੀ ਕਾਰਨ ਹੈ ਕਿ ਬਹੁਤੀ ਵਾਰ ਇਮਾਨਦਾਰ ਲੋਕ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖੇ ਜਾਂਦੇ ਹਨ। ਪ੍ਰਗਟ ਵੀ ਇਸ ਘੁੰਮਣ ਘੇਰੀ 'ਚ ਫਸ ਚੁੱਕਾ ਸੀ। ਉਹ ਤਿੰਨ ਸਾਲ ਤੋਂ ਰਾਤਾਂ ਝਾਗ ਕੇ ਡਿਊਟੀ ਕਰ ਰਿਹਾ ਸੀ ਅਤੇ ਉਹਦੀ ਦੋ ਵਾਰੀ ਦੁਕਾਨ ਵੀ ਲੁੱਟੀ ਜਾ ਚੁੱਕੀ ਸੀ। ਇੱਕ ਵਾਰ ਝਗੜੇ ਦੌਰਾਨ ਤਾਂ ਉਹ ਖਾਸਾ ਜਖ਼ਮੀ ਹੋ ਗਿਆ ਸੀ ਅਤੇ ਹਸਪਤਾਲ ਵਿਚ ਉਹਨੂੰ 10 ਟਾਂਕੇ ਲਾਉਣੇ ਪਏ ਸੀ। ਜੇਕਰ ਪ੍ਰਗਟ ਨੂੰ ਦੋ ਨੰਬਰ ਦੀ ਕਮਾਈ ਹੁੰਦੀ ਤਾਂ ਉਹ ਰਾਤ ਦੇ ਖਤਰੇ ਵਾਲੀ ਡਿਊਟੀ ਕਿਉਂ ਕਰਦਾ ਅਤੇ ਦਸ ਦਸ ਸੈਂਟ ਇਕੱਠੇ ਕਰਨ ਦੇ ਝਮੇਲੇ 'ਚ ਕਿਉਂ ਪੈਂਦਾ। ਪ੍ਰਗਟ ਤਾਂ ਪੈਸੇ ਪੈਸੇ ਤੋਂ ਆਤੁਰ ਹੋਇਆ ਪਿਆ ਸੀ ਜਦੋਂ ਕਿ ਬਲੈਕ ਦਾ ਧੰਦਾ ਕਰਨ ਵਾਲੇ ਤਾਂ ਪੈਸੇ ਨਾਲ ਆਫਰੇ ਹੁੰਦੇ ਹਨ।

ਇਸ ਵੇਲੇ ਪ੍ਰਗਟ ਦਾ ਦੋਸਤ ਕੁਲਬੀਰ ਇੰਡੀਆ ਗਿਆ ਹੋਇਆ ਸੀ ਅਤੇ ਰਹਿਮਾਨ ਦੋਵੇਂ ਪਾਸੇ ਚੁਸਤੀ ਕਰ ਰਿਹਾ ਸੀ। ਪ੍ਰਗਟ ਅਤੇ ਉਹਦੇ ਦੋਸਤਾਂ ਖਿਲਾਫ ਸਭ ਝੂਠੇ ਬਿਆਨ ਦੇ ਕੇ ਆਪ ਪੁਲੀਸ ਦੀ ਦਾੜ੍ਹ ਹੇਠ ਆਉਣ ਤੋਂ ਬਚ ਗਿਆ ਸੀ। ਇਹਤੋਂ ਬਿਨਾਂ ਰਹਿਮਾਨ ਇਹ ਕਾਲਾ ਧੰਦਾ ਬੜੀ ਚੁਸਤੀ ਨਾਲ ਕਰ ਰਿਹਾ ਸੀ ਅਤੇ ਆਪਣੇ ਕਾਲੇ ਕਾਰਨਾਮਿਆਂ ਦਾ ਕੋਈ ਪਿੱਛੇ ਸਬੂਤ ਵੀ ਨਹੀਂ ਸੀ ਛੱਡਦਾ। ਹੁਣ ਕੁਲਬੀਰ ਨੂੰ ਉਹਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ, "ਉਹ ਅਜੇ ਉਨੀ ਦੇਰ ਵਾਪਸ ਨਾ ਆਵੇ ਜਿੰਨੀ ਦੇਰ ਉਹ ਪ੍ਰਗਟ ਨੂੰ ਜੇਲ੍ਹ 'ਚੋਂ ਬਾਹਰ ਨਹੀਂ ਕਢਾ ਲੈਂਦਾ।" ਪਰ ਪ੍ਰਗਟ ਨੂੰ ਉਹਦੀਆਂ ਲੂੰਬੜ ਚਾਲਾਂ ਦਾ ਪੂਰਾ ਗਿਆਨ ਸੀ। ਇਹ ਹੀ ਕਾਰਨ ਸੀ ਕਿ ਪ੍ਰਗਟ ਨੇ ਜੇਲ੍ਹ 'ਚੋਂ ਦੋ ਚਿੱਠੀਆਂ ਆਪਣੇ ਦੋਸਤ ਬਲਦੀਪ ਨੂੰ ਦਿੱਤੀਆਂ ਕਿ ਉਹ ਮੇਰੇ ਤੱਕ ਪਹੁੰਚਦੀਆਂ ਕਰ ਦੇਵੇ।

ਮੈਂ ਨਾ ਤਾਂ ਬਲਦੀਪ ਅਤੇ ਨਾ ਹੀ ਪ੍ਰਗਟ ਜਾਂ ਉਹਦੇ ਕਿਸੇ ਹੋਰ ਦੋਸਤ ਦਾ ਵਾਕਿਫ ਸੀ। ਪਰ ਬਲਦੀਪ ਨੂੰ ਫੋਨ 'ਤੇ ਮੈਂ 'ਹਾਂ' ਕਰ ਦਿੱਤੀ। ਹੁਣ ਬਲਦੀਪ ਨੇ ਪ੍ਰਗਟ ਦੇ ਕੇਸ ਦਾ ਪਿਛਲਾ ਹਿੱਸਾ ਮੈਨੂੰ ਡਾਕ ਰਾਹੀਂ ਭੇਜ ਦਿੱਤਾ ਜਦੋਂ ਕਿ ਕੇਸ ਦੇ ਸ਼ੁਰੂਆਤ ਦੇ ਪੇਪਰ ਪਹਿਲਾਂ ਭੇਜਣੇ ਚਾਹੀਦੇ ਸੀ। ਬਲਦੀਪ ਅਤੇ ਪ੍ਰਗਟ ਚਾਹੁੰਦੇ ਸਨ ਕਿ ਮੈਂ ਪ੍ਰਗਟ ਦੇ ਸਾਰੇ ਕੇਸ ਨੂੰ ਪੰਜਾਬੀ ਤੋਂ ਅੰਗਰੇਜ਼ੀ 'ਚ ਤਰਜੁਮਾ ਕਰਕੇ ਭੇਜ ਦੇਵਾਂ ਤਾਂ ਕਿ ਪ੍ਰਗਟ ਦੀ ਸਹੀ ਤਰਜਮਾਨੀ ਹੋ ਸਕੇ ਅਤੇ ਉਹ ਕੇਸ ਨੂੰ ਜੱਜ ਸਾਹਮਣੇ ਪੇਸ਼ ਕਰ ਸਕੇ। ਬੈਲਜੀਅਮ ਦੇ ਵਕੀਲਾਂ 'ਤੇ ਪ੍ਰਗਟ ਨੂੰ ਬਹੁਤਾ ਯਕੀਨ ਨਹੀਂ ਸੀ। ਅਜੇ ਮੈਂ ਉਹਦੇ ਵੱਲੋਂ ਚਿੱਠੀ ਦਾ ਇੰਤਜ਼ਾਰ ਈ ਕਰ ਰਿਹਾ ਸੀ ਕਿ ਪ੍ਰਗਟ ਦਾ ਫੋਨ ਆ ਗਿਆ ਕਿ "ਮਲਹੋਤਰਾ ਸਾਹਿਬ, ਮੈਂ ਜੇਲ੍ਹ 'ਚੋਂ ਬਾਹਰ ਆ ਗਿਆ।" ਮੈਨੂੰ ਬੜੀ ਖੁਸ਼ੀ ਹੋਈ। ਤੀਜੇ ਦਿਨ ਮੈਨੂੰ ਕੇਸ ਦਾ ਪਹਿਲਾ ਹਿੱਸਾ ਵੀ ਮਿਲ ਗਿਆ। ਪ੍ਰਗਟ ਹੁਣ ਇਸ ਜਾਅਲੀ ਜਾਲ 'ਚੋਂ ਨਿਕਲ ਚੁੱਕਾ ਸੀ।

# ਗੋਰੀ ਜਾਅਲੀ ਔਰਤ

ਇੱਕ ਐਤਵਾਰ ਮੈਨੂੰ ਸੋਸ਼ਲ ਸਰਵਿਸਜ਼ ਦਾ ਫੋਨ ਆਇਆ ਕਿ, "ਕੀ ਮੈਂ ਥੋੜੀ ਦੇਰ ਲਈ ਤਿੰਨ ਛੋਟੇ-ਛੋਟੇ ਬੱਚਿਆਂ ਦੀ 3-4 ਘੰਟੇ ਕਿਸੇ ਇਕ ਹੋਰ ਸੋਸ਼ਲ ਵਰਕਰ ਨਾਲ ਮਿਲ ਕੇ ਦੇਖਭਾਲ ਕਰ ਸਕਦੈਂ?" ਮੈਂ ਅਣਮੰਨੇ ਮਨ ਨਾਲ ਹਾਂ ਕਰ ਦਿੱਤੀ ਅਤੇ ਜਦ ਪੁਲੀਸ ਸਟੇਸ਼ਨ ਪਹੁੰਚਾ ਤਾਂ ਪਤਾ ਲੱਗਾ ਕਿ ਇਕ 40 ਕੁ ਸਾਲ ਦੀ ਰੋਮਾਨੀਅਨ ਔਰਤ ਨੂੰ ਠਾਣੇ ਵਾਲਿਆਂ ਡੱਕਿਆ ਹੋਇਆ ਹੈ। ਉਹਦੇ ਨਾਲ ਉਹਦੇ ਤਿੰਨ ਬੱਚੇ ਵੀ ਹਨ ਜੇਹਨਾ ਦੀਆਂ ਉਮਰਾਂ ਇਕ, ਤਿੰਨ ਅਤੇ ਸਾਢੇ ਚਾਰ ਸਾਲ ਦੀਆਂ ਸਨ। ਨਾ ਤਾਂ ਰੋਮਾਨੀਅਨ ਔਰਤ ਅੰਗਰੇਜ਼ੀ ਬੋਲ ਸਕਦੀ ਸੀ ਅਤੇ ਨਾ ਹੀ ਉਹ ਤਿੰਨ ਮਾਸੂਮ ਜਿੰਦਾਂ। ਠਾਣੇ ਵਾਲਿਆਂ ਇਕ ਦੁਭਾਸ਼ੀਏ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਮੇਰੇ ਪੰਹੁਚਣ ਤੇ ਅਜੇ ਦੂਜਾ ਸੋਸ਼ਲ ਵਰਕਰ ਪਹੁੰਚਾ ਨਹੀਂ ਸੀ। ਮੈਂ ਪੁੱਛਿਆ ਕਿ "ਇਸ ਔਰਤ ਨੇ ਕੀ ਗੁਨਾਹ ਕੀਤਾ ਹੈ?" ਤਾਂ ਮੈਨੂੰ ਦੱਸਿਆ ਗਿਆ ਕਿ, "ਇਹਨੇ ਕਿਸੇ ਸਟੋਰ ਤੋਂ ਚੋਰੀ ਕੀਤੀ ਹੈ ਅਤੇ ਤਪਤੀਸ਼ ਤੋਂ ਬਾਦ ਇਹ ਵੀ ਪਤਾ ਲੱਗਾ ਹੈ ਕਿ ਇਹਦਾ ਵੀਜ਼ਾ ਖਤਮ ਹੋ ਚੁੱਕਾ ਹੈ ਤੇ ਇਹ ਹੁਣ ਬਰਤਾਨੀਆਂ ਵਿਚ ਨਹੀਂ ਰਹਿ ਸਕਦੀ, ਇਹਨੂੰ ਇਕੱਲੀ ਨੂੰ ਅਸੀਂ ਸਾਰਜੈਂਟ ਕੋਲ ਲੈ ਕੇ ਜਾਣਾ ਹੈ ਤਾਂ ਕਿ ਇਹਦੇ ਤੇ ਲੱਗੇ ਦੋਸ਼ ਇਹਨੂੰ ਪੜ੍ਹ ਕੇ ਸੁਣਾਏ ਜਾ ਸਕਣ।" ਮੈਂ ਕਿਹਾ, "ਫਿਰ ਕੁੱਛੜ ਚੁੱਕੇ ਬੱਚੇ ਨੂੰ ਤਾਂ ਨਾਲ ਜਾ ਲੈਣ ਦਿਓ, ਇਹਨੂੰ ਮਾਂ ਕੋਲੋਂ ਤੋੜਣ ਦੀ ਭਲਾ ਕੀ ਤੁੱਕ ਹੋਈ?" ਪੁਲੀਸਮੈਨ ਕਿਹਾ ਕਿ, "ਇਹ ਗੱਲ ਕਾਨੂੰਨੀ ਤੌਰ 'ਤੇ ਠੀਕ ਨਹੀਂ। ਛੋਟੇ ਬੱਚੇ ਇਸ ਕਮਰੇ ਵਿਚ ਨਹੀਂ ਜਾ ਸਕਦੇ।" ਥੋੜੀ ਦੇਰ ਬਾਦ ਦੋ ਪੁਲੀਸ ਔਰਤ ਅਫਸਰ ਅਤੇ ਦੋ ਪੁਲੀਸ ਮਰਦ ਅਫਸਰ ਦਸਤਾਨੇ ਪਾ ਕੇ ਇਸ ਤਰ੍ਹਾਂ ਤਿਆਰ ਹੋ ਗਏ ਜਿਵੇਂ ਕਿਸੇ ਕੋਲੋਂ ਕੋਈ ਜ਼ਬਰੀ ਚੀਜ਼ ਖੋਹਣੀ ਹੋਵੇ ਅਤੇ ਝਪੱਟਾ ਮਾਰਨਾ ਹੋਵੇ। ਮੈਂ ਕਿਹਾ ਕਿ, "ਇਹ ਕੀ ਮਾਜ਼ਰਾ ਹੈ?" ਤਾਂ ਉਹ ਕਹਿਣ ਲੱਗੇ ਕਿ, "ਮਾਂ ਸ਼ਾਇਦ ਸਾਲ ਕੁ ਦੇ ਬੱਚੇ ਨੂੰ ਆਪਣੇ ਨਾਲੋਂ ਜੁਦਾ ਨਾ ਹੋਣ ਦੇਵੇ ਅਤੇ ਇਸ ਬਾਰੇ ਜੱਦੋ ਜਹਿਦ ਕਰੇ। ਸਾਡੇ ਕੋਲ ਹੋਰ ਕੋਈ ਤਰੀਕਾ ਨਹੀਂ ਹੈ।" ਮੈਂ ਕਿਹਾ, "ਕੀ ਤੁਸੀਂ ਮਾਂ ਕੋਲੋਂ ਇਸ ਬਾਰੇ ਪੁੱਛਿਆ ਹੈ?" ਜੁਆਬ ਨਾਂਹ ਵਿਚ ਸੀ। ਮੈਂ ਕਿਹਾ, "ਅਗਰ ਦੁਭਾਸ਼ੀਆ ਉਹਨੂੰ ਸਾਰੀ ਗੱਲ ਸਮਝਾ ਦਿੰਦਾ ਹੈ ਤਾਂ ਮੇਰਾ ਨਹੀਂ ਖਿਆਲ ਉਹ ਕੋਈ ਹਿਚਕਚਾਹਟ ਕਰੇਗੀ।" ਪਰ ਉਥੇ ਮੇਰੀ ਗੱਲ ਸੁਨਣ ਵਾਲਾ ਕੋਈ ਨਹੀਂ ਸੀ।

ਕਮਰੇ ਵਿਚੋਂ ਬਾਹਰ ਜਦ ਉਹ ਰੋਮਾਨੀਅਨ ਔਰਤ ਆਈ ਤਾਂ ਉਹਨੇ ਕੁੱਛੜ ਚੁੱਕਿਆ ਬੱਚਾ, ਆਪਣੇ ਆਪ ਕਿਸੇ ਹਿਚਕਚਾਹਟ ਤੋਂ ਮੈਨੂੰ ਫੜਾ ਦਿੱਤਾ। ਮੇਰੀ ਚੁੱਪ ਪੁਲੀਸ ਅਫਸਰਾਂ ਨੂੰ ਕਹਿ ਰਹੀ ਸੀ ਕਿ, "ਤੁਸੀਂ ਇਨ੍ਹਾਂ ਜ਼ਿਆਦਾ ਵਾਵੇਲਾ ਕਿਉਂ

ਅਤੇ ਕਿਸ ਗੱਲ ਦਾ ਪਾ ਰੱਖਿਆ ਸੀ।"

ਹੁਣ ਮੈਂ ਤਿੰਨਾਂ ਬੱਚਿਆਂ ਨੂੰ ਇਕ ਕਮਰੇ ਵਿਚ ਲੈ ਕੇ ਚਲਾ ਗਿਆ। ਉਹਨਾਂ ਦੇ ਚੀਖ ਚਿਹਾੜੇ ਨੇ ਸਾਰਾ ਕਮਰਾ ਸਿਰ ਤੇ ਚੁੱਕ ਲਿਆ। ਮੈਂ ਉਹਨਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਨਾ ਤਾਂ ਮੈਂ ਉਹਨਾਂ ਦੀ ਬੋਲੀ ਸਮਝ ਰਿਹਾ ਸੀ ਅਤੇ ਨਾ ਉਹ ਮੇਰੀ। ਕਦੇ ਮੈਂ ਉਹਨਾਂ ਨੂੰ ਉਹਨਾਂ ਦੀ ਉਥੇ ਪਈ ਪਰਾਮ ਵਿਚੋਂ ਕੱਢ ਕੇ ਬਿਸਕੁੱਟ ਦੇ ਰਿਹਾ ਸੀ ਅਤੇ ਕਦੇ ਪੀਣ ਲਈ ਲੈਮਨੇਡ ਪਰ ਉਹ ਜ਼ਾਰ ਜ਼ਾਰ ਰੋ ਕੁਰਲਾ ਰਹੇ ਸਨ। ਤਿੰਨ ਸਾਲਾ ਬੱਚੀ ਸਭ ਤੋਂ ਜ਼ਿਆਦਾ ਰੋ ਰਹੀ ਸੀ। ਆਪਣੇ ਗੁੱਸੇ ਨੂੰ ਇਜ਼ਹਾਰ ਕਰਨ ਦਾ ਉਹਦੇ ਕੋਲ ਸਿਰਫ ਇਹ ਹੀ ਤਰੀਕਾ ਸੀ। ਮੈਨੂੰ ਸਮਝ ਨਹੀਂ ਲੱਗ ਰਹੀ ਸੀ ਕਿ ਮੈਂ ਉਹਨਾਂ ਦੀ ਮਾਂ ਦੀ ਕਮੀ ਕਿਵੇਂ ਪੂਰੀ ਕਰਾਂ। ਇਨ੍ਹੀ ਦੇਰ ਨੂੰ ਮੇਰੇ ਨਾਲ ਕੰਮ ਕਰਨ ਵਾਲੀ ਇਕ ਔਰਤ ਸੋਸ਼ਲ ਵਰਕਰ ਆ ਗਈ। ਮੈਨੂੰ ਥੋੜਾ ਜਿਹਾ ਧਰਵਾਸ ਹੋਇਆ ਕਿ ਹੁਣ ਅਸੀਂ ਦੋ ਜਾਣੇ ਹਾਂ। ਅਸੀਂ ਦੋਵਾਂ ਨੇ ਉਹਨਾਂ ਤੜਫ ਰਹੇ ਬੱਚਿਆਂ ਨੂੰ ਸ਼ਾਂਤ ਕਰਨ ਦੀ ਕਈ ਤਰ੍ਹਾਂ ਕੋਸ਼ਿਸ਼ ਕੀਤੀ। ਕਦੇ ਅਸੀਂ ਉਹਨਾਂ ਨਾਲ ਖੇਡਣ ਦਾ ਡਰਾਮਾ ਕੀਤਾ ਅਤੇ ਕਦੇ ਬਿਸਕੁਟ ਦੇ ਕੇ ਚੁੱਪ ਕਰਾਉਣ ਦਾ ਪਰ ਉਹਨਾਂ ਤੇ ਕਿਸੇ ਗੱਲ ਦਾ ਵੀ ਅਸਰ ਨਹੀਂ ਸੀ ਹੋ ਰਿਹਾ। ਸਭ ਤੋਂ ਛੋਟਾ ਬੱਚਾ ਰੋ ਰੋ ਕੇ ਸੌਂ ਗਿਆ ਸੀ। ਵੱਡਾ ਬੱਚਾ ਮੈਨੂੰ ਕਮਰੇ ਤੋਂ ਬਾਹਰ ਜਾਣ ਲਈ ਕਹਿ ਰਿਹਾ ਸੀ ਕਿ ਉਹਨੇ ਟੌਇਲਟ ਜਾਣਾ ਹੈ। ਮੈਂ ਉਹਨੂੰ ਟੌਇਲਟ ਲੈ ਗਿਆ। ਪਰ ਇਹ ਵੀ ਉਹਦਾ ਇਕ ਬਹਾਨਾ ਸੀ ਕਿ "ਮੈਂ ਆਪਣੀ ਗੁਆਚੀ ਹੋਈ ਮਾਂ ਨੂੰ ਲੱਭ ਸਕਾਂ।" ਉਹ ਉਸ ਦਰਵਾਜ਼ੇ ਨੂੰ ਖੋਹਲਣ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਰਾਹੀਂ ਪੁਲੀਸ ਵਾਲੇ ਉਹਦੀ ਮਾਂ ਨੂੰ ਅੰਦਰ ਲੈ ਕੇ ਗਏ ਸਨ। ਮੈਂ ਇਹ ਸਮਝਦਾ ਹੋਇਆ ਬਸ ਆਪਣੇ ਆਪ ਵਿਚ ਵਿਸ ਘੋਲ ਰਿਹਾ ਸੀ।

ਜਦ ਮੈਂ ਇਸ ਬੱਚੇ ਨੂੰ ਵਾਪਿਸ ਲੈ ਕੇ ਕਮਰੇ ਵਿਚ ਆਇਆ ਤਾਂ ਤਿੰਨ ਸਾਲਾ ਬੱਚੀ ਟੌਇਲਟ ਜਾਣ ਲਈ ਜ਼ਿਦ ਕਰਨ ਲੱਗੀ। ਮੈਂ ਆਪਣੇ ਨਾਲ ਦੀ ਔਰਤ ਸੋਸ਼ਲ ਵਰਕਰ ਨੂੰ ਕਿਹਾ ਕਿ ਉਹ ਉਸ ਬੱਚੀ ਨੂੰ ਲੈ ਕੇ ਚਲੀ ਜਾਵੇ। ਉਹਨੇ ਦੇਖਿਆ ਕਿ ਇਸ ਬੱਚੀ ਦੇ ਤੇੜ ਕੱਛੀ ਵੀ ਨਹੀਂ ਸੀ ਪਾਈ ਹੋਈ। ਮੈਨੂੰ ਇਹਨਾਂ ਬੱਚਿਆਂ ਦੀ ਬੇਵਸੀ ਅਤੇ ਗਰੀਬੀ ਤੇ ਤਰਸ ਆ ਰਿਹਾ ਸੀ। ਪਰ ਮੈਂ ਉਹਨਾਂ ਡੱਕੇ ਹੋਏ ਬੋਟਾਂ ਲਈ ਕੁੱਝ ਨਹੀਂ ਸੀ ਕਰ ਸਕਦਾ।

ਟੌਇਲਟ ਤੋਂ ਸੋਸ਼ਲ ਵਰਕਰ ਦੇ ਵਾਪਿਸ ਆਉਣ ਤੇ ਮੈਂ ਸਾਰਜੈਂਟ ਦੇ ਕਮਰੇ ਵਿਚ ਚਲਾ ਗਿਆ ਕਿ ਪਤਾ ਲਵਾਂ ਕਿ ਕਹਾਣੀ ਕਿੱਥੇ ਕੁ ਤੱਕ ਪਹੁੰਚੀ ਹੈ। ਸਾਰਜੈਂਟ ਦੇ ਕਮਰੇ ਵਿਚ ਵੀ ਪਹੁੰਚਣਾ ਇਨ੍ਹਾਂ ਅਸਾਨ ਨਹੀਂ ਸੀ। ਕਈ ਦਰਵਾਜ਼ੇ ਪਾਰ ਕਰਨੇ ਪੈਂਦੇ ਹਨ। ਇੰਨ੍ਹਾਂ ਦਰਵਾਜ਼ਿਆਂ ਦੇ ਕੋਡ ਨੰਬਰ ਹਨ ਅਤੇ ਉਹਨਾਂ ਨੂੰ ਸਿਰਫ਼ ਪੁਲੀਸ ਵਾਲੇ ਹੀ ਖੋਹਲ ਸਕਦੇ ਹਨ। ਜਦ ਮੈਂ ਦਰਵਾਜ਼ੇ ਦੇ ਬਾਹਰ ਤੁਰੇ ਫਿਰਦੇ ਇਕ ਪੁਲੀਸ ਵਾਲੇ ਨੂੰ ਬੇਨਤੀ ਕੀਤੀ ਕਿ ਉਹ ਮੇਰੇ ਲਈ ਦਰਵਾਜ਼ਾ ਖੋਹਲ ਦੇਵੇ ਤਾਂ ਕਿ ਮੈਂ ਸਾਰਜੈਂਟ ਨੂੰ ਮਿਲ ਸਕਾਂ ਅਤੇ ਸੋਸ਼ਲ ਸਰਵਿਸਜ਼ ਦੇ ਦਫਤਰ ਵੀ ਫੋਨ ਕਰ ਸਕਾਂ ਕਿ ਬੱਚਿਆਂ ਬਾਰੇ ਕੀ ਪ੍ਰਬੰਧ ਕੀਤਾ ਗਿਆ ਤਾਂ ਪੁਲਸੀਆ ਮੇਰੇ ਨਾਲ ਬੜਾ ਅਵੈੜ ਬੋਲਿਆ, "ਤੂੰ ਹੈ ਕੌਣ? ਤੈਨੂੰ ਪਤੈ ਇਹ ਠਾਣੈ?" ਮੈਂ ਕਿਹਾ, "ਮੈਂ ਸਭ ਜਾਣਦਾ ਕਿ ਇਹ ਠਾਣਾ ਹੈ ਪਰ ਸ਼ਾਇਦ ਤੂੰ ਭੁੱਲ ਰਿਹਾ ਕਿ ਤੂੰ ਵੀ ਇਕ ਸੀਨੀਅਰ ਸਰਕਾਰੀ ਅਫਸਰ ਨਾਲ

ਗੱਲ ਕਰ ਰਿਹੈਂ।" ਉਹਨੂੰ ਇਹ ਉਮੀਦ ਨਹੀਂ ਸੀ ਕਿ ਏਸ਼ੀਅਨ ਬੰਦਾ ਬਰਤਾਨਵੀ ਠਾਣੇ ਵਿਚ ਵੀ ਉਹਦੇ ਨਾਲ ਇਸ ਤਰ੍ਹਾਂ ਪੇਸ਼ ਆ ਸਕਦਾ ਹੈ। ਉਹਦੀ ਮੰਗ ਕਰਨ ਤੇ ਮੈਂ ਉਹਨੂੰ ਆਪਣਾ ਸ਼ਨਾਖਤੀ ਕਾਰਡ ਦਿਖਾਇਆ ਤਾਂ ਉਹਦੀ ਤਸੱਲੀ ਹੋਈ ਕਿ ਮੈਂ ਕੋਈ ਅਵਾਰਾ ਆਦਮੀ ਜਾਂ ਠੱਗ ਚੋਰ ਨਹੀਂ ਹਾਂ ਜੋ ਵਲੈਤੀ ਠਾਣੇ ਵਿਚੋਂ ਉਹਦੇ ਵਿਖਰੇ ਮੋਤੀ ਚੁਰਾ ਕੇ ਲੈ ਜਾਵਾਂਗਾ।

ਸਾਰਜੈਂਟ ਨੂੰ ਮਿਲ ਕੇ ਮੈਂ ਦੱਸਿਆ ਕਿ ਬੱਚਿਆਂ ਦਾ ਹਾਲ ਬਹੁਤ ਮੰਦਾ ਹੈ। ਉਹ ਭੁੱਖਣ ਭਾਣੇ ਆਪਣੀ ਗੁਆਚੀ ਮਾਂ ਨੂੰ ਧਾਹਾਂ ਮਾਰ ਮਾਰ ਲੱਭ ਰਹੇ ਹਨ ਅਤੇ ਸਾਡੇ ਲਈ ਇਹ ਬਰਦਾਸ਼ਤ ਕਰਨਾ ਮੁਸ਼ਕਲ ਹੋ ਰਿਹਾ ਹੈ। ਕੀ ਇਸ ਔਰਤ ਨੂੰ ਜਲਦੀ ਤੋਂ ਜਲਦੀ ਫਾਰਗ ਕਰਕੇ ਬੱਚਿਆਂ ਨਾਲ ਮਿਲਾਇਆ ਜਾ ਸਕਦੈ?" ਸਾਰਜੈਂਟ ਨੂੰ ਮੇਰੀ ਗੱਲ ਸਮਝ ਲੱਗ ਗਈ ਸੀ। ਉਹ ਕਹਿਣ ਲੱਗਾ ਕਿ, "ਕੰਮ ਤਾਂ ਜਲਦੀ ਹੋ ਜਾਵੇਗਾ ਪਰ ਅਜੇ ਤਕ ਨਾ ਤਾਂ ਵਕੀਲ ਅਤੇ ਨਾ ਹੀ ਦੁਭਾਸ਼ੀਆ ਪਹੁੰਚਾ ਹੈ। ਇਹ ਤਾਂ ਤੇਰੀ ਮੇਹਰਬਾਨੀ ਹੈ ਕਿ ਤੂੰ ਐਤਵਾਰ ਨੂੰ ਵੀ ਸਾਡੇ ਕੋਲ ਫਟ ਪਹੁੰਚ ਗਿਆ।" "ਮੈਂ ਪੁੱਛਿਆ ਕਿ, "ਇਸ ਔਰਤ ਦੇ ਚਾਂਸ ਕੀ ਹਨ? ਮੈਂ ਇਹ ਤਾਂ ਪੁੱਛ ਰਿਹਾਂ ਕਿ ਕੀ ਸਾਨੂੰ ਬੱਚਿਆਂ ਨੂੰ ਸਰਕਾਰੀ ਹਿਫਾਜ਼ਤ ਵਿਚ ਲੈਣਾ ਪਵੇਗਾ ਜਾਂ ਨਹੀਂ?" ਸਾਰਜੈਂਟ ਦੱਸਿਆ ਕਿ, "ਲਗਦੈ ਤਾਂ ਇਉਂ ਹੈ ਕਿ ਇਹਨੂੰ ਬੱਚਿਆਂ ਸਮੇਤ ਡੀਪੋਰਟ ਕਰਾ ਦਿੱਤਾ ਜਾਵੇਗਾ ਇਸ ਕਰਕੇ ਬੱਚਿਆਂ ਨੂੰ ਕੇਅਰ ਵਿਚ ਲਿਜਾਣ ਦੀ ਨੌਬਤ ਨਹੀਂ ਆਵੇਗੀ।" ਇਹ ਉਸ ਵੇਲੇ ਦੀ ਕਥਾ ਹੈ ਜਦ ਰੋਮਾਨੀਆ ਅਤੇ ਯੋਰਪੀਨ ਸਾਂਝੀ ਮੰਡੀ ਦਾ ਮੈਂਬਰ ਨਹੀਂ ਸੀ ਬਣਿਆ। ਮੈਂ ਹੁਣ ਵਾਪਿਸ ਬੱਚਿਆਂ ਕੋਲ ਆ ਗਿਆ। ਬੱਚੇ ਅਜੇ ਵੀ ਰੋ ਕੁਰਲਾ ਰਹੇ ਸਨ। ਘੰਟੇ ਕੁ ਬਾਦ ਦੋ ਪੁਲੀਸ ਅਫਸਰਨੀਆਂ ਮਾਂ ਨੂੰ ਲੈ ਕੇ ਬਾਹਰ ਆ ਗਈਆਂ ਕਿ, "ਇਹਨੂੰ ਡੀਪੋਰਟ ਕਰ ਦਿੱਤਾ ਜਾਵੇਗਾ।" ਹੁਣ ਇਸ ਫੈਸਲੇ ਦੀ ਪਰਵਾਹ ਤੋਂ ਬਿਨਾਂ ਬੱਚੇ ਅਤੇ ਮਾਂ ਮਿਲ ਕੇ ਖੁਸ਼ ਸਨ। ਬੱਚੇ, ਮਾਂ ਨੂੰ ਦੇਖ ਚੁੰਬਕ ਵਾਂਗ ਚੰਬੜ ਗਏ।

❊❊❊